ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ

DAILY CHARHDIKALA, PATIALA

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 120
ਫ਼ੋਨ: +91- 92168-07500
E-mail: news@charhdikala.com
www.charhdikala.com

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Saturday, 2 May, 2026) ਸ਼ਨੀਵਾਰ, 2 ਮਈ, 2026, 19 ਵੈਸਾਖ , ਨਾਨਕਸ਼ਾਹੀ ਸੰਮਤ 558, ਬਿਕ੍ਰਮੀ 2083/ PRGI (RNI) Regd. No. 22972/1972/ ਮੁੱਲ: 2 ਰੁਪਏ


## ਫਲੋਰ ਟੈਸਟ ਦੌਰਾਨ 88 ਵਿਧਾਇਕਾਂ ਵੱਲੋਂ ਸਰਕਾਰ ਦੇ ਹੱਕ ਵਿੱਚ ਵੋਟਿੰਗ

ਚੰਡੀਗੜ੍ਹ, 1 ਮਈ (ਚ.ਨ.ਸ.):ਆਮ ਆਦਮੀ ਪਾਰਟੀ (ਆਪ) ਸਰਕਾਰ ਨੇ ਸ਼ੁੱਕਰਵਾਰ ਨੂੰ ਪੰਜਾਬ ਵਿਧਾਨ ਸਭਾ ਵਿੱਚ ਫਲੋਰ ਟੈਸਟ ਪਾਸ ਕਰ ਲਿਆ। 94 ਵਿੱਚੋਂ 88 ਵਿਧਾਇਕਾਂ ਨੇ ਸਰਕਾਰ ਦੇ ਹੱਕ ਵਿੱਚ ਵੋਟ ਪਾਈ।

4 ਵਿਧਾਇਕ ਗੈਰ-ਹਾਜ਼ਰ ਸਨ ਜਦੋਂ ਕਿ 2 ਵਿਧਾਇਕ ਲਾਲਜੀਤ ਸਿੰਘ ਭੁੱਲਰ ਅਤੇ ਹਰਮੀਤ ਸਿੰਘ ਪਠਾਨਮਾਜਰਾ ਜੇਲ੍ਹ ਵਿੱਚ ਬੰਦ ਹਨ। ਇਸ ਦੌਰਾਨ ਕਾਂਗਰਸ ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਮੌਜੂਦ ਨਹੀਂ ਸਨ।

# ਪੰਜਾਬ ਵਿਧਾਨ ਸਭਾ 'ਚ ਵਿਸ਼ਵਾਸ ਮਤਾ ਹੋਇਆ ਪਾਸ

## ਮਤੇ ਦੀ ਕਾਪੀ ਮੈਂ ਰਾਸ਼ਟਰਪਤੀ ਕੋਲ ਲੈ ਕੇ ਜਾਵਾਂਗਾ: ਮਾਨ

ਅੰਮਿਤਪਾਲ ਸਿੰਘ

================

ਚੰਡੀਗੜ੍ਹ, 1 ਮਈ : ਪੰਜਾਬ ਵਿਧਾਨ ਸਭਾ ਦੇ ਸ਼ੁੱਕਰਵਾਰ ਨੂੰ ਬੁਲਾਏ ਗਏ ਇੱਕ ਵਿਸ਼ੇਸ਼ ਸੈਸ਼ਨ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆਪਣੇ ਮੰਤਰੀ ਮੰਡਲ ਵਿੱਚ ਵਿਸ਼ਵਾਸ ਪ੍ਰਗਟ ਕਰਦੇ ਹੋਏ ਵਿਸ਼ਵਾਸ ਮਤਾ ਪੇਸ਼ ਕੀਤਾ। ਮਤਾ ਪੇਸ਼ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਪੂਰੀ ਤਰ੍ਹਾਂ ਸਥਿਰ, ਇੱਕਜੁੱਟ ਹੈ ਅਤੇ ਲੋਕ ਹਿੱਤ ਦੇ ਏਜੰਡੇ 'ਤੇ ਕੰਮ ਕਰ ਰਹੀ ਹੈ, ਜਦੋਂ ਕਿ ਵਿਰੋਧੀ ਧਿਰ ਵੱਲੋਂ ਫੈਲਾਏ ਜਾ ਰਹੇ ਭੰਬਲਭੂਸੇ ਦਾ ਹਕੀਕਤ ਨਾਲ ਕੋਈ ਸਬੰਧ ਨਹੀਂ ਹੈ। ਆਪਣੇ ਸੰਬੋਧਨ ਵਿੱਚ ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਕਿ ਪਿਛਲੇ ਕੁਝ ਦਿਨਾਂ ਤੋਂ ਸਰਕਾਰ ਬਾਰੇ ਵੱਖ-ਵੱਖ ਅਫਵਾਹਾਂ ਫੈਲਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਹ ਅਟਕਲਾਂ ਸਿਰਫ ਜਨਤਾ ਅਤੇ ਵਿਧਾਇਕਾਂ ਵਿੱਚ ਭੰਬਲਭੂਸਾ ਪੈਦਾ ਕਰਨ ਲਈ ਹਨ। ਸਿੱਟੇ ਵਜੋਂ ਸਰਕਾਰ ਨੇ ਸਥਿਤੀ ਨੂੰ ਪੂਰੀ ਤਰ੍ਹਾਂ ਸਪੱਸ਼ਟ ਕਰਨ ਲਈ ਸਦਨ ਦੇ ਸਾਹਮਣੇ





ਵਿਸ਼ਵਾਸ ਮਤਾ ਲਿਆਉਣ ਦਾ ਫੈਸਲਾ ਕੀਤਾ ਹੈ ਤਾਂ ਜੋ ਲੋਕਤੰਤਰੀ ਢੰਗ ਨਾਲ ਆਪਣਾ ਬਹੁਮਤ ਸਾਬਤ ਕੀਤਾ ਜਾ ਸਕੇ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਮੁੱਖ ਮੰਤਰੀ ਦੇ ਮਤੇ ਦਾ ਸਮਰਥਨ ਕਰਦੇ ਹੋਏ ਕਿਹਾ ਕਿ ਸਰਕਾਰ ਕੋਲ ਸਪੱਸ਼ਟ ਬਹੁਮਤ ਹੈ ਅਤੇ ਸਾਰੇ ਵਿਧਾਇਕ ਇਕੱਠੇ ਕੰਮ ਕਰ ਰਹੇ ਹਨ। ਉਨ੍ਹਾਂ ਵਿਰੋਧੀ ਧਿਰ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਉਹ ਬੇਬੁਨਿਆਦ ਦੋਸ਼ ਲਗਾ ਕੇ ਰਾਜਨੀਤਿਕ ਮਾਹੌਲ ਨੂੰ ਵਿਗਾੜਨ ਦੀ ਕੋਸ਼ਿਸ਼ (ਬਾਕੀ ਸਫਾ 2 'ਤੇ)

## ਸਪੀਕਰ ਵੱਲੋਂ ਵਿਰੋਧੀ ਧਿਰ ਦੀ ਡੋਪ ਟੈਸਟ ਵਾਲੀ ਮੰਗ ਰੱਦ

ਚੰਡੀਗੜ੍ਹ, 1 ਮਈ (ਚ.ਨ.ਸ.): ਪੰਜਾਬ ਵਿਧਾਨ ਸਭਾ ਦਾ ਅੱਜ 1 ਮਈ ਹੋਇਆ ਸੈਸ਼ਨ ਕਾਫੀ ਹੰਗਾਮੇਦਾਰ ਰਿਹਾ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਸਪੀਕਰ ਨੂੰ ਇੱਕ ਪੱਤਰ ਸੌਂਪ ਕੇ ਮੁੱਖ ਮੰਤਰੀ ਅਤੇ ਸਾਰੇ ਵਿਧਾਇਕਾਂ ਦਾ ਡੋਪ ਟੈਸਟ ਕਰਵਾਉਣ ਦੀ ਮੰਗ ਕੀਤੀ ਤਾਂ ਹੰਗਾਮਾ ਸ਼ੁਰੂ ਹੋ ਗਿਆ। ਸਪੀਕਰ ਨੇ ਬਾਜਵਾ ਦੀ ਮੰਗ ਨੂੰ ਰੱਦ ਕਰ ਦਿੱਤਾ, ਜਿਸ ਨਾਲ ਹੰਗਾਮਾ ਹੋ ਗਿਆ। ਇਸ ਤੋਂ ਪਹਿਲਾਂ, ਮੁੱਖ ਮੰਤਰੀ ਭਗਵੰਤ ਮਾਨ ਨੇ ਕਾਂਗਰਸੀ ਵਿਧਾਇਕਾਂ ਵੱਲੋਂ ਸਦਨ ਵਿੱਚ ਮੋਬਾਈਲ ਫੋਨ ਦੀ ਵਰਤੋਂ ਕਰਨ 'ਤੇ ਟਿੱਪਣੀ ਕੀਤੀ ਸੀ। ਪੱਤਰ ਵਿੱਚ ਕਿਹਾ ਗਿਆ ਹੈ ਕਿ ਅੱਜ ਸੈਸ਼ਨ ਦੌਰਾਨ ਵਾਪਰੀ ਇੱਕ ਘਟਨਾ, ਜੋ ਵਿਧਾਇਕ ਸੁਖਪਾਲ ਸਿੰਘ ਖਹਿਰਾ ਵੱਲੋਂ ਉਠਾਈ ਗਈ ਸੀ, ਨੇ ਮੁੱਖ ਮੰਤਰੀ ਦੇ ਆਚਰਣ ਬਾਰੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਦੋਸ਼ਾਂ ਦਾ ਜਵਾਬ ਦਿੱਤੇ ਬਿਨਾਂ ਮੁੱਖ ਮੰਤਰੀ ਦਾ ਸਦਨ ਤੋਂ ਚਲੇ ਜਾਣਾ (ਬਾਕੀ ਸਫਾ 2 'ਤੇ)

---

ਵਿਸ਼ੇਸ਼ ਮਹਿਮਾਨ ਸੰਪਾਦਕੀ

## ਵਿਧਾਨ ਸਭਾ ਦੀ ਭਾਸ਼ਾ ਅਤੇ ਲੋਕਤੰਤਰ ਦੀ ਆਤਮਾ

### ਮੇਰੀ ਭਾਸ਼ਾ ਦੀਆਂ ਹੱਦਾਂ ਹੀ ਮੇਰੇ ਸੰਸਾਰ ਦੀਆਂ ਹੱਦਾਂ ਹਨ

ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

=========================

ਭਾਸ਼ਾ ਦੇ ਮਸਲੇ ਤੇ ਭਾਸ਼ਾ ਦੀ ਸੁਚਤਾ 'ਤੇ ਜੋ ਦ੍ਰਿਸ਼ ਕਲ੍ਹ ਪੰਜਾਬ ਵਿਧਾਨ ਸਭਾ ਵਿੱਚ ਦਿਖਾਈ ਦਿੱਤਾ ਹੈ ਉਹ ਸਾਡੀ ਪੰਜਾਬੀਆਂ ਦੀ ਹੁਣ ਬੌਧਿਕ ਕੰਗਾਲੀ ਦਾ ਇੱਕ ਐਸਾ ਪ੍ਰਮਾਣ ਹੈ ਜਿਸਨੇ ਸਾਰੀ ਪੰਜਾਬੀਅਤ ਦਾ ਸਿਰ ਝੁਕਾ ਦਿੱਤਾ ਹੈ ਕਿ ਅਸੀਂ ਲੋਕਤੰਤਰ ਦੇ ਉਸ ਮੰਦਰ ਤੋਂ ਇਸ ਭਾਸ਼ਾ ਦਾ ਸ਼ੋਰ ਸੁਣ ਰਹੇ ਹਾਂ ਜੋ ਸਾਡੀ ਬੌਧਿਕ ਸਮਰੱਥਾ ਦੀ ਤ੍ਰਾਸਦੀ ਨੂੰ ਦਿਖਾਉਂਦਾ ਹੈ ।

ਪ੍ਰਸਿੱਧ ਜਰਮਨ ਚਿੰਤਕ Ludwig Wittgenstein ਨੇ ਇਕ ਵਾਰ ਕਿਹਾ ਸੀ, "The limits of my language mean the limits of my world.

ਮੇਰੀ ਭਾਸ਼ਾ ਦੀਆਂ ਹੱਦਾਂ ਹੀ ਮੇਰੇ ਸੰਸਾਰ ਦੀਆਂ ਹੱਦਾਂ ਹਨ।

ਇਹ ਕਥਨ ਸਾਡੇ ਮੂਲ ਵਿਚਾਰ ਨੂੰ ਹੋਰ ਮਜ਼ਬੂਤ ਕਰਦਾ ਹੈ ਕਿ ਜੇ ਸਾਡੀ ਭਾਸ਼ਾ ਸੰਕੁਚਿਤ, ਅਸਭਿਆਚਾਰਕ ਜਾਂ ਅਸੰਵੇਦਨਸ਼ੀਲ ਹੋ ਜਾਵੇ, ਤਾਂ ਸਾਡਾ ਸੋਚਣ ਦਾ ਦਾਇਰਾ ਵੀ ਘਟ ਜਾਂਦਾ ਹੈ। ਵਿਧਾਨ ਸਭਾ ਵਿੱਚ ਵਰਤੀ ਗਈ ਘਟੀਆ ਭਾਸ਼ਾ ਦਰਅਸਲ ਸਾਡੀ ਸੋਚ ਦੀ ਗਿਰਾਵਟ ਨੂੰ ਦਰਸਾਉਂਦੀ ਹੈ।

ਪੰਜਾਬ ਵਿਧਾਨ ਸਭਾ ਦੇ ਤਾਜ਼ਾ ਵਿਸ਼ੇਸ਼ ਇਜਲਾਸ ਵਿੱਚ ਜੋ ਕੁੱਝ ਸੁਣਨ ਨੂੰ ਮਿਲਿਆ, ਉਹ ਸਿਰਫ਼ ਸ਼ਬਦਾਂ ਦੀ ਗਿਰਾਵਟ ਨਹੀਂ ਸੀ—ਉਹ ਸਾਡੀ ਸਾਂਝੀ ਚੇਤਨਾ, ਸੱਭਿਆਚਾਰ ਅਤੇ ਲੋਕਤੰਤਰਕ ਮਰਿਆਦਾਵਾਂ ਦਾ ਡਿਗਦੀ ਹੋਈ ਤਸਵੀਰ ਸੀ।

ਇਹ ਸਵਾਲ ਅੱਜ ਸਾਡੇ ਸਾਹਮਣੇ ਖੜ੍ਹਾ ਹੈ ਕਿ ਜਦੋਂ ਸੰਸਦੀ ਘਰ—ਜਿਸਨੂੰ ਲੋਕਾਂ ਦੀ ਇੱਛਾ ਦਾ ਮੰਦਰ ਕਿਹਾ ਜਾਂਦਾ ਹੈ—ਉਸ ਵਿੱਚ ਭਾਸ਼ਾ ਦੀ ਇਹ ਹਾਲਤ ਹੈ, ਤਾਂ ਸਵਾਲ ਇਹ ਹੈ ਕਿ ਅਸੀਂ ਕਿਸ ਤਰ੍ਹਾਂ ਦੇ ਸਮਾਜ ਦਾ ਨਿਰਮਾਣ ਕਰ ਰਹੇ ਹਾਂ ?

ਹੁਣ ਲੋਕਤੰਤਰ ਸਿਰਫ਼ ਵੋਟਾਂ ਨਾਲ ਨਹੀਂ ਚੱਲਦਾ; ਇਹ ਸੰਵਾਦ ਨਾਲ ਚੱਲਦਾ ਹੈ। ਅਤੇ ਸੰਵਾਦ ਦੀ ਆਤਮਾ ਭਾਸ਼ਾ ਹੈ। ਜੇ ਭਾਸ਼ਾ ਹੀ ਅਸੰਵਿਧਾਨਕ, ਅਸਭਿਆਚਾਰਕ ਅਤੇ ਘਟੀਆ ਹੋ ਜਾਵੇ, ਤਾਂ ਲੋਕਤੰਤਰ ਦਾ ਆਦਰਸ਼ ਵੀ ਖ਼ਤਰੇ ਵਿੱਚ ਪੈ ਜਾਂਦਾ ਹੈ। ਅੱਜ ਜਿਹੜੀ ਤੂੰ ਤੂੰ-ਮੈਂ-ਮੈਂ ਅਤੇ ਨਿਘਾਰ ਵਾਲੀ ਸ਼ਬਦਾਵਲੀ ਵਿਧਾਨ ਸਭਾ ਵਿੱਚ ਸੁਣੀ ਗਈ, ਉਹ ਸਿਰਫ਼ ਵਿਅਕਤੀਗਤ ਅਣਸ਼ਿਸ਼ਟਤਾ ਨਹੀਂ, ਸਗੋਂ ਸੰਸਥਾਤਮਕ ਪਤਨ ਦੀ ਨਿਸ਼ਾਨੀ ਹੈ।

ਉਰਦੂ ਸ਼ਾਇਰੀ ਵਿੱਚ ਇੱਕ ਬਹੁਤ ਸੁੰਦਰ ਸ਼ੇਅਰ ਹੈ-

ਗੁਫਤਗੂ ਮੇਂ ਜੋ ਨਰਮੀ ਹੈ ਵਹੀ ਇਨਸਾਨੀਅਤ ਕੀ ਪਹਿਚਾਨ ਹੈ ਲਫ਼ਜ਼ ਤਲਖ਼ ਹੋ ਜਾਏ ਤੋ ਰਿਸ਼ਤੇ ਵੀ ਟੂਟ ਜਾਤੇ ਹੈ।

ਇਹ ਸਾਨੂੰ ਯਾਦ ਦਿਲਾਉਂਦਾ ਹੈ ਕਿ ਭਾਸ਼ਾ ਸਿਰਫ਼ ਵਿਚਾਰ ਪ੍ਰਗਟ ਕਰਨ ਦਾ ਸਾਧਨ ਨਹੀਂ, ਸਗੋਂ ਰਿਸ਼ਤਿਆਂ ਅਤੇ ਸਮਾਜਿਕ ਬੁਨਿਆਦਾਂ ਨੂੰ ਜੋੜਨ ਵਾਲੀ ਡੋਰ ਹੈ। ਜਦੋਂ ਇਹ ਡੋਰ ਹੀ ਕਮਜ਼ੋਰ ਹੋ ਜਾਵੇ, ਤਾਂ ਸਮਾਜ ਵਿੱਚ ਵਿਖਰਾਅ ਅਟੱਲ ਹੈ। ਪੰਜਾਬ, ਜਿਸਦੀ ਧਰਤੀ ਗੁਰੂਆਂ ਦੀ ਬਾਣੀ ਨਾਲ ਮਹਿਕਦੀ ਹੈ, ਜਿੱਥੇ ਮਿਠਤ ਨੀਵੀ ਨਾਨਕਾ ਦਾ ਸੰਦੇਸ਼ ਸਦੀਵਾਂ ਤੋਂ ਮਨੁੱਖਤਾ ਨੂੰ ਸਿਖਾਉਂਦਾ ਆ ਰਿਹਾ ਹੈ, ਉੱਥੇ ਅਜਿਹੀ ਭਾਸ਼ਾ ਦੀ ਗਿਰਾਵਟ ਹੋਰ ਵੀ ਚਿੰਤਾਜਨਕ ਬਣ ਜਾਂਦੀ ਹੈ। ਗੁਰੂ ਸਾਹਿਬਾਨਾਂ ਨੇ ਸਾਨੂੰ ਸਿਖਾਇਆ ਕਿ ਸ਼ਬਦ ਸਿਰਫ਼ ਧੁਨੀ ਨਹੀਂ—ਇਹ ਆਤਮਕ ਸ਼ਕਤੀ ਹਨ। ਸ਼ਬਦ ਗੁਰੂ ਦਾ ਅਰਥ ਹੀ ਇਹ ਹੈ ਕਿ ਭਾਸ਼ਾ ਵਿੱਚ ਨੈਤਿਕਤਾ, ਸੱਚਾਈ ਅਤੇ ਸੰਵੇਦਨਸ਼ੀਲਤਾ ਹੋਣੀ ਚਾਹੀਦੀ ਹੈ।

ਅੱਜ ਦੇ ਰਾਜਨੀਤਿਕ ਮੰਚਾਂ 'ਤੇ ਜਦੋਂ ਅਪਸ਼ਬਦ ਵਰਤੇ ਜਾਂਦੇ ਹਨ, ਤਾਂ ਉਹ ਸਿਰਫ਼ ਇਕ ਦੂਜੇ ਨੂੰ ਨਿਸ਼ਾਨਾ ਨਹੀਂ ਬਣਾਉਂਦੇ—ਉਹ ਪੂਰੇ ਸਮਾਜ ਦੀ ਸੋਚ ਨੂੰ ਪ੍ਰਭਾਵਿਤ ਕਰਦੇ ਹਨ। ਨਵੀਂ ਪੀੜ੍ਹੀ, ਜੋ ਆਪਣੇ ਆਦਰਸ਼ ਇਨ੍ਹਾਂ ਨੇਤਾਵਾਂ ਵਿੱਚ ਵੇਖਦੀ ਹੈ, ਉਹ ਕੀ ਸਿੱਖ ਰਹੀ ਹੈ ? ਜਦੋਂ ਉਹ ਵੇਖਦੀ ਹੈ ਕਿ ਸੱਤਾ ਦੇ ਸਭ ਤੋਂ ਉੱਚੇ ਮੰਚ 'ਤੇ ਬੈਠੇ ਲੋਕ ਭਾਸ਼ਾ ਦੀ ਮਰਿਆਦਾ ਨੂੰ ਭੁੱਲ ਜਾਂਦੇ ਹਨ, ਤਾਂ ਉਹ ਵੀ ਇਹੀ ਸੋਚ ਬਣਾਉਂਦੀ ਹੈ ਕਿ ਸਫਲਤਾ ਲਈ ਸੱਭਿਆਚਾਰਕ ਕੀਮਤਾਂ ਦੀ ਲੋੜ ਨਹੀਂ।

ਇਸ ਸੰਦਰਭ ਵਿੱਚ ਇੱਕ ਹੋਰ ਉਰਦੂ ਕਹਾਵਤ ਯਾਦ ਆਉਂਦੀ ਹੈ:

ਬਾਤ ਕਰਨੇ ਕਾ ਸਲੀਕਾ ਹੋ ਤੋ ਦੁਸ਼ਮਣ ਵੀ ਮਿਹਰਬਾਨ ਹੋ ਜਾਤੇ ਹੈ।
ਵਰਨਾ ਲਹਿਜੇ ਕੀ ਤਲਖ਼ੀ ਅਪਨੋ ਕੋ ਵੀ ਦੂਰ ਕਰ ਦੇਤੀ ਹੈ।

ਅੱਜ ਸੰਸਦੀ ਮਰਿਆਦਾ ਦੀ ਗੱਲ ਕਰੀਏ ਤਾਂ ਇਹ ਸਿਰਫ਼ ਨਿਯਮਾਂ ਦੀ ਪਾਲਣਾ ਨਹੀਂ, ਸਗੋਂ ਅੰਦਰੂਨੀ ਸੰਸਕਾਰਾਂ ਦਾ ਪ੍ਰਤੀਬਿੰਬ ਹੈ। ਇੱਕ ਚੁਣਿਆ ਹੋਇਆ ਵਿਧਾਇਕ , ਉਹ ਇੱਕ ਆਦਰਸ਼ ਵੀ ਹੁੰਦਾ ਹੈ। ਉਸਦੀ ਹਰ ਗੱਲ, ਹਰ ਲਹਿਜ਼ਾ ਅਤੇ ਹਰ ਵਿਵਹਾਰ ਲੋਕਾਂ ਲਈ ਮਿਸਾਲ ਬਣਦਾ ਹੈ। ਜੇ ਉਹੀ ਵਿਅਕਤੀ ਭਾਸ਼ਾ ਦੀਆਂ ਹੱਦਾਂ ਨੂੰ ਲੰਘ ਜਾਵੇ, ਤਾਂ ਇਹ ਲੋਕਤੰਤਰ ਦੀਆਂ ਜੜ੍ਹਾਂ ਨੂੰ ਕਮਜ਼ੋਰ ਕਰਦਾ ਹੈ।

ਇਥੇ ਮੈਨੂੰ ਇਸੇ ਤਰ੍ਹਾਂ, ਅੰਗਰੇਜ਼ ਲੇਖਕ George Orwell ਨੇ ਆਪਣੇ ਲੇਖ Politics and the English Language ਵਿੱਚ ਲਿਖਿਆ ਸੀ-ਉਹ ਯਾਦ ਆ ਰਿਹਾ ਹੈ ਉਸ ਨੇ ਲਿਖਿਆ ਸੀ-

If thought corrupts language, language can also corrupt thought."

ਜੇ ਵਿਚਾਰ ਭਾਸ਼ਾ ਨੂੰ ਖਰਾਬ ਕਰਦੇ ਹਨ, ਤਾਂ ਭਾਸ਼ਾ ਵੀ ਵਿਚਾਰਾਂ ਨੂੰ ਖਰਾਬ ਕਰ ਸਕਦੀ ਹੈ।

ਇਹ ਵਿਚਾਰ ਸਾਡੇ ਮੌਜੂਦਾ ਸੰਦਰਭ ਵਿੱਚ ਬਿਲਕੁਲ ਸੱਚ ਲੱਗਦਾ ਹੈ। ਜਦੋਂ ਸਿਆਸਤ ਵਿੱਚ ਭਾਸ਼ਾ ਦੀ ਗਿਰਾਵਟ ਆਉਂਦੀ ਹੈ, ਤਾਂ ਉਹ ਸਿਰਫ਼ ਸ਼ਬਦਾਂ ਤੱਕ ਸੀਮਿਤ ਨਹੀਂ ਰਹਿੰਦੀ—ਉਹ ਪੂਰੇ ਸਮਾਜ ਦੇ ਵਿਚਾਰਧਾਰਾ ਨੂੰ ਪ੍ਰਭਾਵਿਤ ਕਰਦੀ ਹੈ।

ਭਾਰਤੀ ਸੰਵਿਧਾਨ ਵਿੱਚ ਅਭਿਵਕਤੀ ਦੀ ਆਜ਼ਾਦੀ ਦਾ ਅਧਿਕਾਰ ਦਿੱਤਾ ਗਿਆ ਹੈ, ਪਰ ਇਸਦੇ ਨਾਲ ਹੀ ਇਹ ਜ਼ਿੰਮੇਵਾਰੀ ਵੀ ਹੈ ਕਿ ਇਹ ਆਜ਼ਾਦੀ ਦੂਜਿਆਂ ਦੀ ਇਜ਼ਤ ਅਤੇ ਸਮਾਜਿਕ ਮਰਿਆਦਾ ਨੂੰ ਨੁਕਸਾਨ ਨਾ ਪਹੁੰਚਾਵੇ। ਅੱਜ ਜਿਹੜੀ ਭਾਸ਼ਾ ਦੀ ਗਿਰਾਵਟ ਅਸੀਂ ਵੇਖ ਰਹੇ ਹਾਂ, ਉਹ ਇਸ ਸੰਤੁਲਨ ਦੇ ਟੁੱਟਣ ਦੀ ਨਿਸ਼ਾਨੀ ਹੈ।

ਅੱਜ ਇਥੇ ਮੀਡੀਆ ਦੀ ਭੂਮਿਕਾ ਵੀ ਮਹੱਤਵਪੂਰਨ ਬਣ ਜਾਂਦੀ ਹੈ। ਅੱਜ ਦੇ ਤੇਜ਼ ਰਫ਼ਤਾਰ ਮੀਡੀਆ ਯੁੱਗ ਵਿੱਚ ਹਰ ਸ਼ਬਦ ਤੁਰੰਤ ਲੱਖਾਂ ਲੋਕਾਂ ਤੱਕ ਪਹੁੰਚਦਾ ਹੈ। ਜਿਹੜੀ ਗੱਲ ਪਹਿਲਾਂ ਕਿਸੇ ਕਮਰੇ ਤੱਕ ਸੀਮਿਤ ਰਹਿ ਜਾਂਦੀ ਸੀ, ਉਹ ਅੱਜ ਸੋਸ਼ਲ ਮੀਡੀਆ ਰਾਹੀਂ ਵਾਇਰਲ ਹੋ ਜਾਂਦੀ ਹੈ। ਇਸ ਕਰਕੇ ਭਾਸ਼ਾ ਦੀ ਜ਼ਿੰਮੇਵਾਰੀ ਹੋਰ ਵੀ ਵੱਧ ਜਾਂਦੀ ਹੈ। ਪਰ ਦੁੱਖ ਦੀ ਗੱਲ ਹੈ ਕਿ ਕਈ ਵਾਰ ਮੀਡੀਆ ਵੀ ਇਸ ਤਰ੍ਹਾਂ ਦੀ ਨਿਗਾਰ ਭਾਸ਼ਾ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਦਾ ਹੈ, ਜਿਸ ਨਾਲ ਇਹ ਪ੍ਰਵਿਰਤੀ ਹੋਰ ਫੈਲਦੀ ਹੈ।

ਇਸ ਸਾਰੇ ਪ੍ਰਸੰਗ ਵਿੱਚ ਸਵਾਲ ਉਠਦਾ ਹੈ ਕਿ ਅਸੀਂ ਕਿੱਥੇ ਖੜ੍ਹੇ ਹਾਂ ? ਕੀ ਅਸੀਂ ਉਸ ਪੰਜਾਬ ਵੱਲ ਵਧ ਰਹੇ ਹਾਂ ਜਿੱਥੇ ਸੱਭਿਆਚਾਰਕ ਕੀਮਤਾਂ ਦੀ ਥਾਂ ਸਿਰਫ਼ ਰਾਜਨੀਤਿਕ ਨਾਟਕ ਰਹਿ ਗਿਆ ਹੈ ? ਕੀ ਇਹ ਉਹੀ ਧਰਤੀ ਹੈ ਜਿੱਥੇ ਕਵੀਆਂ ਨੇ ਇਸ਼ਕ, ਇਨਸਾਨੀਅਤ ਅਤੇ ਅਮਨ ਦੀ ਗੱਲ ਕੀਤੀ ਸੀ ?

ਪੰਜਾਬੀ ਸਾਹਿਤ ਸਾਨੂੰ ਸਿਖਾਉਂਦਾ ਹੈ ਕਿ ਭਾਸ਼ਾ ਸਿਰਫ਼ ਸੰਚਾਰ ਦਾ ਸਾਧਨ ਨਹੀਂ—ਇਹ ਸਾਡੀ ਪਛਾਣ ਹੈ। ਜੇ ਇਹ ਪਛਾਣ ਹੀ ਮੈਲੀ ਹੋ ਜਾਵੇ, ਤਾਂ ਅਸੀਂ ਆਪਣੀ ਅਸਲੀਅਤ ਨੂੰ ਗੁਆ ਬੈਠਦੇ ਹਾਂ। ਅੱਜ ਦੀ ਰਾਜਨੀਤਿਕ ਭਾਸ਼ਾ ਇਸ ਗੱਲ ਦੀ ਚੇਤਾਵਨੀ ਹੈ ਕਿ ਜੇ ਅਸੀਂ ਸਮੇਂ 'ਤੇ ਨਹੀਂ ਸੰਭਲੇ, ਤਾਂ ਅਸੀਂ ਆਪਣੀ ਸੱਭਿਆਚਾਰਕ ਧਰੋਹਰ ਨੂੰ ਖੋ ਬੈਠਾਂਗੇ ਪਰ ਇਹ ਆਜ਼ਾਦੀ ਸਿਰਫ਼ ਬੋਲਣ ਦੀ ਨਹੀਂ—ਸਹੀ ਤਰੀਕੇ ਨਾਲ ਬੋਲਣ ਦੀ ਜ਼ਿੰਮੇਵਾਰੀ ਵੀ ਹੈ।

ਅੱਜ ਲੋੜ ਹੈ ਇੱਕ ਨਵੀਂ ਸੋਚ ਦੀ, ਇੱਕ ਨਵੀਂ ਸ਼ੁਰੂਆਤ ਦੀ। ਰਾਜਨੀਤਿਕ ਨੇਤਾਵਾਂ ਨੂੰ ਸਮਝਣਾ ਹੋਵੇਗਾ ਕਿ ਲੋਕਤੰਤਰ ਸਿਰਫ਼ ਤਾਕਤ ਦਾ ਖੇਡ ਨਹੀਂ—ਇਹ ਸੱਭਿਆਚਾਰ ਅਤੇ ਸੰਵੇਦਨਸ਼ੀਲਤਾ ਦਾ ਸੰਯੋਗ ਹੈ। ਉਹਨਾਂ ਨੂੰ ਆਪਣੀ ਭਾਸ਼ਾ ਨੂੰ ਸੁਧਾਰਨਾ ਹੋਵੇਗਾ, ਆਪਣੇ ਵਿਵਹਾਰ ਨੂੰ ਸੰਵਾਰਨਾ ਹੋਵੇਗਾ, ਅਤੇ ਆਪਣੇ ਆਚਰਣ ਨਾਲ ਨਵੀਂ ਪੀੜ੍ਹੀ ਨੂੰ ਸਹੀ ਦਿਸ਼ਾ ਦੇਣੀ ਹੋਵੇਗੀ।

ਸਿੱਖਿਆ ਪ੍ਰਣਾਲੀ ਵਿੱਚ ਵੀ ਭਾਸ਼ਾ ਦੇ ਸਹੀ ਉਪਯੋਗ 'ਤੇ ਜ਼ੋਰ ਦੇਣਾ ਜ਼ਰੂਰੀ ਹੈ। ਬੱਚਿਆਂ ਨੂੰ ਸਿਰਫ਼ ਪਾਠ ਪੁਸਤਕਾਂ ਨਹੀਂ, ਸਗੋਂ ਜੀਵਨ ਮੁੱਲ ਵੀ ਸਿਖਾਉਣੇ ਹੋਣਗੇ। ਜਦੋਂ ਉਹ ਛੋਟੀ ਉਮਰ ਤੋਂ ਹੀ ਸਹੀ ਭਾਸ਼ਾ ਅਤੇ ਸਹੀ ਵਿਵਹਾਰ ਸਿੱਖਣਗੇ, ਤਾਂ ਭਵਿੱਖ ਵਿੱਚ ਉਹ ਇੱਕ ਸੁਚੱਜੇ ਸਮਾਜ ਦਾ ਨਿਰਮਾਣ ਕਰਨਗੇ।

ਅੱਜ ਇਹ ਬੇਹਦ ਸ਼ਬਦ ਸੀਲ ਮੁੱਦਾ ਹੈ ਅਤੇ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਭਾਸ਼ਾ ਦੀ ਸੁਚਤਾ ਹੀ ਸਮਾਜ ਦੀ ਸੁਚਤਾ ਹੈ। ਜੇ ਅਸੀਂ ਆਪਣੀ ਭਾਸ਼ਾ ਨੂੰ ਬਚਾ ਲਿਆ, ਤਾਂ ਅਸੀਂ ਆਪਣੇ ਸੱਭਿਆਚਾਰ ਨੂੰ ਵੀ ਬਚਾ ਲਵਾਂਗੇ। ਨਹੀਂ ਤਾਂ ਇਹ ਗਿਰਾਵਟ ਸਾਨੂੰ ਇੱਕ ਅਜਿਹੇ ਮੋੜ 'ਤੇ ਲੈ ਜਾਵੇਗੀ ਜਿੱਥੋਂ ਵਾਪਸੀ ਮੁਸ਼ਕਲ ਹੋਵੇਗੀ।

ਉਰਦੂ ਦਾ ਇੱਕ ਆਖ਼ਰੀ ਸ਼ੇਅਰ ਇਸ ਗੱਲ ਨੂੰ ਬਹੁਤ ਖ਼ੂਬਸੂਰਤੀ ਨਾਲ ਬਿਆਨ ਕਰਦਾ ਹੈ:

ਅਦਬ ਕੀ ਜ਼ੁਬਾਨ ਸੇ ਜੋ ਬਾਤ ਨਿਕਲਤੀ ਹੈ ਅਸਰ ਰੱਖਦੀ ਹੈ ਵਰਨਾ ਹਰ ਲਫ਼ਜ਼ ਸਿਰਫ ਆਵਾਜ਼ ਬਣ ਕਰ ਰਹਿ ਜਾਤਾ ਹੈ।

ਹੁਣ ਇਹ ਸਮਾਂ ਹੈ ਸੋਚਣ ਦਾ, ਸਮਝਣ ਦਾ ਅਤੇ ਸੁਧਾਰ ਕਰਨ ਦਾ। ਪੰਜਾਬ ਦੀ ਧਰਤੀ ਨੂੰ ਫਿਰ ਤੋਂ ਉਸਦੀ ਮਿਠਾਸ, ਉਸਦੀ ਨਰਮੀ ਅਤੇ ਉਸਦੀ ਰੂਹਾਨੀਅਤ ਵਾਪਸ ਦੇਣੀ ਹੋਵੇਗੀ। ਇਹ ਸਿਰਫ਼ ਰਾਜਨੀਤਿਕ ਨੇਤਾਵਾਂ ਦੀ ਨਹੀਂ, ਸਗੋਂ ਸਾਡੇ ਹਰ ਇੱਕ ਦੀ ਜ਼ਿੰਮੇਵਾਰੀ ਹੈ।

---

## ਨਵੇਂ ਬੇਅਦਬੀ ਕਾਨੂੰਨ ਤਹਿਤ ਪੰਜਾਬ 'ਚ ਪਹਿਲਾ ਮਾਮਲਾ ਦਰਜ

ਮਲੋਟ, 1 ਮਈ (ਚ.ਨ.ਸ.):ਪੰਜਾਬ ਵਿੱਚ ਲਾਗੂ ਕੀਤੇ ਗਏ ਨਵੇਂ ਬੇਅਦਬੀ ਕਾਨੂੰਨ ਤਹਿਤ ਪਹਿਲਾ ਮਾਮਲਾ ਦਰਜ ਕੀਤਾ ਗਿਆ ਹੈ। ਇਹ ਕਾਰਵਾਈ ਮੁਕਤਸਰ ਜ਼ਿਲ੍ਹੇ ਦੇ ਮਲੋਟ ਦੇ ਵਾਰਡ ਨੰਬਰ 10 ਵਿੱਚ ਸ੍ਰੀ ਗੁਟਕਾ ਸਾਹਿਬ ਦੇ ਫਟੇ ਹੋਏ ਅੰਗ ਮਿਲਣ ਤੋਂ ਬਾਅਦ ਕੀਤੀ ਗਈ। ਇਹ ਘਟਨਾ ਪੰਜਾਬ ਸਰਕਾਰ ਵੱਲੋਂ ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026 ਲਾਗੂ ਕਰਨ ਤੋਂ ਬਾਅਦ ਵਾਪਰੀ। ਡੀ.ਐਸ.ਪੀ. ਨੇ ਦੱਸਿਆ ਕਿ ਫਟੇ ਹੋਏ ਪੰਨੇ ਵਾਰਡ ਨੰਬਰ 10 ਦੀ ਇੱਕ ਗਲੀ ਵਿੱਚੋਂ ਮਿਲੇ ਹਨ। ਸਥਾਨਕ ਲੋਕਾਂ ਨੇ ਅੰਗ ਇਕੱਠੇ ਕਰਕੇ ਸੁਰੱਖਿਅਤ ਰੱਖੇ ਅਤੇ ਤੁਰੰਤ ਪੁਲਿਸ ਨੂੰ ਸੂਚਿਤ ਕੀਤਾ। ਡੀ.ਐਸ.ਪੀ. ਅਤੇ ਐਸ.ਐਚ.ਓ. ਮੌਕੇ 'ਤੇ ਪਹੁੰਚੇ ਅਤੇ ਜਾਂਚ ਕੀਤੀ। ਇਹ ਘਟਨਾ ਵੀਰਵਾਰ ਨੂੰ ਵਾਪਰੀ। ਜਾਣਕਾਰੀ ਮੁਤਾਬਕ ਜਿਸ ਜਗ੍ਹਾ 'ਤੇ ਇਹ ਘਟਨਾ (ਬਾਕੀ ਸਫਾ 2 'ਤੇ)

## ਮਾਨ ਵੱਲੋਂ ਮਜ਼ਦੂਰਾਂ ਨੂੰ ਘੱਟੋ-ਘੱਟ ਮਜ਼ਦੂਰੀ 'ਚ 15 ਫ਼ੀਸਦੀ ਵਾਧੇ ਦਾ ਤੋਹਫ਼ਾ

ਅੰਮਿਤਪਾਲ ਸਿੰਘ

================

ਚੰਡੀਗੜ੍ਹ, 1 ਮਈ : ਮਈ ਦਿਵਸ ਮੌਕੇ ਅੱਜ ਪੰਜਾਬ ਵਿਧਾਨ ਸਭਾ ਨੇ 13 ਸਾਲਾਂ ਬਾਅਦ ਘੱਟੋ-ਘੱਟ ਉਜਰਤ ਵਿੱਚ 15 ਫੀਸਦੀ ਵਾਧਾ ਕਰਨ ਲਈ ਸਦਨ ਵਿੱਚ ਸਰਬਸੰਮਤੀ ਨਾਲ ਮਤਾ ਪਾਸ ਕੀਤਾ। ਸਰਕਾਰੀ ਅਤੇ ਪ੍ਰਾਈਵੇਟ ਸੈਕਟਰ ਦੇ ਸਾਰੇ ਰਜਿਸਟਰਡ ਕਾਮਿਆਂ ਨੂੰ ਇਸ ਦਾ ਲਾਭ ਹੋਵੇਗਾ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਸ ਵਾਧੇ ਨੂੰ ਕਿਰਤੀ ਵਰਗ ਦੇ ਯੋਗਦਾਨ ਪ੍ਰਤੀ ਸਤਿਕਾਰ ਦੱਸਿਆ।

**ਸਰਕਾਰੀ ਅਤੇ ਪ੍ਰਾਈਵੇਟ ਸੈਕਟਰ ਦੇ ਸਾਰੇ ਰਜਿਸਟਰਡ ਕਾਮਿਆਂ ਨੂੰ ਉਜਰਤ 'ਚ ਵਾਧੇ ਦਾ ਹੋਵੇਗਾ ਲਾਭ**

ਮੁੱਖ ਮੰਤਰੀ ਨੇ ਸਿੱਖਿਆ ਦੀ ਮਹੱਤਤਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਿੱਖਿਆ ਹੀ ਕਿਰਤੀਆਂ ਦੀ ਜ਼ਿੰਦਗੀ ਸੰਵਾਰ ਸਕਦੀ ਹੈ ਅਤੇ 'ਆਪ' ਦੀ ਅਗਵਾਈ ਵਾਲੀ ਸਰਕਾਰ ਸਿੱਖਿਆ ਖੇਤਰ ਵਿੱਚ ਕ੍ਰਾਂਤੀਕਾਰੀ ਸੁਧਾਰ ਕਰ ਰਹੀ ਹੈ। ਉਨ੍ਹਾਂ ਨੇ ਵਿਸ਼ੇਸ਼ ਇਜਲਾਸ ਵਿੱਚੋਂ ਵਾਕਆਊਟ ਕਰਨ ਲਈ ਕਾਂਗਰਸ 'ਤੇ ਤਿੱਖਾ ਨਿਸ਼ਾਨਾ ਸਾਧਿਆ। ਇਸ ਮੌਕੇ ਉਨ੍ਹਾਂ ਨੇ ਐਲਾਨ ਕੀਤਾ ਕਿ ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ-2026 ਦੇ ਪਾਸ ਹੋਣ ਨਾਲ ਸ਼ੁਕਰਾਨਾ ਯਾਤਰਾ ਕੱਢੀ ਜਾਵੇਗੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਕਿਰਤੀ (ਬਾਕੀ ਸਫਾ 2 'ਤੇ)

## ਪੰਜਾਬ ਵਿਧਾਨ ਸਭਾ ਵੱਲੋਂ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ

ਚੰਡੀਗੜ੍ਹ, 1 ਮਈ (ਚ.ਨ.ਸ.): ਪੰਜਾਬ ਵਿਧਾਨ ਸਭਾ ਵੱਲੋਂ ਅੱਜ ਪਿਛਲੇ ਸੈਸ਼ਨ ਤੋਂ ਬਾਅਦ ਵਿਛੋੜਾ ਦੇਣ ਵਾਲੀਆਂ ਉੱਘੀਆਂ ਸ਼ਖ਼ਸੀਅਤਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਦੌਰਾਨ ਸਦਨ ਨੇ ਪਰਜਾ ਮੰਡਲ ਲਹਿਰ 'ਚ ਹਿੱਸਾ ਲੈਣ ਵਾਲੇ ਆਜ਼ਾਦੀ ਘੁਲਾਟੀਏ ਸ੍ਰੀ ਚਮਨ ਲਾਲ, ਉੱਘੇ ਫੋਟੋਗ੍ਰਾਫਰ ਸ੍ਰੀ ਰਘੂ ਰਾਏ, ਭਾਰਤ-ਪਾਕਿ ਯੁੱਧ ਵਿੱਚ ਹਿੱਸਾ ਲੈਣ ਵਾਲੇ ਲੈਫਟੀਨੈਂਟ ਜਨਰਲ ਦੀਪਿੰਦਰ ਸਿੰਘ ਅਤੇ ਹਾਕੀ ਓਲੰਪੀਅਨ ਸ. ਗੁਰਬਖਸ਼ ਸਿੰਘ ਗਰੇਵਾਲ ਨੂੰ ਸ਼ਰਧਾਂਜਲੀ ਭੇਟ ਕੀਤੀ।

## ਜਦੋਂ 'ਆਪ' ਕੋਲ 95 ਵਿਧਾਇਕ ਹਨ ਤਾਂ ਭਰੋਸਗੀ ਮਤੇ ਦੀ ਕੀ ਲੋੜ: ਬਾਜਵਾ

ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 1 ਮਈ : ਪੰਜਾਬ ਸਰਕਾਰ ਵੱਲੋਂ ਅੱਜ ਮਜ਼ਦੂਰ ਦਿਵਸ ਮੌਕੇ ਸੱਦੇ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਤੋਂ ਪਹਿਲਾਂ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਆਮ ਆਦਮੀ ਪਾਰਟੀ 'ਤੇ ਤਿੱਖੇ ਹਮਲੇ ਕੀਤੇ। ਬਾਜਵਾ ਨੇ ਵਿਧਾਨ ਸਭਾ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕਾਂਗਰਸ ਵੱਲੋਂ ਵਿਧਾਨ ਸਭਾ ਵਿੱਚ ਆਮ ਆਦਮੀ ਪਾਰਟੀ ਨੂੰ ਮੁਲਾਜ਼ਮਾਂ ਦੇ ਮੁੱਦੇ ਉੱਤੇ ਘੇਰਿਆ ਜਾਵੇਗਾ।



ਉਨ੍ਹਾਂ ਕਿਹਾ ਕਿ ਹਰਿਆਣਾ ਵਿੱਚ ਗੈਰ ਹੁਨਰਮੰਦ ਨੂੰ 600 ਰੁਪਏ ਦਿਹਾੜੀ ਦਿੱਤੀ ਜਾਂਦੀ ਹੈ ਜਦੋਂ ਕਿ ਪੰਜਾਬ ਵਿੱਚ 400 ਰੁਪਏ ਦਿਹਾੜੀ ਹੀ ਦਿੱਤੀ ਜਾ ਰਹੀ ਹੈ। ਕਾਂਗਰਸ ਵੱਲੋਂ ਗੈਰ ਹੁਨਰਮੰਦ ਕਾਮਿਆਂ ਨੂੰ 600 ਦਿਹਾੜੀ ਦੇਣ ਦੀ ਮੰਗ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਵੱਲੋਂ ਮੁਲਾਜ਼ਮਾਂ ਦੇ ਬਕਾਇਆ ਡੀ.ਏ. ਜਾਰੀ ਕਰਨ ਦੀ ਮੰਗ ਕੀਤੀ ਜਾਵੇਗੀ। ਇਸ ਤੋਂ ਇਲਾਵਾ ਮੁਲਾਜ਼ਮਾਂ ਦੇ ਹੋਰਨਾਂ ਮੁੱਦਿਆਂ ਨੂੰ ਵੀ ਜ਼ੋਰ ਸ਼ੋਰ ਨਾਲ ਚੁੱਕਿਆ ਜਾਵੇਗਾ। ਬਾਜਵਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪੰਜਾਬ ਵਿਧਾਨ ਸਭਾ ਵਿੱਚ ਭਰੋਸਗੀ ਮਤਾ (ਬਾਕੀ ਸਫਾ 2 'ਤੇ)

---

ਮਹਿੰਗਾਈ ਦੀ ਮਾਰ

## ਵਪਾਰਕ ਗੈਸ ਸਿਲੰਡਰ ਦੀ ਕੀਮਤ 3000 ਰੁ. ਤੋਂ ਪਾਰ



ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 1 ਮਈ :ਐਲਪੀਜੀ ਸਿਲੰਡਰ ਦੀਆਂ ਕੀਮਤਾਂ ਵਿੱਚ ਸ਼ੁੱਕਰਵਾਰ ਤੋਂ ਭਾਰੀ ਵਾਧਾ ਕੀਤਾ ਗਿਆ ਹੈ, ਜਿਸ ਨਾਲ ਭੋਜਨ ਅਤੇ ਪ੍ਰਾਹੁਣਚਾਰੀ ਖੇਤਰ ਦੇ ਕਾਰੋਬਾਰਾਂ ਦੀ ਲਾਗਤ ਵਧ ਗਈ ਹੈ। ਇਹ ਵਾਧਾ ਵਪਾਰਕ ਸਿਲੰਡਰ ਦੀਆਂ ਕੀਮਤਾਂ ਵਿੱਚ ਕੀਤਾ ਗਿਆ ਹੈ, ਜਦੋਂ ਕਿ ਘਰੇਲੂ ਐਲਪੀਜੀ ਦੀਆਂ ਕੀਮਤਾਂ ਵਿੱਚ ਕੋਈ ਬਦਲਾਅ ਨਹੀਂ ਕੀਤਾ ਗਿਆ।

ਸਰੋਤਾਂ ਅਨੁਸਾਰ 19 ਕਿਲੋ ਦੇ ਵਪਾਰਕ ਐਲਪੀਜੀ ਸਿਲੰਡਰ ਦੀ ਕੀਮਤ ਵਿੱਚ 993 ਰੁਪਏ ਦਾ ਵਾਧਾ ਕੀਤਾ ਗਿਆ ਹੈ, ਜਿਸ ਨਾਲ ਦਿੱਲੀ ਵਿੱਚ ਅੱਜ ਤੋਂ ਇਸ ਦੀ ਕੀਮਤ 3,071.50 ਰੁਪਏ ਹੋ ਗਈ ਹੈ। (ਬਾਕੀ ਸਫਾ 2 'ਤੇ)

## ਚੋਣ ਰਾਹਤ ਖ਼ਤਮ, ਹੁਣ ਮਹਿੰਗਾਈ ਦੀ ਮਾਰ: ਰਾਹੁਲ

ਨਵੀਂ ਦਿੱਲੀ, 1 ਮਈ (ਚ.ਨ.ਸ.): ਕਮਰਸ਼ੀਅਲ ਗੈਸ ਸਿਲੰਡਰ ਦੀਆਂ ਕੀਮਤਾਂ 'ਚ ਭਾਰੀ ਵਾਧੇ ਨੂੰ ਲੈ ਕੇ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਕੇਂਦਰ ਸਰਕਾਰ 'ਤੇ ਹਮਲਾ ਬੋਲਿਆ ਹੈ। ਰਾਹੁਲ ਗਾਂਧੀ ਨੇ ਸੋਸ਼ਲ ਮੀਡੀਆ ਦੇ ਮਾਧਿਅਮ ਨਾਲ ਕਿਹਾ ਕਿ ਉਨ੍ਹਾਂ ਨੇ ਪਹਿਲੇ ਹੀ ਚਿਤਾਵਨੀ ਦਿੱਤੀ ਸੀ ਕਿ ਚੋਣਾਂ ਖਤਮ ਹੁੰਦੇ ਹੀ ਮਹਿੰਗਾਈ ਵਧੇਗੀ ਅਤੇ ਹੁਣ ਉਹੀ ਹੋ ਰਿਹਾ ਹੈ। ਰਾਹੁਲ ਗਾਂਧੀ ਨੇ ਕਿਹਾ ਕਿ ਕਮਰਸ਼ੀਅਲ ਗੈਸ ਸਿਲੰਡਰ ਦੀ ਕੀਮਤ 'ਚ ਇਕ ਹੀ ਦਿਨ 'ਚ 993 ਰੁਪਏ ਦਾ ਵਾਧਾ ਹੋਇਆ ਹੈ, ਜਿਸ ਨੂੰ ਉਨ੍ਹਾਂ ਨੇ 'ਚੋਣ ਬਿੱਲ' ਕਰਾਰ ਦਿੱਤਾ। (ਬਾਕੀ ਸਫਾ 2 'ਤੇ)

## ਈਰਾਨ ਨੇ ਅਮਰੀਕਾ ਨੂੰ ਗੱਲਬਾਤ ਲਈ ਭੇਜਿਆ ਨਵਾਂ ਪ੍ਰਸਤਾਵ !





ਚੜ੍ਹਦੀਕਲਾ ਬਿਊਰੋ

================

ਤਹਿਰਾਨ, 1 ਮਈ : ਈਰਾਨ ਨੇ ਅਮਰੀਕਾ ਨਾਲ ਗੱਲਬਾਤ ਲਈ ਆਪਣਾ ਨਵਾਂ ਪ੍ਰਸਤਾਵ ਪਾਕਿਸਤਾਨ ਰਾਹੀਂ ਭੇਜਿਆ ਹੈ।ਈਰਾਨੀ ਸਰਕਾਰੀ ਸਮਾਚਾਰ ਏਜੰਸੀ ਨੇ ਸ਼ੁੱਕਰਵਾਰ ਨੂੰ ਇਹ ਜਾਣਕਾਰੀ ਦਿੱਤੀ। ਮੰਨਿਆ ਜਾ ਰਿਹਾ ਹੈ ਕਿ ਇਸ ਕਦਮ ਨਾਲ ਚੱਲ ਰਹੀ ਜੰਗ ਨੂੰ ਖ਼ਤਮ ਕਰਨ ਦੀਆਂ ਕੋਸ਼ਿਸ਼ਾਂ ਨੂੰ ਨਵਾਂ ਰਾਹ ਮਿਲ ਸਕਦਾ ਹੈ। ਹਾਲਾਂਕਿ ਇਸ ਪ੍ਰਸਤਾਵ ਬਾਰੇ ਜ਼ਿਆਦਾ ਜਾਣਕਾਰੀ ਨਹੀਂ ਦਿੱਤੀ ਗਈ ਹੈ। ਇਹ ਵੀ ਸਪੱਸ਼ਟ ਨਹੀਂ ਹੈ ਕਿ ਇਹ ਪ੍ਰਸਤਾਵ ਅਜੇ ਤੱਕ ਅਮਰੀਕਾ ਤੱਕ ਪਹੁੰਚਿਆ ਹੈ ਜਾਂ ਨਹੀਂ। ਇਸ ਖ਼ਬਰ ਤੋਂ ਬਾਅਦ ਗਲੋਬਲ ਤੇਲ ਦੀਆਂ ਕੀਮਤਾਂ ਵਿੱਚ ਮਾਮੂਲੀ ਗਿਰਾਵਟ ਦੇਖੀ ਗਈ, (ਬਾਕੀ ਸਫਾ 2 'ਤੇ)

## ਪੰਜਾਬ ਦੇ ਕਈ ਹਿੱਸਿਆਂ 'ਚ 7 ਮਈ ਤੱਕ ਮੀਂਹ ਦੀ ਪੇਸ਼ੀਨਗੋਈ

ਚੰਡੀਗੜ੍ਹ, 1 ਮਈ (ਚ.ਨ.ਸ.):2 ਮਈ ਤੋਂ ਇੱਕ ਨਵੀਂ ਪੱਛਮੀ ਗੜਬੜੀ ਹਿਮਾਲਿਆ ਖੇਤਰ ਵਿੱਚ ਸਰਗਰਮ ਹੋ ਰਹੀ ਹੈ। ਇਸ ਕਾਰਨ ਪੰਜਾਬ ਅਤੇ ਹਰਿਆਣਾ ਦੇ ਕਈ ਹਿੱਸਿਆਂ ਵਿੱਚ 7 ਮਈ ਤੱਕ ਮੀਂਹ ਪੈਣ ਦੀ ਸੰਭਾਵਨਾ ਹੈ, ਜਿਸ ਨਾਲ ਦਿਨ ਦੇ ਤਾਪਮਾਨ ਵਿੱਚ ਗਿਰਾਵਟ ਆ ਸਕਦੀ ਹੈ। ਭਾਰਤੀ ਮੌਸਮ ਵਿਭਾਗ ਵੱਲੋਂ ਸ਼ੁੱਕਰਵਾਰ ਨੂੰ ਦਿੱਤੀ ਗਈ ਜਾਣਕਾਰੀ ਮੁਤਾਬਕ, ਪੰਜਾਬ ਅਤੇ ਹਰਿਆਣਾ ਵਿੱਚ 2, 3, 6 ਅਤੇ 7 ਮਈ ਨੂੰ ਕੁਝ ਇਲਾਕਿਆਂ ਵਿੱਚ ਅਤੇ 4 ਤੇ 5 ਮਈ ਨੂੰ ਬਹੁਤੀਆਂ ਥਾਵਾਂ 'ਤੇ ਹਲਕਾ ਮੀਂਹ ਪੈਣ ਦੀ ਉਮੀਦ ਹੈ। ਅਗਲੇ 48 ਘੰਟਿਆਂ ਦੌਰਾਨ ਦੋਵਾਂ ਸੂਬਿਆਂ ਵਿੱਚ ਦਿਨ ਦੇ ਤਾਪਮਾਨ 'ਚ ਦੋ ਡਿਗਰੀ ਸੈਲਸੀਅਸ ਦਾ ਵਾਧਾ ਹੋ ਸਕਦਾ ਹੈ ਅਤੇ ਉਸ ਤੋਂ ਬਾਅਦ (ਬਾਕੀ ਸਫਾ 2 'ਤੇ)

---

'ਰਿਪੋਰਟਰਜ਼ ਵਿਦਾਊਟ ਬਾਰਡਰਜ਼' ਵੱਲੋਂ ਵਿਸ਼ਵ ਪ੍ਰੈੱਸ ਫ੍ਰੀਡਮ ਇੰਡੈਕਸ-2026 ਦੀ ਰਿਪੋਰਟ ਜਾਰੀ

## ਭਾਰਤ ਪ੍ਰੈਸ ਦੀ ਆਜ਼ਾਦੀ ਦੇ ਮਾਮਲੇ 'ਚ ਪਾਕਿ ਤੇ ਬੰਗਲਾਦੇਸ਼ ਤੋਂ ਵੀ ਪਿੱਛੇ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 1 ਮਈ :ਪੱਤਰਕਾਰੀ ਦੀ ਆਜ਼ਾਦੀ ਦੇ ਮਾਮਲੇ ਵਿੱਚ ਭਾਰਤ ਦੀ ਵਿਸ਼ਵ ਪੱਧਰੀ ਰੈਂਕਿੰਗ ਵਿੱਚ ਵੱਡੀ ਗਿਰਾਵਟ ਦਰਜ ਕੀਤੀ ਗਈ ਹੈ। 'ਰਿਪੋਰਟਰਜ਼ ਵਿਦਾਊਟ ਬਾਰਡਰਜ਼' (ਆਰਐਸਐਫ) ਵੱਲੋਂ ਜਾਰੀ ਕੀਤੇ ਗਏ ਵਿਸ਼ਵ ਪ੍ਰੈੱਸ ਫ੍ਰੀਡਮ ਇੰਡੈਕਸ 2026 ਅਨੁਸਾਰ, ਭਾਰਤ 180 ਦੇਸ਼ਾਂ ਦੀ ਸੂਚੀ ਵਿੱਚ ਖਿਸਕ ਕੇ 157ਵੇਂ ਸਥਾਨ 'ਤੇ ਆ ਗਿਆ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਭਾਰਤ ਇਸ ਸੂਚੀ ਵਿੱਚ ਜੰਗ ਪ੍ਰਭਾਵਿਤ ਫਲਸਤੀਨ (156), ਤਾਜਿਕਸਤਾਨ (155), ਪਾਕਿਸਤਾਨ (153) ਅਤੇ ਬੰਗਲਾਦੇਸ਼ (152) ਤੋਂ ਵੀ ਹੇਠਾਂ ਚਲਾ ਗਿਆ ਹੈ।



ਪਿਛਲੇ ਸਾਲ ਭਾਰਤ 151ਵੇਂ ਸਥਾਨ 'ਤੇ ਸੀ, ਪਰ ਇੱਕ ਸਾਲ ਦੇ ਅੰਦਰ ਹੀ ਇਸ ਦੀ ਰੈਂਕਿੰਗ ਵਿੱਚ 6 ਅੰਕਾਂ ਦੀ ਹੋਰ ਗਿਰਾਵਟ ਆਈ ਹੈ। ਰਿਪੋਰਟ ਮੁਤਾਬਕ ਭਾਰਤ ਹੁਣ ਸਿਰਫ਼ 23 ਦੇਸ਼ਾਂ ਤੋਂ ਉੱਪਰ ਹੈ, ਜਦਕਿ ਇਰੀਟਰੀਆ ਸੂਚੀ ਵਿੱਚ ਸਭ ਤੋਂ ਆਖ਼ਰੀ ਸਥਾਨ 'ਤੇ ਬਣਿਆ ਹੋਇਆ ਹੈ।

**ਕਾਨੂੰਨੀ ਢਾਂਚੇ ਵਿੱਚ ਸਭ ਤੋਂ ਵੱਡੀ ਗਿਰਾਵਟ**

ਆਰਐਸਐਫ ਨੇ ਪੱਤਰਕਾਰੀ ਲਈ ਪੰਜ ਮੁੱਖ ਸੰਕੇਤਕਾਂ ਆਰਥਿਕ, ਕਾਨੂੰਨੀ, ਸੁਰੱਖਿਆ, ਸਿਆਸੀ ਅਤੇ ਸਮਾਜਿਕ ਮਾਹੌਲ, ਦੀ ਨਿਗਰਾਨੀ ਕੀਤੀ ਹੈ। ਰਿਪੋਰਟ ਵਿੱਚ ਵਿਸ਼ੇਸ਼ ਤੌਰ 'ਤੇ ਭਾਰਤ ਦਾ ਨਾਮ ਉਨ੍ਹਾਂ ਦੇਸ਼ਾਂ ਵਿੱਚ ਲਿਆ ਗਿਆ ਹੈ ਜਿੱਥੇ ਪੱਤਰਕਾਰੀ ਲਈ ਕਾਨੂੰਨੀ ਹਾਲਾਤ (Legal Indicator) ਸਭ ਤੋਂ ਤੇਜ਼ੀ ਨਾਲ ਵਿਗੜੇ ਹਨ। ਕੌਮੀ ਸੁਰੱਖਿਆ ਕਾਨੂੰਨਾਂ ਅਤੇ ਐਮਰਜੈਂਸੀ ਵਿਧਾਨਾਂ ਦੀ ਦੁਰਵਰਤੋਂ ਕਰਕੇ ਪੱਤਰਕਾਰੀ ਦਾ 'ਅਪਰਾਧੀਕਰਨ' ਕਰਨ ਦੇ ਰੁਝਾਨ ਨੂੰ ਇਸ ਗਿਰਾਵਟ ਦਾ ਮੁੱਖ ਕਾਰਨ ਦੱਸਿਆ ਗਿਆ ਹੈ।

ਅਮਰੀਕਾ ਨੂੰ ਝਟਕਾ, ਸੀਰੀਆ ਦੀ ਸਥਿਤੀ ਸੁਧਰੀ

**ਨਾਰਵੇ:** ਲਗਾਤਾਰ 10ਵੇਂ ਸਾਲ ਪਹਿਲੇ ਸਥਾਨ 'ਤੇ ਬਰਕਰਾਰ।

**ਅਮਰੀਕਾ:** ਡੋਨਾਲਡ ਟਰੰਪ ਦੇ ਪ੍ਰਸ਼ਾਸਨ ਹੇਠ ਅਮਰੀਕਾ 7 ਅੰਕ ਡਿੱਗ ਕੇ 64ਵੇਂ ਸਥਾਨ 'ਤੇ ਆ ਗਿਆ ਹੈ। ਪ੍ਰੈੱਸ 'ਤੇ ਹਮਲੇ ਅਤੇ ਸਰਕਾਰੀ ਮੀਡੀਆ ਸੰਸਥਾਵਾਂ (ਵੀ ਓ ਏ, ਰੇਡੀਓ ਫ੍ਰੀ ਯੂਰਪ) ਦੇ ਬਜਟ ਵਿੱਚ ਕਟੌਤੀ ਨੂੰ ਇਸ ਦਾ ਕਾਰਨ ਦੱਸਿਆ ਗਿਆ ਹੈ।

**ਸੀਰੀਆ:** ਦਸੰਬਰ 2025 ਵਿੱਚ ਬਸ਼ਰ ਅਲ-ਅਸਦ ਦੀ ਤਾਨਾਸ਼ਾਹੀ ਦੇ (ਬਾਕੀ ਸਫਾ 2 'ਤੇ)

## ਸ੍ਰੀ ਹੇਮਕੁੰਟ ਸਾਹਿਬ ਵਿਖੇ ਭਾਰੀ ਬਰਫ਼ਬਾਰੀ ਦੇ ਬਾਵਜੂਦ ਫ਼ੌਜ ਵੱਲੋਂ ਰਸਤੇ ਬਣਾਉਣ ਦਾ ਕੰਮ ਜਾਰੀ

ਚੜ੍ਹਦੀਕਲਾ ਬਿਊਰੋ

================

ਗੋਬਿੰਦ ਧਾਮ, 1 ਮਈ :ਉੱਤਰਾਖੰਡ ਸਥਿਤ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਅਤੇ ਹੋਰ ਉੱਪਰਲੇ ਇਲਾਕਿਆਂ ਵਿੱਚ ਦੋ ਦਿਨ ਹੋਈ ਭਾਰੀ ਬਰਫਬਾਰੀ ਤੋਂ ਬਾਅਦ ਭਾਰਤੀ ਫੌਜ ਦੇ ਜਵਾਨਾਂ ਅਤੇ ਗੁਰਦੁਆਰਾ ਪ੍ਰਬੰਧ ਟਰੱਸਟ ਦੇ ਵਲੰਟੀਅਰਾਂ ਨੇ ਹੇਮਕੁੰਟ ਸਾਹਿਬ ਟਰੈਕ 'ਤੇ ਸਮਰਪਣ ਭਾਵਨਾ ਨਾਲ ਬਰਫ ਹਟਾਉਣ ਦਾ ਕੰਮ ਜਾਰੀ ਰੱਖਿਆ ਹੈ।



ਹਿਮਾਲਿਆ ਦੇ ਉੱਪਰਲੇ ਇਲਾਕਿਆਂ ਵਿੱਚ ਪਿਛਲੇ ਦੋ ਦਿਨ ਤੋਂ ਬਰਫਬਾਰੀ ਜਾਰੀ ਹੈ ਅਤੇ ਅਗਲੇ ਕੁਝ ਦਿਨ ਬਰਫਬਾਰੀ ਜਾਰੀ ਰਹਿਣ ਦੀ ਸੰਭਾਵਨਾ ਹੈ। ਇਸ ਦੌਰਾਨ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਰਸਤੇ ਤੋਂ ਬਰਫ ਹਟਾਉਣ ਦਾ ਕੰਮ ਕਰ ਰਹੇ ਭਾਰਤੀ ਫੌਜ ਦੇ ਜਵਾਨਾਂ ਅਤੇ ਗੁਰਦੁਆਰੇ ਦੀ ਸੇਵਾਦਾਰਾਂ ਨੂੰ ਵੀ ਬਰਫਬਾਰੀ ਦੇ ਕਾਰਨ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਹੈ। ਦੋ ਦਿਨ ਤੋਂ ਬਾਅਦ (ਬਾਕੀ ਸਫਾ 2 'ਤੇ)

# ਸ੍ਰੀ ਕੀਰਤਪੁਰ ਸਾਹਿਬ ਦੇ 400 ਸਾਲਾ ਸਥਾਪਨਾ ਸ਼ਤਾਬਦੀ ਸਮਾਰੋਹ ਖ਼ਾਲਸਈ ਜਾਹੋ-ਜਲਾਲ ਨਾਲ ਸੰਪੂਰਨ

ਸ੍ਰੀ ਕੀਰਤਪੁਰ ਸਾਹਿਬ, 1 ਮਈ (ਬੀ.ਐਸ. ਰਾਣਾ): ਛੇ ਗੁਰੂ ਸਾਹਿਬਾਨ ਦੇ ਚਰਨਛੋਹ ਪ੍ਰਾਪਤ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਆਦੇਸ਼ ਅਨੁਸਾਰ ਬਾਬਾ ਗੁਰਦਿੱਤਾ ਜੀ ਵੱਲੋਂ ਮੋਹੜੀ ਗੱਡ ਕੇ ਵਸਾਈ ਸ੍ਰੀ ਕੀਰਤਪੁਰ ਸਾਹਿਬ ਨਗਰੀ ਦੇ 400 ਸਾਲਾ ਸਥਾਪਨਾ ਦਿਵਸ ਦੀ ਸ਼ਤਾਬਦੀ ਦੇ ਸਮਾਗਮ ਅੱਜ ਗੁਰਦੁਆਰਾ ਸ੍ਰੀ ਸ਼ੀਸ਼ ਮਹਿਲ ਸਾਹਿਬ ਵਿਖੇ ਖ਼ਾਲਸਈ ਜਾਹੋ-ਜਲਾਲ ਨਾਲ ਸੰਪੂਰਨ ਹੋਏ। ਇਸ ਮੌਕੇ ਵੱਖ-ਵੱਖ ਪੰਥਕ ਸ਼ਖ਼ਸੀਅਤਾਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ੍ਰੀ ਕੀਰਤਪੁਰ ਸਾਹਿਬ ਨੇ ਜਿਥੇ ਲਗਪਗ ਤਿੰਨ ਦਹਾਕੇ ਗੁਰਆਈ ਦਾ ਕੇਂਦਰ ਰਹਿ ਕੇ ਗੁਰੂ ਸਾਹਿਬਾਨ ਦੀਆਂ ਆਤਮਿਕ ਅਤੇ ਬੌਧਿਕ ਯਾਤਰਾਵਾਂ ਨੂੰ ਇਕ ਬੌਧਿਕ ਦਿਸ਼ਾ ਦਿੱਤੀ, ਉਥੇ ਹੀ ਕੀਰਤਪੁਰ ਸਾਹਿਬ ਦੀ ਇਤਿਹਾਸਕ ਸਥਾਪਨਾ ਭਗੋਲਿਕ ਰਣਨੀਤੀ, ਘਟਨਾਵਾਂ ਅਤੇ ਦਾਰਸ਼ਨਿਕ ਗਹਿਰਾਈ ਨੇ ਸਿੱਖ ਪੰਥ ਦੇ ਭਵਿੱਖ ਨੂੰ ਨਿਆਰੀ ਕੌਮੀਅਤ ਅਤੇ ਸੱਭਿਆਚਾਰ ਵਜੋਂ ਸਥਾਪਤ ਕੀਤਾ। ਸਮਾਗਮ ਦੌਰਾਨ ਸੰਬੋਧਨ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡ. ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕਈ ਨਗਰ ਵਸਾਏ ਅਤੇ ਉਨ੍ਹਾਂ ਨੇ ਆਪਣੇ ਜੀਵਨ ਦੇ ਕਈ ਸਾਲ ਇਸ ਪਾਵਨ ਨਗਰੀ ਵਿਚ ਬਤੀਤ ਕੀਤੇ। ਇਸੇ ਨਗਰੀ 'ਤੇ ਗੁਰੂ ਹਰਿਰਾਏ ਸਾਹਿਬ ਨੇ ਗੁਰਬਾਣੀ ਦੇ ਪ੍ਰਚਾਰ ਨਾਲ ਮਾਨਵਤਾ ਨੂੰ ਮਾਨਸਿਕ ਤੰਦਰੁਸਤੀ ਦੇਣ ਦੇ ਨਾਲ-ਨਾਲ ਦਵਾਖ਼ਾਨੇ ਰਾਹੀਂ ਰੋਗੀਆਂ ਦੇ ਰੋਗ ਵੀ ਦੂਰ ਕੀਤੇ। ਉਨ੍ਹਾਂ ਕਿਹਾ ਕਿ ਸਿੱਖ ਆਪਣੇ ਗੁਰੂ ਸਾਹਿਬਾਨ ਦੇ ਬਖ਼ਸ਼ਿਸ਼ ਕੀਤੇ ਸਿਧਾਂਤ ਅਨੁਸਾਰ ਹਮੇਸ਼ਾਂ ਸਰਬੱਤ ਦਾ ਭਲਾ ਮੰਗਦਾ ਹੈ, ਪ੍ਰੰਤੂ ਦੁੱਖ ਦੀ ਗੱਲ ਹੈ ਕਿ ਸਿੱਖਾਂ ਨੂੰ ਹਮੇਸ਼ਾ ਵਿਤਕਰੇ ਭਰੇ ਨਜ਼ੱਰੀਏ ਨਾਲ ਦੇਖਿਆ ਜਾਂਦਾ ਹੈ। ਉਨ੍ਹਾਂ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਸਜ਼ਾ ਤਬਦੀਲੀ ਅਤੇ ਭਾਈ ਜਗਤਾਰ ਸਿੰਘ ਹਵਾਰਾ ਸਮੇਤ ਹੋਰ ਬੰਦੀ ਸਿੰਘਾਂ ਦੀ ਰਿਹਾਈ ਦੇ ਮਾਮਲੇ ਵਿਚ ਸਰਕਾਰ ਵੱਲੋਂ ਕੀਤੇ ਜਾ ਰਹੀ ਵਿਤਕਰੇਬਾਜ਼ੀ



ਦਾ ਜ਼ਿਕਰ ਕਰਦਿਆਂ ਕਿਹਾ ਕਿ ਮਾਨਯੋਗ ਸੁਪਰੀਮ ਕੋਰਟ ਵੱਲੋਂ ਬਾਰ-ਬਾਰ ਭਾਈ ਬਲਵੰਤ ਸਿੰਘ ਰਾਜੋਆਣਾ ਸਬੰਧੀ ਫੈਸਲਾ ਲੈਣ ਲਈ ਸਰਕਾਰ ਨੂੰ ਕਹਿਣ ਬਾਅਦ ਵੀ ਸਰਕਾਰ ਵੱਲੋਂ ਕਾਰਵਾਈ ਨਾ ਕਰਨੀ ਵੱਡੇ ਸਵਾਲ ਪੈਦਾ ਕਰਦੀ ਹੈ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਗੁਰੂ ਸਾਹਿਬਾਨ ਨੇ ਨਿਆਰੀ ਸਿੱਖ ਕੌਮ ਦੇ ਵੱਖਰੇ ਸੱਭਿਆਚਾਰ ਨੂੰ ਵਿਕਸਤ ਕਰਨ ਲਈ ਨਗਰ ਵਸਾਏ ਸਨ। ਉਨ੍ਹਾਂ ਕਿਹਾ ਕਿ ਅੱਜ ਸਿੱਖ ਸੱਭਿਆਚਾਰ ਅਤੇ ਪੰਜਾਬ ਦੀ ਵੱਸੋਂ ਦੇ ਅਨੁਪਾਤ ਨੂੰ ਇਕ ਗਿਣੀ-ਮਿਥੀ ਸਾਜ਼ਿਸ਼ ਤਹਿਤ ਇਕ ਬਸਤੀ ਵਾਂਗ ਵਿਗਾੜਿਆ ਜਾ ਰਿਹਾ ਹੈ। ਉਨ੍ਹਾਂ ਸ੍ਰੀ ਕੀਰਤਪੁਰ ਸਾਹਿਬ ਦੀ ਸ਼ਤਾਬਦੀ ਮਨਾਉਂਦਿਆਂ ਅਜੋਕੀਆਂ ਕੌਮੀ ਚੁਣੌਤੀਆਂ ਨੂੰ ਸਮਝਣ ਅਤੇ ਇਨ੍ਹਾਂ ਦਾ ਮੁਕਾਬਲਾ ਕਰਨ ਲਈ ਤਿਆਰ ਹੋਣ ਦਾ ਸੱਦਾ ਦਿੱਤਾ। ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਬੇਅਦਬੀਆਂ ਸਬੰਧੀ ਨਵੇਂ ਬਣੇ ਕਾਨੂੰਨ ਬਾਰੇ ਗੱਲ ਕਰਦਿਆਂ ਕਿਹਾ ਕਿ ਇਸ ਦੀਆਂ ਕੁਝ ਮਦਾਂ ਸੰਗਤਾਂ ਅੰਦਰ ਭਰਮ ਪੈਦਾ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਹਰ ਸਿੱਖ ਬੇਅਦਬੀ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਾ ਮੁਦੱਈ ਹੈ, ਪਰੰਤੂ ਇਸ ਕਾਨੂੰਨ ਵਿਚ ਇੰਜ ਲਗਦਾ ਹੈ ਜਿਵੇਂ ਸੇਵਾ ਕਰ ਰਹੇ ਵਿਅਕਤੀਆਂ ਨੂੰ ਦੋਸ਼ੀ ਵਜੋਂ ਪੇਸ਼ ਕੀਤਾ ਜਾ ਰਿਹਾ ਹੋਵੇ। ਉਨ੍ਹਾਂ ਸਰਕਾਰ ਨੂੰ ਕਾਨੂੰਨ ਸਬੰਧੀ ਸਪੱਸ਼ਟ ਕਰਨ ਲਈ ਵੀ ਆਖਿਆ।

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਸ੍ਰੀ ਕੀਰਤਪੁਰ ਸਾਹਿਬ ਦੀ ਸਥਾਪਨਾ ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਸਥਾਪਤ ਕੀਤੇ ਸ੍ਰੀ ਕਰਤਾਰਪੁਰ ਸਾਹਿਬ ਫਲਸਫੇ ਦਾ ਹੀ ਹਿੱਸਾ ਸੀ, ਜਿਸ ਦਾ ਉਦੇਸ਼ ਬਰਾਬਰੀ, ਸੱਚ, ਧਰਮ ਤੇ ਇਨਸਾਫ਼ ਵਾਲਾ ਆਦਰਸ਼ਕ ਸਮਾਜ ਸਿਰਜਣਾ ਸੀ। ਇਸ ਤੋਂ ਪਹਿਲਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਅਤੇ ਪੰਥ ਪ੍ਰਸਿੱਧ ਕਥਾਵਾਚਕ ਭਾਈ ਜਸਵੰਤ ਸਿੰਘ ਪਰਵਾਨਾ ਨੇ ਗੁਰ-ਇਤਿਹਾਸ ਤੇ ਗੁਰਮਤਿ ਦੇ ਵਿਚਾਰਾਂ ਦੀ ਸਾਂਝ ਪਾਈ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸ਼ੌਕੀਨ ਸਿੰਘ ਤੇ ਭਾਈ ਦਵਿੰਦਰ ਸਿੰਘ ਸੁਹਾਣਾ ਵਾਲਿਆਂ ਦੇ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ। ਸਮਾਗਮ ਦੌਰਾਨ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁੱਖੀ ਬਾਬਾ ਬਲਬੀਰ ਸਿੰਘ 96ਵੇਂ ਕਰੋੜੀ, ਤਰਨਾ ਦਲ ਹਰੀਆਂ ਵੇਲਾਂ ਦੇ ਮੁਖੀ ਬਾਬਾ ਨਿਹਾਲ ਸਿੰਘ, ਦਲ ਬਾਬਾ ਬਿਧੀਚੰਦ ਸੰਪ੍ਰਦਾ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ, ਪਦਮਸ੍ਰੀ ਬਾਬਾ ਸੇਵਾ ਸਿੰਘ ਖਡੂਰ ਸਾਹਿਬ, ਬਾਬਾ ਜਗਜੀਤ ਸਿੰਘ ਖਰਖੋਵਾਲ, ਬਾਬਾ ਜੀਤ ਸਿੰਘ ਜੌਲਾਂ, ਬਾਬਾ ਤੇਜਾ ਸਿੰਘ ਖੁੱਡੇ ਕਰਾਲੇ ਵਾਲੇ, ਬਾਬਾ ਅਮੀਰ ਸਿੰਘ ਜਵੱਦੀ ਟਕਸਾਲ, ਬਾਬਾ ਪ੍ਰੀਤਮ ਸਿੰਘ ਡੁਮੇਲੀ ਵਾਲੇ, ਬਾਬਾ ਮੇਜਰ ਸਿੰਘ ਸੋਢੀ ਨੇ ਵੀ ਸੰਬੋਧਨ ਕਰਦਿਆਂ ਸ੍ਰੀ ਕੀਰਤਪੁਰ ਸਾਹਿਬ ਦੇ 400 ਸਾਲਾ ਸਥਾਪਨਾ ਸ਼ਤਾਬਦੀ ਦੀ ਵਧਾਈ ਦਿੱਤੀ। ਇਸ ਤੋਂ ਪਹਿਲਾਂ ਗੁਰਦੁਆਰਾ ਸ੍ਰੀ ਸ਼ੀਸ਼ ਮਹਿਲ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਏ ਗਏ। ਇਸੇ ਦੌਰਾਨ ਨਿਹੰਗ ਸਿੰਘ ਦਲਾਂ ਵੱਲੋਂ ਬਾਬਾ ਬਿਧੀਚੰਦ ਸੰਪ੍ਰਦਾ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ ਦੀ ਅਗਵਾਈ 'ਚ ਰਵਾਇਤੀ ਮਹੱਲਾ ਵੀ ਕੱਢਿਆ ਗਿਆ। ਸ਼੍ਰੋਮਣੀ ਕਮੇਟੀ ਵੱਲੋਂ ਚਿੱਤਰ ਪ੍ਰਦਰਸ਼ਨੀ ਤੇ ਪੁਸਤਕ ਪ੍ਰਦਰਸ਼ਨੀ ਵੀ ਸੰਗਤਾਂ ਲਈ ਖਿੱਚ ਦਾ ਕੇਂਦਰ ਬਣੀ। ਇਸ ਮੌਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ, ਤਰਨਾ ਦਲ ਬਾਬਾ ਬਕਾਲਾ ਦੇ ਮੁਖੀ ਬਾਬਾ ਜੋਗਾ ਸਿੰਘ, ਬਾਬਾ ਗੁਰਦੇਵ ਸਿੰਘ ਸ਼ਹੀਦੀ ਬਾਗ, ਬਾਬਾ ਸੁਖਵਿੰਦਰ ਸਿੰਘ ਭੂਰੀਵਾਲੇ, ਬਾਬਾ ਸਤਨਾਮ ਸਿੰਘ ਕਿਲ੍ਹਾ ਅਨੰਦਗੜ੍ਹ ਸਾਹਿਬ, ਬਾਬਾ ਜਰਨੈਲ ਸਿੰਘ, ਬਾਬਾ ਅਵਤਾਰ ਸਿੰਘ ਧੱਤਲ, ਬਾਬਾ ਨਿਹਾਲ ਸਿੰਘ ਦਲ ਬਾਬਾ ਬਿਧੀਚੰਦ, ਬਾਬਾ ਜਰਨੈਲ ਸਿੰਘ, ਸਾਬਕਾ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ ਏ ਮਸਕੀਨ, ਅੰਤ੍ਰਿੰਗ ਕਮੇਟੀ ਮੈਂਬਰ ਦਲਜੀਤ ਸਿੰਘ ਭਿੰਡਰ, ਬੀਬੀ ਹਰਜਿੰਦਰ ਕੌਰ, ਮੰਗਵਿੰਦਰ ਸਿੰਘ ਖਾਪੜਖੇੜੀ, ਜੰਗ ਬਹਾਦਰ ਸਿੰਘ, ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਭਾਈ ਅਮਰਜੀਤ ਸਿੰਘ ਚਾਵਲਾ, ਗੁਰਮੀਤ ਸਿੰਘ ਬੂਹ, ਪਰਮਜੀਤ ਸਿੰਘ ਲੱਖੇਵਾਲ, ਭਾਈ ਗੁਰਬਖ਼ਸ਼ ਸਿੰਘ ਖਾਲਸਾ, ਬਾਵਾ ਸਿੰਘ ਗੁਮਾਨਪੁਰਾ, ਭਾਈ ਅਜੈਬ ਸਿੰਘ ਅਭਿਆਸੀ, ਹਰਪਾਲ ਸਿੰਘ ਜੱਲਾ, ਰਘਬੀਰ ਸਿੰਘ ਸਹਾਰਨਮਾਜਰਾ, ਜਸਮੇਲ ਸਿੰਘ ਲਾਛੜੂ, ਸੁਖਵਰਸ ਸਿੰਘ ਪੰਨੂ, ਰਾਮ ਸਿੰਘ ਮੁੰਬਈ, ਜਥੇਦਾਰ ਮੋਹਨ ਸਿੰਘ ਢਾਏ, ਸ਼੍ਰੋਮਣੀ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਗੁਰਿੰਦਰ ਸਿੰਘ ਮਥਰੇਵਾਲ, ਮੀਤ ਸਕੱਤਰ ਗੁਰਦਿਆਲ ਸਿੰਘ, ਗੁਰਨਾਮ ਸਿੰਘ, ਸੁਖਬੀਰ ਸਿੰਘ, ਸਤਨਾਮ ਸਿੰਘ ਰਿਆੜ, ਬਾਬਾ ਨਾਹਰ ਸਿੰਘ ਸਾਧ ਜੀ, ਬਾਬਾ ਨਾਗਰ ਸਿੰਘ ਹਰੀਆਂ ਵੇਲਾਂ, ਬਾਬਾ ਬਲਦੇਵ ਸਿੰਘ ਵੱਲ੍ਹਾ, ਬਾਬਾ ਬਲਦੇਵ ਸਿੰਘ ਮਸਤਾਪੁਰ, ਬਾਬਾ ਸਤਨਾਮ ਸਿੰਘ ਖਾਪੜਖੇੜੀ, ਬਾਬਾ ਜਸਪਾਲ ਸਿੰਘ ਮੁਕਤਸਰ ਸਾਹਿਬ, ਸੁਆਮੀ ਸਤਪ੍ਰੀਤ ਹਰੀ, ਬਾਬਾ ਗੁਰਪ੍ਰੀਤ ਸਿੰਘ ਮਿਸਲ ਸ਼ਹੀਦਾਂ, ਸਵਾਮੀ ਜੀ ਹੁਸਿਆਰਪੁਰ ਵਾਲੇ, ਬਾਬਾ ਹਰਜਿੰਦਰ ਸਿੰਘ ਚਾਹਵਾਲੇ, ਦਰਬਾਰਾ ਸਿੰਘ ਬਾਲਾ ਜਿਲ੍ਹਾ ਪ੍ਰਧਾਨ, ਬਾਬਾ ਦਿਲਬਾਗ ਸਿੰਘ, ਬਾਬਾ ਸਰੂਪ ਸਿੰਘ ਡੂਮੇਵਾਲ, ਬਾਬਾ ਅਨਹਦਰਾਜ ਸਿੰਘ, ਬਾਬਾ ਤੀਰਥ ਸਿੰਘ, ਭਾਈ ਕੁਲਵਿੰਦਰ ਸਿੰਘ, ਬਾਬਾ ਸੁੱਖਾ ਸਿੰਘ, ਬਾਬਾ ਸਤਪਾਲ ਸਿੰਘ ਮੁਲਤਾਨੀ, ਬਾਬਾ ਅਵਤਾਰ ਸਿੰਘ ਟਿੱਬੀ ਵਾਲੇ, ਬਾਬਾ ਮਹਾਂਬੀਰ ਸਿੰਘ ਰਾਜੇਵਾਲ, ਬਾਬਾ ਕਰਮਬੀਰ ਸਿੰਘ ਬਾਬਾ ਬਲਬੀਰ ਸਿੰਘ ਟਿੱਬਾ ਸਾਹਿਬ, ਬਾਬਾ ਪ੍ਰੀਤਮ ਸਿੰਘ ਡੂਮੇਲੀ ਵਾਲੇ, ਬਾਬਾ ਜਗਜੀਤ ਸਿੰਘ ਮੜੀਆਂਵਾਲਾ ਦਲ ਵਲੋਂ ਬਾਬਾ ਸਾਬ ਸਿੰਘ, ਬਾਬਾ ਹਰਭਜਨ ਸਿੰਘ ਬਾਬਾ ਸਰਵਨ ਸਿੰਘ, ਬਾਬਾ ਹਰਮਨ ਸਿੰਘ, ਬਾਬਾ ਸੁਖਦੇਵ ਸਿੰਘ ਜੱਬੜ ਵਾਲੇ, ਬਾਬਾ ਸੁਖਜੀਤ ਸਿੰਘ ਘਨੱਈਆ, ਪ੍ਰੋ. ਨਿਰਮਲ ਸਿੰਘ, ਬਾਬਾ ਪ੍ਰਗਟ ਸਿੰਘ ਮਜੀਠਾ ਰੋਡ, ਪ੍ਰਿੰਸੀਪਲ ਜਸਬੀਰ ਸਿੰਘ, ਇੰਚਾਰਜ ਕਾਰਜ ਸਿੰਘ, ਰਾਜਵਿੰਦਰ ਸਿੰਘ ਜੋਗਾ, ਚੀਫ ਜਗਦੀਸ਼ ਸਿੰਘ ਬੁੱਟਰ, ਭਗਵਾਨ ਸਿੰਘ ਜੌਹਲ, ਬਾਬਾ ਸਿੰਗਾਰਾ ਸਿੰਘ ਬਿਲ੍ਹਪੁਰ, ਬਲਦੇਵ ਸਿੰਘ ਮੱਤਾਪੁਰ, ਹਰਭਜਨ ਸਿੰਘ ਪਾਉਂਟਾ ਸਾਹਿਬ, ਬਾਬਾ ਹਰਚਰਨ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੁਖ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ, ਮੈਨੇਜਰ ਮਲਕੀਤ ਸਿੰਘ, ਵਧੀਕ ਮੈਨੇਜਰ ਹਰਦੇਵ ਸਿੰਘ, ਸਿੱਖ ਚਿੰਤਕ ਤਲਵਿੰਦਰ ਸਿੰਘ ਬੁੱਟਰ, ਹੈੱਡ ਪ੍ਰਚਾਰਕ ਭਾਈ ਸਰਬਜੀਤ ਸਿੰਘ ਢੋਟੀਆਂ, ਭਾਈ ਪਰਮਜੀਤ ਸਿੰਘ ਪ੍ਰਧਾਨ, ਬਾਬਾ ਮਹਿੰਦਰ ਸਿੰਘ ਜਨੇਰ ਵਾਲਿਆਂ ਵੱਲੋਂ ਸਿੰਘ ਅਤੇ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।

# ਅੰਤਰਰਾਸ਼ਟਰੀ ਮਜ਼ਦੂਰ ਦਿਵਸ ਮੌਕੇ ਸੌਂਦ ਨੇ ਘੱਟੋ-ਘੱਟ ਉਜਰਤਾਂ ਦੇ ਬੇਸਿਕ ਰੇਟ ਵਧਾਉਣ ਸਬੰਧੀ ਮਤਾ ਪੰਜਾਬ ਵਿਧਾਨ ਸਭਾ ਵਿੱਚ ਕੀਤਾ ਪੇਸ਼

ਚੰਡੀਗੜ੍ਹ, 1 ਮਈ (ਚ.ਨ.ਸ.): ਕੌਮਾਂਤਰੀ ਮਜ਼ਦੂਰ ਦਿਵਸ ਦੇ ਮੌਕੇ ਕਿਰਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਪੰਜਾਬ ਵਿਧਾਨ ਸਭਾ ਵਿੱਚ ਸੂਬੇ ਭਰ ਦੇ ਮਜ਼ਦੂਰਾਂ ਲਈ ਘੱਟੋ-ਘੱਟ ਉਜਰਤਾਂ ਦੀਆਂ ਦਰਾਂ ਨੂੰ ਸੋਧਣ ਅਤੇ ਵਧਾਉਣ ਸਬੰਧੀ ਇੱਕ ਅਹਿਮ ਮਤਾ ਪੇਸ਼ ਕੀਤਾ। ਇਹ ਮਤਾ 'ਕਿਰਤੀ ਦਿਵਸ' (ਮਜ਼ਦੂਰ ਦਿਵਸ) ਮੌਕੇ ਸੱਦੇ ਗਏ ਵਿਧਾਨ ਸਭਾ ਦੇ ਇੱਕ ਵਿਸ਼ੇਸ਼ ਅਤੇ ਇਤਿਹਾਸਕ ਇਜਲਾਸ ਦੌਰਾਨ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਮੰਤਰੀ ਨੇ ਕਿਰਤੀਆਂ ਲਈ ਘੱਟੋ-ਘੱਟ ਉਜਰਤਾਂ ਦੇ ਬੇਸਿਕ ਰੇਟਾਂ ਵਿੱਚ 15 ਫੀਸਦੀ ਵਾਧਾ ਕਰਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਵੀ ਕੀਤਾ। ਮਤਾ ਪੇਸ਼ ਕਰਦਿਆਂ ਕਿਰਤ ਮੰਤਰੀ ਨੇ ਦੱਸਿਆ ਕਿ ਦੇਸ਼, ਸਮਾਜ ਤੇ ਅਰਥਵਿਵਸਥਾ ਦੀ ਰੀੜ੍ਹ ਮੰਨੇ ਜਾਂਦੇ ਮਜ਼ਦੂਰਾਂ ਦੇ ਵਡਮੁੱਲੇ ਯੋਗਦਾਨ ਨੂੰ ਸ਼ਰਧਾਂਜਲੀ ਦੇਣ ਲਈ ਲਗਭਗ 69 ਸਾਲਾਂ ਬਾਅਦ 1 ਮਈ ਨੂੰ ਅਜਿਹਾ ਇਤਿਹਾਸਕ ਇਜਲਾਸ ਸੱਦਿਆ ਗਿਆ ਹੈ। ਉਹਨਾਂ ਜ਼ੋਰ ਦਿੰਦਿਆਂ ਕਿਹਾ ਕਿ ਹਰ ਵਿਕਾਸ ਪ੍ਰਾਜੈਕਟ ਤੇ ਤਰੱਕੀ ਦਾ ਹਰ ਮੀਲ ਪੱਥਰ ਕਿਰਤੀਆਂ ਦੇ ਅਣਥੱਕ ਯਤਨਾਂ, ਸਮਰਪਣ ਤੇ ਸਿਰੜ ਕਰਕੇ ਹੀ ਸੰਭਵ ਹੁੰਦਾ ਹੈ। ਮਈ ਦਿਵਸ ਦੀ ਇਤਿਹਾਸਕ ਮਹੱਤਤਾ ਦਾ ਜ਼ਿਕਰ ਕਰਦਿਆਂ ਸੌਂਦ ਨੇ ਕਿਹਾ ਕਿ ਇਹ ਦਿਨ 1886 ਵਿੱਚ ਸ਼ਿਕਾਗੋ ਦੇ ਹੇਅਮਾਰਕਿਟ ਸਕੁਏਅਰ ਵਿਖੇ ਇਤਿਹਾਸਕ ਅੰਦੋਲਨ ਦੌਰਾਨ ਮਜ਼ਦੂਰਾਂ ਵੱਲੋਂ ਕੀਤੀਆਂ ਕੁਰਬਾਨੀਆਂ ਦੀ ਯਾਦ ਦਿਵਾਉਂਦਾ ਹੈ।



ਜ਼ਿਕਰਯੋਗ ਹੈ ਕਿ ਮਜ਼ਦੂਰਾਂ ਦੀ ਅੱਠ ਘੰਟੇ ਕੰਮ ਕਰਨ ਦੀ ਮੰਗ ਵੀ ਇਸੇ ਅੰਦੋਲਨ ਦੇ ਸਿੱਟੇ ਵਜੋਂ ਉੱਠੀ ਸੀ।

ਮੰਤਰੀ ਨੇ ਪੰਜਾਬ ਦੇ ਅਮੀਰ ਸੱਭਿਆਚਾਰ ਤੇ ਸ਼ਾਨਾਮੱਤੀ ਅਧਿਆਤਮਿਕ ਵਿਰਾਸਤ ਦਾ ਹਵਾਲਾ ਦਿੰਦਿਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 'ਕਿਰਤ ਕਰੋ, ਨਾਮ ਜਪੋ, ਤੇ ਵੰਡ ਛਕੋ' ਦੇ ਸਿਧਾਂਤਾਂ ਨੂੰ ਯਾਦ ਕੀਤਾ, ਜੋ ਨਾਲ ਸਿਰਫ਼ ਅਜੋਕੇ ਦੌਰ ਵਿੱਚ ਪ੍ਰਸੰਗਿਕ ਹਨ ਸਗੋਂ ਕਿਰਤ ਦੀ ਸ਼ਾਨ ਤੇ ਮਹੱਤਤਾ 'ਤੇ ਵੀ ਅਧਾਰਤ ਹਨ। ਮੌਜੂਦਾ ਉਜਰਤ ਢਾਂਚੇ ਵੱਲ ਧਿਆਨ ਦਿਵਾਉਂਦਿਆਂ ਮੰਤਰੀ ਨੇ ਸਦਨ ਨੂੰ ਦੱਸਿਆ ਕਿ ਪੰਜਾਬ ਵਿੱਚ ਘੱਟੋ-ਘੱਟ ਉਜਰਤਾਂ ਦੇ ਬੇਸਿਕ ਰੇਟ ਆਖਰੀ ਵਾਰ 2012 ਵਿੱਚ ਸੋਧੇ ਗਏ ਸਨ ਤੇ ਹੁਣ ਸਾਡੇ ਦੂਰਦਰਸ਼ੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮਜ਼ਦੂਰਾਂ ਨੂੰ ਇਹ ਅਤਿ-ਲੋੜੀਂਦੀ ਰਾਹਤ ਪ੍ਰਦਾਨ ਕਰਨ ਦਾ ਫੈਸਲਾ ਕੀਤਾ ਹੈ। ਸਮੇਂ ਸਿਰ ਸੋਧ ਦੀ ਲੋੜ ਨੂੰ ਪਛਾਣਦਿਆਂ ਸਦਨ ਨੇ ਜ਼ੋਰਦਾਰ ਸਿਫਾਰਸ਼ ਕੀਤੀ ਕਿ ਸਰਕਾਰ ਘੱਟੋ-ਘੱਟ ਉਜਰਤਾਂ ਨੂੰ ਵਧਾਉਣ ਲਈ ਇੱਕ ਫੈਸਲਾਕੁੰਨ ਕਦਮ ਚੁੱਕੇ।

ਮਤਾ, ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਕਾਮਿਆਂ ਨੂੰ ਸੂਬੇ ਦੇ ਵਿਕਾਸ ਅਤੇ ਖੁਸ਼ਹਾਲੀ ਵਿੱਚ ਉਹਨਾਂ ਵੱਲੋਂ ਪਾਏ ਅਥਾਹ ਯੋਗਦਾਨ ਲਈ ਢੁਕਵੀਂ ਮਾਨਤਾ, ਬਣਦਾ ਮੁਆਵਜ਼ਾ ਅਤੇ ਮਾਣ-ਸਨਮਾਨ ਦਿੱਤਾ ਜਾਵੇ। ਸਰਬਸੰਮਤੀ ਨਾਲ ਮਤੇ ਦਾ ਪਾਸ ਹੋਣਾ ਪੰਜਾਬ ਭਰ ਦੇ ਮਜ਼ਦੂਰਾਂ ਦੀ ਭਲਾਈ ਤੇ ਉੱਨਤੀ ਲਈ ਸਦਨ ਦੀ ਸਮੂਹਿਕ ਵਚਨਬੱਧਤਾ ਦਾ ਪ੍ਰਤੱਖ ਪ੍ਰਮਾਣ ਹੈ। ਕਿਰਤ ਮੰਤਰੀ ਨੇ ਇਨਕਲਾਬੀ ਪੰਜਾਬੀ ਕਵੀ ਸੰਤ ਰਾਮ ਉਦਾਸੀ ਦਾ ਇੱਕ ਭਾਵੁਕ ਨਜ਼ਮ ਵੀ ਸੁਣਾਈ। ਇਸ ਮਤੇ 'ਤੇ ਕੈਬਨਿਟ ਮੰਤਰੀਆਂ ਐਡਵੋਕੇਟ ਹਰਪਾਲ ਸਿੰਘ ਚੀਮਾ, ਲਾਲ ਚੰਦ ਕਟਾਰੂਚੱਕ, ਵਿਧਾਇਕ ਪ੍ਰਿੰਸੀਪਲ ਬੁੱਧ ਰਾਮ, ਲਾਭ ਸਿੰਘ ਉਗੋਕੇ, ਸਰਵਜੀਤ ਕੌਰ ਮਾਣੂਕੇ ਸਮੇਤ ਹੋਰ ਮੈਂਬਰਾਂ ਨੇ ਵਿਚਾਰ-ਵਟਾਂਦਰੇ ਵਿੱਚ ਸ਼ਿਰਕਤ ਕੀਤੀ।

# ਸੰਤ ਬਾਬਾ ਇਕਬਾਲ ਸਿੰਘ ਜੀ ਦੇ 100 ਸਾਲਾ ਜਨਮ ਦਿਹਾੜੇ ਨੂੰ ਸਮਰਪਿਤ ਚਾਰ-ਰੋਜ਼ਾ ਗੁਰਮਤਿ ਸਮਾਗਮ ਗੁ. ਬੜੂ ਸਾਹਿਬ ਵਿਖੇ ਕਰਵਾਇਆ

ਬੜੂ ਸਾਹਿਬ, 1 ਮਈ (ਅੰਮ੍ਰਿਤਪਾਲ ਸਿੰਘ): 20ਵੀਂ ਸਦੀ ਦੇ ਮਹਾਨ ਤਪੱਸਵੀ, ਰਾਜਯੋਗੀ, ਪੂਰਨ ਬ੍ਰਹਮਗਿਆਨੀ ਸੰਤ




ਬਾਬਾ ਅਤਰ ਸਿੰਘ ਜੀ ਮਸਤੂਆਣਾ ਸਾਹਿਬ ਵਾਲਿਆਂ ਅਤੇ ਸੰਤ ਤੇਜਾ ਸਿੰਘ ਜੀ, ਐੱਮ.ਏ., ਐੱਲ.ਐੱਲ.ਬੀ. (ਪੰਜਾਬ), ਏ.ਐੱਮ. (ਹਾਰਵਰਡ) ਦੇ ਅਨਿੰਨ ਸੇਵਕ, ਕਲਗੀਧਰ ਟ੍ਰਸਟ ਬੜੂ ਸਾਹਿਬ ਦੇ ਸਾਬਕਾ ਪ੍ਰਧਾਨ ਤੇ ਪਦਮ ਸ਼੍ਰੀ, ਵਿੱਦਿਆ ਮਾਰਤੰਡ, ਸ਼੍ਰੋਮਣੀ ਪੰਥ ਰਤਨ ਸੰਤ ਬਾਬਾ ਇਕਬਾਲ ਸਿੰਘ ਜੀ ਦੀ ਪਵਿੱਤਰ ਯਾਦ ਨੂੰ ਸਮਰਪਿਤ ਚਾਰ ਰੋਜ਼ਾ ਸਾਲਾਨਾ ਗੁਰਮਤਿ ਸਮਾਗਮ 28 ਅਪ੍ਰੈਲ ਤੋਂ 1 ਮਈ 2026 ਤੱਕ ਤਪੋ-ਭੂਮੀ ਗੁਰਦੁਆਰਾ ਬੜੂ ਸਾਹਿਬ ਵਿਖੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਸਮਾਗਮ ਦੀ ਸ਼ੁਰੂਆਤ 28 ਅਪ੍ਰੈਲ ਨੂੰ 121 ਸ੍ਰੀ ਅਖੰਡ ਪਾਠ ਸਾਹਿਬਾਂ ਦੀ ਆਰੰਭਤਾ ਨਾਲ ਹੋਈ, ਜਿਨ੍ਹਾਂ ਦੇ ਭੋਗ ਮੁੱਖ ਦਰਬਾਰ ਸਾਹਿਬ ਵਿੱਚ 30 ਅਪ੍ਰੈਲ ਨੂੰ ਪਾਏ ਅਤੇ 584 ਸਹਿਜ ਪਾਠਾਂ ਦੇ ਭੋਗ ਵੀ ਪਾਏ ਗਏ। ਉਪਰੰਤ ਧਾਰਮਿਕ ਦੀਵਾਨ ਦੁਪਹਿਰ 4 ਵਜੇ ਤੋਂ ਰਾਤ 9 ਵਜੇ ਤੱਕ ਸਜਾਇਆ ਗਿਆ। 1 ਮਈ ਨੂੰ ਧਾਰਮਿਕ ਦੀਵਾਨਾਂ ਵਿੱਚ ਪੰਥ ਪ੍ਰਸਿੱਧ ਕਥਾ ਵਾਚਕਾਂ ਤੇ ਕੀਰਤਨੀ ਜਥਿਆਂ ਵਿੱਚ ਭਾਈ ਕੰਵਲਦੀਪ ਸਿੰਘ ਜੀ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ), ਸੰਤ ਬਾਬਾ ਹਰਨੇਕ ਸਿੰਘ ਜੀ ਲੰਗਰਾਂ ਵਾਲਿਆਂ ਦਾ ਜੱਥਾ, ਗਿਆਨੀ ਗਗਨਦੀਪ ਸਿੰਘ ਜੀ ਕਥਾਵਾਚਕ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ, ਸੰਤ ਬਾਬਾ ਜਸਵਿੰਦਰ ਸਿੰਘ ਜੀ ਹਰੇੜੀ ਵਾਲੇ, ਸੰਤ ਬਾਬਾ ਜਗਤਾਰ ਸਿੰਘ ਜੀ ਕਾਹਨਗੜ੍ਹ ਵਾਲੇ, ਅਨਾਹਦ ਬਾਣੀ ਤੰਤੀ ਸਾਜ ਜਥਾ ਅਤੇ ਅਕਾਲ ਅਕੈਡਮੀ ਦੇ ਵਿਦਿਆਰਥੀਆਂ ਨੇ ਸ਼ਬਦ ਕੀਰਤਨ ਦੀ ਹਾਜ਼ਰੀ ਭਰੀ। ਇਸ ਸਮਾਗਮ 'ਚ ਪੰਥ ਦੀਆਂ ਅਨੇਕਾਂ ਹੋਰ ਵੱਖ-ਵੱਖ ਸਿੱਖ ਸੰਸਥਾਵਾਂ ਦੇ ਪ੍ਰਤਿਨਿਧੀਆਂ ਨੇ ਵੀ ਹਾਜ਼ਰੀ ਭਰੀ। ਇਸ ਸਮਾਗਮ ਦੌਰਾਨ ਸੰਤ ਬਾਬਾ ਇਕਬਾਲ ਸਿੰਘ ਜੀ ਦੇ ਬਚਨਾਂ ਨੂੰ ਯਾਦ ਕੀਤਾ ਗਿਆ ਕਿ ਉਨ੍ਹਾਂ ਦਾ ਸੰਕਲਪ ਸੀ ਕਿ ਬੱਚਿਆਂ ਨੂੰ ਗੁਰਸਿੱਖੀ ਨਾਲ ਜੋੜ ਕੇ ਉਨ੍ਹਾਂ ਨੂੰ ਦੁਨਿਆਵੀ ਵਿੱਦਿਆ ਦੇ ਨਾਲ ਗੁਰਮਤਿ ਅਧਾਰਤ ਜੀਵਨ ਵੀ ਦਿੱਤਾ ਜਾਵੇ। ਅੱਜ ਪੰਜਾਬ ਨੂੰ ਐਸੇ ਗੁਰਸਿੱਖ ਆਗੂਆਂ ਅਤੇ ਅਫਸਰਾਂ ਦੀ ਬਹੁਤ ਲੋੜ ਹੈ। ਕਲਗੀਧਰ ਟ੍ਰਸਟ ਇਸ ਵਿੱਚ ਮਹੱਤਵਪੂਰਣ ਯੋਗਦਾਨ ਪਾ ਰਿਹਾ ਹੈ। ਕਲਗੀਧਰ ਟ੍ਰਸਟ ਦੇ ਪ੍ਰਧਾਨ ਡਾ. ਦਵਿੰਦਰ ਸਿੰਘ ਜੀ ਅਤੇ ਉੱਪ-ਪ੍ਰਧਾਨ ਭਾਈ ਜਗਜੀਤ ਸਿੰਘ ਜੀ ਨੇ ਸਭ ਸੰਗਤਾਂ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਸੰਤ ਬਾਬਾ ਇਕਬਾਲ ਸਿੰਘ ਜੀ ਦੇ ਸੰਸਕਾਰਾਂ ਤੇ ਸੰਕਲਪਾਂ ਨੂੰ ਅੱਗੇ ਵਧਾਉਣ ਲਈ ਟ੍ਰਸਟ ਪੂਰੇ ਉਤਸ਼ਾਹ ਨਾਲ ਜੁਟਿਆ ਹੋਇਆ ਹੈ। ਅੰਤ ਵਿੱਚ ਸਮੂਹ ਸੰਗਤ ਵੱਲੋਂ ਸੰਤ ਬਾਬਾ ਇਕਬਾਲ ਸਿੰਘ ਜੀ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਉਨ੍ਹਾਂ ਦੇ ਮਿਸ਼ਨ ਤੇ ਅਦੁੱਤੀ ਸੇਵਾ ਨੂੰ ਯਾਦ ਕੀਤਾ ਗਿਆ।

# ਭਗਵੰਤ ਸਿੰਘ ਮਾਨ ਦੀ ਅਗਵਾਈ 'ਚ ਪੰਜਾਬ ਵਜ਼ਾਰਤ ਵੱਲੋਂ ਡਾਇਰੈਕਟੋਰੇਟ ਆਫ ਫੋਰੈਂਸਿਕ ਸਾਇੰਸ ਸਰਵਿਸਿਜ਼ ਦੀ ਸਥਾਪਨਾ ਨੂੰ ਹਰੀ ਝੰਡੀ

ਚੰਡੀਗੜ੍ਹ; 1 ਮਈ (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਮੰਤਰੀ ਮੰਡਲ ਨੇ ਅੱਜ ਜਨਤਕ ਸੁਰੱਖਿਆ ਨੂੰ ਮਜ਼ਬੂਤ ਕਰਨ, ਕਿਸਾਨਾਂ ਦੀ ਆਮਦਨ ਵਧਾਉਣ ਅਤੇ ਰੈਗੂਲੇਟਰੀ ਢਾਂਚੇ ਨੂੰ ਹੋਰ ਬਿਹਤਰ ਬਣਾਉਣ 'ਤੇ ਕੇਂਦਰਿਤ ਕਈ ਮਹੱਤਵਪੂਰਨ ਫੈਸਲੇ ਲਏ ਗਏ, ਜਿਨ੍ਹਾਂ ਵਿੱਚ ਨਵੀਂ ਫੌਰੈਂਸਿਕ ਵਿਗਿਆਨ ਪ੍ਰਣਾਲੀ, ਨਵੀਂ ਫਾਰਮ ਸਟੇਅ ਨੀਤੀ ਤੇ ਸੁਸਾਇਟੀਜ਼ ਰਜਿਸਟ੍ਰੇਸਨ ਕਾਨੂੰਨ ਵਿੱਚ ਸੋਧਾਂ ਨੂੰ ਪ੍ਰਵਾਨਗੀ ਦਿੱਤੀ ਗਈ| ਇਨ੍ਹਾਂ ਫੈਸਲਿਆਂ ਦਾ ਵੇਰਵਾ ਦਿੰਦਿਆਂ ਮੁੱਖ ਮੰਤਰੀ ਦਫਤਰ ਦੇ ਬੁਲਾਰੇ ਨੇ ਦੱਸਿਆ ਕਿ ਸਬੂਤਾਂ ਦੀ ਢੁਕਵੀਂ ਪ੍ਰਕਿਰਿਆ ਅਤੇ ਅਪਰਾਧਾਂ ਦੀ ਤੇਜ਼ੀ ਨਾਲ ਜਾਂਚ ਰਾਹੀਂ ਜਨਤਕ ਸੁਰੱਖਿਆ ਨੂੰ ਯਕੀਨੀ ਬਣਾਉਣ ਦੇ ਉਦੇਸ ਨਾਲ ਲਏ ਗਏ ਮਹੱਤਵਪੂਰਨ ਫੈਸਲੇ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਕੈਬਨਿਟ ਨੇ ਅੱਜ ਡਾਇਰੈਕਟੋਰੇਟ ਆਫ ਫੌਰੈਂਸਿਕ ਸਾਇੰਸ ਸਰਵਿਸਜ਼ ਦੀ ਸਥਾਪਨਾ ਨੂੰ ਪ੍ਰਵਾਨਗੀ ਦਿੱਤੀ ਹੈ| ਇਸ ਸਬੰਧੀ ਫੈਸਲਾ ਮੰਤਰੀ ਪ੍ਰੀਸਦ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਲਿਆ। ਡਾਇਰੈਕਟੋਰੇਟ ਆਫ ਫੌਰੈਂਸਿਕ ਸੇਵਾਵਾਂ (ਡੀ.ਐਫ.ਐਸ.) ਪੰਜਾਬ, ਜਿਸ ਨੂੰ ਪਹਿਲਾਂ ਫੌਰੈਂਸਿਕ ਸਾਇੰਸ ਲੈਬਾਰਟਰੀ, ਪੰਜਾਬ ਵਜੋਂ ਜਾਣਿਆ



ਜਾਂਦਾ ਸੀ, ਗ੍ਰਹਿ ਵਿਭਾਗ ਦੇ ਕੰਟਰੋਲ ਅਧੀਨ ਹੋਵੇਗਾ| ਡੀ.ਐਫ.ਐਸ. ਅਧੀਨ ਕੰਮ ਕਰਨ ਵਾਲੀਆਂ ਖੇਤਰੀ ਟੈਸਟਿੰਗ ਫੌਰੈਂਸਿਕ ਸਾਇੰਸ ਲੈਬਾਰਟਰੀਜ ਨੂੰ ਹੁਣ ਰੀਜਨਲ ਫੌਰੈਂਸਿਕ ਸਾਇੰਸ ਲੈਬਾਰਟਰੀਜ਼ ਵਜੋਂ ਜਾਣਿਆ ਜਾਵੇਗਾ, ਜਦੋਂ ਕਿ ਮੁੱਖ ਰਸਾਇਣ ਜਾਂਚ ਪ੍ਰਯੋਗਸ਼ਾਲਾ, ਖਰੜ ਨੂੰ ਡੀ.ਐਫ.ਐਸ. ਵਿੱਚ ਵਿਸੇਸ ਟੌਕਸੀਕੋਲੋਜੀ ਡਿਵੀਜਨ ਵਜੋਂ ਜੋੜਿਆ ਜਾਵੇਗਾ| ਅੰਮ੍ਰਿਤਸਰ, ਬਠਿੰਡਾ ਅਤੇ ਲੁਧਿਆਣਾ ਵਿੱਚ ਕੰਮ ਕਰ ਰਹੀਆਂ ਖੇਤਰੀ ਵਿਗਿਆਨ ਪ੍ਰਯੋਗਸ਼ਾਲਾਵਾਂ 'ਚ ਡੀ.ਐਨ.ਏ., ਬੈਲਿਸਟਿਕਸ, ਸਾਈਬਰ ਫੌਰੈਂਸਿਕਸ, ਡਾਕੂਮੈਂਟਸ ਤੇ ਫਿਜ਼ਿਕਸ/ਆਡੀਓ ਵੀਡੀਓ ਸਮੇਤ ਨਵੀਆਂ ਤਕਨੀਕੀ ਡਵੀਜ਼ਨਾਂ ਦੀ ਸਿਰਜਣਾ ਰਾਹੀਂ ਫੌਰੈਂਸਿਕ ਸਮਰੱਥਾ ਨੂੰ ਮਜਬੂਤ ਕੀਤਾ ਜਾਵੇਗਾ| ਇਸ ਦੇ ਨਾਲ ਹੀ 28 ਮੋਬਾਈਲ ਫੌਰੈਂਸਿਕ ਯੂਨਿਟ ਸਥਾਪਤ ਕੀਤੇ ਜਾਣਗੇ, ਜਿਸ ਵਿੱਚ ਹਰੇਕ ਪੁਲਿਸ ਜ਼ਿਲ੍ਹੇ ਵਿੱਚ ਇੱਕ ਸਾਇੰਟਿਫਿਕ ਅਫਸਰ (ਕ੍ਰਾਈਮ ਸੀਨ) ਦੀ ਨਿਗਰਾਨੀ ਹੇਠ ਇੱਕ ਮੋਬਾਈਲ ਫੌਰੈਂਸਿਕ ਵੈਨ ਕੰਮ ਕਰੇਗੀ| ਕਿਸਾਨਾਂ ਦੀ ਆਮਦਨ ਵਧਾਉਣ ਅਤੇ ਪੇਂਡੂ ਸੈਰ-ਸਪਾਟੇ ਨੂੰ ਹੁਲਾਰਾ ਦੇਣ ਲਈ ਫਾਰਮ ਸਟੇਅ ਨੀਤੀ-2026 ਨੂੰ ਸਹਿਮਤੀ ਦਿੱਤੀ। ਇੱਕ ਹੋਰ ਅਹਿਮ ਫੈਸਲੇ ਤਹਿਤ ਮੰਤਰੀ ਮੰਡਲ ਨੇ ਕਿਸਾਨਾਂ ਦੀ ਆਮਦਨ ਅਤੇ ਪੇਂਡੂ ਸੈਰ-ਸਪਾਟੇ ਨੂੰ ਵਧਾਉਣ ਲਈ ਫਾਰਮ ਸਟੇਅ ਨੀਤੀ-2026 ਨੂੰ ਸਹਿਮਤੀ ਦੇ ਦਿੱਤੀ ਹੈ| ਇਸ ਨੀਤੀ ਦਾ ਉਦੇਸ਼ ਪੰਜਾਬ ਭਰ ਦੇ ਕਿਸਾਨਾਂ ਲਈ ਆਮਦਨ ਦੇ ਟਿਕਾਊ ਅਤੇ ਨਵੇਂ ਮੌਕੇ ਪੈਦਾ ਕਰਨ ਦੇ ਨਾਲ-ਨਾਲ ਖੇਤੀ-ਅਧਾਰਿਤ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨਾ ਹੈ। ਇਕ ਸਮਰੱਥ ਤੇ ਸਰਲ ਰੈਗੂਲੇਟਰੀ ਢਾਂਚਾ ਪ੍ਰਦਾਨ ਕਰਵਾ ਕੇ ਇਹ ਨੀਤੀ ਪ੍ਰਕਿਰਿਆਤਮਕ ਰੁਕਾਵਟਾਂ ਨੂੰ ਘਟਾਉਂਦੀ ਹੈ, ਕਾਰੋਬਾਰ ਕਰਨ ਵਿੱਚ ਆਸਾਨੀ ਨੂੰ ਉਤਸ਼ਾਹਿਤ ਕਰਦੀ ਹੈ ਅਤੇ ਪੇਂਡੂ ਆਬਾਦੀ ਵਿਸ਼ੇਸ਼ ਕਰਕੇ ਨੌਜਵਾਨਾਂ ਨੂੰ ਖੇਤੀ ਦੇ ਨਾਲ-ਨਾਲ ਸੈਰ-ਸਪਾਟੇ ਨਾਲ ਜੁੜੇ ਉੱਦਮਾਂ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕਰਦੀ ਹੈ| ਇਹ ਨੀਤੀ ਵਾਤਾਵਰਣ-ਅਨੁਕੂਲ ਨਿਰਮਾਣ, ਰਹਿੰਦ-ਖੂੰਹਦ ਪ੍ਰਬੰਧਨ, ਪਾਣੀ ਦੀ ਸੁਚੱਜੀ ਸੰਭਾਲ ਅਤੇ ਜੈਵਿਕ ਤੇ ਕੁਦਰਤੀ ਖੇਤੀ ਅਭਿਆਸਾਂ ਨੂੰ ਉਤਸ਼ਾਹਿਤ ਕਰਕੇ ਸਥਿਰਤਾ 'ਤੇ ਜ਼ੋਰ ਦਿੰਦੀ ਹੈ| ਇਸ ਨੀਤੀ ਦਾ ਉਦੇਸ਼ ਨਾ ਸਿਰਫ਼ ਪੇਂਡੂ ਰੁਜ਼ਗਾਰ ਪੈਦਾ ਕਰਨਾ, ਕਿਸਾਨਾਂ ਦੀ ਆਮਦਨ ਵਧਾਉਣਾ, ਖੇਤੀਬਾੜੀ ਸੰਕਟ ਨੂੰ ਘਟਾਉਣਾ ਅਤੇ ਪਿੰਡ-ਪੱਧਰੀ ਆਰਥਿਕ ਗਤੀਵਿਧੀਆਂ ਪੈਦਾ ਕਰਨਾ ਹੈ, ਸਗੋਂ ਸੈਲਾਨੀਆਂ ਨੂੰ ਪੰਜਾਬ ਦੇ ਪੇਂਡੂ ਇਲਾਕਿਆਂ, ਰਹੁ-ਰੀਤਾਂ ਅਤੇ ਜੀਵਨ ਢੰਗ ਦੇ ਡੂੰਘੇ ਅਨੁਭਵ ਨਾਲ ਰੂਬਰੂ ਕਰਨਾ ਵੀ ਹੈ|

ਸੁਸਾਇਟੀਜ਼ ਰਜਿਸਟ੍ਰੇਸ਼ਨ (ਪੰਜਾਬ ਸੋਧ) ਬਿੱਲ, 2026 ਨੂੰ ਸਹਿਮਤੀ : ਵਿਧਾਨਕ ਸੁਧਾਰਾਂ 'ਤੇ ਮੰਤਰੀ ਮੰਡਲ ਨੇ ਸੁਸਾਇਟੀ ਰਜਿਸਟ੍ਰੇਸ਼ਨ ਐਕਟ, 1860 ਵਿੱਚ ਸੋਧ ਕਰਕੇ ਸੁਸਾਇਟੀ ਰਜਿਸਟ੍ਰੇਸ਼ਨ (ਪੰਜਾਬ ਸੋਧ) ਬਿੱਲ, 2026 ਨੂੰ ਵੀ ਸਹਿਮਤੀ ਦੇ ਦਿੱਤੀ ਹੈ| ਇਸ ਬਿੱਲ ਨੂੰ ਪੰਜਾਬ ਵਿਧਾਨ ਸਭਾ ਦੀ ਪ੍ਰਵਾਨਗੀ ਲਈ ਸਦਨ ਅੱਗੇ ਪੇਸ਼ ਕੀਤਾ ਜਾਵੇਗਾ।

# ਕਾਂਗਰਸ ਨੇ ਆਪਣੀ ਘਟੀਆ ਮਾਨਸਿਕਤਾ ਦਾ ਕੀਤਾ ਪ੍ਰਦਰਸ਼ਨ, ਭਾਜਪਾ ਤੇ ਅਕਾਲੀ ਦਲ ਦਾ ਅਸਲੀ ਚਿਹਰਾ ਹੋਇਆ ਬੇਨਕਾਬ : ਚੀਮਾ

ਚੰਡੀਗੜ੍ਹ, 1 ਮਈ (ਅੰਮ੍ਰਿਤਪਾਲ ਸਿੰਘ): ਮਜ਼ਦੂਰ ਦਿਵਸ 'ਤੇ ਬੁਲਾਏ ਗਏ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਤੋਂ ਬਾਅਦ ਆਮ ਆਦਮੀ ਪਾਰਟੀ (ਆਪ) ਦੇ ਆਗੂਆਂ ਨੇ ਭਾਜਪਾ, ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ (ਸ਼੍ਰੋਮਧ) ਵਿਰੁੱਧ ਤਿੱਖੀ ਸਿਆਸੀ ਪ੍ਰਤੀਕਿਰਿਆ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਪਾਰਟੀਆਂ ਦੀਆਂ ਕਾਰਵਾਈਆਂ ਉਨ੍ਹਾਂ ਦੀ ਮਜ਼ਦੂਰ-ਵਿਰੋਧੀ, ਗਰੀਬ-ਵਿਰੋਧੀ ਅਤੇ ਮੌਕਾਪ੍ਰਸਤ ਪਹੁੰਚ ਨੂੰ ਦਰਸਾਉਂਦੀਆਂ ਹਨ, ਜਦਕਿ 'ਆਪ' ਸਰਕਾਰ ਲਗਾਤਾਰ ਲੋਕ-ਪੱਖੀ ਨੀਤੀਆਂ ਨੂੰ ਤਰਜੀਹ ਦੇ ਰਹੀ ਹੈ। 'ਆਪ' ਦੇ ਸੀਨੀਅਰ ਆਗੂ ਅਤੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਚੋਣਾਂ ਤੋਂ ਤੁਰੰਤ ਬਾਅਦ ਕਮਰਸ਼ੀਅਲ ਗੈਸ ਸਿਲੰਡਰ ਦੀਆਂ ਕੀਮਤਾਂ ਵਿੱਚ 994 ਰੁਪਏ ਦੇ ਵਾਧੇ ਨੂੰ ਲੈ ਕੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਕਮਰਸ਼ੀਅਲ ਗੈਸ ਸਿਲੰਡਰ ਦੀਆਂ ਕੀਮਤਾਂ ਵਿੱਚ 994 ਰੁਪਏ ਦਾ ਵਾਧਾ ਮਜ਼ਦੂਰਾਂ ਅਤੇ ਛੋਟੇ ਕਾਰੋਬਾਰੀਆਂ 'ਤੇ ਸਿੱਧਾ ਹਮਲਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਹ ਫੈਸਲਾ ਜਾਣਬੁੱਝ ਕੇ ਚੋਣਾਂ ਤੱਕ ਰੋਕਿਆ ਗਿਆ ਸੀ ਤੇ ਇਸ ਵਾਧੇ ਨਾਲ ਫੂਡ ਇੰਡਸਟਰੀ ਅਤੇ ਸਸਤੇ ਖਾਣੇ 'ਤੇ ਨਿਰਭਰ ਮਜ਼ਦੂਰਾਂ 'ਤੇ ਬਹੁਤ ਮਾੜਾ ਅਸਰ ਪਵੇਗਾ। ਹਰਪਾਲ ਸਿੰਘ ਚੀਮਾ ਨੇ ਮਜ਼ਦੂਰਾਂ ਦੇ ਅਧਿਕਾਰਾਂ ਬਾਰੇ ਵਿਸ਼ੇਸ਼ ਵਿਧਾਨ ਸਭਾ ਸੈਸ਼ਨ ਤੋਂ ਵਾਕਆਊਟ ਕਰਨ ਲਈ ਕਾਂਗਰਸ 'ਤੇ ਵੀ ਨਿਸ਼ਾਨਾ ਸਾਧਿਆ। ਉਨ੍ਹਾਂ ਕਿਹਾ, "ਮਜ਼ਦੂਰਾਂ ਦੇ ਹੱਕਾਂ ਬਾਰੇ ਵਿਸ਼ੇਸ਼ ਸੈਸ਼ਨ ਤੋਂ ਕਾਂਗਰਸ ਦਾ ਵਾਕਆਊਟ ਕਰਨਾ ਉਨ੍ਹਾਂ ਦੀ ਦਲਿਤ-ਵਿਰੋਧੀ ਅਤੇ ਗਰੀਬ-ਵਿਰੋਧੀ ਮਾਨਸਿਕਤਾ ਨੂੰ ਦਰਸਾਉਂਦਾ ਹੈ।" ਉਨ੍ਹਾਂ ਕਿਹਾ ਕਿ ਅਜਿਹਾ ਵਿਵਹਾਰ ਦਰਸਾਉਂਦਾ ਹੈ ਕਿ ਪਾਰਟੀ ਜਵਾਬਦੇਹੀ ਤੋਂ ਬਚਣਾ ਚਾਹੁੰਦੀ ਹੈ ਅਤੇ ਮਜ਼ਦੂਰਾਂ ਤੇ ਪਛੜੇ ਵਰਗਾਂ ਨਾਲ ਸਬੰਧਤ ਮੁੱਦਿਆਂ ਤੋਂ ਧਿਆਨ ਭਟਕਾਉਣਾ ਚਾਹੁੰਦੀ ਹੈ।

ਲੋਕਤੰਤਰੀ ਸੰਸਥਾਵਾਂ ਬਾਰੇ ਚਿੰਤਾ ਪ੍ਰਗਟ ਕਰਦਿਆਂ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਭਾਜਪਾ ਬਾਬਾ ਸਾਹਿਬ ਅੰਬੇਡਕਰ ਦੁਆਰਾ ਤਿਆਰ ਕੀਤੇ ਸੰਵਿਧਾਨ ਨੂੰ ਕਮਜ਼ੋਰ ਕਰ ਰਹੀ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਮਨਰੇਗਾ ਵਰਗੀਆਂ ਸਕੀਮਾਂ ਨੂੰ ਪ੍ਰਭਾਵਿਤ ਕਰਨ ਵਾਲੀਆਂ ਨੀਤੀਆਂ ਅਤੇ ਘੋੜਿਆਂ ਦੀ ਖਰੀਦੋ-ਫਰੋਖਤ ਦੀਆਂ ਕੋਸ਼ਿਸ਼ਾਂ ਲੋਕਤੰਤਰ ਲਈ ਗੰਭੀਰ ਖਤਰਾ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਅਲਕੋਹਲ ਅਤੇ ਡੋਪ ਟੈਸਟ ਦੀ ਕਾਂਗਰਸ ਦੀ ਮੰਗ 'ਤੇ ਪ੍ਰਤੀਕਿਰਿਆ ਦਿੰਦਿਆਂ ਉਨ੍ਹਾਂ ਕਿਹਾ ਕਿ ਇਹ ਕਾਂਗਰਸੀ ਆਗੂਆਂ ਦੇ ਜ਼ਮੀਨੀ ਕਬਜ਼ਿਆਂ ਦੇ ਦੋਸ਼ਾਂ ਦਰਮਿਆਨ ਮੁੱਖ ਮੰਤਰੀ ਨੂੰ ਬਦਨਾਮ ਕਰਨ ਦੀ ਸਿਆਸਤ ਤੋਂ ਪ੍ਰੇਰਿਤ ਕੋਸ਼ਿਸ਼ ਹੈ। ਉਨ੍ਹਾਂ ਕਿਹਾ, "ਕਾਂਗਰਸ ਨੇ ਮਜ਼ਦੂਰਾਂ ਦੀ ਪਿੱਠ ਵਿੱਚ ਛੁਰਾ ਮਾਰਿਆ ਹੈ ਅਤੇ ਹੰਗਾਮੇ ਤੇ ਬੇਬੁਨਿਆਦ ਦੋਸ਼ਾਂ ਰਾਹੀਂ ਸਰਕਾਰ ਦੇ ਸੰਦੇਸ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਹੈ। ਅਜਿਹੇ ਮਹੱਤਵਪੂਰਨ ਦਿਨ 'ਤੇ ਉਨ੍ਹਾਂ ਦਾ ਵਿਵਹਾਰ ਸ਼ਰਮਨਾਕ ਹੈ।" 'ਆਪ' ਪੰਜਾਬ ਦੇ ਮੁੱਖ ਬੁਲਾਰੇ ਅਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਭਾਜਪਾ ਵੱਲੋਂ ਸਿਆਸੀ ਅਸਥਿਰਤਾ ਪੈਦਾ ਕਰਨ ਦੀਆਂ ਕੋਸ਼ਿਸ਼ਾਂ ਨੂੰ ਖਾਰਜ ਕਰਦਿਆਂ ਕਿਹਾ, "'ਆਪ' ਦੇ ਅੰਦਰ ਕੋਈ ਫੁੱਟ ਨਹੀਂ ਹੈ ਅਤੇ ਪਾਰਟੀ ਇਕਜੁੱਟ ਹੈ।" ਉਨ੍ਹਾਂ ਕਿਹਾ, "ਵਿਧਾਨ ਸਭਾ ਦੇ ਬਾਹਰ ਪੈਰਲਲ ਅਸੈਂਬਲੀ ਸੈਸ਼ਨ ਕਰਨ ਦੀ ਭਾਜਪਾ ਦੀ ਕੋਸ਼ਿਸ਼ ਸਿਰਫ਼ ਇਹ ਦਰਸਾਉਂਦੀ ਹੈ ਕਿ ਉਨ੍ਹਾਂ ਕੋਲ ਵਿਧਾਨ ਸਭਾ ਦੇ ਅੰਦਰ ਕੰਮ ਕਰਨ ਲਈ ਗਿਣਤੀ ਨਹੀਂ ਹੈ। ਉਹ ਜਿੰਨੀਆਂ ਮਰਜ਼ੀ ਕੋਸ਼ਿਸ਼ਾਂ ਕਰ ਲੈਣ, ਪਰ ਪੰਜਾਬ ਵਿੱਚ ਸਰਕਾਰ ਬਣਾਉਣ ਵਿੱਚ ਸਫਲ ਨਹੀਂ ਹੋਣਗੇ।" ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਆਮ ਮਜ਼ਦੂਰਾਂ ਅਤੇ ਆਰਥਿਕ ਅਪਰਾਧੀਆਂ ਵਿਚਕਾਰ ਅੰਤਰ ਦੱਸਦਿਆਂ ਕਿਹਾ ਕਿ ਜਿੱਥੇ ਮਜ਼ਦੂਰ ਆਪਣਾ ਕਰਜ਼ਾ ਇਮਾਨਦਾਰੀ ਨਾਲ ਮੋੜਦੇ ਹਨ, ਉੱਥੇ ਵਿਜੇ ਮਾਲਿਆ ਤੇ ਨੀਰਵ ਮੋਦੀ ਵਰਗੇ ਵਿਅਕਤੀ ਕਰੋੜਾਂ ਰੁਪਏ ਲੈ ਕੇ ਦੇਸ਼ ਵਿੱਚੋਂ ਫ਼ਰਾਰ ਹੋ ਗਏ।

'ਆਪ' ਵਿਧਾਇਕ ਲਾਭ ਸਿੰਘ ਉਗੋਕੇ ਨੇ ਕਿਹਾ ਕਿ ਪਿਛਲੇ ਕਾਂਗਰਸੀ ਮੰਤਰੀਆਂ ਨੇ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਵਜ਼ੀਫ਼ਿਆਂ ਵਿੱਚ ਗਬਨ ਕੀਤਾ ਅਤੇ ਦੋਸ਼ ਲਾਇਆ ਕਿ ਕਰੋੜਾਂ ਰੁਪਏ ਦੇ ਫੰਡ ਖੁਰਦ-ਬੁਰਦ ਕੀਤੇ ਗਏ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨੇ ਵਜ਼ੀਫ਼ਿਆਂ ਦੀ ਸਮੇਂ ਸਿਰ ਅਤੇ ਸਿੱਧੀ ਅਦਾਇਗੀ ਦੇ ਨਾਲ-ਨਾਲ ਔਰਤਾਂ ਲਈ ਪੈਨਸ਼ਨ ਵਰਗੇ ਭਲਾਈ ਕਾਰਜਾਂ ਨੂੰ ਯਕੀਨੀ ਬਣਾਇਆ ਹੈ। ਵਿਧਾਇਕ ਅਨਮੋਲ ਗਗਨ ਮਾਨ ਨੇ ਪਾਰਟੀ ਪ੍ਰਤੀ ਆਪਣੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਕਿਹਾ ਕਿ 'ਆਪ' ਨੇ ਉਨ੍ਹਾਂ ਵਰਗੇ ਆਗੂਆਂ ਨੂੰ ਸੇਵਾ ਕਰਨ ਅਤੇ ਅੱਗੇ ਵਧਣ ਦਾ ਮੌਕਾ ਦਿੱਤਾ ਹੈ। ਉਨ੍ਹਾਂ ਭਰੋਸਾ ਪ੍ਰਗਟਾਇਆ ਕਿ ਪਾਰਟੀ ਪੂਰੇ ਦੇਸ਼ ਵਿੱਚ ਆਪਣਾ ਵਿਸਥਾਰ ਜਾਰੀ ਰੱਖੇਗੀ ਅਤੇ ਕਿਹਾ ਕਿ ਇਸ ਦੇ ਆਗੂ ਆਪਣੇ ਆਖਰੀ ਸਾਹ ਤੱਕ ਪਾਰਟੀ ਲਈ ਵਚਨਬੱਧ ਰਹਿਣਗੇ। 'ਆਪ' ਆਗੂ ਅਤੇ ਪੰਜਾਬ ਸਟੇਟ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਭਾਜਪਾ ਵੱਲੋਂ ਸਮਾਂਤਰ "ਲੋਕ ਵਿਧਾਨ ਸਭਾ" ਦੇ ਆਯੋਜਨ ਦੀ ਆਲੋਚਨਾ ਕਰਦਿਆਂ ਕਿਹਾ ਕਿ ਇਹ ਅਜਿਹੀ ਪਾਰਟੀ ਦਾ ਸਿਆਸੀ ਸਟੰਟ ਹੈ ਜਿਸਦੀ ਵਿਧਾਨ ਸਭਾ ਵਿੱਚ ਪ੍ਰਤੀਨਿਧਤਾ ਨਹੀਂ ਹੈ। ਉਨ੍ਹਾਂ ਨੇ ਮਨੀਪੁਰ ਅਤੇ ਉੱਤਰ ਪ੍ਰਦੇਸ਼ ਦੀਆਂ ਉਦਾਹਰਣਾਂ ਦਿੰਦੇ ਹੋਏ ਭਾਜਪਾ ਦੇ ਸ਼ਾਸਨ ਵਾਲੇ ਰਾਜਾਂ ਦੇ ਰਿਕਾਰਡ 'ਤੇ ਵੀ ਸਵਾਲ ਉਠਾਏ ਅਤੇ ਕਿਹਾ ਕਿ ਭਾਜਪਾ ਦੇ ਪੰਜਾਬ ਆਗੂਆਂ ਨੂੰ ਆਪਣੇ ਸ਼ਾਸਨ ਵਾਲੇ ਰਾਜਾਂ ਦਾ ਡਾਟਾ ਲੋਕਾਂ ਸਾਹਮਣੇ ਪੇਸ਼ ਕਰਨਾ ਚਾਹੀਦਾ ਹੈ, ਜਦਕਿ ਉਨ੍ਹਾਂ ਦਾਅਵਾ ਕੀਤਾ ਕਿ ਅੱਜ ਪੰਜਾਬ ਸਭ ਤੋਂ ਸੁਰੱਖਿਅਤ ਰਾਜ ਹੈ।




# ਪੰਜਾਬ ਵਿਧਾਨ ਸਭਾ 'ਚ ਪੰਜਾਬ ਜੇਲ੍ਹਾਂ ਤੇ ਸੁਧਾਰ ਸੇਵਾਵਾਂ ਬਿੱਲ-2026 ਸਰਬਸੰਮਤੀ ਨਾਲ ਪਾਸ

ਚੰਡੀਗੜ੍ਹ, 1 ਮਈ (ਚ.ਨ.ਸ.): ਜੇਲ੍ਹ ਪ੍ਰਣਾਲੀ ਨੂੰ ਆਧੁਨਿਕ ਬਣਾਉਣ ਦੇ ਮੰਤਵ ਨਾਲ ਪੰਜਾਬ ਵਿਧਾਨ ਸਭਾ ਨੇ ਅੱਜ ਪੰਜਾਬ ਜੇਲ੍ਹਾਂ ਤੇ ਸੁਧਾਰ ਸੇਵਾਵਾਂ ਬਿਲ, 2026 ਨੂੰ ਸਰਬਸੰਮਤੀ ਨਾਲ ਪਾਸ ਕਰ ਦਿੱਤਾ| ਇਹ ਬਿਲ ਪੰਜਾਬ ਦੇ ਜੇਲ੍ਹ ਮੰਤਰੀ ਡਾ. ਰਵਜੋਤ ਸਿੰਘ ਵੱਲੋਂ ਪੇਸ ਕੀਤਾ ਗਿਆ ਸੀ| ਇਸ ਬਿਲ ਦਾ ਉਦੇਸ ਜੇਲ੍ਹ ਪ੍ਰਸਾਸਨ ਪ੍ਰਣਾਲੀ ਨੂੰ ਆਧੁਨਿਕ ਬਣਾਉਣਾ ਅਤੇ ਇਸਨੂੰ ਆਧੁਨਿਕ ਸੁਧਾਰਕ ਪ੍ਰਥਾਵਾਂ ਨਾਲ ਸੰਗਤ ਕਰਨਾ ਹੈ| ਬਿੱਲ ਪੇਸ਼ ਕਰਦਿਆਂ ਡਾ. ਰਵਜੋਤ ਸਿੰਘ ਨੇ ਕਿਹਾ ਕਿ ਪ੍ਰਸਤਾਵਿਤ ਕਾਨੂੰਨ ਦਾ ਉਦੇਸ ਜੇਲ•ਾਂ ਨੂੰ ਸਿਰਫ ਹਿਰਾਸਤੀ ਸੰਸਥਾਵਾਂ ਤੋਂ ਬਦਲ ਕੇ ਸੁਧਾਰ, ਪੁਨਰਵਾਸ ਅਤੇ ਸਮਾਜਿਕ ਪੁਨਰ-ਏਕੀਕਰਨ ਦੇ ਕੇਂਦਰਾਂ ਵਿੱਚ ਤਬਦੀਲ ਕਰਨਾ ਹੈ। ਉਨ੍ਹਾਂ ਇਸ ਗੱਲ 'ਤੇ ਜੋਰ ਦਿੱਤਾ ਕਿ ਜੇਲ੍ਹਾਂ ਨੂੰ ਨਿਯੰਤਰਿਤ ਕਰਦਾ ਮੌਜੂਦਾ ਕਾਨੂੰਨੀ ਢਾਂਚਾ, ਜੋ ਬਸਤੀਵਾਦੀ ਯੁੱਗ ਦੇ ਕਾਨੂੰਨਾਂ ਨਾਲ ਜਕੜਿਆ ਹੋਇਆ ਹੈ, ਹੁਣ ਪੁਰਾਣਾ ਹੋ ਚੁੱਕਾ ਹੈ ਅਤੇ ਇਹ ਮੌਜੂਦਾ ਚੁਣੌਤੀਆਂ ਦੇ ਹੱਲ ਲਈ ਨਾਕਾਫੀ ਹੈ। ਕੈਬਨਿਟ ਮੰਤਰੀ ਨੇ ਅੱਗੇ ਕਿਹਾ ਕਿ ਨਵਾਂ ਬਿੱਲ ਕੈਦੀਆਂ ਦੀ ਸੁਰੱਖਿਅਤ ਹਿਰਾਸਤ ਨੂੰ ਯਕੀਨੀ ਬਣਾਉਣ ਲਈ ਇੱਕ ਵਿਆਪਕ ਅਤੇ ਮਨੁੱਖਤਾਵਾਦੀ ਰਵੱਈਏ 'ਤੇ ਅਧਾਰਤ ਢਾਂਚਾ ਪ੍ਰਦਾਨ ਕਰਦਿਆਂ ਕੈਦੀਆਂ ਦੇ ਮਾਣ-ਸਨਮਾਨ ਤੇ ਬੁਨਿਆਦੀ ਅਧਿਕਾਰਾਂ ਨੂੰ ਕਾਇਮ ਰੱਖੇਗਾ। ਇਹ ਸੁਧਾਰਾਤਮਕ ਸੇਵਾਵਾਂ 'ਤੇ ਜੋਰ ਦਿੰਦਾ ਹੈ, ਜਿਸ ਵਿੱਚ ਸਿੱਖਿਆ, ਕਿੱਤਾਮੁਖੀ ਸਿਖਲਾਈ, ਹੁਨਰ ਵਿਕਾਸ ਅਤੇ ਮਨੋਵਿਗਿਆਨਕ ਸਲਾਹ ਸਾਮਲ ਹੈ, ਤਾਂ ਜੋ ਕਾਨੂੰਨ ਦੀ ਪਾਲਣਾ ਕਰਨ ਵਾਲੇ ਨਾਗਰਿਕਾਂ ਵਜੋਂ ਸਮਾਜ ਵਿੱਚ ਕੈਦੀਆਂ ਦੇ ਮੁੜ ਏਕੀਕਰਨ 'ਚ ਕੀਤੀ ਜਾ ਸਕੇ।



ਇਹ ਬਿੱਲ ਨਿਰੀਖਣ, ਸ਼ਿਕਾਇਤ ਨਿਵਾਰਣ ਤੇ ਨਿਗਰਾਨੀ ਲਈ ਢਾਂਚਾਗਤ ਵਿਧੀਆਂ ਪੇਸ ਕਰਕੇ ਜੇਲ੍ਹ ਪ੍ਰਸਾਸਨ ਵਿੱਚ ਪਾਰਦਰਸਤਾ ਅਤੇ ਜਵਾਬਦੇਹੀ 'ਤੇ ਵੀ ਕੇਂਦਰਤ ਹੈ। ਸੂਬੇ ਭਰ ਵਿੱਚ ਜੇਲ੍ਹ ਸੰਸਥਾਵਾਂ ਦੀਆਂ ਨੀਤੀਆਂ ਨੂੰ ਕੁਸਲਤਾ ਨਾਲ ਲਾਗੂ ਕਰਨ ਤੇ ਪ੍ਰਭਾਵਸਾਲੀ ਪ੍ਰਬੰਧਨ ਨੂੰ ਯਕੀਨੀ ਬਣਾਉਣ ਲਈ ਜੇਲ੍ਹਾਂ ਅਤੇ ਸੁਧਾਰ ਸੇਵਾਵਾਂ ਦੇ ਡਾਇਰੈਕਟੋਰੇਟ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਕੈਦੀਆਂ ਲਈ ਸਿਹਤ ਸੰਭਾਲ, ਸੈਨੀਟੇਸਨ, ਕਾਨੂੰਨੀ ਸਹਾਇਤਾ ਅਤੇ ਸੰਚਾਰ ਸਹੂਲਤਾਂ ਨਾਲ ਸਬੰਧਤ ਉਪਬੰਧਾਂ ਵਿੱਚ ਵੀ ਵਾਧਾ ਕੀਤਾ ਗਿਆ ਹੈ| ਇਹ ਬਿੱਲ ਸੰਵਿਧਾਨਕ ਸੁਰੱਖਿਆ ਤੇ ਮਨੁੱਖੀ ਅਧਿਕਾਰਾਂ ਦੇ ਮਿਆਰਾਂ ਦੇ ਅਨੁਸਾਰ ਢੁਕਵੇਂ ਡਾਕਟਰੀ ਇਲਾਜ, ਮਾਨਸਿਕ ਸਿਹਤ ਸੇਵਾਵਾਂ ਤੇ ਕਾਨੂੰਨੀ ਸਹਾਇਤਾ ਤੱਕ ਪਹੁੰਚ ਨੂੰ ਯਕੀਨੀ ਬਣਾਉਂਦਾ ਹੈ।

ਡਾ. ਰਵਜੋਤ ਸਿੰਘ ਨੇ ਜੋਰ ਦੇ ਕੇ ਕਿਹਾ ਕਿ ਇਹ ਕਾਨੂੰਨ ਵੱਖ-ਵੱਖ ਏਜੰਸੀਆਂ ਦਰਮਿਆਨ ਕੁਸਲਤਾ ਅਤੇ ਤਾਲਮੇਲ ਨੂੰ ਬਿਹਤਰ ਬਣਾਉਣ ਲਈ ਡਿਜੀਟਲ ਰਿਕਾਰਡ-ਕੀਪਿੰਗ, ਵੀਡੀਓ ਕਾਨਫਰੰਸਿੰਗ ਅਤੇ ਅਪਰਾਧਿਕ ਨਿਆਂ ਪ੍ਰਣਾਲੀ ਨਾਲ ਏਕੀਕਰਨ ਸਮੇਤ ਆਧੁਨਿਕ ਤਕਨਾਲੋਜੀ ਦੀ ਵਰਤੋਂ ਨੂੰ ਵੀ ਉਤਸਾਹਿਤ ਕਰਦਾ ਹੈ। ਕੈਬਨਿਟ ਮੰਤਰੀ ਨੇ ਵਿਸਵਾਸ ਪ੍ਰਗਟਾਇਆ ਕਿ ਇਹ ਬਿੱਲ ਪੰਜਾਬ ਦੇ ਜੇਲ੍ਹ ਪ੍ਰਸਾਸਨ ਵਿੱਚ ਸੁਰੱਖਿਆ ਮੁੱਦਿਆਂ ਨੂੰ ਸੁਧਾਰਾਤਮਕ ਤੇ ਪੁਨਰਵਾਸ ਯਤਨਾਂ ਨਾਲ ਸੰਤੁਲਿਤ ਕਰਕੇ ਇੱਕ ਆਦਰਸ ਤਬਦੀਲੀ ਲਿਆਏਗਾ। ਉਨ੍ਹਾਂ ਸਦਨ ਦੇ ਸਾਰੇ ਮੈਂਬਰਾਂ ਨੂੰ ਨਿਆਂ, ਜਨਤਕ ਸੁਰੱਖਿਆ ਤੇ ਮਨੁੱਖੀ ਮਾਣ-ਸਨਮਾਨ ਦੇ ਵੱਡੇ ਹਿੱਤ ਵਿੱਚ ਇਸ ਬਿੱਲ ਦਾ ਸਮਰਥਨ ਕਰਨ ਦੀ ਅਪੀਲ ਕੀਤੀ। ਇਹ ਬਿੱਲ ਲਿਆਉਣਾ ਪੰਜਾਬ ਸਰਕਾਰ ਦੀ ਪ੍ਰਗਤੀਸੀਲ ਸਾਸਨ ਪ੍ਰਤੀ ਵਚਨਬੱਧਤਾ ਅਤੇ ਇੱਕ ਸੁਰੱਖਿਅਤ, ਪਾਰਦਰਸੀ ਤੇ ਮਨੁੱਖੀ ਸੁਧਾਰ ਪ੍ਰਣਾਲੀ ਸਥਾਪਤ ਕਰਨ ਦੇ ਇਸਦੇ ਦ੍ਰਿਸਟੀਕੋਣ ਨੂੰ ਦਰਸਾਉਂਦਾ ਹੈ।

# ਅੰਤਰਰਾਸ਼ਟਰੀ ਪਹਿਲਵਾਨ 'ਸੁਪਰ ਖ਼ਾਲਸਾ' 'ਆਪ' ਵਿੱਚ ਸ਼ਾਮਲ

ਚੰਡੀਗੜ੍ਹ, 1 ਮਈ (ਅੰਮ੍ਰਿਤਪਾਲ ਸਿੰਘ): ਪੰਜਾਬ ਦੀ ਸਿਆਸਤ ਵਿੱਚ ਅੱਜ ਉਸ ਸਮੇਂ ਇੱਕ ਨਵਾਂ ਉਤਸ਼ਾਹ ਦੇਖਣ ਨੂੰ ਮਿਲਿਆ ਜਦੋਂ ਅੰਤਰਰਾਸ਼ਟਰੀ ਪਹਿਲਵਾਨ ਅਤੇ 'ਇੰਡੀਆਜ਼ ਸਟ੍ਰੌਂਗੈਸਟ ਮੈਨ' ਦਾ ਖਿਤਾਬ ਜਿੱਤਣ ਵਾਲੇ ਇੰਦਰਪ੍ਰੀਤ ਸਿੰਘ (ਸੁਪਰ ਖਾਲਸਾ) ਅਧਿਕਾਰਤ ਤੌਰ 'ਤੇ ਆਮ ਆਦਮੀ ਪਾਰਟੀ (ਆਪ) ਵਿੱਚ ਸ਼ਾਮਲ ਹੋ ਗਏ। ਮੁੱਖ ਮੰਤਰੀ ਦੇ ਓ.ਐਸ.ਡੀ. ਰਾਜਬੀਰ ਸਿੰਘ ਘੁੰਮਣ ਨੇ ਇੰਦਰਪ੍ਰੀਤ ਸਿੰਘ ਨੂੰ 'ਆਪ' ਵਿੱਚ ਸ਼ਾਮਲ ਕਰਵਾਇਆ ਅਤੇ ਪਾਰਟੀ ਵਿੱਚ ਉਹਨਾਂ ਦਾ ਨਿੱਘਾ ਸਵਾਗਤ ਕੀਤਾ। ਓ.ਐਸ.ਡੀ. ਘੁੰਮਣ ਨੇ ਕਿਹਾ ਕਿ ਇੰਦਰਪ੍ਰੀਤ ਵਰਗੇ ਪ੍ਰਤਿਭਾਸ਼ਾਲੀ



ਖਿਡਾਰੀ ਦੇ ਆਉਣ ਨਾਲ ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਹੋਰ ਮਜ਼ਬੂਤੀ ਮਿਲੇਗੀ। ਇੰਦਰਪ੍ਰੀਤ ਸਿੰਘ ਨੇ ਪਾਰਟੀ ਵਿੱਚ ਸ਼ਾਮਲ ਹੋਣ ਦਾ ਫੈਸਲਾ ਪ੍ਰਸਿੱਧ ਕਬੱਡੀ ਖਿਡਾਰੀ ਪਾਲਾ ਜਲਾਲਪੁਰੀਆ, ਰੁਸਤਮ-ਏ-ਹਿੰਦ ਜੱਸਾ ਪੱਟੀ ਤੇ ਰੁਸਤਮ-ਏ-ਹਿੰਦ ਪ੍ਰੀਤਪਾਲ ਫਗਵਾੜਾ ਦੇ ਕਾਰਜਾਂ ਅਤੇ ਉਹਨਾਂ ਦੇ ਪ੍ਰਭਾਵ ਤੋਂ ਪ੍ਰੇਰਿਤ ਹੋ ਕੇ ਲਿਆ ਹੈ।

ਇੰਦਰਪ੍ਰੀਤ ਸਿੰਘ ਦੀਆਂ ਖੇਡ ਪ੍ਰਾਪਤੀਆਂ ਬੇਹੱਦ ਪ੍ਰਭਾਵਸ਼ਾਲੀ ਹਨ। ਉਹ ਮੌਜੂਦਾ ਸਮੇਂ ਵਿੱਚ ਪ੍ਰੋ-ਰੇਸਲਿੰਗ ਦੇ ਹੈਵੀਵੇਟ ਚੈਂਪੀਅਨ ਹਨ ਤੇ ਪੰਜਾਬ ਸਟੇਟ ਪਾਵਰਲਿਫਟਿੰਗ ਵਿੱਚ ਚਾਰ ਵਾਰ ਸੋਨ ਤਗਮਾ ਜਿੱਤ ਚੁੱਕੇ ਹਨ। ਉਹਨਾਂ ਦੀ ਇਹ ਖੇਡ ਭਾਵਨਾ ਤੇ ਅਨੁਸ਼ਾਸਨ ਹੁਣ ਰਾਜਨੀਤੀ ਰਾਹੀਂ ਸਮਾਜ ਸੇਵਾ ਵਿੱਚ ਨਜ਼ਰ ਆਵੇਗਾ। ਪਾਰਟੀ ਲੀਡਰਸ਼ਿਪ ਨੇ ਭਰੋਸਾ ਜਤਾਇਆ ਕਿ ਖੇਡਾਂ ਰਾਹੀਂ ਦੇਸ਼-ਦੁਨੀਆ ਵਿੱਚ ਪੰਜਾਬ ਦਾ ਨਾਂ ਰੌਸ਼ਨ ਕਰਨ ਵਾਲੇ ਇਹ ਨੌਜਵਾਨ 'ਰੰਗਲਾ ਪੰਜਾਬ' ਬਣਾਉਣ ਦੇ ਮਿਸ਼ਨ ਵਿੱਚ ਅਹਿਮ ਭੂਮਿਕਾ ਨਿਭਾਉਣਗੇ। ਉਹਨਾਂ ਦੇ ਤਜ਼ਰਬੇ ਅਤੇ ਲੋਕਪ੍ਰਿਯਤਾ ਨਾਲ ਪੰਜਾਬ ਦੀ ਅਗਲੀ ਪੀੜ੍ਹੀ ਨੂੰ ਸਹੀ ਸੇਧ ਮਿਲੇਗੀ ਅਤੇ ਉਹ ਨਸ਼ੇ ਵਰਗੀਆਂ ਅਲਾਮਤਾਂ ਨੂੰ ਛੱਡ ਕੇ ਖੇਡਾਂ ਅਤੇ ਉਸਾਰੂ ਕੰਮਾਂ ਵੱਲ ਪ੍ਰੇਰਿਤ ਹੋਣਗੇ।

## ਸੰਪਾਦਕੀ

# ਨਫ਼ਰਤੀ ਭਾਸ਼ਣ ਅਤੇ ਸੁਪਰੀਮ ਕੋਰਟ

ਪਿਛਲੇ ਕੁਝ ਸਾਲਾਂ ਤੋਂ ਨਫ਼ਰਤ ਭਰੇ ਭਾਸ਼ਣਾਂ ਅਤੇ ਭੜਕਾਊ ਭਾਸ਼ਣਾਂ ਰਾਹੀਂ ਸਮਾਜਿਕ ਸਦਭਾਵਨਾ ਨੂੰ ਭੰਗ ਕਰਨ ਦੀਆਂ ਕੋਸ਼ਿਸ਼ਾਂ ਰਾਸ਼ਟਰੀ ਰਾਜਨੀਤੀ ਵਿੱਚ ਚਿੰਤਾ ਦਾ ਵਿਸ਼ਾ ਰਹੀਆਂ ਹਨ। ਕਈ ਵਾਰ ਅਜਿਹੇ ਮਾਮਲੇ ਸਾਹਮਣੇ ਆਏ ਹਨ, ਜਿੱਥੇ ਨੇਤਾਵਾਂ 'ਤੇ ਰਾਜਨੀਤਿਕ ਲਾਭ ਜਾਂ ਲਾਭ ਦੇ ਉਦੇਸ਼ ਨਾਲ ਬਿਆਨ ਦੇਣ ਜਾਂ ਨਾਅਰੇ ਲਗਾਉਣ ਦਾ ਦੋਸ਼ ਲਗਾਇਆ ਗਿਆ ਹੈ, ਜਿਸ ਨਾਲ ਸਮਾਜਿਕ ਸਦਭਾਵਨਾ ਨੂੰ ਭੰਗ ਕਰਨ ਦੀ ਸੰਭਾਵਨਾ ਵਧ ਗਈ ਹੈ। ਹਾਲਾਂਕਿ, ਜਦੋਂ ਇਨ੍ਹਾਂ ਨੇਤਾਵਾਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਂਦਾ ਜਾਣਾ ਚਾਹੀਦਾ ਸੀ ਤਾਂ ਪੁਲਿਸ ਅਤੇ ਸਰਕਾਰ ਨੇ ਉਨ੍ਹਾਂ ਪ੍ਰਤੀ ਨਰਮ ਰਵੱਈਆ ਅਪਣਾਇਆ ਹੈ। ਸ਼ਾਇਦ ਇਸੇ ਲਈ ਸੁਪਰੀਮ ਕੋਰਟ ਵਿੱਚ ਇੱਕ ਪਟੀਸ਼ਨ ਦਾਇਰ ਕੀਤੀ ਗਈ ਸੀ, ਜਿਸ ਵਿੱਚ ਨਫ਼ਰਤ ਭਰੇ ਭਾਸ਼ਣ ਦੀ ਵਧਦੀ ਸਮੱਸਿਆ ਨੂੰ ਹੱਲ ਕਰਨ ਲਈ ਦਿਸ਼ਾ-ਨਿਰਦੇਸ਼ਾਂ ਦੀ ਮੰਗ ਕੀਤੀ ਗਈ ਸੀ। ਹਾਲਾਂਕਿ, ਮਾਮਲੇ ਦੀ ਸੁਣਵਾਈ ਤੋਂ ਬਾਅਦ ਅਦਾਲਤ ਨੇ ਕਿਹਾ ਕਿ ਮੌਜੂਦਾ ਕਾਨੂੰਨੀ ਢਾਂਚਾ ਉਨ੍ਹਾਂ ਕਾਰਵਾਈਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸੰਬੋਧਿਤ ਕਰਦਾ ਹੈ ਜੋ ਲੋਕਾਂ ਵਿਚਕਾਰ ਦੁਸ਼ਮਣੀ ਨੂੰ ਉਤਸ਼ਾਹਿਤ ਕਰਦੀਆਂ ਹਨ, ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੀਆਂ ਹਨ ਜਾਂ ਜਨਤਕ ਸ਼ਾਂਤੀ ਨੂੰ ਭੰਗ ਕਰਦੀਆਂ ਹਨ। ਇਸ ਵਿੱਚ ਭਾਰਤੀ ਦੰਡ ਸੰਹਿਤਾ ਅਤੇ ਹੋਰ ਸਬੰਧਤ ਕਾਨੂੰਨਾਂ ਵਿੱਚ ਉਪਬੰਧ ਸ਼ਾਮਲ ਹਨ। ਸਪੱਸ਼ਟ ਤੌਰ 'ਤੇ ਅਦਾਲਤ ਨੇ ਮੌਜੂਦਾ ਕਾਨੂੰਨੀ ਉਪਬੰਧਾਂ ਦੇ ਸਬੰਧ ਵਿੱਚ ਸਥਿਤੀ ਨੂੰ ਸਪੱਸ਼ਟ ਕੀਤਾ ਹੈ। ਹਾਲਾਂਕਿ, ਜੇਕਰ ਨਫ਼ਰਤ ਭਰਿਆ ਭਾਸ਼ਣ ਲੋਕਾਂ ਵਿੱਚ ਨਫ਼ਰਤ ਭੜਕਾਉਣ ਦੀ ਕੋਸ਼ਿਸ਼ ਕਰਦਾ ਹੈ ਤਾਂ ਇਸਦੀ ਦੁਬਾਰਾ ਵਿਆਖਿਆ ਕਰਨ ਅਤੇ ਕਾਨੂੰਨੀ ਢਾਂਚੇ ਦੇ ਅੰਦਰ ਲਿਆਉਣ ਦੀ ਜ਼ਰੂਰਤ ਹੈ। ਇਸ ਸੰਦਰਭ ਵਿੱਚ ਅਦਾਲਤ ਨੇ ਸਪੱਸ਼ਟ ਕੀਤਾ ਕਿ ਅਪਰਾਧ ਨੂੰ ਪਰਿਭਾਸ਼ਿਤ ਕਰਨਾ ਅਤੇ ਸਜ਼ਾ ਨਿਰਧਾਰਤ ਕਰਨਾ ਵਿਧਾਨਕ ਅਧਿਕਾਰ ਖੇਤਰ ਦੇ ਅੰਦਰ ਆਉਂਦਾ ਹੈ। ਇਸ ਲਈ ਅਦਾਲਤ ਸਿਰਫ਼ ਵਿਧਾਨ ਪਾਲਿਕਾ ਅਤੇ ਕਾਰਜਪਾਲਿਕਾ ਦਾ ਧਿਆਨ ਸੁਧਾਰਾਂ ਦੀ ਜ਼ਰੂਰਤ ਵੱਲ ਖਿੱਚ ਸਕਦੀ ਹੈ। ਅਦਾਲਤ ਦਾ ਇਹ ਨਿਰੀਖਣ ਮਹੱਤਵਪੂਰਨ ਹੈ, ਇਹ ਨੋਟ ਕਰਦੇ ਹੋਏ ਕਿ ਨਫ਼ਰਤ ਭਰੇ ਭਾਸ਼ਣ ਸਬੰਧੀ ਪਟੀਸ਼ਨਰਾਂ ਦੀਆਂ ਸ਼ਿਕਾਇਤਾਂ ਕਾਨੂੰਨ ਦੀ ਅਣਹੋਂਦ ਕਾਰਨ ਨਹੀਂ, ਸਗੋਂ ਇਸ ਨੂੰ ਲਾਗੂ ਨਾ ਕਰਨ ਕਾਰਨ ਪੈਦਾ ਹੁੰਦੀਆਂ ਹਨ। ਇਹ ਸ਼ਿਕਾਇਤ ਕਰਨਾ ਆਮ ਗੱਲ ਹੋ ਗਈ ਹੈ ਕਿ ਕਾਨੂੰਨੀ ਪ੍ਰਬੰਧਾਂ ਦੇ ਬਾਵਜੂਦ ਬਹੁਤ ਸਾਰੇ ਮਾਮਲਿਆਂ ਵਿੱਚ ਪੁਲਿਸ ਜਾਂ ਤਾਂ ਦੋਸ਼ਾਂ ਨੂੰ ਨਜ਼ਰਅੰਦਾਜ਼ ਕਰਦੀ ਹੈ ਜਾਂ ਕਮਜ਼ੋਰ ਧਾਰਾਵਾਂ ਅਧੀਨ ਕੇਸ ਦਰਜ ਕਰਦੀ ਹੈ। ਨਤੀਜੇ ਵਜੋਂ, ਕਾਨੂੰਨ ਉਨ੍ਹਾਂ ਗਤੀਵਿਧੀਆਂ ਵਿਰੁੱਧ ਸ਼ਕਤੀਹੀਣ ਜਾਪਦਾ ਹੈ, ਜਿਨ੍ਹਾਂ ਕਾਰਨ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਹੋਣੀ ਚਾਹੀਦੀ ਸੀ। ਦਰਅਸਲ, ਹਾਲ ਹੀ ਦੇ ਸਾਲਾਂ ਵਿੱਚ, ਕੁਝ ਨੇਤਾਵਾਂ ਨੇ ਨਾ ਸਿਰਫ਼ ਭੜਕਾਊ ਭਾਸ਼ਣ ਦਿੱਤੇ ਹਨ, ਸਗੋਂ ਦੇਸ਼ ਵਿੱਚ ਵੱਖ-ਵੱਖ ਭਾਈਚਾਰਿਆਂ ਵਿਚਕਾਰ ਸਦਭਾਵਨਾ ਨੂੰ ਹੋਣ ਵਾਲੇ ਸੰਭਾਵੀ ਨੁਕਸਾਨ ਅਤੇ ਪ੍ਰਤੀਕੂਲ ਸਥਿਤੀਆਂ ਦੀ ਸੰਭਾਵਨਾ 'ਤੇ ਵੀ ਵਿਚਾਰ ਕਰਨ ਵਿੱਚ ਅਸਫਲ ਰਹੇ ਹਨ। ਹਾਲਾਂਕਿ, ਅਜਿਹੇ ਇਤਰਾਜ਼ਯੋਗ ਭਾਸ਼ਣ ਦੇਣ ਵਾਲਿਆਂ ਵਿਰੁੱਧ ਠੋਸ ਕਾਰਵਾਈ ਕਰਨ ਲਈ ਸਰਕਾਰਾਂ ਦੇ ਅੰਦਰ ਸੱਚੀ ਇੱਛਾ ਸ਼ਕਤੀ ਦੀ ਘਾਟ ਰਹੀ ਹੈ। ਇਹ ਧਿਆਨ ਦੇਣਾ ਮਹੱਤਵਪੂਰਨ ਹੈ ਕਿ ਅਜਿਹੀਆਂ ਪ੍ਰਵਿਰਤੀਆਂ ਨੂੰ ਨਜ਼ਰਅੰਦਾਜ਼ ਕਰਨਾ ਜਾਂ ਕੁਝ ਨੇਤਾਵਾਂ ਦੇ ਨਫ਼ਰਤ ਭਰੇ ਭਾਸ਼ਣ ਵੱਲ ਆਸਾਨੀ ਨਾਲ ਅੱਖਾਂ ਮੀਟਣ ਦਾ ਨਤੀਜਾ ਆਮ ਲੋਕਾਂ ਅਤੇ ਦੇਸ਼ ਨੂੰ ਹੀ ਹੋਵੇਗਾ। ਸੁਪਰੀਮ ਕੋਰਟ ਨੇ ਇਸ ਸੰਦਰਭ ਵਿੱਚ ਇਹ ਵੀ ਕਿਹਾ ਕਿ ਨਫ਼ਰਤ ਭਰੇ ਭਾਸ਼ਣ ਅਤੇ ਅਫਵਾਹਾਂ ਫੈਲਾਉਣ ਨਾਲ ਸਬੰਧਤ ਮੁੱਦੇ ਸਿੱਧੇ ਤੌਰ 'ਤੇ ਭਾਈਚਾਰੇ, ਮਾਣ ਅਤੇ ਸੰਵਿਧਾਨਕ ਵਿਵਸਥਾ ਦੀ ਰੱਖਿਆ ਨਾਲ ਸਬੰਧਤ ਹਨ। ਹਾਲਾਂਕਿ ਕੁਝ ਸੰਵੇਦਨਸ਼ੀਲ ਸਥਿਤੀਆਂ ਵਿੱਚ ਮੌਜੂਦਾ ਕਾਨੂੰਨੀ ਪ੍ਰਬੰਧਾਂ ਦਾ ਦਾਇਰਾ ਸੀਮਤ ਹੈ, ਪਰ ਇਹ ਕੇਂਦਰ ਅਤੇ ਰਾਜ ਸਰਕਾਰਾਂ 'ਤੇ ਨਿਰਭਰ ਕਰਦਾ ਹੈ ਕਿ ਉਹ ਬਦਲਦੇ ਹਾਲਾਤਾਂ ਅਤੇ ਚੁਣੌਤੀਆਂ ਦੇ ਮੱਦੇਨਜ਼ਰ ਹੋਰ ਠੋਸ ਕਾਨੂੰਨੀ ਉਪਾਵਾਂ ਦੀ ਜ਼ਰੂਰਤ 'ਤੇ ਵਿਚਾਰ ਕਰਨ।

**-ਜਗਜੀਤ ਸਿੰਘ ਦਰਦੀ**

## ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਕੀ ਵੇਖਿਆ ਪੰਜਾਬੀਆਂ ਨੇ

# ਇਹ ਕਿਹੋ ਜਿਹਾ ਲੋਕਤੰਤਰ, ਸਿਆਸੀ ਰੰਗਮੰਚ ਅਤੇ ਪੰਜਾਬੀਆਂ ਦੇ ਸਬਰ ਦੀ ਪ੍ਰੀਖਿਆ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਖ਼ਤਮ ਹੋ ਗਿਆ ਹੈ ਤੇ ਉਸ ਤੋਂ ਪੰਜਾਬੀਆਂ ਨੇ ਕੀ ਸਿੱਖਿਆ ਹੈ। ਕੀ ਵੇਖਿਆ ਹੈ। ਹੁਣ ਇਹ ਇਤਿਹਾਸ ਬਣ ਗਿਆ ਹੈ। ਅੱਜ ਜਿਸ ਤਰ੍ਹਾਂ ਦਾ ਨਜ਼ਾਰਾ ਤੂੰ ਤੂੰ ਮੈਂ ਮੈਂ ਤੇ ਮੁੱਖ ਮੰਤਰੀ 'ਤੇ ਨਸ਼ੇ ਵਿੱਚ ਹੋਣ ਦੇ ਇਲਜ਼ਾਮ ਲੱਗੇ ਹਨ, ਅਸਲ ਵਿੱਚ ਆਪ ਪਾਰਟੀ ਨੂੰ ਇਹ ਉਲਟਾ ਪੈ ਗਿਆ ਹੈ। ਅਪੋਜ਼ੀਸ਼ਨ ਨੂੰ ਘੇਰਨ ਦੀ ਤਿਆਰੀ ਵਿੱਚ ਆਪਰੇਸ਼ਨ ਲੋਟਸ ਦੀ ਗੱਲ ਕਰਨ ਤੋਂ ਪਹਿਲਾਂ ਹੀ ਸਮੁੱਚੀ ਅਪੋਜ਼ੀਸ਼ਨ ਨੇ ਮੁੱਖ ਮੰਤਰੀ 'ਤੇ ਨਸ਼ੇ ਵਾਲੇ ਸਵਾਲ ਕਰਕੇ ਬਾਜ਼ੀ ਨੂੰ ਉਲਟਾ ਦਿੱਤਾ ਹੈ। ਅੱਜ ਹੁਣ ਇਹ ਪੰਜਾਬੀਆਂ ਦੇ ਸਬਰ ਦਾ, ਪੰਜਾਬੀਆਂ ਦੇ ਪੈਸਿਆਂ ਦਾ ਕਿਸ ਤਰ੍ਹਾਂ ਦਾ ਨੁਕਸਾਨ ਹੋਇਆ ਹੈ। ਅੱਜ ਕੀ ਦੇਖਿਆ ਹੈ ਪੰਜਾਬ ਦੇ ਲੋਕਾਂ ਨੇ। ਇਸ ਵਿੱਚੋਂ ਪੰਜਾਬ ਦੇ ਲੋਕਾਂ ਨੂੰ ਕੀ ਮਿਲਿਆ ਹੈ। ਇਸ ਵਿਸ਼ੇਸ਼ ਇਜਲਾਸ ਤੋਂ ਇਹ ਹੁਣ ਚਰਚਾ ਦਾ ਮੁੱਦਾ ਬਣ ਗਿਆ ਹੈ ਕਿ ਇਹ ਲੋਕਤੰਤਰ ਦਾ ਮੰਦਰ ਜਾਂ ਸਿਆਸੀ ਅਖਾੜਾ ਹੈ ? ਪੰਜਾਬ ਦੀ ਪਵਿੱਤਰ ਧਰਤੀ, ਜਿਸ ਨੇ ਇਤਿਹਾਸ ਵਿੱਚ ਵੱਡੇ-ਵੱਡੇ ਸੂਰਮੇ, ਚਿੰਤਕ ਅਤੇ ਕ੍ਰਾਂਤੀਕਾਰੀ ਪੈਦਾ ਕੀਤੇ, ਅੱਜ ਆਪਣੀ ਰਾਜਨੀਤਿਕ ਦੁਰਦਸ਼ਾ ਉੱਤੇ ਹੰਝੂ ਵਹਾ ਰਹੀ ਹੈ। ਪੰਜਾਬ ਵਿਧਾਨ ਸਭਾ ਜਿਸ ਨੂੰ 'ਲੋਕਤੰਤਰ ਦਾ ਮੰਦਰ' ਕਿਹਾ ਜਾਂਦਾ ਹੈ, ਜਿੱਥੇ ਸੂਬੇ ਦੇ ਤਿੰਨ ਕਰੋੜ ਲੋਕਾਂ ਦੀ ਕਿਸਮਤ ਦੇ ਫ਼ੈਸਲੇ ਹੋਣੇ ਚਾਹੀਦੇ ਹਨ, ਉਹ ਅੱਜ-ਕੱਲ੍ਹ ਇੱਕ ਅਜਿਹੇ 'ਸਰਕਸ' ਵਿੱਚ ਤਬਦੀਲ ਹੋ ਚੁੱਕੀ ਹੈ, ਜਿੱਥੇ ਲੋਕ ਹਿੱਤਾਂ ਦੀ ਬਜਾਏ ਨਿੱਜੀ ਹਉਮੈ, ਰਾਜਨੀਤਿਕ ਬਦਲਾਖੋਰੀ ਅਤੇ 'ਇਲਜ਼ਾਮਬਾਜ਼ੀ' ਦਾ ਨੰਗਾ ਨਾਚ ਹੋ ਰਿਹਾ ਹੈ। ਹਾਲ ਹੀ ਵਿੱਚ ਸੱਦਿਆ ਗਿਆ ਵਿਸ਼ੇਸ਼ ਇਜਲਾਸ ਕਿਸੇ ਤਾਰੀਫ਼ ਦਾ ਪਾਤਰ ਨਹੀਂ, ਸਗੋਂ ਪੰਜਾਬ ਦੇ ਲੋਕਤੰਤਰ ਉੱਤੇ ਇੱਕ ਅਜਿਹਾ ਧੱਬਾ ਹੈ, ਜਿਸ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਸਾਡੇ ਚੁਣੇ ਹੋਏ ਨੁਮਾਇੰਦੇ ਲੋਕਾਂ ਦੀਆਂ ਸਮੱਸਿਆਵਾਂ ਪ੍ਰਤੀ ਕਿੰਨੇ ਕੁ ਗੰਭੀਰ ਹਨ। ਇਹ ਇਜਲਾਸ ਲੋਕਾਂ ਦੀਆਂ ਉਮੀਦਾਂ ਦਾ ਕਤਲਗਾਹ ਸਾਬਤ ਹੋਇਆ।

ਇਸ ਵਿਸ਼ੇਸ਼ ਇਜਲਾਸ ਦਾ ਮਕਸਦ - ਸੰਵਿਧਾਨਕ ਲੋੜ ਜਾਂ ਸਿਆਸੀ ਸਟੰਟ ਸੀ ? ਸੰਵਿਧਾਨਕ ਮਰਿਆਦਾ ਅਨੁਸਾਰ 'ਵਿਸ਼ੇਸ਼ ਇਜਲਾਸ' ਉਦੋਂ ਬੁਲਾਇਆ ਜਾਂਦਾ ਹੈ ਜਦੋਂ ਸੂਬੇ ਸਿਰ ਕੋਈ ਅਚਾਨਕ ਬਿਪਤਾ ਆ ਪਵੇ, ਕੋਈ ਅਜਿਹਾ ਕਾਨੂੰਨ ਪਾਸ ਕਰਨਾ ਹੋਵੇ ਜਿਸ ਦੀ ਤੁਰੰਤ ਲੋੜ ਹੋਵੇ, ਜਾਂ ਕਿਸੇ ਅਤਿ-ਗੰਭੀਰ ਮੁੱਦੇ 'ਤੇ ਸਾਰੀਆਂ ਪਾਰਟੀਆਂ ਦੀ ਸਹਿਮਤੀ ਬਣਾਉਣੀ ਹੋਵੇ। ਪਰ ਮੌਜੂਦਾ 'ਆਪ' ਸਰਕਾਰ ਨੇ ਇਸ ਪਰੰਪਰਾ ਨੂੰ ਇੱਕ 'ਖਿਡੌਣਾ' ਬਣਾ ਲਿਆ ਹੈ। ਜਦੋਂ ਤੁਹਾਡੇ ਕੋਲ 117 ਵਿੱਚੋਂ 92 ਵਿਧਾਇਕਾਂ ਦਾ ਅਟੁੱਟ ਬਹੁਮਤ ਹੋਵੇ, ਤਾਂ 'ਭਰੋਸੇ ਦਾ ਵੋਟ' ਹਾਸਲ ਕਰਨ ਲਈ ਵਿਸ਼ੇਸ਼ ਇਜਲਾਸ ਬੁਲਾਉਣਾ ਕਿਸੇ ਚੁਟਕਲੇ ਤੋਂ ਘੱਟ ਨਹੀਂ। ਇਹ ਸਵਾਲ ਪੈਦਾ ਹੁੰਦਾ ਹੈ ਕਿ ਕੀ ਸਰਕਾਰ ਨੂੰ ਆਪਣੇ ਵਿਧਾਇਕਾਂ ਉੱਤੇ ਭਰੋਸਾ ਨਹੀਂ ਸੀ? ਜਾਂ ਕੀ ਇਹ ਸਿਰਫ਼ ਕੇਂਦਰ ਸਰਕਾਰ ਨਾਲ 'ਸਿੰਗ ਫਸਾਉਣ' ਅਤੇ ਮੀਡੀਆ ਦੀਆਂ ਸੁਰਖੀਆਂ ਬਟੋਰਨ ਦਾ ਇੱਕ ਤਰੀਕਾ ਸੀ? ਜਦੋਂ ਪੰਜਾਬ ਦੇ ਲੋਕਾਂ ਨੂੰ ਪਤਾ ਹੈ ਕਿ ਸਰਕਾਰ ਕੋਲ ਬਹੁਮਤ ਹੈ, ਤਾਂ ਫਿਰ ਕਰੋੜਾਂ ਰੁਪਏ ਖਰਚ ਕੇ ਇਹ 'ਸ਼ਕਤੀ ਪ੍ਰਦਰਸ਼ਨ' ਕਿਸ ਲਈ? ਅੱਜ ਇਹ ਪੰਜਾਬ ਦੇ ਖਜ਼ਾਨੇ 'ਤੇ ਡਾਕਾ-ਕਰੋੜਾਂ ਦੀ ਬਰਬਾਦੀ ਦਾ ਹਿਸਾਬ ਕੌਣ ਦੇਵੇਗਾ। ਪੰਜਾਬ ਦੋ ਪਹਿਲਾਂ ਹੀ 3.5 ਲੱਖ ਕਰੋੜ ਰੁਪਏ ਦੇ ਕਰਜ਼ੇ ਹੇਠ ਦੱਬਿਆ ਹੋਇਆ ਹੈ। ਸੂਬੇ ਦੇ ਹਰ ਨਵੇਂ ਜੰਮੇ ਬੱਚੇ ਦੇ ਸਿਰ 'ਤੇ ਲੱਖਾਂ ਦਾ ਕਰਜ਼ਾ ਹੈ। ਅਜਿਹੀ ਹਾਲਤ ਵਿੱਚ ਵਿਧਾਨ ਸਭਾ ਦਾ ਇੱਕ ਦਿਨ ਦਾ ਖਰਚਾ, ਜਿਸ ਵਿੱਚ ਬਿਜਲੀ, ਸੁਰੱਖਿਆ, ਸਟਾਫ਼ ਦੀਆਂ ਤਨਖਾਹਾਂ, ਵਿਧਾਇਕਾਂ ਦੇ ਭੱਤੇ ਅਤੇ ਹੋਰ ਪ੍ਰਬੰਧ ਸ਼ਾਮਲ ਹੁੰਦੇ ਹਨ, ਲੱਖਾਂ-ਕਰੋੜਾਂ ਰੁਪਏ ਵਿੱਚ ਪੈਂਦਾ ਹੈ। ਇਹ ਪੈਸਾ ਕਿਸ ਦਾ ਹੈ? ਇਹ ਉਸ ਮਜ਼ਦੂਰ ਦਾ ਹੈ ਜੋ ਸਾਰਾ ਦਿਨ ਹੱਡ-ਭੰਨਵੀਂ ਮਿਹਨਤ ਕਰਕੇ ਟੈਕਸ ਭਰਦਾ ਹੈ, ਇਹ ਉਸ ਕਿਸਾਨ ਦਾ ਹੈ ਜੋ ਮੰਡੀਆਂ ਵਿੱਚ ਰੁਲ ਰਿਹਾ ਹੈ ਅਤੇ ਇਹ ਉਸ ਨੌਜਵਾਨ ਦਾ ਹੈ, ਜਿਸ ਦੇ ਹੱਥ ਵਿੱਚ ਰੁਜ਼ਗਾਰ ਦੀ ਬਜਾਏ ਡਿਗਰੀਆਂ ਦੀਆਂ ਰੱਦੀਆਂ ਹਨ। ਜਦੋਂ ਇਹ ਪੈਸਾ ਕਿਸੇ ਹਸਪਤਾਲ ਦੀ ਦਵਾਈ, ਕਿਸੇ ਸਕੂਲ ਦੀ ਇਮਾਰਤ ਜਾਂ ਕਿਸੇ ਗਰੀਬ ਦੀ ਪੈਨਸ਼ਨ 'ਤੇ ਖਰਚ ਹੋਣਾ ਚਾਹੀਦਾ ਸੀ, ਉਦੋਂ ਸਰਕਾਰ ਇਸ ਨੂੰ 'ਰਾਜਨੀਤਿਕ ਡਰਾਮੇਬਾਜ਼ੀ' ਉੱਤੇ ਫੂਕ ਰਹੀ ਹੈ। ਇਹ ਲੋਕਾਂ ਦੇ ਟੈਕਸ ਦੇ ਪੈਸੇ ਦੀ ਬੇਰਹਿਮ ਬਰਬਾਦੀ ਹੈ ਅਤੇ ਇਸ ਨੂੰ 'ਸਿਆਸੀ ਅਪਰਾਧ' ਕਿਹਾ ਜਾਣਾ ਚਾਹੀਦਾ ਹੈ।

**ਅੱਜ ਭਾਸ਼ਾ ਦਾ ਪੱਧਰ ਅਤੇ ਮਰਿਆਦਾ ਦੀਆਂ ਉੱਡੀਆਂ ਧੱਜੀਆਂ** ਵਿਧਾਨ ਸਭਾ ਵਿੱਚ ਜਿਸ ਤਰ੍ਹਾਂ ਦੀ ਸ਼ਬਦਾਵਲੀ ਵਰਤੀ ਗਈ, ਉਸ ਨੇ ਪੰਜਾਬੀਆਂ ਦਾ ਸਿਰ ਸ਼ਰਮ ਨਾਲ ਨੀਵਾਂ ਕਰ ਦਿੱਤਾ ਹੈ। ਮੁੱਖ ਮੰਤਰੀ ਅਤੇ ਵਿਰੋਧੀ ਧਿਰ ਦੇ ਆਗੂਆਂ ਵਿਚਕਾਰ ਹੋਈ ਤਕਰਾਰ ਵਿੱਚ ਜਿਸ ਤਰ੍ਹਾਂ ਦੇ 'ਸ਼ਬਦੀ ਬਾਣ' ਚੱਲੇ, ਉਹ ਕਿਸੇ ਗਲੀ-ਮੁਹੱਲੇ ਦੀ ਲੜਾਈ ਵਰਗੇ ਪ੍ਰਤੀਤ ਹੋ ਰਹੇ ਸਨ।

ਸਭ ਤੋਂ ਵੱਡਾ ਵਿਵਾਦ ਉਦੋਂ ਖੜ੍ਹਾ ਹੋਇਆ, ਜਦੋਂ ਮੁੱਖ ਮੰਤਰੀ ਉੱਤੇ ਨਸ਼ੇ ਵਿੱਚ ਹੋਣ ਦੇ ਇਲਜ਼ਾਮ ਲੱਗੇ। ਇਸ ਤੋਂ ਬਾਅਦ 'ਡੋਪ ਟੈਸਟ' ਕਰਵਾਉਣ ਦੀਆਂ ਚੁਣੌਤੀਆਂ ਦਿੱਤੀਆਂ ਗਈਆਂ। ਸੋਚਣ ਵਾਲੀ ਗੱਲ ਇਹ ਹੈ ਕਿ ਜਿਸ ਸੂਬੇ ਦਾ ਨੌਜਵਾਨ ਅਸਲ ਵਿੱਚ ਨਸ਼ਿਆਂ ਦੀ ਦਲਦਲ ਵਿੱਚ ਫਸਿਆ ਹੋਇਆ ਹੈ, ਉਸ ਸੂਬੇ ਦੀ ਵਿਧਾਨ ਸਭਾ ਵਿੱਚ ਬੈਠੇ ਲੀਡਰ ਇੱਕ-ਦੂਜੇ ਨੂੰ 'ਨਸ਼ਈ' ਕਹਿ ਕੇ ਮਖੌਲ ਉਡਾ ਰਹੇ ਸਨ। ਕੀ ਇਹ ਪੰਜਾਬ ਦੇ ਗੰਭੀਰ ਮੁੱਦਿਆਂ ਨਾਲ ਖਿਲਵਾੜ ਨਹੀਂ? ਜਿੱਥੇ 'ਚਿੱਟੇ' ਨਾਲ ਉੱਜੜ ਰਹੇ ਘਰਾਂ ਦੀ ਗੱਲ ਹੋਣੀ ਚਾਹੀਦੀ ਸੀ, ਉੱਥੇ ਨਿੱਜੀ ਦੂਸ਼ਣਬਾਜ਼ੀ ਨੇ ਸਾਰੇ ਮੁੱਦੇ ਦਬਾ ਦਿੱਤੇ।

**ਅੱਜ 'ਆਪ' ਦੀ ਅੰਦਰੂਨੀ ਫੁੱਟ ਅਤੇ 'ਆਪ੍ਰੇਸ਼ਨ ਲੋਟਸ' ਦਾ ਹਊਆ** : ਇਸ ਇਜਲਾਸ ਦਾ ਅਸਲੀ ਕਾਰਨ ਪਾਰਟੀ ਦੀ ਅੰਦਰੂਨੀ ਸਥਿਤੀ ਨੂੰ ਸੰਭਾਲਣਾ ਸੀ। ਰਾਘਵ ਚੱਡਾ ਸਮੇਤ ਕਈ ਰਾਜ ਸਭਾ ਮੈਂਬਰਾਂ ਅਤੇ ਵਿਧਾਇਕਾਂ ਦੇ ਭਾਜਪਾ ਵਿੱਚ ਜਾਣ ਦੀਆਂ ਅਫਵਾਹਾਂ ਨੇ 'ਆਪ' ਹਾਈਕਮਾਂਡ ਦੀ ਨੀਂਦ ਉਡਾਈ ਹੋਈ ਸੀ। ਪਾਰਟੀ ਦੇ ਅੰਦਰ ਪੈਦਾ ਹੋਈ ਅਸਥਿਰਤਾ ਅਤੇ 'ਅੰਦਰੂਨੀ ਗਦਾਰੀ' ਦੇ ਡਰ ਨੇ ਸਰਕਾਰ ਨੂੰ ਇਹ ਸਾਬਤ ਕਰਨ ਲਈ ਮਜਬੂਰ ਕਰ ਦਿੱਤਾ ਕਿ ਸਭ ਅੱਛਾ ਹੈ।

ਪਰ ਜਨਤਾ ਸਭ ਜਾਣਦੀ ਹੈ। ਜਦੋਂ ਤੁਹਾਨੂੰ ਆਪਣੇ ਹੀ ਵਿਧਾਇਕਾਂ ਨੂੰ ਹੋਟਲਾਂ ਵਿੱਚ ਬੰਦ ਕਰਨਾ ਪਵੇ ਜਾਂ ਵਾਰ-ਵਾਰ ਵਫ਼ਾਦਾਰੀ ਦੇ ਸਬੂਤ ਮੰਗਣੇ ਪੈਣ, ਤਾਂ ਸਮਝ ਲਓ ਕਿ ਕਿਤੇ ਨਾ ਕਿਤੇ ਦਾਲ ਵਿੱਚ ਕਾਲਾ ਹੈ। 'ਆਪ੍ਰੇਸ਼ਨ ਲੋਟਸ' ਦਾ ਨਾਂ ਲੈ ਕੇ ਸਰਕਾਰ ਆਪਣੀਆਂ ਨਾਕਾਮੀਆਂ ਛੁਪਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਵਿਰੋਧੀ ਧਿਰ ਨੇ ਇਸ ਮੌਕੇ ਦਾ ਫਾਇਦਾ ਉਠਾਇਆ ਅਤੇ ਸਰਕਾਰ ਨੂੰ 'ਭਰਮ ਵਿੱਚ ਜੀ ਰਹੀ ਸਰਕਾਰ' ਕਰਾਰ ਦਿੱਤਾ।

ਇਸ ਵਿਸ਼ੇਸ਼ ਇਜਲਾਸ ਵਿੱਚ ਵਿਸਰ ਗਏ ਅਸਲੀ ਮੁੱਦੇ -ਜਨਤਾ ਦੇ ਦਰਦ ਦੀ ਕਿਸ ਨੂੰ ਪ੍ਰਵਾਹ ਹੈ ? ਇਸ ਇਜਲਾਸ ਦੌਰਾਨ ਪੰਜਾਬ ਦੇ ਅਸਲੀ ਮੁੱਦੇ ਕਿਤੇ ਗੁੰਮ ਹੋ ਕੇ ਰਹਿ ਗਏ। ਆਓ ਦੇਖੀਏ ਉਹ ਕਿਹੜੇ ਸਵਾਲ ਸਨ ਜੋ ਵਿਧਾਨ ਸਭਾ ਵਿੱਚ ਗੂੰਜਣੇ ਚਾਹੀਦੇ ਸਨ ਪਰ ਨਹੀਂ ਗੂੰਜੇ:

ਅੱਜ ਨਸ਼ਾਖੋਰੀ ਪੰਜਾਬ ਦਾ ਪਿੰਡ-ਪਿੰਡ ਨਸ਼ੇ ਦੀ ਮਾਰ ਹੇਠ ਹਨ। ਹਰ ਰੋਜ਼ ਕਿਸੇ ਮਾਂ ਦਾ ਪੁੱਤ ਨਸ਼ੇ ਦੀ ਭੇਟ ਚੜ੍ਹ ਰਿਹਾ ਹੈ। ਪਰ ਵਿਧਾਨ ਸਭਾ ਵਿੱਚ ਇਸ 'ਤੇ ਠੋਸ ਨੀਤੀ ਬਣਾਉਣ ਦੀ ਬਜਾਏ ਸਿਰਫ਼ ਰਾਜਨੀਤੀ ਹੋਈ।ਅੱਜ ਖੇਤੀਬਾੜੀ ਸੰਕਟ ਹੈ। ਕਿਸਾਨਾਂ ਨੂੰ ਐਮ.ਐਸ.ਪੀ. (MSP) ਦੀ ਗਰੰਟੀ, ਮੰਡੀਆਂ ਵਿੱਚ ਖੱਜਲ-ਖੁਆਰੀ ਅਤੇ ਕਰਜ਼ੇ ਕਾਰਨ ਹੋ ਰਹੀਆਂ ਖੁਦਕੁਸ਼ੀਆਂ 'ਤੇ ਕੋਈ ਗੰਭੀਰ ਚਰਚਾ ਨਹੀਂ ਹੋਈ।

**ਬੇਰੁਜ਼ਗਾਰੀ ਅਤੇ ਹਿਜਰਤ**: ਪੰਜਾਬ ਦਾ ਪੜ੍ਹਿਆ-ਲਿਖਿਆ ਨੌਜਵਾਨ ਮਜਬੂਰੀਵੱਸ ਵਿਦੇਸ਼ਾਂ ਵੱਲ ਭੱਜ ਰਿਹਾ ਹੈ। ਸੂਬੇ ਵਿੱਚ ਨਵੇਂ ਉਦਯੋਗ ਲਗਾਉਣ ਜਾਂ ਰੁਜ਼ਗਾਰ ਪੈਦਾ ਕਰਨ ਬਾਰੇ ਕੋਈ ਰੋਡਮੈਪ ਪੇਸ਼ ਨਹੀਂ ਕੀਤਾ ਗਿਆ।

ਅੱਜ ਕਾਨੂੰਨ ਵਿਵਸਥਾ ਗੈਂਗਸਟਰ ਕਲਚਰ ਅਤੇ ਫਿਰੌਤੀਆਂ ਦੇ ਡਰ ਕਾਰਨ ਪੰਜਾਬ ਦੇ ਵਪਾਰੀ ਸਹਿਮੇ ਹੋਏ ਹਨ। ਦਿਨ-ਦਿਹਾੜੇ ਹੋ ਰਹੇ ਕਤਲਾਂ 'ਤੇ ਸਰਕਾਰ ਨੇ ਚੁੱਪੀ ਧਾਰੀ ਰੱਖੀ। ਅੱਜ ਸਿਹਤ ਅਤੇ ਸਿੱਖਿਆ ਵਿੱਚ ਸਰਕਾਰੀ ਹਸਪਤਾਲਾਂ ਵਿੱਚ ਡਾਕਟਰਾਂ ਦੀ ਘਾਟ ਅਤੇ ਸਕੂਲਾਂ ਦੇ ਡਿੱਗਦੇ ਪੱਧਰ 'ਤੇ ਗੱਲ ਕਰਨ ਦੀ ਬਜਾਏ ਲੀਡਰਾਂ ਨੇ ਇੱਕ-ਦੂਜੇ ਦੇ ਕੱਪੜੇ ਪਾੜਨ ਨੂੰ ਤਰਜੀਹ ਦਿੱਤੀ।ਅੱਜ ਵਿਰੋਧੀ ਧਿਰ ਦੀ ਭੂਮਿਕਾ-ਉਸਾਰੂ ਜਾਂ ਸਿਰਫ਼ ਵਿਰੋਧ ਲਈ ਵਿਰੋਧ ? ਅੱਜ ਜਿੰਨੀ ਜ਼ਿੰਮੇਵਾਰੀ ਸੱਤਾਧਾਰੀ ਪਾਰਟੀ ਦੀ ਹੈ, ਉਨੀ ਹੀ ਵਿਰੋਧੀ ਧਿਰ ਦੀ ਵੀ ਹੈ। ਪਰ ਪੰਜਾਬ ਦੀ ਵਿਰੋਧੀ ਧਿਰ ਵੀ ਇਸ 'ਡਰਾਮੇ' ਦਾ ਬਰਾਬਰ ਦਾ ਹਿੱਸਾ ਬਣੀ। ਵਾਕਆਊਟ ਕਰਨਾ ਇੱਕ ਲੋਕਤੰਤਰਿਕ ਹੱਕ ਹੈ, ਪਰ ਹਰ ਗੱਲ 'ਤੇ ਸਦਨ ਛੱਡ ਕੇ ਭੱਜ ਜਾਣਾ ਲੋਕਾਂ ਦੇ ਫਤਵੇ ਦੀ ਤੌਹੀਨ ਹੈ। ਵਿਰੋਧੀ ਧਿਰ ਨੇ ਸਰਕਾਰ ਨੂੰ ਘੇਰਨ ਲਈ ਤੱਥਾਂ ਅਤੇ ਅੰਕੜਿਆਂ ਦੀ ਵਰਤੋਂ ਕਰਨ ਦੀ ਬਜਾਏ ਨਿੱਜੀ ਹਮਲਿਆਂ ਦਾ ਸਹਾਰਾ ਲਿਆ। ਜੇਕਰ ਵਿਰੋਧੀ ਧਿਰ ਅਸਲੀ ਮੁੱਦਿਆਂ 'ਤੇ ਡੱਟ ਕੇ ਬਹਿਸ ਕਰਦੀ, ਤਾਂ ਸ਼ਾਇਦ ਸਰਕਾਰ ਨੂੰ ਜਵਾਬ ਦੇਣੇ ਪੈਂਦੇ। ਪਰ ਅਫ਼ਸੋਸ, ਦੋਵੇਂ ਧਿਰਾਂ 'ਨੂਰਾ ਕੁਸ਼ਤੀ' ਵਿੱਚ ਮਸ਼ਗੂਲ ਰਹੀਆਂ।

**ਅੱਜ ਪੰਜਾਬ ਦਾ ਅਕਸ ਅਤੇ ਭਵਿੱਖ ਦੀ ਚੁਣੌਤੀ**: ਪੰਜਾਬ ਵਿਧਾਨ ਸਭਾ ਦੀਆਂ ਕਾਰਵਾਈਆਂ ਨੂੰ ਪੂਰੀ ਦੁਨੀਆ ਵਿੱਚ ਬੈਠੇ ਪੰਜਾਬੀ ਦੇਖਦੇ ਹਨ। ਜਦੋਂ ਅਜਿਹਾ ਵਿਹਾਰ ਸਾਹਮਣੇ ਆਉਂਦਾ ਹੈ, ਤਾਂ ਵਿਦੇਸ਼ਾਂ ਵਿੱਚ ਬੈਠੇ ਪ੍ਰਵਾਸੀ ਭਾਰਤੀਆਂ (NRIs) ਦਾ ਆਪਣੀ ਜੜ੍ਹਾਂ ਨਾਲੋਂ ਮੋਹ ਭੰਗ ਹੁੰਦਾ ਹੈ। ਨਿਵੇਸ਼ਕ ਪੰਜਾਬ ਆਉਣ ਤੋਂ ਕਤਰਾਉਂਦੇ ਹਨ। ਇਹ ਇਜਲਾਸ ਪੰਜਾਬ ਦੇ 'ਗੌਰਵਮਈ ਇਤਿਹਾਸ' ਦੇ ਉਲਟ 'ਸ਼ਰਮਨਾਕ ਵਰਤਮਾਨ' ਦੀ ਤਸਵੀਰ ਪੇਸ਼ ਕਰ ਰਿਹਾ ਸੀ। ਪੰਜਾਬ ਦੇ ਲੋਕਾਂ ਨੇ 2022 ਵਿੱਚ ਇੱਕ 'ਬਦਲਾਅ' ਲਈ ਵੋਟ ਪਾਈ ਸੀ। ਉਨ੍ਹਾਂ ਨੇ ਸੋਚਿਆ ਸੀ ਕਿ ਪੁਰਾਣੀਆਂ ਪਾਰਟੀਆਂ ਦੀ ਖਿੱਚੋਤਾਣ ਖ਼ਤਮ ਹੋਵੇਗੀ ਅਤੇ ਇੱਕ ਨਵੇਂ ਪੰਜਾਬ ਦੀ ਸਿਰਜਣਾ ਹੋਵੇਗੀ। ਪਰ ਹੁਣ ਉਨ੍ਹਾਂ ਨੂੰ ਲੱਗ ਰਿਹਾ ਹੈ ਕਿ ਸਿਰਫ਼ 'ਚਿਹਰੇ' ਬਦਲੇ ਹਨ, 'ਚਾਲ' ਨਹੀਂ। ਸਿਆਸਤ ਅਜੇ ਵੀ ਉਹੀ ਹੈ - ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡਣਾ ਅਤੇ ਆਪਣੀ ਸੱਤਾ ਬਰਕਰਾਰ ਰੱਖਣਾ।

**ਅੱਜ ਮੀਡੀਆ ਦੀ ਜ਼ਿੰਮੇਵਾਰੀ ਅਤੇ 'ਸੋਸ਼ਲ ਮੀਡੀਆ' ਦਾ ਪ੍ਰਭਾਵ**

ਅੱਜ ਦੇ ਦੌਰ ਵਿੱਚ ਮੀਡੀਆ ਨੇ ਵੀ ਇਸ ਡਰਾਮੇ ਨੂੰ 'ਟੀ.ਆਰ.ਪੀ.' (TRP) ਦਾ ਜ਼ਰੀਆ ਬਣਾ ਲਿਆ ਹੈ। ਗੰਭੀਰ ਵਿਸ਼ਲੇਸ਼ਣ ਦੀ ਬਜਾਏ ਸਿਰਫ਼ ਚਟਪਟੀਆਂ ਖ਼ਬਰਾਂ, ਗਾਲੀ-ਗਲੌਚ ਦੀਆਂ ਕਲਿੱਪਾਂ ਅਤੇ ਲੀਡਰਾਂ ਦੇ ਟੋਟਕੇ ਦਿਖਾਏ ਜਾਂਦੇ ਹਨ। ਇਸ ਨਾਲ ਆਮ ਜਨਤਾ ਦਾ ਧਿਆਨ ਅਸਲੀ ਮੁੱਦਿਆਂ ਤੋਂ ਭਟਕ ਕੇ 'ਮਨੋਰੰਜਨ' ਵੱਲ ਚਲਾ ਜਾਂਦਾ ਹੈ। ਸੋਸ਼ਲ ਮੀਡੀਆ 'ਤੇ ਚੱਲ ਰਹੀਆਂ 'ਟਰੋਲ ਸੈਨਾਵਾਂ' ਨੇ ਬਹਿਸ ਦੇ ਪੱਧਰ ਨੂੰ ਹੋਰ ਵੀ ਗੰਦਾ ਕਰ ਦਿੱਤਾ ਹੈ।

**ਅਧਿਆਇ 9: ਲੋਕਾਂ ਦਾ ਗੁੱਸਾ - ਇੱਕ ਉੱਠ ਰਿਹਾ ਜਵਾਲਾਮੁਖੀ**: ਪੰਜਾਬ ਦੇ ਪਿੰਡਾਂ, ਸ਼ਹਿਰਾਂ ਅਤੇ ਕਸਬਿਆਂ ਵਿੱਚ ਲੋਕਾਂ ਅੰਦਰ ਅੰਦਰੂਨੀ ਗੁੱਸਾ ਪਣਪ ਰਿਹਾ ਹੈ। ਅੱਜ ਲੋਕ ਹੁਣ ਇਨ੍ਹਾਂ ਭਾਸ਼ਣਾਂ ਤੋਂ ਅੱਕ ਚੁੱਕੇ ਹਨ। ਉਹ ਰੋਜ਼ਗਾਰ ਚਾਹੁੰਦੇ ਹਨ, ਉਹ ਸੁਰੱਖਿਅਤ ਮਾਹੌਲ ਚਾਹੁੰਦੇ ਹਨ, ਉਹ ਆਪਣੇ ਬੱਚਿਆਂ ਲਈ ਬਿਹਤਰ ਭਵਿੱਖ ਚਾਹੁੰਦੇ ਹਨ। ਜੇਕਰ ਰਾਜਨੀਤਿਕ ਪਾਰਟੀਆਂ ਨੇ ਆਪਣਾ ਰਵੱਈਆ ਨਾ ਬਦਲਿਆ, ਤਾਂ ਇਹ ਗੁੱਸਾ ਆਉਣ ਵਾਲੇ ਸਮੇਂ ਵਿੱਚ ਇੱਕ ਵੱਡੇ ਰਾਜਨੀਤਿਕ ਧਮਾਕੇ ਦਾ ਰੂਪ ਲੈ ਸਕਦਾ ਹੈ। ਇਤਿਹਾਸ ਗਵਾਹ ਹੈ ਕਿ ਜਦੋਂ ਵੀ ਪੰਜਾਬੀ ਲੋਕਾਂ ਨੇ ਮਹਿਸੂਸ ਕੀਤਾ ਕਿ ਉਨ੍ਹਾਂ ਨਾਲ ਧੋਖਾ ਹੋ ਰਿਹਾ ਹੈ, ਉਨ੍ਹਾਂ ਨੇ ਵੱਡੀਆਂ-ਵੱਡੀਆਂ ਸਲਤਨਤਾਂ ਨੂੰ ਉਖਾੜ ਸੁੱਟਿਆ ਹੈ। ਅੱਜ ਦੇ ਲੀਡਰਾਂ ਨੂੰ ਇਹ ਭੁਲੇਖਾ ਨਹੀਂ ਰਹਿਣਾ ਚਾਹੀਦਾ ਕਿ ਉਹ ਲੋਕਾਂ ਨੂੰ ਸਦਾ ਲਈ ਮੂਰਖ ਬਣਾ ਸਕਦੇ ਹਨ। ਪੰਜਾਬ ਨੂੰ ਬਚਾਉਣ ਦਾ ਰਸਤਾ ਪੰਜਾਬ ਵਿਧਾਨ ਸਭਾ ਦਾ ਇਹ ਵਿਸ਼ੇਸ਼ ਇਜਲਾਸ ਇੱਕ 'ਸਬਕ' ਹੋਣਾ ਚਾਹੀਦਾ ਹੈ। ਇਸ ਨੇ ਸਾਬਤ ਕਰ ਦਿੱਤਾ ਹੈ ਕਿ ਜਵਾਬਦੇਹੀ ਤੈਅ ਹੋਵੇ। ਵਿਧਾਨ ਸਭਾ ਦੇ ਹਰ ਮਿੰਟ ਦਾ ਖਰਚਾ ਅਤੇ ਉੱਥੇ ਹੋਈ ਚਰਚਾ ਦਾ ਆਊਟਪੁੱਟ ਜਨਤਾ ਦੇ ਸਾਹਮਣੇ ਰੱਖਿਆ ਜਾਵੇ। ਅੱਜ ਮਰਿਆਦਾ ਕਾਨੂੰਨ , ਸਦਨ ਵਿੱਚ ਗਾਲੀ-ਗਲੌਚ ਕਰਨ ਵਾਲੇ ਵਿਧਾਇਕਾਂ 'ਤੇ ਸਖ਼ਤ ਕਾਰਵਾਈ ਅਤੇ ਭਾਰੀ ਜੁਰਮਾਨਾ ਹੋਣਾ ਚਾਹੀਦਾ ਹੈ। ਹੁਣ ਲੋਕਾਂ ਦੀ ਭਾਗੀਦਾਰੀ ਲੋਕਾਂ ਨੂੰ ਆਪਣੇ ਵਿਧਾਇਕਾਂ ਨੂੰ ਸਵਾਲ ਪੁੱਛਣ ਦਾ ਹੱਕ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਸਦਨ ਵਿੱਚ ਉਨ੍ਹਾਂ ਦੇ ਮੁੱਦੇ ਕਿਉਂ ਨਹੀਂ ਚੁੱਕੇ ? ਅੱਜ ਰਾਜਨੀਤੀ ਤੋਂ ਉੱਪਰ ਉੱਠਣਾ ਚਾਹੀਦਾ ਹੈ ਅਤੇ ਪੰਜਾਬ ਦੇ ਮੁੱਦੇ (ਪਾਣੀ, ਨਸ਼ਾ, ਕਰਜ਼ਾ) ਕਿਸੇ ਇੱਕ ਪਾਰਟੀ ਦੇ ਨਹੀਂ ਹਨ। ਇਨ੍ਹਾਂ 'ਤੇ ਸਾਂਝੀ ਰਣਨੀਤੀ ਬਣਾਉਣ ਲਈ 'ਅਸਲੀ' ਵਿਸ਼ੇਸ਼ ਇਜਲਾਸ ਬੁਲਾਇਆ ਜਾਣਾ ਚਾਹੀਦਾ ਹੈ। ਅੱਜ ਪੰਜਾਬ ਕੋਈ ਰੰਗਮੰਚ ਨਹੀਂ ਹੈ ਅਤੇ ਨਾ ਹੀ ਪੰਜਾਬੀ ਲੋਕ 'ਦਰਸ਼ਕ' ਹਨ। ਪੰਜਾਬ ਇੱਕ ਜਿਉਂਦਾ-ਜਾਗਦਾ ਅਹਿਸਾਸ ਹੈ, ਜੋ ਆਪਣੀ ਹੋਂਦ ਦੀ ਲੜਾਈ ਲੜ ਰਿਹਾ ਹੈ। ਵਿਧਾਨ ਸਭਾ ਵਿੱਚ ਹੋਇਆ ਇਹ ਡਰਾਮਾ ਸਿਰਫ਼ ਪੈਸੇ ਦੀ ਬਰਬਾਦੀ ਨਹੀਂ, ਸਗੋਂ ਪੰਜਾਬ ਦੀ ਰੂਹ ਨਾਲ ਖਿਲਵਾੜ ਹੈ। ਹੁਣ ਸਮਾਂ ਆ ਗਿਆ ਹੈ ਕਿ ਅਸੀਂ ਜਾਗਦੇ ਹੋਈਏ, ਸਵਾਲ ਕਰੀਏ ਅਤੇ ਇਨ੍ਹਾਂ ਸਿਆਸੀ ਖਿਡਾਰੀਆਂ ਨੂੰ ਯਾਦ ਦਿਵਾਈਏ ਕਿ ਉਹ 'ਮਾਲਕ' ਨਹੀਂ, 'ਸੇਵਾਦਾਰ' ਹਨ। ਜੇਕਰ ਪੰਜਾਬ ਨੂੰ ਫਿਰ ਤੋਂ 'ਸੋਨੇ ਦੀ ਚਿੜੀ' ਅਤੇ ਖੁਸ਼ਹਾਲ ਸੂਬਾ ਬਣਾਉਣਾ ਹੈ, ਤਾਂ ਸਾਨੂੰ ਇਸ 'ਖੋਖਲੇ ਡਰਾਮੇ' ਨੂੰ ਤਿਆਗ ਕੇ 'ਸਾਰਥਕ ਰਾਜਨੀਤੀ' ਵੱਲ ਵਧਣਾ ਪਵੇਗਾ। ਨਹੀਂ ਤਾਂ ਇਤਿਹਾਸ ਸਾਨੂੰ ਕਦੇ ਮੁਆਫ਼ ਨਹੀਂ ਕਰੇਗਾ।

# ਐਸੰਬਲੀ ਦੇ ਇਤਿਹਾਸ 'ਚ ਕਾਲਾ ਪੰਨਾ ਜੁੜਿਆ

ਕਮਲਜੀਤ ਸਿੰਘ ਬਨਵੈਤ
98147 34035



ਕਿਸੇ ਵੀ ਸੂਬੇ ਦੀ ਵਿਧਾਨ ਸਭਾ ਅਤੇ ਮੁਲਕ ਦੀ ਪਾਰਲੀਮੈਂਟ ਨੂੰ ਪਵਿੱਤਰ ਸਦਨ ਦਾ ਦਰਜਾ ਦਿੱਤਾ ਗਿਆ ਹੈ। ਸੂਬਿਆਂ ਦੇ ਵਿਧਾਇਕ ਹੋਣ ਜਾਂ ਫਿਰ ਮੁਲਕ ਦੇ ਮੈਂਬਰ ਲੋਕ ਸਭਾ ਧੁਰ ਅੰਦਰੋਂ ਇਸ ਦਾ ਦਰਜਾ ਪਵਿੱਤਰ ਰੱਖਣ ਤੋਂ ਮੁਨਕਰ ਹੋ ਕੇ ਰਹਿ ਗਏ ਹਨ। ਵਿਧਾਨ ਸਭਾ ਜਾਂ ਪਾਰਲੀਮੈਂਟ ਵਿੱਚ ਸਾਡੇ ਚੁਣੇ ਹੋਏ ਪ੍ਰਤੀਨਿੱਧ ਕੀ ਕਰਦੇ ਹਨ, ਕਿਸੇ ਤੋਂ ਲੁਕਿਆ ਨਹੀਂ ਰਿਹਾ ਹੈ। ਅਸੈਂਬਲੀ ਅਤੇ ਲੋਕ ਸਭਾ ਵਿੱਚ ਗਲੀਆਂ ਵਾਲੀ ਲੜਾਈ ਹੋਣ ਲੱਗੀ ਹੈ। ਚੱਪਲਾਂ ਚੱਲਣ ਲੱਗੀਆਂ ਹਨ, ਕੁੱਟ ਕੁਟਾਪਾ ਹੋਣ ਲੱਗਾ ਹੈ, ਦਸਤਾਰਾਂ ਤੱਕ ਨੂੰ ਹੱਥ ਪਾਇਆ ਜਾਂਦਾ ਹੈ। ਨਿਆਣਿਆਂ ਦੀ ਤਰ੍ਹਾਂ ਬਾਹਰ ਨਿਕਲ ਕੇ ਦੇਖਣ ਦੀ ਚੁਣੌਤੀ ਵੀ ਦਿੱਤੀ ਜਾਣ ਲੱਗੀ ਹੈ। ਕਿਸੇ ਇੱਕ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ, ਹਾਕਮ ਵੀ ਕਿਸੇ ਖਾਈ ਵਿੱਚ ਡਿੱਗੇ ਹੋਏ ਹਨ।

ਸਿਆਸਤਦਾਨ ਹੋਰ ਕਿੰਨਾ ਕੁ ਹੇਠਾਂ ਡਿੱਗੇਗਾ, ਇਹ ਸਮਾਜ ਲਈ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਇਹ ਉਸ ਤੋਂ ਵੀ ਵੱਡੀ ਫ਼ਿਕਰਮੰਦੀ ਹੈ। ਇੰਜ ਲੱਗਦਾ ਹੈ ਕਿ ਸਤਾ ਦੀ ਭੁੱਖ ਵਿੱਚ ਹਾਬੜ ਚੁੱਕ ਕੇ ਇਹਨਾਂ ਰਾਜਨੀਤਿਕ ਨੇਤਾਵਾਂ ਨੂੰ ਦਿਸਦਾ ਹੀ ਕੁਝ ਨਹੀਂ ਹੈ। ਸੱਤਾ ਪ੍ਰਾਪਤੀ ਲਈ ਉਹ ਕਿਸੇ ਵੀ ਹੱਦ ਤੱਕ ਦੂਜੇ ਨੂੰ ਚਿੱਕੜ ਨਾਲ ਲਿਬੇੜਣ ਤਕ ਜਾਣ ਲੱਗੇ ਹਨ। ਕਹਿੰਦੇ ਨੇ ਕਿ ਸੂਰ ਨੂੰ ਚਿੱਕੜ ਵਿੱਚ ਰਹਿਣਾ ਚੰਗਾ ਲੱਗਦਾ ਹੈ ਅਤੇ ਉਹ ਦੂਜਿਆਂ ਨੂੰ ਵੀ ਚਿੱਕੜ ਵਿੱਚ ਹੀ ਖਿੱਚ ਕੇ ਲਿਆਉਣ ਦੀ ਤਾਕਤ ਵਿੱਚ ਰਹਿੰਦਾ ਹੈ। ਸਿਆਣੇ ਬੰਦੇ ਸੂਰ ਦੀ ਮਾਰ ਤੋਂ ਪਾਸਾ ਵੱਟ ਕੇ ਲੰਘ ਜਾਂਦੇ ਹਨ। ਪਰ ਪੰਜਾਬ ਦੀ ਸਿਆਸਤ ਵਿੱਚ ਤਾਂ ਆਵਾ ਹੀ ਊਤਿਆ ਪਿਆ ਹੈ।

ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਅੱਜ ਮਜ਼ਦੂਰ ਦਿਵਸ ਨੂੰ ਸਮਰਪਿਤ ਪੰਜਾਬ ਵਿਧਾਨ ਸਭਾ ਦਾ ਇੱਕ ਦਿਨਾਂ ਵਿਸ਼ੇਸ਼ ਸੈਸ਼ਨ ਸੱਦਿਆ ਗਿਆ ਸੀ। ਇਸ ਸੈਸ਼ਨ ਵਿੱਚ ਜਿਹੜੀ ਭੰਗ ਭੁੱਜੀ, ਉਸ ਨਾਲ ਪੰਜਾਬੀਆਂ ਦਾ ਸਿਰ ਨੀਵਾਂ ਹੋਇਆ ਹੈ। ਵਿਧਾਨ ਸਭਾ ਦੇ ਅੰਦਰ ਕੁੱਕੜ ਲੜਾਈ ਹੁੰਦੀ ਦਿਸੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਕਾਂਗਰਸ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ ਤਾੜਦੇ ਦੇਖੇ ਗਏ। ਇਸ ਵੇਲੇ ਲੱਗਦਾ ਸੀ ਜਿਵੇਂ ਉਹ ਆਪਣੀ ਜ਼ੁਬਾਨ ਤੋਂ ਕੰਟਰੋਲ ਗੁਆ ਬੈਠੇ ਹੋਣ। ਸੁਖਪਾਲ ਸਿੰਘ ਖਹਿਰਾ ਨੇ ਅੱਗੇ ਤੋਂ ਮੁੱਖ ਮੰਤਰੀ ਉੱਤੇ ਸ਼ਰਾਬ ਪੀ ਕੇ ਵਿਧਾਨ ਸਭਾ ਵਿੱਚ ਆਉਣ ਦੇ ਦੋਸ਼ ਲਗਾ ਦਿੱਤੇ। ਸੁਖਪਾਲ ਸਿੰਘ ਖਹਿਰਾ ਨੇ ਵਿਧਾਨ ਸਭਾ ਦੇ ਸਪੀਕਰ ਕੋਲ ਮੁੱਖ ਮੰਤਰੀ ਦਾ ਅਲਕੋਹਲ ਅਤੇ ਡੋਪ ਟੈਸਟ ਕਰਾਉਣ ਦੀ ਮੰਗ ਰੱਖ ਦਿੱਤੀ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਇਸ ਤੋਂ ਅੱਗੇ ਜਾਂਦਿਆਂ ਕਿਹਾ ਕਿ ਮੁੱਖ ਮੰਤਰੀ ਸਮੇਤ ਸੱਤਾ ਅਤੇ ਵਿਰੋਧੀ ਧਿਰ ਦੇ ਵਿਧਾਇਕਾਂ ਦਾ ਡੋਪ ਟੈਸਟ ਹੋਣਾ ਚਾਹੀਦਾ ਹੈ ਅਤੇ ਇਹ ਪੀਜੀਆਈ ਦੇ ਡਾਕਟਰਾਂ ਤੋਂ ਕਰਵਾਇਆ ਜਾਵੇ। ਵਿਰੋਧੀ ਧਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਕੋਲ ਇਹ ਮੰਗ ਲਿਖਤੀ ਤੌਰ 'ਤੇ ਵੀ ਰੱਖ ਦਿੱਤੀ। ਪੰਜਾਬ ਵਿਧਾਨ ਸਭਾ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੈ ਜਦੋਂ ਕਿਸੇ ਮੁੱਖ ਮੰਤਰੀ ਉੱਤੇ ਇੰਨੇ ਗੰਭੀਰ ਦੋਸ਼ ਲਾਏ ਗਏ ਹੋਣ। ਕਿਹਾ ਜਾ ਸਕਦਾ ਹੈ ਕਿ ਮਜ਼ਦੂਰਾਂ ਦਾ ਪੱਖ ਪੂਰਨ ਲਈ ਸੱਦੇ ਵਿਸ਼ੇਸ਼ ਸੈਸ਼ਨ ਵਿੱਚ ਹੇਠਲੇ ਦਰਜੇ ਦੀ ਦੂਸ਼ਣਬਾਜ਼ੀ ਹੋਣ ਨਾਲ ਵਿਧਾਨ ਸਭਾ ਦੇ ਇਤਿਹਾਸ ਵਿੱਚ ਇੱਕ ਕਾਲਾ ਪੰਨਾ ਜੁੜ ਗਿਆ ਹੈ। ਇਸ ਤੋਂ ਪਹਿਲਾਂ ਚੱਲੇ ਸੈਸ਼ਨਾਂ ਵਿੱਚ ਵੀ ਵਿਧਾਇਕਾਂ ਦੇ ਬੋਲਣ ਦੇ ਸਲੀਕੇ ਉੱਤੇ ਸਵਾਲ ਉੱਠਦੇ ਰਹੇ ਹਨ। ਸਰਕਾਰ ਕਾਂਗਰਸ ਦੀ ਹੋ ਰਹੀ ਹੋਵੇ ਜਾਂ ਅਕਾਲੀਆਂ ਦੀ, ਇੱਕ ਦੂਜੇ ਦੀ ਲਾਹ ਪਾਹ ਤਾਂ ਹੁੰਦੀ ਰਹੀ ਸੀ ਪਰ ਪੰਜਾਬੀਆਂ ਨੂੰ ਅੱਜ ਦਾ ਇਹ ਦਿਨ ਦੇਖਣਾ ਪਵੇਗਾ ਇਹ ਕਿਸੇ ਨੇ ਸੋਚਿਆ ਨਹੀਂ ਸੀ। ਵਿਧਾਨ ਸਭਾ ਦੇ ਅੰਦਰ ਨਹੀਂ ਸਗੋਂ ਸਿਆਸੀ ਪਾਰਟੀਆਂ ਦੀਆਂ ਰੈਲੀਆਂ ਵਿੱਚ ਵੀ ਬੋਲਣ ਦੀ ਤਮੀਜ਼ ਗਾਇਬ ਰਹੀ ਹੈ। ਕੇਂਦਰੀ ਗ੍ਰਹਿ ਮੰਤਰੀ ਪਿਛਲੇ ਦਿਨ ਹੀ ਆਏ ਤਾਂ ਉਹਨਾਂ ਦੇ ਭਾਸ਼ਣ ਵਿੱਚੋਂ ਵੀ ਸਲੀਕਾ ਗਾਇਬ ਰਿਹਾ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਆਪਣੇ ਭਾਸ਼ਣ ਵਿੱਚ ਅਕਸਰ ਆਪਣੇ ਕੱਦ ਕਾਠ ਤੋਂ ਛੋਟੀ ਗੱਲ ਕਰ ਜਾਂਦੇ ਹਨ। ਉਹਨਾਂ ਦੀ ਖ਼ਾਸੀਅਤ ਇਹ ਹੈ ਕਿ ਉਹ ਇੱਕੋ ਰੈਲੀ ਵਿੱਚ ਤਿੰਨ ਤਿੰਨ ਸਿਆਸੀ ਪਾਰਟੀਆਂ ਨੂੰ ਰਗੜਾ ਲਗਾ ਜਾਂਦੇ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਇਹਨਾਂ ਰੈਲੀਆਂ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪ੍ਰਤੀ ਵਰਤੀ ਜਾਂਦੀ ਸ਼ਬਦਾਵਲੀ ਨੂੰ ਲੈ ਕੇ ਲੋਕ ਤਾੜੀਆਂ ਜ਼ਰੂਰ ਮਾਰਦੇ ਹਨ ਪਰ ਉਹਨਾਂ ਦਾ ਆਪਣਾ ਕੱਦ ਬੋਣਾ ਹੋ ਰਿਹਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੀ ਕਸਰ ਨਹੀਂ ਛੱਡਦੇ ਹਨ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਰਾਜਾ ਅਮਰਿੰਦਰ ਸਿੰਘ ਵੜਿੰਗ ਅਕਸਰ ਅਲ ਬਲੱਲੀਆਂ ਮਾਰ ਜਾਂਦੇ ਹਨ। ਭਾਰਤੀ ਜਨਤਾ ਪਾਰਟੀ ਦੇ ਸੂਬਾਈ ਲੀਡਰ ਜ਼ਾਬਤੇ ਤੋਂ ਬਾਹਰ ਸ਼ਾਇਦ ਹੀ ਕਦੇ ਅਣਸਰਦੇ ਨੂੰ ਗਏ ਹੋਣ।

ਸੁਖਬੀਰ ਸਿੰਘ ਬਾਦਲ ਤਾਂ ਪਿਛਲੇ ਦਿਨੀਂ ਆਪਣੇ ਭਾਸ਼ਣ ਦੌਰਾਨ ਸਾਰੀਆਂ ਹੱਦਾਂ ਬੰਨੇ ਟੱਪ ਗਏ, ਜਦੋਂ ਉਹ ਕਹਿੰਦੇ ਹਨ ਕਿ ਆਮ ਆਦਮੀ ਪਾਰਟੀ ਵਾਲੇ ਜਦੋਂ ਵੋਟਾਂ ਮੰਗਣ ਆਉਣ ਤਾਂ ਉਹਨਾਂ ਦੇ ਛਤਰੋਲ ਫੇਰਨਾ। ਇਸ ਤੋਂ ਅੱਗੇ ਜਾਂਦਿਆਂ ਉਹ ਲੋਕਾਂ ਨੂੰ ਪਾਥੀਆਂ ਮਾਰਨ ਦੀ ਸਲਾਹ ਦੇ ਜਾਂਦੇ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਪਾਗ਼ਲ ਤਾਂ ਅਕਸਰ ਕਹਿ ਜਾਂਦੇ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਉਹਨਾਂ ਨੂੰ ਜੁਆਬ ਵਿੱਚ ਕਹਿੰਦੇ ਕਿ ਸੁਖਬੀਰ ਸਿੱਧਮ ਸਿੱਧੀ ਟੱਕਰ ਲਵੇ। ਮੁੱਖ ਮੰਤਰੀ ਮਾਨ ਵੀ ਸੁਖਬੀਰ ਬਾਦਲ ਸਮੇਤ ਦੂਜੇ ਵਿਰੋਧੀਆਂ ਨੂੰ ਭੰਡਣ ਲੱਗਿਆਂ ਆਲਾ ਦੁਆਲਾ ਨਹੀਂ ਦੇਖਦੇ ਹਨ। ਕਾਂਗਰਸ ਦੇ ਸੀਨੀਅਰ ਨੇਤਾ ਅਤੇ ਵਿਰੋਧੀ ਧਿਰ ਦੇ ਲੀਡਰ ਪ੍ਰਤਾਪ ਸਿੰਘ ਬਾਜਵਾ ਦੀ ਗੱਲ ਕਰੀਏ ਤਾਂ ਉਹ ਅਕਸਰ ਕਹਿ ਜਾਂਦੇ ਹਨ ਕਿ ਉਹਨਾਂ ਨੂੰ ਤਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਸੂਬੇ ਦਾ ਚੀਫ਼ ਮਨਿਸਟਰ ਮੰਨਦਿਆਂ ਹੀ ਸ਼ਰਮ ਆਉਂਦੀ ਹੈ। ਕਾਂਗਰਸ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਵੀ ਭਗਵੰਤ ਸਿੰਘ ਮਾਨ ਦੇ ਖ਼ਿਲਾਫ਼ ਜ਼ਹਿਰ ਉਗਲਣ ਵਿੱਚ ਕੋਈ ਕਸਰ ਨਹੀਂ ਛੱਡਦੇ ਹਨ।

ਇਹ ਤਾਂ ਪਿਛਲੇ ਦਿਨੀਂ ਦਿੱਤੇ ਭਾਸ਼ਣਾਂ ਵਿੱਚੋਂ ਲਏ ਥੋੜੇ ਜਿਹੇ ਅੰਸ਼ ਹਨ ਪਰ ਚਾਰੇ ਪਾਸੇ ਤੋਂ ਅੱਗ ਕਈ ਤਰ੍ਹਾਂ ਤੋਂ ਉਗਲੀ ਜਾ ਰਹੀ ਹੈ। ਰੈਲੀਆਂ ਨੂੰ ਛੱਡੀਏ ਤਾਂ ਵਿਧਾਨ ਸਭਾ ਵਿੱਚ ਵੀ ਇਹਨਾਂ ਨੇਤਾਵਾਂ ਨੇ ਸੰਜਮ ਨਹੀਂ ਰੱਖਿਆ ਹੈ। ਮੁੱਖ ਮੰਤਰੀ ਮਾਨ ਵਿਰੋਧੀਆਂ ਦੇ ਘਰ ਤੱਕ ਜਾਂਦੇ ਹਨ। ਅੱਜ ਕੱਲ ਸੁਖਬੀਰ ਸਿੰਘ ਬਾਦਲ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਇੱਕ ਦੂਜੇ ਦੇ ਨਿਸ਼ਾਨੇ 'ਤੇ ਹਨ। ਵਿਧਾਨ ਸਭਾ ਇਸ ਤੋਂ ਪਹਿਲਾਂ ਵੀ ਮੱਛੀ ਬਾਜ਼ਾਰ ਬਣਦਾ ਰਿਹਾ ਹੈ। ਗੱਲ ਇੱਕ ਦੂਜੇ ਦੇ ਗਲਮੇ ਨੂੰ ਹੱਥ ਪਾਉਣ ਤੱਕ ਜਾਂਦੀ ਰਹੀ ਹੈ ਪਰ ਸਿਆਸੀ ਰੈਲੀਆਂ ਵਿੱਚ ਅਜਿਹਾ ਕੁਫ਼ਰ ਨਹੀਂ ਸੀ ਤੋਲਿਆ ਜਾਂਦਾ।ਸਿਆਸੀ ਬਦਲਾਖ਼ੋਰੀ ਕੋਈ ਨਵੀਂ ਗੱਲ ਨਹੀਂ ਹੈ। ਕਾਂਗਰਸ ਦਾ ਰਾਜ ਆਉਂਦਾ ਸੀ ਤਾਂ ਅਕਾਲੀਆਂ ਦੀ ਸ਼ਾਮਤ ਆ ਜਾਂਦੀ ਸੀ। ਅਕਾਲੀ ਸੱਤਾ ਵਿੱਚ ਹੁੰਦੇ ਤਾਂ ਕਾਂਗਰਸੀਆਂ ਨੂੰ ਸਬਕ ਸਿਖਾਉਂਦੇ। ਸਿਆਸੀ ਬਦਲਾਖ਼ੋਰੀ ਤਹਿਤ ਪੁਲਿਸ ਕੇਸ ਵੀ ਬਣਦੇ ਰਹੇ ਹਨ ਅਤੇ ਕੁੱਟ ਮਾਰ ਵੀ ਹੁੰਦੀ ਰਹੀ ਹੈ। ਸਿਆਸੀ ਲੀਡਰਾਂ ਦੀ ਇਹ ਡਿਊਟੀ ਬਣਦੀ ਹੈ ਕਿ ਰੈਲੀਆਂ ਵਿੱਚ ਭਾਸ਼ਣ ਦੇਣ ਸਮੇਂ ਸਲੀਕਾ ਨਾ ਭੁੱਲਿਆ ਜਾਵੇ। ਬਹੁਤ ਵਾਰ ਤਾਂ ਸਾਡੇ ਸਿਆਸੀ ਲੀਡਰ ਆਪਣੇ ਵਿਰੋਧੀਆਂ ਤੋਂ ਅੱਗੇ ਧੀਆਂ, ਭੈਣਾਂ ਤੇ ਮਾਵਾਂ ਤੱਕ ਚਲੇ ਜਾਂਦੇ ਹਨ, ਜਿਹੜਾ ਕਿ ਪੰਜਾਬੀਆਂ ਦਾ ਨਾ ਕਿਰਦਾਰ ਹੈ, ਨਾ ਸੁਭਾਅ ਦਾ ਹਿੱਸਾ ਅਤੇ ਨਾ ਹੀ ਜ਼ਮੀਰ ਆਗਿਆ ਦਿੰਦੀ ਹੈ। ਵੋਟਾਂ ਜਾਂ ਸੱਤਾ ਸਾਰਾ ਕੁਝ ਨਹੀਂ ਹੈ। ਇਹ ਤਾਂ ਮਾਇਆ ਦੀ ਤਰ੍ਹਾਂ ਆਉਣ ਜਾਣ ਵਾਲੀ ਖੇਡ ਹੈ। ਮਨੁੱਖ ਹੋਵੇ ਜਾਂ ਸਿਆਸੀ ਲੀਡਰ ਕਿਰਦਾਰ ਹੇਠਾਂ ਨਹੀਂ ਡਿੱਗਣਾ ਚਾਹੀਦਾ। ਲੋੜ ਲੋਕਾਂ ਦੇ ਮਨਾਂ ਉੱਤੇ ਰਾਜ ਕਰਨ ਦੀ ਹੈ। ਪਤਾ ਨਹੀਂ ਸਾਡੇ ਸਿਆਸੀ ਲੀਡਰ ਇਹ ਗੱਲ ਕਦੋਂ ਸਮਝਣਗੇ। ਪੰਜਾਬੀਆਂ ਦੀ ਚੁੱਪ ਦੇ ਵੀ ਬਹੁਤ ਅਰਥ ਹੁੰਦੇ ਹਨ। ਇਹ ਤਾਂ ਮੌਤ ਨੂੰ ਮਖ਼ੌਲਾਂ ਕਰਨ ਵਾਲੀ ਕੌਮ ਹੈ। ਨੌਜਵਾਨੀ ਲੀਡਰਾਂ ਅਤੇ ਫਿਲਮ ਅਦਾਕਾਰਾਂ ਨੂੰ ਆਪਣਾ ਮਾਡਲ ਮੰਨਦੀ ਹੈ। ਇਸ ਕਰਕੇ ਦੋਹਾਂ ਦਾ ਨੌਜਵਾਨਾਂ ਲਈ ਪੱਥ ਪ੍ਰਦਰਸ਼ਕ ਵਜੋਂ ਵਿਚਰਨਾ ਜ਼ਰੂਰੀ ਹੈ।

# ਖੁਰਾਕ ਸੁਰੱਖਿਆ ਤੋਂ ਅਨਾਜਾਂ ਦੇ ਮਾਮਲੇ ਵਿੱਚ ਲੀਡਰਸ਼ਿਪ ਵੱਲ: ਫੂਡ ਪ੍ਰੋਸੈੱਸਿੰਗ ਦੇ ਖੇਤਰ ਵਿੱਚ ਪੀ.ਐੱਲ.ਆਈ. ਸਕੀਮ ਦਾ ਪਰਿਵਰਤਨਕਾਰੀ ਪ੍ਰਭਾਵ

ਸ਼੍ਰੀ ਅਵਿਨਾਸ਼ ਜੋਸ਼ੀ

**ਅਨਾਜਾਂ ਨਾਲ ਜੁੜੀ ਭਾਰਤ ਦੀ ਕਹਾਣੀ ਵਿੱਚ ਇੱਕ ਨਿਰਣਾਇਕ ਮੋੜ**: ਭਾਰਤ ਅੱਜ ਆਪਣੇ ਆਰਥਿਕ ਸਫ਼ਰ ਦੇ ਇੱਕ ਨਿਰਣਾਇਕ ਮੋੜ 'ਤੇ ਖੜ੍ਹਾ ਹੈ। ਹੁਣ ਜਦੋਂ ਕਿ ਸਾਡਾ ਦੇਸ਼ ਦੁਨੀਆ ਦੀਆਂ ਸਭ ਤੋਂ ਵੱਡੀਆਂ ਅਰਥਵਿਵਸਥਾਵਾਂ ਵਿੱਚੋਂ ਇੱਕ ਬਣਨ ਦੀ ਦਿਸ਼ਾ ਵਿੱਚ ਅੱਗੇ ਵੱਧ ਰਿਹਾ ਹੈ, ਤਾਂ ਵਿਕਾਸ ਨੂੰ ਸਿਰਫ਼ ਉਤਪਾਦਨ ਦੀ ਮਾਤਰਾ ਨਾਲ ਹੀ ਨਹੀਂ, ਸਗੋਂ ਸਾਡੇ ਦੁਆਰਾ ਸਿਰਜੇ ਗਏ ਮੁੱਲ ਦੇ ਅਧਾਰ 'ਤੇ ਵੀ ਮਾਪਣਾ ਹੋਵੇਗਾ। ਫੂਡ ਪ੍ਰੋਸੈੱਸਿੰਗ ਖੇਤਰ ਦੀ ਤੁਲਨਾ ਵਿੱਚ ਬਹੁਤ ਘੱਟ ਖੇਤਰ ਹੀ ਅਜਿਹੇ ਹਨ, ਜਿੱਥੇ ਇਸ ਤਰ੍ਹਾਂ ਦੀ ਤਬਦੀਲੀ ਬਿਲਕੁਲ ਸਾਫ਼ ਨਜ਼ਰ ਆਉਂਦੀ ਹੈ।

ਭਾਰਤ ਅਨਾਜ, ਫਲਾਂ, ਸਬਜ਼ੀਆਂ, ਦੁੱਧ ਅਤੇ ਸਮੁੰਦਰੀ ਉਤਪਾਦਾਂ ਦੇ ਸਭ ਤੋਂ ਵੱਡੇ ਉਤਪਾਦਕ ਦੇਸ਼ਾਂ ਵਿੱਚੋਂ ਇੱਕ ਹੈ। ਦਹਾਕਿਆਂ ਤੱਕ ਸਾਡੀ ਖੇਤੀਬਾੜੀ ਸਬੰਧੀ ਸਮਰੱਥਾ ਨੇ ਦੇਸ਼ ਵਿੱਚ ਖੁਰਾਕ ਸੁਰੱਖਿਆ ਨੂੰ ਯਕੀਨੀ ਬਣਾਇਆ। ਫਿਰ ਵੀ ਇਸ ਉਪਜ ਦਾ ਇੱਕ ਵੱਡਾ ਹਿੱਸਾ ਰਵਾਇਤੀ ਤੌਰ 'ਤੇ ਬਹੁਤ ਹੀ ਸੀਮਤ ਵੈਲਿਊ ਐਡੀਸ਼ਨ ਦੇ ਨਾਲ ਸਿੱਧਾ ਖੇਤ ਤੋਂ ਮੰਡੀ ਤੱਕ ਪਹੁੰਚਦਾ ਰਿਹਾ ਹੈ।

ਅੱਜ ਭਾਰਤ ਦੇ ਖੇਤੀਬਾੜੀ ਉਤਪਾਦਨ ਦਾ ਸਿਰਫ 12-13 ਫ਼ੀਸਦੀ ਹਿੱਸਾ ਹੀ ਪ੍ਰੋਸੈੱਸਿੰਗ ਵਿੱਚੋਂ ਗੁਜ਼ਰਦਾ ਹੈ। ਉਤਪਾਦਨ ਅਤੇ ਪ੍ਰੋਸੈੱਸਿੰਗ ਦੇ ਵਿਚਕਾਰ ਦਾ ਇਹੀ ਪਾੜਾ ਭਾਰਤੀ ਅਰਥਵਿਵਸਥਾ ਵਿੱਚ ਉਪਲਬਧ ਸਭ ਤੋਂ ਵੱਡੇ ਮੌਕਿਆਂ ਵਿੱਚੋਂ ਇੱਕ ਹੈ।

ਇਸ ਲਈ ਅਨਾਜਾਂ ਨਾਲ ਜੁੜੀ ਭਾਰਤ ਦੀ ਯਾਤਰਾ ਦਾ ਅਗਲਾ ਪੜਾਅ ਬਿਲਕੁਲ ਸਪੱਸ਼ਟ ਹੈ: ਖੇਤੀਬਾੜੀ ਦੀ ਭਰਪੂਰ ਸੰਪਦਾ ਨੂੰ ਉੱਚ ਮੁੱਲ ਵਾਲੇ ਅਤੇ ਵਿਸ਼ਵਵਿਆਪੀ ਪੱਧਰ 'ਤੇ ਮੁਕਾਬਲੇਬਾਜ਼ ਖੁਰਾਕ ਉਤਪਾਦਾਂ ਵਿੱਚ ਤਬਦੀਲ ਕਰਨਾ।

ਪੀਐੱਲਆਈ ਯੋਜਨਾ ਦੇ ਪਿੱਛੇ ਦੀ ਕਲਪਨਾ

ਇਸ ਮੌਕੇ ਨੂੰ ਪਛਾਣਦੇ ਹੋਏ ਭਾਰਤ ਸਰਕਾਰ ਨੇ ਮਾਰਚ 2021 ਵਿੱਚ ਕੁੱਲ 10,900 ਕਰੋੜ ਰੁਪਏ ਦੇ ਵਿੱਤੀ ਖਰਚੇ ਦੇ ਨਾਲ ਫੂਡ ਪ੍ਰੋਸੈੱਸਿੰਗ ਉਦਯੋਗ ਲਈ ਉਤਪਾਦਨ 'ਤੇ ਅਧਾਰਿਤ ਪ੍ਰੋਤਸਾਹਨ ਯੋਜਨਾ (ਪੀਐੱਲਆਈਐੱਸਐੱਫਆਈ) ਦੀ ਸ਼ੁਰੂਆਤ ਕੀਤੀ।

ਫੂਡ ਪ੍ਰੋਸੈੱਸਿੰਗ ਉਦਯੋਗ ਮੰਤਰਾਲੇ (ਐੱਮਓਐੱਫਪੀਆਈ) ਦੁਆਰਾ ਇਸ ਯੋਜਨਾ ਨੂੰ 2021-22 ਤੋਂ 2026-27 ਤੱਕ ਦੀ 6 ਵਰ੍ਹਿਆਂ ਦੀ ਮਿਆਦ ਲਈ ਲਾਗੂ ਕੀਤਾ ਜਾ ਰਿਹਾ ਹੈ।

**ਇਸ ਯੋਜਨਾ ਦੇ ਪਿੱਛੇ ਦਾ ਮੂਲ ਵਿਚਾਰ ਸਰਲ ਲੇਕਿਨ ਠੋਸ ਹੈ**: ਫੂਡ ਪ੍ਰੋਸੈੱਸਿੰਗ ਸਮਰੱਥਾ, ਨਵੀਨਤਾ ਅਤੇ ਗਲੋਬਲ ਬ੍ਰਾਂਡਿੰਗ ਦੇ ਵਿਸਤਾਰ ਵਿੱਚ ਨਿਵੇਸ਼ ਕਰਨ ਵਾਲੀਆਂ ਕੰਪਨੀਆਂ ਨੂੰ ਪੁਰਸਕ੍ਰਿਤ ਕਰਨਾ। ਕੁੱਲ ਮਿਲਾ ਕੇ ਇਹ ਯੋਜਨਾ ਇਨ-ਸਟੋਰ ਬ੍ਰਾਂਡਿੰਗ, ਇੰਟਰਨੈਸ਼ਨਲ ਰਿਟੇਲ ਚੇਨਸ ਵਿੱਚ ਸ਼ੈਲਫ ਸਪੇਸ ਅਤੇ ਗਲੋਬਲ ਮਾਰਕੀਟਿੰਗ ਅਭਿਆਨਾਂ ਵਿੱਚ ਨਿਵੇਸ਼ ਕਰਨ ਲਈ ਵਿੱਤੀ ਸਹਾਇਤਾ ਪ੍ਰਦਾਨ ਕਰਕੇ ਭਾਰਤ ਵਿੱਚ ਖੁਰਾਕ ਉਤਪਾਦਨ ਨਾਲ ਜੁੜੀ ਗਲੋਬਲ ਪੱਧਰ ਦੀਆਂ ਕਈ ਚੈਂਪੀਅਨ ਕੰਪਨੀਆਂ ਤਿਆਰ ਕਰਦੀ ਹੈ।

**ਰਣਨੀਤਕ ਡਿਜ਼ਾਈਨ**: ਇੱਕ ਆਧੁਨਿਕ ਖੁਰਾਕ ਈਕੋਸਿਸਟਮ ਦਾ ਨਿਰਮਾਣ ਪੀਐੱਲਆਈਐੱਸਐੱਫਪੀਆਈ ਯੋਜਨਾ ਦੇ ਬੁਨਿਆਦੀ ਢਾਂਚੇ ਨੂੰ ਸਾਵਧਾਨੀਪੂਰਵਕ ਤਿੰਨ ਪ੍ਰਮੁੱਖ ਥੰਮ੍ਹਾਂ 'ਤੇ ਅਧਾਰਿਤ ਰੱਖਿਆ ਗਿਆ ਹੈ।

**ਉੱਚ ਸਮਰੱਥਾ ਵਾਲੇ ਖੁਰਾਕ ਖੇਤਰਾਂ ਨੂੰ ਪ੍ਰੋਤਸਾਹਨ ਦੇਣਾ** ਪਹਿਲਾ ਕੰਪੋਨੈਂਟ ਪਕਾਉਣ ਲਈ ਤਿਆਰ (ਰੈੱਡੀ-ਟੂ-ਕੁਕ) ਅਤੇ ਖਾਣ ਲਈ ਤਿਆਰ (ਰੈੱਡੀ-ਟੂ-ਈਟ) ਖੁਰਾਕ ਪਦਾਰਥ, ਪ੍ਰੋਸੈੱਸਡ ਫਲ ਅਤੇ ਸਬਜ਼ੀਆਂ, ਸਮੁੰਦਰੀ ਉਤਪਾਦ ਜਿਹੀਆਂ ਪ੍ਰਮੁੱਖ ਖੁਰਾਕ ਸ਼੍ਰੇਣੀਆਂ ਵਿੱਚ ਉਤਪਾਦਨ ਵਧਾਉਣ 'ਤੇ ਕੇਂਦ੍ਰਿਤ ਹੈ।

ਇਹ ਸ਼੍ਰੇਣੀਆਂ ਉਸ ਤਰ੍ਹਾਂ ਦੇ ਖੇਤਰ ਹਨ ਜਿਨ੍ਹਾਂ ਵਿੱਚ ਭਾਰਤ ਘਰੇਲੂ ਖਪਤ ਅਤੇ ਨਿਰਯਾਤ ਸਮਰੱਥਾ, ਦੋਹਾਂ ਵਿੱਚ ਤੇਜ਼ੀ ਨਾਲ ਵਿਸਤਾਰ ਕਰ ਸਕਦਾ ਹੈ।

ਨਵੀਨਤਾ ਅਤੇ ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ (ਐੱਮਐੱਸਐੱਮਈ) ਦੀ ਭਾਗੀਦਾਰੀ ਨੂੰ ਪ੍ਰੋਤਸਾਹਨ ਦੇਣਾ

ਦੂਜਾ ਕੰਪੋਨੈਂਟ ਐੱਮਐੱਸਐੱਮਈ ਦੁਆਰਾ ਵਿਕਸਿਤ ਨਵੀਨਤਾਕਾਰੀ ਅਤੇ ਜੈਵਿਕ ਖੁਰਾਕ ਉਤਪਾਦਾਂ ਨੂੰ ਸਮਰਥਨ ਪ੍ਰਦਾਨ ਕਰਦਾ ਹੈ। ਛੋਟੇ ਅਤੇ ਦਰਮਿਆਨੇ ਉੱਦਮ ਭਾਰਤ ਦੇ ਖੁਰਾਕ ਖੇਤਰ ਦੀ ਰੀੜ੍ਹ ਦੀ ਹੱਡੀ ਹਨ ਅਤੇ ਸਮਾਵੇਸ਼ੀ ਵਿਕਾਸ ਲਈ ਆਧੁਨਿਕ ਸਪਲਾਈ ਚੇਨਸ ਦੇ ਨਾਲ ਉਨ੍ਹਾਂ ਦਾ ਜੁੜਾਅ ਬਹੁਤ ਹੀ ਜ਼ਰੂਰੀ ਹੈ।

ਪੋਸ਼ਕ ਅਨਾਜ (ਮਿਲੇਟ) ਨਾਲ ਸਬੰਧਿਤ ਨਵੀਨਤਾ: ਪਰੰਪਰਾ ਨੂੰ ਆਧੁਨਿਕ ਬਜ਼ਾਰਾਂ ਨਾਲ ਜੋੜਨਾ

ਵਰ੍ਹੇ 2023 ਵਿੱਚ, ਅੰਤਰਰਾਸ਼ਟਰੀ ਪੋਸ਼ਕ ਅਨਾਜ (ਮਿਲੇਟਸ) ਵਰ੍ਹੇ ਦੇ ਮੌਕੇ ਵਿੱਚ, ਮੰਤਰਾਲੇ ਨੇ ਪੀਐੱਲਆਈ ਯੋਜਨਾ ਦੇ ਤਹਿਤ ਇੱਕ ਵਿਸ਼ੇਸ਼ ਪਹਿਲ ਦੀ ਸ਼ੁਰੂਆਤ ਕੀਤੀ। ਇਸ ਪਹਿਲ ਦਾ ਉਦੇਸ਼ ਪਕਾਉਣ ਲਈ ਤਿਆਰ (ਰੈੱਡੀ-ਟੂ-ਕੁਕ) ਅਤੇ ਖਾਣ ਲਈ ਤਿਆਰ (ਰੈੱਡੀ-ਟੂ-ਈਟ) ਉਤਪਾਦਾਂ ਵਿੱਚ ਮਿਲੇਟਸ ਦੇ ਉਪਯੋਗ ਨੂੰ ਪ੍ਰੋਤਸਾਹਿਤ ਕਰਨਾ ਸੀ। ਮਿਲੇਟਸ ਜਲਵਾਯੂ ਪਰਿਵਰਤਨ ਦੇ ਪ੍ਰਤੀ ਪ੍ਰਤੀਰੋਧੀ, ਵਧੇਰੇ ਪੌਸ਼ਟਿਕ ਅਤੇ ਭਾਰਤ ਦੀ ਖੇਤੀਬਾੜੀ ਪਰੰਪਰਾਵਾਂ ਵਿੱਚ ਡੂੰਘਾਈ ਨਾਲ ਜੁੜੇ ਹੋਏ ਹਨ।

ਆਧੁਨਿਕ ਪ੍ਰੋਸੈੱਸਡ ਖੁਰਾਕ ਪਦਾਰਥਾਂ ਵਿੱਚ ਮਿਲੇਟਸ ਦਾ ਸਮਾਵੇਸ਼ ਕਰਕੇ, ਇਹ ਯੋਜਨਾ ਪੋਸ਼ਣ ਸਬੰਧੀ ਸੁਰੱਖਿਆ ਅਤੇ ਜਲਵਾਯੂ ਪਰਿਵਰਤਨ ਦੇ ਪ੍ਰਤੀ ਪ੍ਰਤੀਰੋਧੀ ਖੇਤੀਬਾੜੀ ਨੂੰ ਇਕੱਠੇ ਹੁਲਾਰਾ ਦਿੰਦੀ ਹੈ।

ਬਦਲਾਅ ਨਾਲ ਜੁੜੇ ਅੰਕੜੇ

ਪੀਐੱਲਆਈ ਯੋਜਨਾ ਦੇ ਤਹਿਤ ਬਹੁਤ ਹੀ ਘੱਟ ਸਮੇਂ ਵਿੱਚ ਹਾਸਲ ਕੀਤੀ ਗਈ ਤਰੱਕੀ ਉਦਯੋਗ ਜਗਤ ਵੱਲ ਮਿਲੀ ਸਕਾਰਾਤਮਕ ਪ੍ਰਤੀਕਿਰਿਆ ਅਤੇ ਇਸ ਨੀਤੀ ਦੀ ਪ੍ਰਭਾਵਸ਼ੀਲਤਾ ਨੂੰ ਦਰਸਾਉਂਦੀ ਹੈ।

ਹੁਣ ਤੱਕ:

ਇਸ ਯੋਜਨਾ ਦੇ ਤਹਿਤ 165 ਕੰਪਨੀਆਂ ਨੂੰ ਮਨਜ਼ੂਰੀ ਦਿੱਤੀ ਗਈ ਹੈ।

ਇਨ੍ਹਾਂ ਵਿੱਚੋਂ 68 ਸੂਖਮ, ਛੋਟੇ ਅਤੇ ਦਰਮਿਆਨੇ ਉੱਦਮ (ਐੱਮਐੱਸਐੱਮਈ) ਹਨ, ਨਾਲ ਹੀ ਵੱਡੀਆਂ ਕੰਪਨੀਆਂ ਦੇ 40 ਕੰਟਰੈਕਟ ਨਿਰਮਾਤਾ ਵੀ ਸ਼ਾਮਲ ਹਨ।

· ਕੁੱਲ ਮਿਲਾ ਕੇ 9,207 ਕਰੋੜ ਰੁਪਏ ਦਾ ਨਿਵੇਸ਼ ਕੀਤਾ ਜਾ ਚੁੱਕਿਆ ਹੈ।

· ਪ੍ਰਤੀ ਵਰ੍ਹੇ ਲਗਭਗ 35 ਲੱਖ ਮੀਟ੍ਰਿਕ ਟਨ ਦੀ ਨਵੀਂ ਪ੍ਰੋਸੈੱਸਿੰਗ ਅਤੇ ਸੰਭਾਲ ਸਬੰਧੀ ਸਮਰੱਥਾ ਪੈਦਾ ਕੀਤੀ ਗਈ ਹੈ।

· ਇਸ ਯੋਜਨਾ ਨਾਲ ਪ੍ਰਤੱਖ ਅਤੇ ਅਪ੍ਰਤੱਖ ਤੌਰ 'ਤੇ 3.29 ਲੱਖ ਰੁਜ਼ਗਾਰ ਪੈਦਾ ਹੋਏ ਹਨ।

ਧਿਆਨ ਰੱਖਣ ਯੋਗ ਗੱਲ ਇਹ ਹੈ ਕਿ ਇਸ ਯੋਜਨਾ ਦਾ ਮੁੱਖ ਟੀਚਾ 25 ਲੱਖ ਰੁਜ਼ਗਾਰ ਪੈਦਾ ਕਰਨਾ ਸੀ। ਇਸ ਖੇਤਰ ਨੇ ਪਹਿਲਾਂ ਹੀ ਇਸ ਟੀਚੇ ਦਾ 131 ਪ੍ਰਤੀਸ਼ਤ ਹਿੱਸਾ ਹਾਸਲ ਕਰ ਲਿਆ ਹੈ।

ਪੀਐੱਲਆਈ ਸਮਰਥਿਤ ਕਪੰਨੀਆਂ ਦੁਆਰਾ ਪ੍ਰੋਸੈੱਸਡ ਖੇਤੀਬਾੜੀ ਉਤਪਾਦਾਂ ਦੀ ਵਿਕਰੀ ਵਿੱਚ ਵੀ 2019-20 ਤੋਂ 13.23 ਪ੍ਰਤੀਸ਼ਤ ਦਾ ਮਿਸ਼ਰਿਤ ਸਲਾਨਾ ਵਾਧਾ ਦਰਜ ਕੀਤਾ ਗਿਆ ਹੈ। (ਨਿਰਯਾਤ ਵਿੱਚ ਵਾਧਾ ਦਰ 2019-20 ਤੋਂ 7.41 ਪ੍ਰਤੀਸ਼ਤ ਦਾ ਹੈ)

ਵੱਖ-ਵੱਖ ਪੀਐੱਲਆਈ ਯੋਜਨਾਵਾਂ ਦਰਮਿਆਨ ਇੱਕ ਚਮਕਦਾ ਸਿਤਾਰਾ ਉਤਪਾਦਨ 'ਤੇ ਅਧਾਰਿਤ ਪ੍ਰੋਤਸਾਹਨ (ਪੀਐੱਲਆਈ) ਯੋਜਨਾ ਭਾਰਤੀ ਅਰਥਵਿਵਸਥਾ ਦੇ 14 ਖੇਤਰਾਂ ਨੂੰ ਕਵਰ ਕਰਦੀ ਹੈ। ਇਨ੍ਹਾਂ ਵਿੱਚੋਂ, ਫੂਡ ਪ੍ਰੋਸੈੱਸਿੰਗ ਨਾਲ ਸਬੰਧਿਤ ਪੀਐੱਲਆਈ ਸਭ ਤੋਂ ਪ੍ਰਭਾਵਸ਼ਾਲੀ ਯੋਜਨਾਵਾਂ ਵਿੱਚੋਂ ਇੱਕ ਬਣ ਕੇ ਉਭਰੀ ਹੈ।

ਕੁੱਲ ਪੀਐੱਲਆਈ ਸਬਸਿਡੀ ਵੰਡ ਵਿੱਚ ਫੂਡ ਪ੍ਰੋਸੈੱਸਿੰਗ ਖੇਤਰ ਦਾ ਹਿੱਸਾ ਸਿਰਫ਼ 8 ਤੋਂ 9 ਪ੍ਰਤੀਸ਼ਤ ਹੀ ਹੋਣ ਦੇ ਬਾਵਜੂਦ, ਇਸ ਨੇ ਤਮਾਮ ਪੀਐੱਲਆਈ ਯੋਜਨਾਵਾਂ ਦੇ ਤਹਿਤ ਸਿਰਜਿਤ ਕੀਤੇ ਗਏ ਕੁੱਲ ਰੁਜ਼ਗਾਰਾਂ ਵਿੱਚੋਂ ਲਗਭਗ 42 ਪ੍ਰਤੀਸ਼ਤ ਰੁਜ਼ਗਾਰ ਪੈਦਾ ਕੀਤੇ ਹਨ।

ਹੁਣ ਤੱਕ, ਇਸ ਯੋਜਨਾ ਦੇ ਤਹਿਤ ਕੁੱਲ 2715 ਕਰੋੜ ਰੁਪਏ ਦੀ ਪ੍ਰੋਤਸਾਹਨ ਰਾਸ਼ੀ ਜਾਰੀ ਕੀਤੀ ਜਾ ਚੁੱਕੀ ਹੈ। ਇਹ ਕੁੱਲ ਖਰਚੇ ਦਾ ਲਗਭਗ 25 ਪ੍ਰਤੀਸ਼ਤ ਹਿੱਸਾ ਹੈ।

ਇਹ ਸਾਬਤ ਕਰਦਾ ਹੈ ਕਿ ਫੂਡ ਪ੍ਰੋਸੈੱਸਿੰਗ ਭਾਰਤ ਦੇ ਮੈਨੂਫੈਕਚਰਿੰਗ ਈਕੋਸਿਸਟਮ ਵਿੱਚ ਸਭ ਤੋਂ ਵੱਧ ਰੁਜ਼ਗਾਰ ਪੈਦਾ ਕਰਨ ਵਾਲੇ ਖੇਤਰਾਂ ਵਿੱਚੋਂ ਇੱਕ ਹੈ।

ਖਪਤਕਾਰਾਂ ਦੀ ਬਦਲਦੀ ਜੀਵਨ ਸ਼ੈਲੀ ਦੇ ਅਨੁਰੂਪ ਬਦਲਾਅ ਭਾਰਤ ਦੇ ਜਨਸੰਖਿਆ ਪਰਿਵਰਤਨ ਦਾ ਪ੍ਰਭਾਵ ਖੁਰਾਕ ਉਦਯੋਗ ਤੇ ਵੀ ਪੈ ਰਿਹਾ ਹੈ।

ਨੌਜਵਾਨ ਅਤੇ ਸ਼ਹਿਰੀਕਰਣ ਵੱਲ ਵਧ ਰਹੀ ਆਬਾਦੀ ਦੀਆਂ ਵਧਦੀਆਂ ਮੰਗਾਂ ਇਸ ਪ੍ਰਕਾਰ ਹਨ:

· ਖੁਰਾਕ ਸਬੰਧੀ ਸੁਵਿਧਾਜਨਕ ਉਪਾਅ
· ਸਵੱਛ ਪੈਕੇਜਿੰਗ · ਸੁਰੱਖਿਅਤ ਅਤੇ ਪੌਸ਼ਟਿਕ ਖਾਣ ਲਈ ਤਿਆਰ (ਰੈੱਡੀ-ਟੂ-ਈਟ) ਉਤਪਾਦ

ਬੰਗਲੁਰੂ, ਮੁੰਬਈ ਜਾਂ ਦਿੱਲੀ ਵਰਗੇ ਸ਼ਹਿਰਾਂ ਵਿੱਚ ਕੰਮ ਕਰਨ ਵਾਲੇ ਪੇਸ਼ੇਵਰ ਅਕਸਰ ਪਕਾਉਣ ਲਈ ਤਿਆਰ (ਰੈੱਡੀ-ਟੂ-ਕੁਕ) ਜਾਂ ਖਾਣ ਲਈ ਤਿਆਰ (ਰੈੱਡੀ-ਟੂ-ਈਟ) ਜਿਹੇ ਗੁਣਵੱਤਾਪੂਰਨ ਭੋਜਨ ਦੀ ਭਾਲ ਵਿੱਚ ਰਹਿੰਦੇ ਹਨ ਜੋ ਉਨ੍ਹਾਂ ਦੀ ਤੇਜ਼-ਰਫ਼ਤਾਰ ਜੀਵਨ ਸ਼ੈਲੀ ਦੇ ਅਨੁਕੂਲ ਹੋਣ।

ਖੁਰਾਕ ਸੁਰੱਖਿਆ ਤੋਂ ਖੁਰਾਕ ਅਗਵਾਈ ਵੱਲ ਭਾਰਤ ਦੀ ਭਰਪੂਰ ਖੇਤੀਬਾੜੀ ਸੰਪਦਾ ਇਸ ਦੀ ਸਭ ਤੋਂ ਵੱਡੀ ਤਾਕਤ ਹੈ। ਸਾਡੇ ਸਾਹਮਣੇ ਇਸ ਭਰਪੂਰ ਸੰਪਦਾ ਨੂੰ ਟਿਕਾਊ ਆਰਥਿਕ ਮੁੱਲ ਵਿੱਚ ਬਦਲਣ ਦੀ ਚੁਣੌਤੀ ਹੈ। ਫੂਡ ਪ੍ਰੋਸੈੱਸਿੰਗ ਉਦਯੋਗ ਨਾਲ ਸਬੰਧਿਤ ਉਤਪਾਦਨ-ਅਧਾਰਿਤ ਪ੍ਰੋਤਸਾਹਨ ਯੋਜਨਾ ਇਸ ਤਬਦੀਲੀ ਨੂੰ ਗਤੀ ਦੇਣ ਵਿੱਚ ਸਹਾਇਕ ਸਾਬਿਤ ਹੋ ਰਹੀ ਹੈ ਅਤੇ ਖੁਰਾਕ ਸੁਰੱਖਿਆ ਤੋਂ ਅੱਗੇ ਵਧ ਕੇ ਵਿਸ਼ਵਵਿਆਪੀ ਪੱਧਰ 'ਤੇ ਅਨਾਜ ਦੇ ਮਾਮਲੇ ਵਿੱਚ ਅਗਵਾਈ ਦਾ ਸੁਪਨਾ ਜਲਦੀ ਹੀ ਸਾਕਾਰ ਹੋਣ ਵਾਲਾ ਹੈ।

**(ਲੇਖਕ ਆਈਏਐੱਸ ਅਧਿਕਾਰੀ ਅਤੇ ਫੂਡ ਪ੍ਰੋਸੈੱਸਿੰਗ ਉਦਯੋਗ ਮੰਤਰਾਲੇ ਦੇ ਸਕੱਤਰ ਹਨ)**

# ਸੱਤ ਸਮੁੰਦਰੋਂ ਪਾਰ ਪੰਜਾਬੀਅਤ ਦਾ ਪਰਚਮ ਲਹਿਰਾਉਣ ਵਾਲੀ ਮਾਣ-ਮੱਤੀ ਸ਼ਖਸੀਅਤ: ਕੁਲਵੰਤ ਕੌਰ 'ਚੰਨ' ਫਰਾਂਸ



ਵਿੰਕਲਜੀਤ ਸਿੰਘ ਸਰਾ
9501477889

**ਇੱਕ ਰੂਹਾਨੀ ਸੰਵਾਦ ਅਤੇ ਸੱਭਿਆਚਾਰਕ ਸਾਂਝ** : ਇਤਿਹਾਸ ਗਵਾਹ ਹੈ ਕਿ ਸ਼ਬਦਾਂ ਦੀ ਤਾਕਤ ਸਰਹੱਦਾਂ ਦੀ ਮੁਥਾਜ਼ ਨਹੀਂ ਹੁੰਦੀ। ਜਦੋਂ ਕੋਈ ਸ਼ਖ਼ਸੀਅਤ ਆਪਣੀ ਮਾਂ-ਬੋਲੀ ਨੂੰ ਇਬਾਦਤ ਵਾਂਗ ਪੂਜਦੀ ਹੈ, ਤਾਂ ਉਸ ਦੀ ਆਵਾਜ਼ ਹਜ਼ਾਰਾਂ ਮੀਲ ਦੂਰ ਬੈਠੇ ਇਨਸਾਨ ਦੇ ਦਿਲ 'ਤੇ ਵੀ ਦਸਤਕ ਦਿੰਦੀ ਹੈ। ਬੀਤੇ ਦਿਨੀਂ ਮੈਨੂੰ ਫਰਾਂਸ ਦੀ ਪਵਿੱਤਰ ਧਰਤੀ 'ਤੇ ਬੈਠੀ ਪੰਜਾਬੀ ਮਾਂ-ਬੋਲੀ ਦੀ ਲਾਡਲੀ ਧੀ, ਉੱਘੀ ਸਾਹਿਤਕਾਰਾ, ਗਾਇਕਾ ਅਤੇ ਸਮਾਜ ਸੇਵਿਕਾ ਕੁਲਵੰਤ ਕੌਰ 'ਚੰਨ' ਜੀ ਨਾਲ ਫ਼ੋਨ 'ਤੇ ਵਿਸਥਾਰਪੂਰਵਕ ਗੱਲਬਾਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਇੱਕ ਮੀਡੀਆ ਪੇਸ਼ੇਵਰ ਵਜੋਂ ਮੇਰੇ ਲਈ ਇਹ ਮਹਿਜ਼ ਇੱਕ ਰਸਮੀ ਗੱਲਬਾਤ ਨਹੀਂ ਸੀ, ਸਗੋਂ ਪੰਜਾਬੀਅਤ ਦੇ ਇੱਕ ਅਜਿਹੇ ਅਮੀਰ ਵਿਰਸੇ ਨਾਲ ਰੂ-ਬਰੂ ਹੋਣ ਦਾ ਪਲ ਸੀ, ਜਿਸ ਨੇ ਯੂਰਪ ਦੀ ਚਕਾਚੌਂਧ ਵਿੱਚ ਰਹਿ ਕੇ ਵੀ ਪੰਜਾਬ ਦੀ ਮਿੱਟੀ ਦੀ ਮਹਿਕ ਨੂੰ ਆਪਣੀ ਰੂਹ ਵਿੱਚ ਸਾਂਭਿਆ ਹੋਇਆ ਹੈ। ਉਨ੍ਹਾਂ ਦੀ ਮਿੱਠੀ ਅਤੇ ਨਿਮਰ ਅਵਾਜ਼ ਨੇ ਪਹਿਲੇ ਹੀ ਪਲ ਇਹ ਅਹਿਸਾਸ ਕਰਵਾ ਦਿੱਤਾ ਕਿ ਉਹ ਅੱਜ ਵੀ ਆਪਣੇ ਪਿੰਡ ਦੀਆਂ ਗਲੀਆਂ ਅਤੇ ਪੰਜਾਬੀ ਸੰਸਕਾਰਾਂ ਨਾਲ ਉਨੀ ਹੀ ਡੂੰਘੀ ਤਰ੍ਹਾਂ ਜੁੜੇ ਹੋਏ ਹਨ, ਜਿੰਨੀ ਕੋਈ ਕਲਮ ਆਪਣੀ ਸਿਆਹੀ ਨਾਲ ਹੁੰਦੀ ਹੈ।

**ਜਨਮ, ਪਰਿਵਾਰਕ ਪਿਛੋਕੜ ਅਤੇ ਮੁੱਢਲੇ ਸੰਸਕਾਰ**: ਕੁਲਵੰਤ ਕੌਰ 'ਚੰਨ' ਜੀ ਦਾ ਜਨਮ 25 ਅਪ੍ਰੈਲ 1954 ਨੂੰ ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਵੱਡੀ ਮਿਆਣੀ ਵਿਖੇ ਹੋਇਆ। ਉਨ੍ਹਾਂ ਦੇ ਪਿਤਾ ਸਰਦਾਰ ਗਿਰਧਾਰਾ ਸਿੰਘ ਜੀ (ਐੱਸ.ਆਈ.) ਅਤੇ ਮਾਤਾ ਸ੍ਰੀਮਤੀ ਪ੍ਰੀਤਮ ਕੌਰ ਜੀ ਨੇ ਉਨ੍ਹਾਂ ਦੀ ਪਰਵਰਿਸ਼ ਅਜਿਹੇ ਉੱਚੇ-ਸੁੱਚੇ ਸੰਸਕਾਰਾਂ ਨਾਲ ਕੀਤੀ ਕਿ ਸਾਹਿਤ ਅਤੇ ਸੇਵਾ ਉਨ੍ਹਾਂ ਦੇ ਜੀਵਨ ਦਾ ਅਟੁੱਟ ਅੰਗ ਬਣ ਗਏ। ਆਪਣੇ ਦੋ ਵੱਡੇ ਭਰਾਵਾਂ ਕੇਵਲ ਸਿੰਘ ਤੇ ਗੁਰਬਚਨ ਸਿੰਘ ਮਿਆਣੀ ਅਤੇ ਭੈਣ ਬਲਵਿੰਦਰ ਕੌਰ ਨਾਲ ਬਿਤਾਇਆ ਬਚਪਨ ਉਨ੍ਹਾਂ ਦੀਆਂ ਲਿਖਤਾਂ ਵਿੱਚ ਅਕਸਰ ਇੱਕ ਖ਼ੂਬਸੂਰਤ ਯਾਦ ਵਾਂਗ ਝਲਕਦਾ ਹੈ।

ਉਨ੍ਹਾਂ ਦੀ ਮੁੱਢਲੀ ਵਿੱਦਿਆ ਪਿੰਡ ਅਤੇ ਨਜ਼ਦੀਕੀ ਕਸਬਿਆਂ ਵਿੱਚ ਹੋਈ, ਜਿੱਥੇ ਉਨ੍ਹਾਂ ਨੇ ਪੰਜਾਬੀ ਸਾਹਿਤ ਅਤੇ ਗੁਰਬਾਣੀ ਦੇ ਮੁੱਢਲੇ ਪਾਠ ਪੜ੍ਹੇ। ਇਹ ਉਹ ਸਮਾਂ ਸੀ ਜਦੋਂ ਉਨ੍ਹਾਂ ਦੇ ਅੰਦਰਲੇ ਕਵੀ ਨੇ ਕਰਵਟ ਲੈਣੀ ਸ਼ੁਰੂ ਕੀਤੀ ਸੀ। ਉਨ੍ਹਾਂ ਦਾ ਪੇਕਾ ਪਰਿਵਾਰ 'ਧੀ ਪੰਜਾਬ ਦੀ' ਵਜੋਂ ਉਨ੍ਹਾਂ ਨੂੰ ਪਿਆਰ ਕਰਦਾ ਸੀ, ਜੋ ਬਾਅਦ ਵਿੱਚ ਉਨ੍ਹਾਂ ਦਾ ਇੱਕ ਸਤਿਕਾਰਤ ਨਾਮ ਵੀ ਬਣਿਆ।

**ਜੰਮੂ ਦੀ ਧਰਤੀ: ਸੰਘਰਸ਼ ਅਤੇ ਸਾਹਿਤਕ ਨੀਂਹ**: ਕੁਲਵੰਤ ਜੀ ਦੇ ਜੀਵਨ ਵਿੱਚ ਇੱਕ ਅਹਿਮ ਮੋੜ ਉਦੋਂ ਆਇਆ ਜਦੋਂ ਉਨ੍ਹਾਂ ਦਾ ਵਿਆਹ ਜੰਮੂ ਵਿਖੇ ਸਰਦਾਰ ਰਣਜੀਤ ਸਿੰਘ ਜੀ ਨਾਲ ਹੋਇਆ। ਕਾਰੋਬਾਰੀ ਰੁਝੇਵਿਆਂ ਕਾਰਨ ਉਨ੍ਹਾਂ ਦੇ ਪਤੀ ਫਰਾਂਸ ਚਲੇ ਗਏ, ਪਰ ਕਾਗਜ਼ੀ ਕਾਰਵਾਈਆਂ ਕਾਰਨ ਕੁਲਵੰਤ ਜੀ ਨੂੰ ਲਗਭਗ 12 ਸਾਲ ਆਪਣੇ ਸਹੁਰੇ ਪਰਿਵਾਰ ਵਿੱਚ ਬਿਤਾਉਣੇ ਪਏ।

ਇਸ ਵਿਛੋੜੇ ਦੇ ਸਮੇਂ ਤੇ ਬੱਚਿਆਂ (ਹੁਸਨਜੀਤ ਸਿੰਘ, ਹਸਪਿੰਦਰਜੀਤ ਸਿੰਘ ਅਤੇ ਸੁਮਨਜੀਤ ਕੌਰ) ਦੀ ਇਕੱਲਿਆਂ ਪਰਵਰਿਸ਼ ਨੇ ਉਨ੍ਹਾਂ ਦੇ ਅੰਦਰਲੇ ਦਰਦ ਨੂੰ ਕਵਿਤਾ ਦਾ ਰੂਪ ਦਿੱਤਾ। ਉਨ੍ਹਾਂ ਨੇ ਬੜੇ ਮਾਣ ਨਾਲ ਦੱਸਿਆ ਕਿ ਮਾਂ-ਬੋਲੀ ਦੀ ਸੇਵਾ ਅਤੇ ਸਾਹਿਤਕ ਸਫ਼ਰ ਦੀ ਅਸਲ ਨੀਂਹ ਉਨ੍ਹਾਂ ਦੇ ਜੰਮੂ ਸਹੁਰੇ ਪਰਿਵਾਰ ਵਿੱਚ ਹੀ ਰੱਖੀ ਗਈ ਸੀ। ਉਨ੍ਹਾਂ ਦੇ ਸਹੁਰੇ ਪਰਿਵਾਰ ਨੇ ਉਨ੍ਹਾਂ ਦੀਆਂ ਸਾਹਿਤਕ ਰੁਚੀਆਂ ਨੂੰ ਭਰਪੂਰ ਹੁੰਗਾਰਾ ਦਿੱਤਾ, ਜਿਸ ਸਦਕਾ ਉਹ ਆਪਣੀ ਕਲਮ ਨੂੰ ਜਾਰੀ ਰੱਖ ਸਕੇ।

**ਫਰਾਂਸ ਵਿੱਚ ਪੰਜਾਬੀਅਤ ਦਾ ਪ੍ਰਵੇਸ਼ ਅਤੇ ਨਿਸ਼ਕਾਮ ਸੇਵਾ**: ਸਾਲ 1998 ਵਿੱਚ ਜਦੋਂ ਉਹ ਅਖ਼ੀਰ ਫਰਾਂਸ ਪਹੁੰਚੇ, ਤਾਂ ਉਨ੍ਹਾਂ ਦੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਆਪਣੇ ਬੱਚਿਆਂ ਅਤੇ ਉੱਥੇ ਰਹਿ ਰਹੇ ਪੰਜਾਬੀ ਭਾਈਚਾਰੇ ਨੂੰ ਆਪਣੀ ਭਾਸ਼ਾ ਨਾਲ ਜੋੜੀ ਰੱਖਣ ਦੀ ਸੀ। ਫਰਾਂਸ ਪਹੁੰਚਣ ਦੇ ਮਹਿਜ਼ ਤਿੰਨ ਮਹੀਨੇ ਬਾਅਦ ਹੀ ਉਨ੍ਹਾਂ ਨੇ **ਗੁਰਮਤਿ ਕੈਂਪਾਂ** ਦੀ ਸ਼ੁਰੂਆਤ ਕਰ ਦਿੱਤੀ।

ਪਿਛਲੇ ਦੋ ਦਹਾਕਿਆਂ ਤੋਂ ਵੱਧ ਸਮੇਂ ਤੋਂ ਉਹ ਨਿਰੰਤਰ ਬੱਚਿਆਂ ਨੂੰ ਮੁਫ਼ਤ ਪੰਜਾਬੀ ਪੜ੍ਹਾ ਰਹੇ ਹਨ। ਉਨ੍ਹਾਂ ਦਾ ਜਨੂੰਨ ਹੈ ਕਿ ਵਿਦੇਸ਼ੀ ਮਾਹੌਲ ਵਿੱਚ ਪਲ ਰਹੀ ਨਵੀਂ ਪੀੜ੍ਹੀ ਨੂੰ ਆਪਣੀ ਬੋਲੀ, ਗੀਤੀ-ਰਿਵਾਜ਼ਾਂ ਅਤੇ ਗੁਰਮਤਿ ਸੰਸਕਾਰਾਂ ਤੋਂ ਜਾਣੂੰ ਕਰਵਾਇਆ ਜਾਵੇ। ਅੱਜ ਉਨ੍ਹਾਂ ਦੇ ਆਪਣੇ ਪੋਤਰੇ (ਰਿਦਮਜੀਤ ਸਿੰਘ, ਭਵਾਨੀਜੀਤ ਸਿੰਘ, ਏਕਮਜੀਤ ਸਿੰਘ ਅਤੇ ਅਜੀਤ ਸਿੰਘ) ਵੀ ਬਹੁਤ ਵਧੀਆ ਪੰਜਾਬੀ ਬੋਲਦੇ ਹਨ, ਜੋ ਕੁਲਵੰਤ ਜੀ ਦੀ ਸਾਧਨਾ ਦਾ ਸਭ ਤੋਂ ਵੱਡਾ ਇਨਾਮ ਹੈ।



**ਸਾਹਿਤਕ ਘਾਲਨਾ: ਸ਼ਬਦਾਂ ਅਤੇ ਸੁਰਾਂ ਦਾ ਸੁਮੇਲ** : ਕੁਲਵੰਤ ਕੌਰ 'ਚੰਨ' ਜੀ ਇੱਕ ਬਹੁਪੱਖੀ ਸਾਹਿਤਕਾਰ ਹਨ। ਉਨ੍ਹਾਂ ਦੀ ਕਲਮ ਸਿਰਫ਼ ਕਾਗਜ਼ 'ਤੇ ਸ਼ਬਦ ਨਹੀਂ ਉਲੀਕਦੀ, ਸਗੋਂ ਉਹ ਉਨ੍ਹਾਂ ਸ਼ਬਦਾਂ ਵਿੱਚ ਜੀਵਨ ਦੇ ਡੂੰਘੇ ਅਨੁਭਵਾਂ ਨੂੰ ਪਰੋਂਦੇ ਹਨ। ਉਹ ਗ਼ਜ਼ਲਾਂ, ਗੀਤ, ਕਵਿਤਾਵਾਂ ਅਤੇ ਕਹਾਣੀਆਂ ਲਿਖਣ ਵਿੱਚ ਮੁਹਾਰਤ ਰੱਖਦੇ ਹਨ। ਉਨ੍ਹਾਂ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਉਹ ਆਪਣੇ ਲਿਖੇ ਗੀਤਾਂ ਨੂੰ ਆਪਣੀ ਬੁਲੰਦ ਅਤੇ ਸੁਰੀਲੀ ਆਵਾਜ਼ ਵਿੱਚ ਗਾਉਂਦੇ ਵੀ ਹਨ।

ਹੁਣ ਤੱਕ ਉਨ੍ਹਾਂ ਦੀਆਂ **"11 ਦੇ ਕਰੀਬ ਪੁਸਤਕਾਂ"** ਪਾਠਕਾਂ ਦੇ ਰੂ-ਬਰੂ ਹੋ ਚੁੱਕੀਆਂ ਹਨ: **"ਬਿਰਹਾ ਦੇ ਸੱਲ (2003)"**: ਵਿਛੋੜੇ ਦੀਆਂ ਪੀੜਾਂ ਦੀ ਦਾਸਤਾਨ। **"ਕਿਵੇਂ ਸਹਾਂ ਮੈਂ ਸੱਲ (2008)"**: ਸੰਘਰਸ਼ਮਈ ਜੀਵਨ ਦਾ ਚਿਤਰਣ।

**ਸਾਹਿਤਕਾਰਾ ਤੇ ਸਮਾਜ ਸੇਵਿਕਾ: ਕੁਲਵੰਤ ਕੌਰ 'ਚੰਨ'** (2010): ਉਨ੍ਹਾਂ ਦੇ ਜੀਵਨ ਦਰਸ਼ਨ ਦੀ ਝਲਕ। **"ਸੁਰ ਤੇ ਸ਼ਬਦ ਦਾ ਸੁਮੇਲ (2021)"**: ਗਾਇਕੀ ਅਤੇ ਸਾਹਿਤ ਦਾ ਅਦਭੁਤ ਸੰਗਮ। **"ਵਿਰਸੇ ਦੀਆਂ ਮਿੱਠੀਆਂ ਯਾਦਾਂ (2023)"**: ਪੰਜਾਬੀ ਸੱਭਿਆਚਾਰ ਨੂੰ ਸਮਰਪਿਤ ਗੀਤ ਸੰਗ੍ਰਹਿ। ਸਾਂਝੇ ਸੰਗ੍ਰਹਿ: 'ਫਲਕ', 'ਕਲਮਾਂ ਦੇ ਯੋਧੇ', 'ਤ੍ਰਿਵੈਣੀ', 'ਜੰਗਲਾਂ ਦੇ ਰੁੱਖ ਬੋਲਦੇ' ਅਤੇ 'ਮੂੰਹੋਂ ਬੋਲਦੀਆਂ ਕਲਮਾਂ'।

**ਪ੍ਰੋਜੈਕਟ 'ਨਵੀਆਂ ਕਲਮਾਂ ਨਵੀਂ ਉਡਾਣ' ਅਤੇ ਤਕਨੀਕੀ ਯੁੱਗ ਵਿੱਚ ਸੇਵਾ** : ਪੰਜਾਬ ਭਵਨ ਸਰੀ (ਕੈਨੇਡਾ) ਦੇ ਪ੍ਰੋਜੈਕਟ 'ਨਵੀਆਂ ਕਲਮਾਂ ਨਵੀਂ ਉਡਾਣ' ਦੇ ਉਹ ਯੂਰਪ ਪ੍ਰੋਜੈਕਟ ਇੰਚਾਰਜ ਹਨ। ਇਸ ਪ੍ਰੋਜੈਕਟ ਰਾਹੀਂ ਉਹ 10 ਤੋਂ 18 ਸਾਲ ਦੇ ਬੱਚਿਆਂ ਦੀਆਂ ਲਿਖੀਆਂ ਕਵਿਤਾਵਾਂ ਨੂੰ ਇਕੱਠਾ ਕਰਕੇ ਉਨ੍ਹਾਂ ਨੂੰ ਕਿਤਾਬੀ ਰੂਪ ਦੇਣ ਦੀ ਅਹਿਮ ਜ਼ਿੰਮੇਵਾਰੀ ਨਿਭਾ ਰਹੇ ਹਨ। ਆਧੁਨਿਕ ਯੁੱਗ ਦੇ ਨਾਲ ਚੱਲਦਿਆਂ ਉਹ **"ਜ਼ੂਮ (Zoom) ਮਾਧਿਅਮ"** ਰਾਹੀਂ ਅੰਤਰਰਾਸ਼ਟਰੀ ਪੱਧਰ 'ਤੇ ਪੰਜਾਬੀ ਕਲਾਸਾਂ ਲਗਾ ਰਹੇ ਹਨ। ਉਹ ਬੱਚਿਆਂ ਨੂੰ ਸਿਰਫ਼ ਭਾਸ਼ਾ ਹੀ ਨਹੀਂ ਸਿਖਾਉਂਦੇ, ਸਗੋਂ ਉਨ੍ਹਾਂ ਨੂੰ ਜ਼ੂਮ ਵਰਗੇ ਪਲੇਟਫਾਰਮਾਂ 'ਤੇ ਸਲੀਕੇ ਨਾਲ ਬੈਠਣਾ ਅਤੇ ਆਪਣੀ ਗੱਲ ਕਹਿਣੀ ਵੀ ਸਿਖਾਉਂਦੇ ਹਨ। ਉਨ੍ਹਾਂ ਦੀ ਆਪਣੀ ਸੰਸਥਾ **'ਅੰਤਰਰਾਸ਼ਟਰੀ ਪੰਜਾਬੀ ਸੁਰਸੰਗਮ ਫਰਾਂਸ'** ਮਹੀਨੇ ਵਿੱਚ ਦੋ ਵਾਰ ਕਵੀ ਦਰਬਾਰ ਕਰਵਾਉਂਦੀ ਹੈ, ਜਿੱਥੇ **'ਵਿਰਸੇ ਦੀਆਂ ਮਿੱਠੀਆਂ ਯਾਦਾਂ'** ਤੇ **'ਕਲਮਾਂ ਮੂੰਹੋਂ ਬੋਲਦੀਆਂ'** ਵਰਗੇ ਪ੍ਰੋਗਰਾਮਾਂ ਰਾਹੀਂ ਨਵੇਂ ਲਿਖਾਰੀਆਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ।

**ਸਮਾਜਿਕ ਅਤੇ ਜਥੇਬੰਦਕ ਜ਼ਿੰਮੇਵਾਰੀਆਂ** :ਕੁਲਵੰਤ ਕੌਰ ਜੀ ਦੀ ਸ਼ਖ਼ਸੀਅਤ ਇੰਨੀ ਵਿਸ਼ਾਲ ਹੈ ਕਿ ਉਹ ਕਈ ਨਾਮਵਰ ਸੰਸਥਾਵਾਂ ਵਿੱਚ ਅਹਿਮ ਅਹੁਦਿਆਂ 'ਤੇ ਸੇਵਾਵਾਂ ਨਿਭਾ ਰਹੇ ਹਨ: **"ਵਰਲਡ ਪੰਜਾਬੀ ਸਭਾ ਕੈਨੇਡਾ"**: ਯੂਰਪ ਪ੍ਰਧਾਨ। **"ਓਨਟਾਰੀਓ ਕਲੱਬ ਓ.ਐਫ.ਸੀ. (ਕੈਨੇਡਾ)"**: ਮਹਿਲਾ ਵਿੰਗ ਪ੍ਰੈਜ਼ੀਡੈਂਸੀ। **"ਮਹਿਲਾ ਕਾਵਿ-ਮੰਚ"** ਅਤੇ **"ਸਾਈਂ ਮੀਆਂ ਮੀਰ ਸੰਸਥਾ"**: ਫਰਾਂਸ ਇਕਾਈ ਦੇ ਪ੍ਰਧਾਨ। **"ਗਾਂਧੀ ਗਲੋਬਲ ਫੈਮਿਲੀ ਜੰਮੂ-ਕਸ਼ਮੀਰ"**: ਫਰਾਂਸ ਕੋਆਰਡੀਨੇਟਰ। **"ਪੰਜਾਬੀ ਸਾਹਿਤ ਸਭਾ ਫਰਾਂਸ"**: ਸਟੇਜ ਸੈਕਟਰੀ।

**ਵਿਸ਼ਵ-ਵਿਆਪੀ ਮਾਨ-ਸਨਮਾਨ ਅਤੇ ਪਛਾਣ** : ਕੁਲਵੰਤ ਕੌਰ 'ਚੰਨ' ਜੀ ਦੀ ਮਿਹਨਤ ਅਤੇ ਲਗਨ ਸਦਕਾ ਉਨ੍ਹਾਂ ਨੂੰ ਦੁਨੀਆ ਭਰ ਵਿੱਚ ਬੇਸ਼ੁਮਾਰ ਸਨਮਾਨ ਮਿਲੇ ਹਨ: **'ਮਹਾਤਮਾ ਗਾਂਧੀ ਐਵਾਰਡ (2006)'** ਅਤੇ **'ਨਹਿਰੂ ਪੀਸ ਐਵਾਰਡ (2008)'**। **'ਰਬਿੰਦਰ ਨਾਥ ਟੈਗੋਰ ਐਵਾਰਡ (2012)'**। **'ਆਦਰਸ਼ ਮਾਂ ਐਵਾਰਡ (2023, ਕੈਨੇਡਾ)'**। **'ਵਿਸ਼ਵ ਦੀਆਂ 10 ਰੋਲ ਮਾਡਲ ਔਰਤਾਂ (2021)'**: ਵੀ.ਮੀਡੀਆ ਦਿੱਲੀ ਵੱਲੋਂ ਚੋਣ। ਉਨ੍ਹਾਂ ਦੇ ਗੀਤਾਂ ਨੂੰ 'ਇੰਟਰਨੈਸ਼ਨਲ ਬੁੱਕ ਆਫ਼ ਰਿਕਾਰਡਜ਼' ਵਿੱਚ ਥਾਂ ਮਿਲੀ ਹੈ।

**'ਦੂਰਦਰਸ਼ਨ ਜੰਮੂ'** ਅਤੇ ਕਈ ਅੰਤਰਰਾਸ਼ਟਰੀ ਚੈਨਲਾਂ (ਸਿੱਖ ਟੀਵੀ ਲੰਡਨ, ਅਕਾਲ ਟੀਵੀ, ਵੀਨਸ ਟੀਵੀ) ਵੱਲੋਂ ਵਿਸ਼ੇਸ਼ ਸਨਮਾਨ

**ਪੰਜਾਬੀਅਤ ਦਾ ਜਿਉਂਦਾ-ਜਾਗਦਾ ਮਾਣ** : ਕੁਲਵੰਤ ਕੌਰ 'ਚੰਨ' ਫਰਾਂਸ ਜੀ ਦਾ ਜੀਵਨ ਇੱਕ ਅਜਿਹੀ ਮਿਸਾਲ ਹੈ ਜੋ ਸਾਨੂੰ ਸਿਖਾਉਂਦਾ ਹੈ ਕਿ ਜੇਕਰ ਮਨ ਵਿੱਚ ਆਪਣੀ ਮਾਂ-ਬੋਲੀ ਅਤੇ ਵਿਰਸੇ ਪ੍ਰਤੀ ਸੱਚੀ ਲਗਨ ਹੋਵੇ, ਤਾਂ ਕੋਈ ਵੀ ਸਰਹੱਦ ਸਾਨੂੰ ਸਾਡੀਆਂ ਜੜ੍ਹਾਂ ਨਾਲੋਂ ਜੁਦਾ ਨਹੀਂ ਕਰ ਸਕਦੀ। ਉਨ੍ਹਾਂ ਨੇ ਸਾਬਤ ਕਰ ਦਿੱਤਾ ਹੈ ਕਿ ਵਿਦੇਸ਼ੀ ਧਰਤੀ 'ਤੇ ਰਹਿ ਕੇ ਵੀ ਪੰਜਾਬੀ ਸੱਭਿਆਚਾਰ ਦਾ ਝੰਡਾ ਬੁਲੰਦ ਕੀਤਾ ਜਾ ਸਕਦਾ ਹੈ।

ਉਨ੍ਹਾਂ ਦੀ ਕਲਮ, ਉਨ੍ਹਾਂ ਦੀ ਗਾਇਕੀ ਅਤੇ ਬੱਚਿਆਂ ਪ੍ਰਤੀ ਉਨ੍ਹਾਂ ਦਾ ਮੋਹ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਰਾਹ ਦਸੇਰਾ ਬਣਿਆ ਰਹੇਗਾ। ਮੈਂ ਉਨ੍ਹਾਂ ਦੀ ਲੰਬੀ ਉਮਰ ਤੇ ਚੜ੍ਹਦੀ ਕਲਾ ਦੀ ਅਰਦਾਸ ਕਰਦਾ ਹਾਂ ਤਾਂ ਜੋ ਉਹ ਇਸੇ ਤਰ੍ਹਾਂ ਪੰਜਾਬੀਅਤ ਦੇ ਵਿਹੜੇ ਨੂੰ ਰੁਸ਼ਨਾਉਂਦੇ ਰਹਿਣ।




# ਸਿਹਤ ਬੀਮਾ ਲੈਂਦੇ ਸਮੇਂ 'ਰਾਈਡਰ' ਬਹੁਤ ਮਹੱਤਵਪੂਰਨ ਹੁੰਦੇ ਹਨ; ਜਾਣੋ ਉਨ੍ਹਾਂ ਦੀ ਮਹੱਤਤਾ ਅਤੇ ਇਹ ਕਿਉਂ ਜ਼ਰੂਰੀ ਹਨ

ਰਮਿਤ ਗੋਇਲ

ਅੱਜ ਦੀ ਦੁਨੀਆ ਵਿੱਚ ਇਲਾਜ ਦੀ ਲਾਗਤ ਲਗਾਤਾਰ ਵੱਧ ਰਹੀ ਹੈ ਅਤੇ ਮੈਡੀਕਲ ਅਨਿਸ਼ਚਿਤਤਾਵਾਂ ਪਹਿਲਾਂ ਨਾਲੋਂ ਕਾਫੀ ਵੱਧ ਗਈਆਂ ਹਨ। ਅਜਿਹੇ ਹਾਲਾਤਾਂ ਵਿੱਚ ਇਹ ਗੱਲ ਮੰਨਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਾਨੂੰ ਇੱਕ ਮਜ਼ਬੂਤ ਸਿਹਤ ਬੀਮਾ ਪਾਲਿਸੀ ਦੀ ਲੋੜ ਹੈ। ਫਿਰ ਵੀ ਕਈ ਵਾਰ ਇਹ ਹੁੰਦਾ ਹੈ ਕਿ ਇੱਕ ਕੰਪ੍ਰੀਹੈਂਸਿਵ ਪਲਾਨ ਵੀ ਕੁਝ ਖਾਸ ਨਿੱਜੀ ਜ਼ਰੂਰਤਾਂ ਨੂੰ ਪੂਰਾ ਨਹੀਂ ਕਰ ਪਾਉਂਦਾ। ਅਜਿਹੇ ਵਿੱਚ 'ਬੀਮਾ ਰਾਈਡਰ' ਗੇਮ-ਚੇਂਜਰ ਵਜੋਂ ਸਾਹਮਣੇ ਆਉਂਦੇ ਹਨ, ਜੋ ਕਵਰੇਜ ਵਿੱਚ ਮੌਜੂਦ ਖਾਮੀਆਂ ਨੂੰ ਪੂਰਾ ਕਰਦੇ ਹਨ ਅਤੇ ਸਮੂਹਿਕ ਸੁਰੱਖਿਆ ਪ੍ਰਦਾਨ ਕਰਦੇ ਹਨ।

**ਵਿਆਪਕ ਕਵਰੇਜ ਦੀ ਲੋੜ**: ਸਿਹਤ ਬੀਮਾ ਸਿਰਫ ਇੱਕ ਚੰਗੀ ਚੀਜ਼ ਨਹੀਂ, ਬਲਕਿ ਫਾਈਨੈਂਸ਼ੀਅਲ ਪਲਾਨਿੰਗ ਦਾ ਇੱਕ ਜ਼ਰੂਰੀ ਹਿੱਸਾ ਹੈ। ਚਿਕਿਤਸਾ ਖੇਤਰ ਵਿੱਚ ਵੱਧਦੀ ਮਹਿੰਗਾਈ ਅਤੇ ਜੀਵਨਸ਼ੈਲੀ ਨਾਲ ਜੁੜੀਆਂ ਬਿਮਾਰੀਆਂ ਦੇ ਵਧਣ ਕਾਰਨ ਲੋਕਾਂ ਲਈ ਇਹ ਲਾਜ਼ਮੀ ਹੋ ਗਿਆ ਹੈ ਕਿ ਉਹ ਆਪਣੇ ਅਤੇ ਆਪਣੇ ਪਰਿਵਾਰ ਦੀ ਸਿਹਤ ਅਤੇ ਵਿੱਤੀ ਹਾਲਤ ਨੂੰ ਸੁਰੱਖਿਅਤ ਕਰਨ। ਇਹ ਵੀ ਯਾਦ ਰੱਖਣ ਵਾਲੀ ਗੱਲ ਹੈ ਕਿ ਹਰ ਕਿਸੇ ਲਈ ਇੱਕੋ ਜਿਹਾ ਸਿਹਤ ਬੀਮਾ ਕਾਰਗਰ ਨਹੀਂ ਹੁੰਦਾ ਕਿਉਂਕਿ ਹਰ ਵਿਅਕਤੀ ਦੀਆਂ ਜ਼ਰੂਰਤਾਂ ਵੱਖਰੀਆਂ ਹੁੰਦੀਆਂ ਹਨ।

**ਰਾਈਡਰ ਕੀ ਹੁੰਦੇ ਹਨ?**

ਇੰਸ਼ੋਰੈਂਸ ਰਾਈਡਰ ਇੱਕ ਐਡ-ਆਨ ਹੁੰਦਾ ਹੈ, ਜਿਸਦਾ ਅਰਥ ਹੈ ਕਿ ਪਾਲਿਸੀ ਵਿੱਚ ਇੱਕ ਵਾਧੂ ਸੁਵਿਧਾ ਜੋੜੀ ਜਾਂਦੀ ਹੈ ਜਿਸ ਨਾਲ ਇਸਦੀ ਕਵਰੇਜ ਵਧ ਜਾਂਦੀ ਹੈ। ਇਸਨੂੰ ਇਸ ਤਰ੍ਹਾਂ ਸਮਝੋ ਕਿ ਜਿਵੇਂ ਅਸੀਂ ਆਪਣੇ ਸਰੀਰ ਨੂੰ ਤੰਦਰੁਸਤ ਰੱਖਣ ਲਈ ਖਾਣਾ ਖਾਂਦੇ ਹਾਂ, ਪਰ ਜੇ ਕੁਝ ਵਿਟਾਮਿਨ ਜਾਂ ਪੋਸ਼ਕ ਤੱਤਾਂ ਦੀ ਘਾਟ ਹੋਵੇ ਤਾਂ ਅਸੀਂ ਸਪਲੀਮੈਂਟ ਵੀ ਲੈਂਦੇ ਹਾਂ। ਉਸੇ ਤਰ੍ਹਾਂ ਇੱਕ ਬੇਸ ਪਾਲਿਸੀ ਵਿੱਚ ਰਾਈਡਰ ਸ਼ਾਮਲ ਕਰਨ ਨਾਲ ਅਸੀਂ ਅਣਅੰਦਾਜ਼ੇ ਹਾਲਾਤਾਂ ਲਈ ਵਧੀਆ ਤਰੀਕੇ ਨਾਲ ਤਿਆਰ ਹੋ ਜਾਂਦੇ ਹਾਂ। ਰਾਈਡਰ ਉਹ ਸਾਧਨ ਹਨ ਜੋ ਤੁਹਾਡੀ ਪਾਲਿਸੀ ਨੂੰ ਮਜ਼ਬੂਤ ਕਰਦੇ ਹਨ ਅਤੇ ਇਹ ਯਕੀਨੀ ਬਣਾਉਂਦੇ ਹਨ ਕਿ ਤੁਸੀਂ ਜੀਵਨ ਦੀਆਂ ਅਨਿਸ਼ਚਿਤਤਾਵਾਂ ਲਈ ਤਿਆਰ ਹੋ। ਰਾਈਡਰ ਗੰਭੀਰ ਬਿਮਾਰੀਆਂ, ਦੁਰਘਟਨਾ ਜ਼ਖ਼ਮ ਜਾਂ ਮਾਤਰਿਤਵ ਲਾਭ ਵਰਗੀਆਂ ਖਾਸ ਜ਼ਰੂਰਤਾਂ 'ਤੇ ਧਿਆਨ ਦੇ ਕੇ ਸਟੈਂਡਰਡ ਕਵਰੇਜ ਦੀਆਂ ਘਾਟਾਂ ਨੂੰ ਪੂਰਾ ਕਰਦੇ ਹਨ। ਇਹ ਖਾਸ ਖਤਰਿਆਂ ਨੂੰ ਕਵਰ ਕਰਕੇ ਵਾਧੂ ਵਿੱਤੀ ਸੁਰੱਖਿਆ ਪ੍ਰਦਾਨ ਕਰਨ ਲਈ ਤਿਆਰ ਕੀਤੇ ਜਾਂਦੇ ਹਨ, ਜੋ ਸ਼ਾਇਦ ਬੇਸ ਪਾਲਿਸੀ ਵਿੱਚ ਸ਼ਾਮਲ ਨਾ ਹੋਣ। ਉਦਾਹਰਨ ਲਈ-ਕ੍ਰਿਟਿਕਲ ਇਲਨੈੱਸ ਰਾਈਡਰ, ਐਕਸੀਡੈਂਟਲ ਡੈਥ ਰਾਈਡਰ ਅਤੇ ਮਾਤਰਿਤਵ ਲਾਭ ਰਾਈਡਰ। ਇਹ ਐਡ-ਆਨ ਪਾਲਿਸੀਧਾਰਕਾਂ ਨੂੰ ਆਪਣੀ ਕਵਰੇਜ ਵਿੱਚ ਮੌਜੂਦ ਘਾਟਾਂ ਨੂੰ ਪੂਰਾ ਕਰਨ ਯੋਗ ਬਣਾਉਂਦੇ ਹਨ, ਤਾਂ ਜੋ ਲੋੜ ਪੈਣ 'ਤੇ ਇਹ ਮਦਦਗਾਰ ਸਾਬਤ ਹੋਣ।

**ਰਾਈਡਰ ਤੁਹਾਡੀ ਸਿਹਤ ਬੀਮਾ ਪਾਲਿਸੀ ਨੂੰ ਕਿਵੇਂ ਬਿਹਤਰ ਬਣਾਉਂਦੇ ਹਨ**

ਰਾਈਡਰ ਕਈ ਫਾਇਦੇ ਪ੍ਰਦਾਨ ਕਰਦੇ ਹਨ, ਜਿਸ ਕਾਰਨ ਇਹ ਸਿਹਤ ਬੀਮਾ ਪਾਲਿਸੀ ਲਈ ਬਹੁਤ ਕੀਮਤੀ ਬਣ ਜਾਂਦੇ ਹਨ। ਕੁਝ ਮੁੱਖ ਲਾਭ ਇਹ ਹਨ:

1. **ਵਿਸਤਾਰਿਤ ਕਵਰੇਜ**: ਰਾਈਡਰ ਉਹ ਖਤਰੇ ਵੀ ਕਵਰ ਕਰਦੇ ਹਨ ਜੋ ਆਮ ਤੌਰ 'ਤੇ ਪਾਲਿਸੀ ਤੋਂ ਬਾਹਰ ਰਹਿੰਦੇ ਹਨ। ਜਿਵੇਂ ਕਿ ਕ੍ਰਿਟਿਕਲ ਇਲਨੈੱਸ ਰਾਈਡਰ ਗੰਭੀਰ ਬਿਮਾਰੀ ਦੀ ਪਹਿਚਾਨ 'ਤੇ ਇਕਮੁਸ਼ਤ ਰਕਮ ਪ੍ਰਦਾਨ ਕਰਦਾ ਹੈ।
2. **ਕਸਟਮਾਈਜ਼ੇਸ਼ਨ**: ਹਰ ਵਿਅਕਤੀ ਦੀਆਂ ਸਿਹਤ ਜ਼ਰੂਰਤਾਂ ਵੱਖਰੀਆਂ ਹੁੰਦੀਆਂ ਹਨ। ਰਾਈਡਰ ਤੁਹਾਨੂੰ ਆਪਣੀ ਪਾਲਿਸੀ ਨੂੰ ਆਪਣੀਆਂ ਖਾਸ ਜ਼ਰੂਰਤਾਂ ਅਨੁਸਾਰ ਬਣਾਉਣ ਦੀ ਆਜ਼ਾਦੀ ਦਿੰਦੇ ਹਨ।
3. **ਲਚਕੀਲਾਪਣ**: ਰਾਈਡਰਾਂ ਨਾਲ ਤੁਸੀਂ ਕਿਸੇ ਵੀ ਸਮੇਂ ਆਪਣੀ ਪਾਲਿਸੀ ਵਿੱਚ ਬਦਲਾਅ ਕਰ ਸਕਦੇ ਹੋ, ਜੋ ਬਦਲਦੀਆਂ ਜੀਵਨ ਸਥਿਤੀਆਂ ਦੇ ਅਨੁਕੂਲ ਹੋਣਾ ਆਸਾਨ ਬਣਾਉਂਦਾ ਹੈ।
4. **ਲਾਗਤ ਪ੍ਰਭਾਵਸ਼ੀਲਤਾ**: ਮੌਜੂਦਾ ਪਾਲਿਸੀ ਵਿੱਚ ਰਾਈਡਰ ਜੋੜਨਾ ਆਮ ਤੌਰ 'ਤੇ ਵੱਖਰੀ ਬੀਮਾ ਯੋਜਨਾ ਲੈਣ ਨਾਲੋਂ ਸਸਤਾ ਹੁੰਦਾ ਹੈ।
5. **ਵਿੱਤੀ ਸੁਰੱਖਿਆ**: ਰਾਈਡਰ ਵਾਧੂ ਸੁਰੱਖਿਆ ਪ੍ਰਦਾਨ ਕਰਦੇ ਹਨ, ਜਿਸ ਨਾਲ ਅਚਾਨਕ ਇਲਾਜ ਦੀ ਲੋੜ ਪੈਣ 'ਤੇ ਵਿੱਤੀ ਬੋਝ ਘੱਟ ਹੁੰਦਾ ਹੈ।

**ਰਾਈਡਰਾਂ ਦੀਆਂ ਚੁਣੌਤੀਆਂ**

ਹਾਲਾਂਕਿ ਰਾਈਡਰ ਕਈ ਫਾਇਦੇ ਦਿੰਦੇ ਹਨ, ਪਰ ਉਨ੍ਹਾਂ ਦੀਆਂ ਕੁਝ ਸੀਮਾਵਾਂ ਵੀ ਹੁੰਦੀਆਂ ਹਨ:

**ਉਡੀਕ ਸਮਾਂ**: ਕਈ ਰਾਈਡਰਾਂ ਵਿੱਚ ਲਾਭ ਲੈਣ ਤੋਂ ਪਹਿਲਾਂ ਉਡੀਕ ਅਵਧੀ ਹੁੰਦੀ ਹੈ।

**ਸੀਮਿਤ ਦਾਇਰਾ**: ਇਹ ਖਾਸ ਖਤਰਨਾਂ ਲਈ ਬਣਾਏ ਜਾਂਦੇ ਹਨ, ਇਸ ਲਈ ਹਰ ਸਥਿਤੀ ਨੂੰ ਕਵਰ ਨਹੀਂ ਕਰਦੇ।

**ਐਕਸਕਲੂਜ਼ਨ**: ਕੁਝ ਹਾਲਾਤ ਜਾਂ ਘਟਨਾਵਾਂ ਕਵਰੇਜ ਤੋਂ ਬਾਹਰ ਹੋ ਸਕਦੀਆਂ ਹਨ, ਇਸ ਲਈ ਨਿਯਮ ਅਤੇ ਸ਼ਰਤਾਂ ਧਿਆਨ ਨਾਲ ਪੜ੍ਹੋ।

**ਸੰਤੁਲਿਤ ਦ੍ਰਿਸ਼ਟੀਕੋਣ ਅਪਣਾਓ**

ਰਾਈਡਰਾਂ ਦਾ ਪੂਰਾ ਲਾਭ ਲੈਣ ਲਈ ਸੋਚ-ਵਿਚਾਰ ਨਾਲ ਫੈਸਲਾ ਕਰਨਾ ਜ਼ਰੂਰੀ ਹੈ। ਆਪਣੀ ਮੌਜੂਦਾ ਪਾਲਿਸੀ ਦੀ ਸਮੀਖਿਆ ਕਰੋ ਅਤੇ ਕਵਰੇਜ ਵਿੱਚ ਮੌਜੂਦ ਘਾਟਾਂ ਨੂੰ ਪਛਾਣੋ। ਸਹੀ ਰਾਈਡਰ ਚੁਣਦੇ ਸਮੇਂ ਆਪਣੀਆਂ ਸਿਹਤ ਜ਼ਰੂਰਤਾਂ, ਜੀਵਨਸ਼ੈਲੀ ਅਤੇ ਵਿੱਤੀ ਲਕਸ਼ਾਂ ਨੂੰ ਧਿਆਨ ਵਿੱਚ ਰੱਖੋ। ਇੱਕ ਅਨੁਭਵੀ ਬੀਮਾ ਸਲਾਹਕਾਰ ਦੀ ਸਲਾਹ ਤੁਹਾਨੂੰ ਬਿਹਤਰ ਫੈਸਲਾ ਲੈਣ ਵਿੱਚ ਮਦਦ ਕਰ ਸਕਦੀ ਹੈ।

ਇੱਕ ਸਿਹਤਮੰਦ ਅਤੇ ਸੁਰੱਖਿਅਤ ਭਵਿੱਖ ਦੀ ਨਿਰਮਾਣ

ਰਾਈਡਰਾਂ ਨੂੰ ਜੋੜਨਾ ਤੁਹਾਡੀ ਸਿਹਤ ਬੀਮਾ ਪਾਲਿਸੀ ਨੂੰ 'ਠੀਕ-ਠਾਕ' ਤੋਂ 'ਸ਼ਾਨਦਾਰ' ਬਣਾ ਸਕਦਾ ਹੈ। ਇਹ ਸਿਰਫ ਘਾਟਾਂ ਨੂੰ ਪੂਰਾ ਕਰਨ ਬਾਰੇ ਨਹੀਂ, ਸਗੋਂ ਸਿਹਤ ਅਤੇ ਵਿੱਤੀ ਸੁਰੱਖਿਆ ਵੱਲ ਇੱਕ ਸਰਗਰਮ ਕਦਮ ਹੈ।

ਫੈਸਲੇ ਲੈਣ ਵਾਲਿਆਂ, ਵਿਅਕਤੀਆਂ ਅਤੇ ਪਰਿਵਾਰਾਂ ਲਈ, ਰਾਈਡਰਾਂ ਦੀ ਤਾਕਤ ਨੂੰ ਸਮਝਣਾ ਬੁਨਿਆਦੀ ਕਵਰੇਜ ਅਤੇ ਪੂਰੀ ਮਨ ਦੀ ਸ਼ਾਂਤੀ ਵਿਚਕਾਰ ਫਰਕ ਪੈਦਾ ਕਰ ਸਕਦਾ ਹੈ। ਆਓ ਮਿਲ ਕੇ ਅਜਿਹਾ ਭਵਿੱਖ ਬਣਾਈਏ ਜਿੱਥੇ ਸਿਹਤ, ਸੁਰੱਖਿਆ ਅਤੇ ਵਿੱਤੀ ਸਥਿਰਤਾ ਹਰ ਕਿਸੇ ਲਈ ਉਪਲਬਧ ਹੋਵੇ।

# ਬੰਗਾਲ ਵਿੱਚ ਲੋਕਤੰਤਰ ਦੇ ਤਿਉਹਾਰ ਦੀਆਂ ਪੀੜਾਂ ਦੇ ਅੰਤਿਮ 48 ਘੰਟੇ

ਰਾਕੇਸ਼ ਸ਼ਰਮਾ

ਭਾਰਤ ਦੇ ਪੰਜ ਰਾਜਾਂ ਵਿੱਚ ਲੋਕਤੰਤਰ ਦੇ ਹੁਣੇ-ਹੁਣੇ ਖ਼ਤਮ ਹੋਏ ਤਿਉਹਾਰ ਦੇ ਨਤੀਜੇ 48 ਘੰਟਿਆਂ ਬਾਅਦ, 4 ਮਈ ਨੂੰ ਐਲਾਨ ਦਿੱਤੇ ਜਾਣਗੇ। ਪਰ ਇਹਨਾਂ ਪੰਜਾਂ ਰਾਜਾਂ ਵਿੱਚੋਂ ਪੂਰੇ ਦੇਸ਼ ਦੀ ਸਭ ਤੋਂ ਵੱਧ ਉਤਸੁਕਤਾ ਅਤੇ ਉਡੀਕ ਬੰਗਾਲ ਚੋਣਾਂ ਦੇ ਨਤੀਜਿਆਂ 'ਤੇ ਟਿਕੀ ਹੋਈ ਹੈ। ਕੁਝ ਰਾਜਨੀਤਿਕ ਮਾਹਿਰ ਤਾਂ ਬੰਗਾਲ ਚੋਣਾਂ ਦੀ ਤੁਲਨਾ ਦੇਸ਼ ਦੀਆਂ ਮੱਧਕਾਲੀ ਚੋਣਾਂ ਨਾਲ ਵੀ ਕਰ ਰਹੇ ਹਨ। ਟੀ.ਐਮ.ਸੀ. (TMC) ਦੇ ਕੁਝ ਬੁਲਾਰੇ ਤਾਂ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਤੋਂ ਅਸਤੀਫ਼ੇ ਦੀ ਮੰਗ ਕਰ ਰਹੇ ਹਨ, ਜੇਕਰ ਭਾਜਪਾ ਬੰਗਾਲ ਚੋਣਾਂ ਹਾਰ ਜਾਂਦੀ ਹੈ। ਸੰਵਿਧਾਨ ਤੋਂ ਅਣਜਾਣ ਇਹਨਾਂ ਲੋਕਾਂ ਦੀਆਂ ਬੇਤੁਕੀਆਂ ਗੱਲਾਂ 'ਤੇ ਹੱਸਣ ਤੋਂ ਇਲਾਵਾ ਹੋਰ ਕੁਝ ਲਿਖਣ ਦਾ ਮਨ ਨਹੀਂ ਕਰਦਾ।

ਜਿੱਤ-ਹਾਰ ਦਾ ਫੈਸਲਾ ਜਨਤਾ ਨੇ ਈ.ਵੀ.ਐਮ. ਮਸ਼ੀਨਾਂ ਦਾ ਬਟਨ ਦਬਾ ਕੇ ਬੰਦ ਕਰ ਦਿੱਤਾ ਹੈ ਅਤੇ ਬੰਗਾਲ ਦੇ ਇਸ ਮਹਾਂ-ਸੰਗਰਾਮ ਵਿੱਚ ਕੌਣ ਜਿੱਤਿਆ ਤੇ ਕੌਣ ਹਾਰਿਆ, ਇਸ ਦੀ ਸੱਚਾਈ 4 ਮਈ ਨੂੰ ਸਭ ਦੇ ਸਾਹਮਣੇ ਆ ਜਾਵੇਗੀ। ਐਗਜ਼ਿਟ ਪੋਲ, ਵੱਡੀ ਗਿਣਤੀ ਵਿੱਚ ਹੋਈ ਵੋਟਿੰਗ, ਡਰੇ ਹੋਏ ਵੋਟਰਾਂ ਦੀ ਚੁੱਪ ਅਤੇ ਹਵਾ ਵਿੱਚ ਤੈਰ ਰਹੀ ਬਦਲਾਅ ਦੀ ਮਹਿਕ ਬਹੁਤ ਕੁਝ ਇਸ਼ਾਰਾ ਕਰ ਰਹੀ ਹੈ, ਪਰ 4 ਮਈ ਤੋਂ ਪਹਿਲਾਂ ਆਉਣ ਵਾਲੇ ਨਤੀਜਿਆਂ 'ਤੇ ਕੋਈ ਵੀ ਟਿੱਪਣੀ ਕਰਨਾ ਰਾਜਨੀਤਿਕ ਨਾ-ਸਮਝੀ ਹੀ ਕਹਾਏਗੀ। ਹਾਂ, ਇੱਕ ਗੱਲ ਜ਼ਰੂਰ ਕਹਾਂਗਾ ਕਿ ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹਨ ਕਿ ਬੰਗਾਲ ਵਿੱਚ ਇਸ ਵਾਰ *ਲੋਕਤੰਤਰ ਅਤੇ ਚੋਣ ਕਮਿਸ਼ਨ* ਦੋਵੇਂ ਹੀ ਜੇਤੂ ਰਹੇ ਹਨ। ਪਿਛਲੇ ਪੰਜ ਦਹਾਕਿਆਂ ਵਿੱਚੋਂ ਪਹਿਲਾਂ 35 ਸਾਲ ਕਮਿਊਨਿਸਟਾਂ ਨੇ ਅਤੇ ਉਸ ਤੋਂ ਬਾਅਦ ਪਿਛਲੇ 15 ਸਾਲਾਂ ਤੋਂ ਟੀ.ਐਮ.ਸੀ. ਨੇ ਚੋਣ ਕਮਿਸ਼ਨ ਦੀਆਂ ਅੱਖਾਂ ਵਿੱਚ ਘੱਟਾ ਪਾਉਂਦੇ ਹੋਏ ਕਤਲ, ਦਹਿਸ਼ਤ, ਡਰ ਅਤੇ ਅਰਾਜਕਤਾ ਫੈਲਾ ਕੇ ਹਰ ਚੋਣ ਵਿੱਚ ਲੋਕਤੰਤਰ ਦਾ ਕਤਲ ਕੀਤਾ ਅਤੇ ਚੋਣਾਂ ਜਿੱਤੀਆਂ। ਇਹ ਆਪਣੇ ਆਪ ਨੂੰ ਲੋਕਤੰਤਰ ਅਤੇ ਸੰਵਿਧਾਨ ਦੇ ਨਕਲੀ ਰੱਖਿਅਕ ਦੱਸਦੇ ਰਹੇ। ਚੋਣਾਂ ਤੋਂ ਪਹਿਲਾਂ ਜਨਤਾ ਨੂੰ ਡਰਾਇਆ ਗਿਆ ਅਤੇ ਚੋਣਾਂ ਤੋਂ ਬਾਅਦ ਜਿਨ੍ਹਾਂ ਨੇ ਇਹਨਾਂ ਪਾਰਟੀਆਂ ਦਾ ਸਾਥ ਨਹੀਂ ਦਿੱਤਾ, ਉਨ੍ਹਾਂ ਨਾਲ ਕਤਲ, ਅੱਗਜ਼ਨੀ ਅਤੇ ਬਲਾਤਕਾਰ ਵਰਗੀਆਂ ਘਟਨਾਵਾਂ ਕਰਕੇ ਉਨ੍ਹਾਂ ਨੂੰ ਘਰ ਛੱਡ ਕੇ ਦੂਜੇ ਰਾਜਾਂ ਵਿੱਚ ਸ਼ਰਨ ਲੈਣ ਲਈ ਮਜਬੂਰ ਕੀਤਾ ਗਿਆ, ਤਾਂ ਜੋ ਇਹਨਾਂ ਦਾ ਦਹਿਸ਼ਤ ਵਾਲਾ ਰਾਜ ਲਗਾਤਾਰ ਚੱਲਦਾ ਰਹੇ।

ਪੁਲਿਸ, ਪ੍ਰਸ਼ਾਸਨ ਅਤੇ ਕਾਨੂੰਨ ਦੀ ਇਹਨਾਂ ਘਟਨਾਵਾਂ ਪ੍ਰਤੀ ਚੁੱਪ ਅਤੇ ਮੂਕ ਸਹਿਮਤੀ ਸਪੱਸ਼ਟ ਤੌਰ 'ਤੇ ਰਾਜਨੀਤਿਕ ਮਨਸੂਬਿਆਂ ਵੱਲ ਇਸ਼ਾਰਾ ਕਰਦੀ ਹੈ। ਭਲਾ ਹੋਵੇ ਬੰਗਾਲ ਅਤੇ ਬੰਗਾਲੀਆਂ ਦਾ ਕਿ ਇਸ ਵਾਰ ਚੋਣ ਕਮਿਸ਼ਨ ਨੇ ਪਿਛਲੀਆਂ ਗਲਤੀਆਂ ਤੋਂ ਸਬਕ ਲੈਂਦੇ ਹੋਏ ਬੰਗਾਲ ਵਿੱਚ ਚੋਣਾਂ ਦਾ ਅਜਿਹਾ ਪੁਖ਼ਤਾ ਅਤੇ ਸੁਰੱਖਿਅਤ ਪ੍ਰਬੰਧ ਕੀਤਾ ਕਿ ਚੋਣਾਂ ਵਿੱਚ ਰੁਕਾਵਟ ਪਾਉਣ ਵਾਲੇ ਗੁੰਡਾ ਅਨਸਰਾਂ ਨੂੰ, ਕੁਝ ਮਾਮੂਲੀ ਘਟਨਾਵਾਂ ਨੂੰ ਛੱਡ ਕੇ, ਵੋਟਰਾਂ ਨੂੰ ਡਰਾਉਣ ਦਾ ਮੌਕਾ ਹੀ ਨਹੀਂ ਮਿਲਿਆ। ਨਤੀਜਾ ਇਹ ਨਿਕਲਿਆ ਕਿ 92 ਫ਼ੀਸਦੀ ਤੱਕ ਵੋਟਿੰਗ ਹੋਈ। ਭੱਦਰਲੋਕ (ਸੱਭਿਅਕ ਵਰਗ) ਜੋ ਮੁਸ਼ਕਿਲ ਨਾਲ 60 ਫ਼ੀਸਦੀ ਵੋਟ ਪਾਉਂਦਾ ਸੀ, ਇਸ ਵਾਰ ਨਿਡਰ ਹੋ ਕੇ 90 ਫ਼ੀਸਦੀ ਤੱਕ ਵੋਟ ਪਾ ਗਿਆ। ਜ਼ਮੀਨੀ ਸਰਵੇ ਦੱਸ ਰਹੇ ਹਨ ਕਿ ਜ਼ਿਆਦਾਤਰ ਲੋਕਾਂ ਨੇ ਦਹਿਸ਼ਤ, ਅਰਾਜਕਤਾ ਅਤੇ ਗੁੰਡਾਗਰਦੀ ਤੋਂ ਮੁਕਤੀ ਲਈ ਵੋਟ ਪਾਈ ਹੈ।

ਇੱਕ ਪਾਸੇ ਜਿੱਥੇ ਟੀ.ਐਮ.ਸੀ. ਪਿਛਲੀਆਂ ਚੋਣਾਂ ਵਾਂਗ ਇਸ ਵਾਰ ਵੀ ਗੁੰਡਾਗਰਦੀ ਦੀ ਰਣਨੀਤੀ ਬਣਾਉਂਦੀ ਰਹਿ ਗਈ, ਉੱਥੇ ਹੀ ਚੋਣ ਕਮਿਸ਼ਨ ਬੰਗਾਲ ਵਿੱਚ ਨਿਰਪੱਖ ਅਤੇ ਨਿਡਰ ਚੋਣਾਂ ਕਰਵਾਉਣ ਦੀ ਰਣਨੀਤੀ ਬਣਾ ਕੇ ਉਸ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਵਿੱਚ ਸਫਲ ਰਿਹਾ, ਜਿਸ ਕਾਰਨ ਟੀ.ਐਮ.ਸੀ. ਵਿੱਚ ਇੱਕ ਅਜੀਬ ਜਿਹੀ ਬੇਚੈਨੀ ਦੇਖੀ ਜਾ ਰਹੀ ਹੈ। ਨਿਰਾਸ਼ਾ ਵਿੱਚ ਆ ਕੇ ਅਭਿਸ਼ੇਕ ਬੈਨਰਜੀ ਅਤੇ ਉਨ੍ਹਾਂ ਦੇ ਗੁੰਡਿਆਂ ਨੇ ਮੋਦੀ-ਸ਼ਾਹ ਨੂੰ 4 ਮਈ ਨੂੰ ਦੁਪਹਿਰ 12 ਵਜੇ ਤੋਂ ਬਾਅਦ ਬੰਗਾਲ ਵਿੱਚ ਵੜਨ ਦੀ ਹਿੰਮਤ ਦਿਖਾਉਣ ਦੀ ਧਮਕੀ ਤੱਕ ਦੇ ਦਿੱਤੀ। ਉਹ ਸ਼ਾਇਦ ਜਨਤਾ ਦੀ ਤਾਕਤ ਨੂੰ ਭੁੱਲ ਬੈਠੇ ਹਨ ਅਤੇ ਉਲਟੀਆਂ-ਸਿੱਧੀਆਂ ਗੱਲਾਂ ਕਰਨ ਲੱਗ ਪਏ ਹਨ। ਟੀ.ਐਮ.ਸੀ. ਅਤੇ ਇਹਨਾਂ ਦੇ ਗੁੰਡਿਆਂ ਦੀ ਹਤਾਸ਼ਾ ਇਸ ਗੱਲ ਤੋਂ ਵੀ ਝਲਕਦੀ ਹੈ ਕਿ ਭਵਾਨੀਪੁਰ, ਜਿੱਥੋਂ ਮਮਤਾ ਬੈਨਰਜੀ ਖ਼ੁਦ ਸਖ਼ਤ ਮੁਕਾਬਲੇ ਵਾਲੀ ਚੋਣ ਲੜ ਰਹੀ ਹੈ, ਉੱਥੇ ਉਹ ਸਾਰਾ ਦਿਨ ਬੂਥਾਂ @ਤੇ ਭਟਕਦੀ ਰਹੀ। ਵੀਰਵਾਰ ਸ਼ਾਮ ਨੂੰ ਤਾਂ ਹੱਦ ਹੀ ਹੋ ਗਈ ਜਦੋਂ ਉਹ ਈ.ਵੀ.ਐਮ. ਦੇ ਸਟ੍ਰਾਂਗ ਰੂਮ ਦੇ ਬਾਹਰ ਆਪਣੇ ਨੇਤਾਵਾਂ ਸਮੇਤ ਧਰਨੇ 'ਤੇ ਬੈਠ ਗਈ।

ਦੂਜੇ ਪਾਸੇ, ਭਾਜਪਾ ਨੇ ਹਰ ਬੰਗਾਲੀ ਵੋਟਰ ਕੋਲ ਜਾ ਕੇ ਟੀ.ਐਮ.ਸੀ. ਦੇ ਕਾਰਨਾਮਿਆਂ ਨੂੰ ਉਜਾਗਰ ਕੀਤਾ ਅਤੇ ਦੱਸਿਆ ਕਿ ਉਹ ਕਿਵੇਂ ਬੰਗਾਲ ਵਿੱਚ ਖੁਸ਼ਹਾਲੀ ਲਿਆਉਣਾ ਚਾਹੁੰਦੇ ਹਨ। ਆਪਣੇ ਸੰਕਲਪ ਪੱਤਰ ਵਿੱਚ ਉਨ੍ਹਾਂ ਨੇ ਸਮਾਜ ਦੇ ਹਰ ਵਰਗ ਲਈ ਕੁਝ ਨਾ ਕੁਝ ਵਾਅਦਾ ਕੀਤਾ ਹੈ। 48 ਘੰਟਿਆਂ ਬਾਅਦ ਪਤਾ ਲੱਗ ਹੀ ਜਾਵੇਗਾ ਕਿ ਜਨਤਾ ਦਾ ਵਿਸ਼ਵਾਸ ਕੌਣ ਜਿੱਤ ਸਕਿਆ ਹੈ ਅਤੇ ਬੰਗਾਲ ਦੀ ਰਾਈਟਰਜ਼ ਬਿਲਡਿੰਗ 'ਤੇ ਕੌਣ ਬਿਰਾਜਮਾਨ ਹੋਵੇਗਾ। ਪਰ ਜੇਕਰ ਟੀ.ਐਮ.ਸੀ. ਹਾਰਦੀ ਹੈ, ਤਾਂ ਇਸ ਨੂੰ ਵਿਰੋਧੀ ਧਿਰ ਦੀ ਕਰਾਰੀ ਹਾਰ ਮੰਨਿਆ ਜਾਵੇਗਾ, ਕਿਉਂਕਿ ਅਖਿਲੇਸ਼ ਯਾਦਵ, ਤੇਜਸਵੀ ਯਾਦਵ, ਅਰਵਿੰਦ ਕੇਜਰੀਵਾਲ ਅਤੇ ਅਸਿੱਧੇ ਤੌਰ 'ਤੇ ਕਾਂਗਰਸ ਤੇ ਕਮਿਊਨਿਸਟ ਵੀ ਦੀਦੀ ਅਤੇ ਟੀ.ਐਮ.ਸੀ. ਲਈ ਪ੍ਰਚਾਰ ਕਰ ਰਹੇ ਸਨ। ਭਾਜਪਾ ਇਕੱਲੀ ਇਹਨਾਂ ਸਭ ਦਾ ਦ੍ਰਿੜਤਾ ਨਾਲ ਮੁਕਾਬਲਾ ਕਰ ਰਹੀ ਸੀ। ਜੇਕਰ ਭਾਜਪਾ ਬੰਗਾਲ ਜਿੱਤਦੀ ਹੈ, ਤਾਂ ਇਹ ਨਕਾਰਾਤਮਕਤਾ 'ਤੇ ਸਕਾਰਾਤਮਕਤਾ ਦੀ ਜਿੱਤ ਹੋਵੇਗੀ।

# ਜੀਵਨ ਵਿੱਚ ਨਵ ਊਰਜਾ,ਆਨੰਦ ਤੇ ਪ੍ਰੇਮ ਨਾਲ ਭਰਪੂਰ ਆਰਿਆਂ ਸਮਾਜ ਖਰੜ ਦਾ ਸੰਸਕਾਰ ਸ਼ਿਵਿਰ



ਕਪਿਲ ਮੋਹਨ ਅੱਗਰਵਾਲ
9465596231

ਸਾਨੂੰ ਸਾਰਿਆਂ ਨੂੰ ਪਰਮਾਤਮਾ ਨੇ ਜਿੰਦਗੀ ਪ੍ਰਦਾਨ ਕੀਤੀ ਹੈ । ਜੋ ਕੁਛ ਭੀ ਕਰਨਾ ਹੈ ,ਉਹ ਸਾਰਾ ਕੁਛ ਇਸੀ ਜਿੰਦਗੀ ਵਿੱਚ ਕਰਨਾ ਹੈ। ਪ੍ਰੰਤੂ ਕਰਨਾ ਕਿ ਹੈ ,ਜੀਵਨ ਦਾ ਕਿ ਉਦੇਸ਼ ਹੈ । ਇਹ ਵਿਚਾਰ ਸ਼ਾਇਦ ਸਾਰਿਆਂ ਦੇ ਮਨ ਵਿੱਚ ਕਦੇ ਨਾ ਕਦੇ ਜਰੂਰ ਆਇਆ ਹੋਵੇਗਾ । ਅਸੀਂ ਸਾਰੇ ਸਵੇਰੇ ਹਰ ਰੋਜ਼ ਉਠਦੇ ਹਾਂ,ਦਿਨ ਭਰ ਕੰਮ ਕਰਦੇ ਹਾਂ ,ਪ੍ਰੰਤੂ ਕਿਉਂ ? ਇਹ ਵਿਚਾਰ ਭੀ ਸਾਡੇ ਸਾਰਿਆਂ ਦੇ ਮਨ ਵਿੱਚ ਜਰੂਰ ਆਇਆ ਹੋਵੇਗਾ । ਪ੍ਰੰਤੂ ਸਾਨੂੰ ਇਸਦਾ ਸਹੀ ਉੱਤਰ ਨਹੀਂ ਮਿਲਿਆ ਹੋਵੇਗਾ । ਪ੍ਰੰਤੂ ਪਿਛਲੇ ਦਿਨੀ ਆਰਿਆਂ ਸਮਾਜ ਖਰੜ ਵਲੋਂ ਜਿੰਮ ਕਾਰਬੈਟ ਨੈਨੀਤਾਲ ਵਿੱਖੇ ਆਯੋਜਿਤ ਤਿੰਨ ਰੋਜ਼ਾ ਸੰਸਕਾਰ ਸ਼ਿਵਿਰ ਸਾਨੂੰ ਉਪਰਲੇ ਸਾਰੇ ਸਵਾਲਾਂ ਦਾ ਸਹੀ ਅਰਥਾਂ ਵਿੱਚ ਸਹੀ ਉੱਤਰ ਪ੍ਰਦਾਨ ਕਰ ਗਿਆ । ਇਹ ਸੰਸਕਾਰ ਸ਼ਿਵਿਰ ਸੱਚਮੁੱਚ ਵੈਦਿਕ ਸੰਸਕ੍ਰਿਤੀ,ਸਨਾਤਨੀ ਸਿੱਖਿਆ, ਅਧਿਆਤਮ, ਪ੍ਰੇਮ, ਆਨੰਦ, ਸ਼ਾਂਤੀ, ਆਪਸੀ ਪਿਆਰ,ਏਕਤਾ ਅਤੇ ਭਾਈਚਾਰੇ ਦੀ ਬਹੁਤ ਵੱਡੀ ਉਦਹਾਰਣ ਨੂੰ ਪੇਸ਼ ਕਰਨ ਵਾਲਾ ਸ਼ਿਵਿਰ ਸੀ । ਜਿੱਥੇ ਇਹ ਸ਼ਿਵਿਰ ਇਕ ਅਧਿਆਤਮ ਨਾਲ ਜੁੜਿਆ ਹੋਇਆ ਸੀ ਉੱਥੇ ਹੀ ਅਨੰਦ,ਮਨੋਰੰਜਨ,ਬਾਲ ਮਨੋਵਿਗਿਆਨ ਅਤੇ ਮਾਨਸਿਕ ਖੁਸ਼ੀ ਅਤੇ ਸਕੂਨ ਪ੍ਰਦਾਨ ਕਰਨ ਵਾਲਾ ਸ਼ਿਵਿਰ ਸੀ । ਇਸ ਸ਼ਿਵਿਰ ਵਿੱਚ 3 ਸਾਲ ਦੇ ਬੱਚੇ ਤੋਂ ਲੈ ਕੇ 80 ਸਾਲ ਦੇ ਬਜ਼ੁਰਗ ਤੱਕ ਕਰੀਬ 120 ਲੋਕ ਸ਼ਾਮਿਲ ਸਨ । ਮੈਨੂੰ ਭੀ ਇਸ ਸ਼ਿਵਿਰ ਦਾ ਹਿੱਸਾ ਬਣਨ ਦਾ ਸੁਨਹਿਰਾ ਸੁਭਾਗ ਪ੍ਰਾਪਤ ਹੋਇਆ ।

11 ਮਾਰਚ ਦਿਨ ਸ਼ਨੀਵਾਰ ਨੂੰ ਸ਼ਾਮ 7 ਵਜੇ ਰਾਮ ਭਵਨ ਖਰੜ ਤੋਂ ਹਵਨ ਯੱਗ ਕਰਕੇ ਅਤੇ ਪ੍ਰਮਾਤਮਾ ਦਾ ਅਸ਼ੀਰਵਾਦ ਲੈ ਕੇ ਆਰਿਆਂ ਸਮਾਜ ਖਰੜ ਦੇ ਸਰੰਕ ?ਸ਼ਕ ਸ਼੍ਰੀ ਵਿਸ਼ਵ ਬੰਧੁ ਆਰਿਆਂ ਜੀ ,ਪ੍ਰਧਾਨ ਸ਼੍ਰੀ ਵਿਕਾਸ ਗਰਗ ਜੀ, ਮਹਿਲਾ ਵਿੰਗ ਦੇ ਪ੍ਰਧਾਨ ਸ਼੍ਰੀ ਮਤੀ ਸਪਨਾ ਸ਼ਰਮਾ ਜੀ ,ਮੰਤਰੀ ਸਾਹਿਲ ਗਰਗ ਜੀ, ਮੁੱਖ ਪ੍ਰਬੰਧਕ ਸ਼੍ਰੀ ਜਤਿੰਦਰ ਗੁਪਤਾ ਜੀ, ਪ੍ਰਦੀਪ ਸ਼ਰਮਾ ਜੀ, ਸ਼੍ਰੀ ਨਿਤਿਨ ਕੁਮਾਰ ਜੀ ਅਤੇ ਸਮੂਹ ਅਹੁਦੇਦਾਰ ਸਾਹਿਬਾਨ ਦੀ ਯੋਗ ਅਗਵਾਈ ਹੇਠ ਰਵਾਨਾ ਹੋਇਆ। 12 ਮਾਰਚ ਦਿਨ ਐਤਵਾਰ ਨੂੰ ਸਵੇਰੇ 8 ਵਜੇ ਅਸੀਂ ਸਾਰੇ ਜਿੰਮ ਕਾਰਬੈਟ ਨੈਨੀਤਾਲ ਵਿੱਖੇ ਪਹੁੰਚ ਗਏ। ਉੱਥੇ ਪਹੁੰਚਣ ਤੇ ਸਾਰਿਆਂ ਦਾ ਬਹੁਤ ਹੀ ਸ਼ਾਨਦਾਰ ਅਤੇ ਸਨਾਤਨੀ ਢੰਗ ਨਾਲ ਚੰਦਨ ਦਾ ਤਿਲਕ ਲਗਾ ਕੇ ਅਤੇ ਫੁੱਲਾਂ ਦੀ ਵਰਖਾ ਕਰਕੇ ਸਵਾਗਤ ਕੀਤਾ ਗਿਆ। ਜੋ ਕਿ ਆਪਣੇ ਆਪ ਵਿੱਚ ਵੈਦਿਕ ਅਤੇ ਹਿੰਦੂ ਪ੍ਰੰਪਰਾ ਦੀ ਬਹੁਤ ਵੱਡੀ ਉਦਹਾਰਣ ਸੀ । ਇਸ ਤੋਂ ਬਾਅਦ ਸਾਰਿਆਂ ਨੇ ਬਹੁਤ ਹੀ ਸਾਤਵਿਕ,ਪੋਸ਼ਟਿਕ ਅਤੇ ਸਵਾਦਿਸ਼ਟ ਨਾਸ਼ਤੇ ਦਾ ਆਨੰਦ ਮਾਣਿਆ । ਇਸੇ ਸਥਾਨ ਤੇ ਬਹੁਤ ਹੀ ਹਵਾਦਾਰ ਅਤੇ ਸ਼ਾਨਦਾਰ ਹਾਲ ਵਿੱਚ ਸੰਸਥਾ ਦੇ ਪ੍ਰਧਾਨ ਸ਼੍ਰੀ ਵਿਕਾਸ ਗਰਗ ਜੀ ਨੇ ਸੰਸਕਾਰ ਸ਼ਿਵਿਰ ਵਿੱਚ ਆਏ ਹੋਏ ਸਾਰੇ ਲੋਕਾਂ ਦਾ ਭਾਰਤੀ ਪ੍ਰੰਪਰਾਵਾਂ ਨੂੰ ਸਮਰਪਿਤ ਅਤੇ ÷ਅਤਿਥੀ ਦੇਵੋ ਭਵਹਿ÷ ਦੀ ਮਰਿਆਦਾ ਨੂੰ ਮੁੱਖ ਰੱਖਦਿਆਂ ਸਾਰਿਆਂ ਦਾ ਬਹੁਤ ਸ਼ਾਨਦਾਰ ਢੰਗ ਨਾਲ ਸਵਾਗਤ ਕੀਤਾ ਅਤੇ ਤਿੰਨ ਦਿਨ ਚਲਣ ਵਾਲੇ ਇਸ ਸੰਸਕਾਰ ਸ਼ਿਵਿਰ ਦਾ ਅਸਲੀ ਮੰਤਵ ਦਸਦਿਆਂ ਰਿਸ਼ਤਿਆਂ ਦੀ ਮਹੱਤਤਾ ਅਤੇ ਜੀਵਨ ਵਿੱਚ ਪਰਿਵਾਰ ਤੇ ਪਰਿਵਾਰਿਕ ਮੈਮ ?ਬ੍ਰਾਂ ਦੀ ਅਹਿਮੀਅਤ ਤੇ ਚਾਨਣਾ ਪਾਉਂਦਿਆਂ ਸਾਰਿਆਂ ਦਾ ਮਾਰਦਰਸ਼ਨ ਕੀਤਾ । ਸਾਰਿਆਂ ਨੂੰ ਕੁਦਰਤੀ ਦੀ ਗੋਦ ਵਿੱਚ ਬਣੇ ਸ਼ਿਵਿਰ ਦੌਰਾਨ ਰਹਿਣ ਲਈ ਕਮਰੇ ਦਿਤੇ ਗਏ ,ਜਿੱਥੇ ਪਹਾੜਾਂ ਦੀਆ ਠੰਡੀਆਂ ਹਵਾਵਾਂ ਮਨ ਨੂੰ ਸਕੂਨ ਪ੍ਰਦਾਨ ਕਰ ਰਹੀਆਂ ਸੀ । ਦੁਪਹਿਰ ਬਾਅਦ ਬਹੁਤ ਹੀ ਵਿਦਵਾਨ ਅਤੇ ਸੂਝਵਾਨ ਸਨਮਾਨਯੋਗ ਅੰਜਲੀ ਆਰਿਆਂ ਜੀ ਨੇ ਤੋਂ ਆਪਣੇ ਅੰਮ੍ਰਿਤ ਮਈ ਪ੍ਰਵਚਨ ਨਾਲ ਅਜਿਹਿਆਂ ਅੰਮ੍ਰਿਤ ਬਰਸਾਇਆ ਕਿ ਜਿੰਦਗੀ ਦੀ ਅਸਲ ਸੱਚਾਈ,ਜੀਵਨ ਦਾ ਉਦੇਸ਼ ਅਤੇ ਜੀਵਨ ਦੇ ਸਹੀ ਅਰਥ ਦੱਸ ਕੇ ਸ਼ਿਵਿਰ ਵਿੱਚ ਆਉਣ ਦਾ ਮਕਸਦ ਪੂਰਾ ਕਰ ਦਿੱਤਾ । ਸ਼ਾਮ ਨੂੰ ਛੋਟੇ ਤੋਂ ਲੈਕੇ ਵਡਿਆ ਤੱਕ ਸਾਰਿਆਂ ਨੇ ਆਪਣੀ ਵਿਰਾਸਤੀ ਖੇਡਾਂ ਖੇਡ ਕੇ ਪੂਰਾ ਆਨੰਦ ਮਾਣਿਆ । ਦੇਰ ਸ਼ਾਮ ਸ਼੍ਰੀ ਅੰਜਲੀ ਆਰਿਆਂ ਜੀ ਨੇ ਹਵਨ ਦੇ ਮੰਤਰਾਂ ਦਾ ਮਹੱਤਵ ਦਸਦਿਆਂ ਪੂਰੇ ਮੰਤਰ ਉਚਾਰਨ ਨਾਲ ਹਵਨ ਕਰਵਾਇਆ । ਰਾਤ ਨੂੰ ਬੇਸੁਰੋਂ ਕਿ ਸੁਰੀਲੀ ਸ਼ਾਮ ਵਿੱਚ ਸਾਰਿਆਂ ਨੇ ਆਪਣੇ ਅੰਦਰ ਛਿਪੀ ਹੋਈ ਪ੍ਰਤਿਭਾ ਨੂੰ ਬੇਝਿਜਕ ਬਾਹਰ ਕਢਦਿਆਂ ਬਹੁਤ ਹੀ ਸੁਰੀਲੀ ਆਵਾਜ਼ ਵਿੱਚ ਸਭਿਆਚਾਰਕ ਗੀਤ ਪੇਸ਼ ਕਰਕੇ ਇਸ ਮਹਿਫ਼ਿਲ ਨੂੰ ਬਹੁਤ ਖੁਸ਼ਗਵਾਰ ਬਣ ਦਿੱਤਾ ।

13 ਅਪ੍ਰੈਲ ਦਿਨ ਸੋਮਵਾਰ ਨੂੰ ਸਵੇਰੇ 5 ਵਜੇ ਸਾਰਿਆਂ ਵਲੋਂ ਢੋਲਕੀ ਅਤੇ ਮਿਊਜ਼ਿਕਲ ਉਪਕਰਨਾਂ ਨਾਲ ਪ੍ਰਭੂ ਦਾ ਕੀਰਤਨ ਕਰਦਿਆਂ ਪ੍ਰਭਾਤ ਫੇਰੀ ਕੱਢੀ ਗਈ। ਇਹ ਸਮਾਂ ਅਤੇ ਪ੍ਰਭਾਤ ਫੇਰੀ ਮਨ ਨੂੰ ਬਹੁਤ ਸ਼ਾਂਤੀ, ਆਨੰਦ ਅਤੇ ਸਕੂਨ ਪ੍ਰਦਾਨ ਕਰ ਰਹੀ ਸੀ। ਸਵੇਰੇ 6 ਵਜੇ ਸਾਰਿਆਂ ਨੂੰ ਜਿੰਮ ਕਾਰਬੈਟ ਨੈਸ਼ਨਲ ਪਾਰਕ ਵਿੱਖੇ ਜੰਗਲ਼ ਸਫਾਰੀ ਲਈ ਲਿਜਾਇਆ ਗਿਆ । ਜੰਗਲ਼ ਸਫ਼ਾਰੀ ਲਈ ਸਾਰਿਆਂ ਦੇ ਮਨ ਵਿੱਚ ਬਹੁਤ ਜ਼ਿਆਦਾ ਚਾਅ ਅਤੇ ਉਤਸੁਕਤਾ ਸੀ । ਉਥੋਂ ਵਾਪਿਸ ਆ ਕੇ ਸਾਰਿਆਂ ਨੇ ਸਵੀਮਿੰਗ ਪੂੱਲ ਵਿੱਚ ਨਹਾ ਕੇ ਪੂਰੀ ਖੁਸ਼ੀ ਮਹਿਸੂਸ ਕੀਤੀ ਅਤੇ ਪੂਰਾ ਆਨੰਦ ਮਾਣਿਆ । ਇਸ ਸ਼ਿਵਿਰ ਵਿੱਚ ਸ਼੍ਰੀ ਗੌਰਵ ਮਹਿਰਾ ਜੀ ਦੇ ਜੀਵਨ ਵਿੱਚ ਸ਼ਾਂਤੀ,ਪ੍ਰੇਮ ਅਤੇ ਆਨੰਦ ਦੀ ਪ੍ਰਾਪਤੀ ਲਈ ਦਿੱਤੇ ਅਨਮੋਲ ਵਿਚਾਰਾਂ ਵਿੱਚ ਸਾਰੇ ਇਸ ਹੱਦ ਤੱਕ ਖੋ ਗਏ ਕਿ ਦੁਪਹਿਰ ਦਾ ਖਾਣਾ ਭੀ ਭੁੱਲ ਗਏ । ਸਨਮਾਨਯੋਗ ਅੰਜਲੀ ਆਰਿਆਂ ਜੀ ਨੇ ਭੀ ਆਪਣੀ ਸੰਦੇਸ਼ ਪੂਰਨ ਅਤੇ ਅਨਮੋਲ ਵਾਣੀ ਨਾਲ ਸਾਰਿਆਂ ਨੂੰ ਇਸ ਤਰਾਂ ਅਨੰਦਮਈ ਕੀਤਾ ਕਿ ਅਸੀਂ ਉਨ੍ਹਾਂ ਵਲੋਂ ਪ੍ਰਦਾਨ ਕੀਤਾ ਗਿਆਨ ਕਦੇ ਨਹੀਂ ਭੁੱਲ ਸਕਦੇ । ਸ਼ਿਵਿਰ ਵਿੱਚ ਸਭ ਤੋਂ ਸ਼ਾਨਦਾਰ,ਮਨੋਰੰਜਨ ਅਤੇ ਅਥਾਹ ਆਨੰਦ ਨਾਲ ਭਰਪੂਰ ਸੀ ਬੈਕ ਟੂ ਬਚਪਨ ਗਤੀਵਿਧੀ। ਇਸ ਵਿੱਚ ਸਭ ਤੋਂ ਵਧੀਆ ਸਾਡੇ ਭਰਾ ਦਾ ਲਾਲਾ ਜੀ ਦਾ ਰੋਲ,ਸਾਰਿਆਂ ਵਲੋਂ ਮਿਲ ਕੇ ਖੇਡੀ ਬਚਪਨ ਦੀਆਂ ਖੇਡਾਂ ਨੇ ਸਾਰਿਆਂ ਨੂੰ ਆਪਣਾ ਬਚਪਨ ਯਾਦ ਕਰਵਾ ਦਿੱਤਾ । ਸ਼ਾਮ ਨੂੰ ਸਾਰੀਆਂ ਟੀਮਾਂ ਵਲੋਂ ਆਪਣੇ ਆਪਣੇ ਕਪਤਾਨ ਦੀ ਅਗਵਾਈ ਵਿੱਚ ਬਹੁਤ ਵਧੀਆ ਰੈਲੀ ਕੱਢੀ ਅਤੇ ਹਰ ਟੀਮ ਨੇ ਵੱਖਰੇ ਵੱਖਰੇ ਥੀਮ ਤੇ ਆਪਣਾ ਆਪਣਾ ਪ੍ਰੋਗਰਾਮ ਪੇਸ਼ ਕੀਤਾ । ਸਾਰੇ ਹੀ ਪੇਸ਼ ਕੀਤੇ ਪ੍ਰੋਗਰਾਮ ਬਹੁਤ ਵਧੀਆ ਸੁਨੇਹਾ ਪ੍ਰਦਾਨ ਕਰ ਰਹੇ ਸੀ ।



ਮਿਤੀ 14 ਅਪ੍ਰੈਲ ਦਿਨ ਮੰਗਲਵਾਰ ਨੂੰ ਸਵੇਰੇ 5 ਵਜੇ ਯੋਗ ਅਤੇ ਪ੍ਰਾਣਾਯਾਮ ਮੁਕਾਬਲੇ ਕਰਵਾਏ ਗਏ ਅਤੇ ਪ੍ਰਧਾਨ ਸ਼੍ਰੀ ਵਿਕਾਸ ਗਰਗ ਜੀ ਵਲੋਂ ਸਾਰਿਆਂ ਨੂੰ ਯੋਗ ਦੀ ਮਹੱਤਤਾ ਬਾਰੇ ਭੀ ਵਿਸਥਾਰ ਸਹਿਤ ਸਮਝਾਇਆ । ਇਸ ਤੋਂ ਬਾਅਦ ਪੰਡਿਤ ਨਰਿੰਦਰ ਦੇਵ ਸ਼ਾਸ਼ਤਰੀ ਜੀ ਵਲੋਂ ਹਵਨ ਯੱਗ ਕਰਵਾਇਆ ਗਿਆ। ਸ਼ਿਵਿਰ ਦਾ ਸਮਾਪਨ ਪ੍ਰਧਾਨ ਸ਼੍ਰੀ ਵਿਕਾਸ ਗਰਗ ਜੀ ਵਲੋਂ ਆਪਣੇ ਬਹੁਤ ਹੀ ਕੀਮਤੀ ਵਿਚਾਰਾਂ ਨਾਲ ਕੀਤਾ ਗਿਆ ਅਤੇ ਉਨ੍ਹਾਂ ਕਿਹਾ ਕਿ ਇਸ ਸ਼ਿਵਿਰ ਦੀ ਮਹੱਤਤਾ ਤੇ ਉਦੇਸ਼ ਤਾਂ ਹੀ ਸੰਪੂਰਨ ਹੋਵੇਗਾ ਜੇਕਰ ਅਸੀਂ ਇਥੋਂ ਹਾਸਿਲ ਕੀਤੇ ਗਿਆਨ ਨੂੰ ਆਪਣੇ ਜੀਵਨ ਵਿੱਚ ਅਪਨਾਈਏ । ਇਸ ਤੋਂ ਬਾਅਦ ਸਾਰਿਆਂ ਲਈ ਨੈਨੀਤਾਲ ਜਾਣ ਲਈ ਗੱਡੀਆਂ ਦਾ ਇੰਤਜਾਮ ਕੀਤਾ ਹੋਇਆ ਸੀ ਅਤੇ ਸਾਰਿਆਂ ਨੇ ਨੈਨੀ ਝੀਲ ਵਿੱਚ ਬੋਟਿੰਗ ਕੀਤੀ ਅਤੇ ਕੁਦਰਤੀ ਵਾਤਾਵਰਨ ਤੇ ਠੰਡੀਆਂ ਹਵਾਵਾਂ ਦਾ ਖੂਬ ਆਨੰਦ ਮਾਣਿਆ। ਕਰੀਬ ਰਾਤ ਨੂੰ 8 ਵਜੇ ਨੈਨੀਤਾਲ ਤੋਂ ਚੱਲ ਕੇ ਅਸੀਂ ਸਵੇਰੇ 7 ਵਜੇ ਰਾਮ ਭਵਨ ਖਰੜ ਪਹੁੰਚ ਗਏ। ਇਹ ਸੰਸਕਾਰ ਸ਼ਿਵਿਰ ਸਹੀ ਅਰਥਾਂ ਵਿੱਚ ਬਹੁਤ ਹੀ ਯਾਦਗਾਰੀ,ਜੀਵਨ ਵਿੱਚ ਨਵ ਊਰਜਾ,ਨਵ ਸ਼ਕਤੀ ਅਤੇ ਅਧਿਆਤਮ ਤੇ ਮਾਨਸਿਕ ਆਨੰਦ ਨਾਲ ਭਰਪੂਰ ਸੀ । ਇਸ ਸ਼ਿਵਿਰ ਦਾ ਸਾਰਾ ਪ੍ਰਬੰਧ ਤੇ ਆਯੋਜਨ ਬਹੁਤ ਵਧੀਆ ਅਤੇ ਇਕ ਸਿਸਟਮ ਨਾਲ ਕੀਤਾ ਹੋਇਆ ਸੀ,ਜਿਸਦੇ ਲਈ ਮੈ ਆਰਿਆਂ ਸਮਾਜ ਖਰੜ ਦੇ ਪ੍ਰਧਾਨ ਸ਼੍ਰੀ ਵਿਕਾਸ ਗਰਗ ਜੀ,ਸਾਹਿਲ ਗਰਗ ਜੀ ,ਜਤਿੰਦਰ ਗੁਪਤਾ ਜੀ ਅਤੇ ਸਮੁੱਚੀ ਟੀਮ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਅਤੇ ਪਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਇਹ ਸੰਸਥਾ ਦਿਨ ਦੋਗੁਣੀ ਰਾਤ ਚੌਗੁਣੀ ਤਰੱਕੀ ਕਰੇ ਅਤੇ ਇਨ੍ਹਾਂ ਦੇ ਸਾਰੇ ਮੈਂਬਰ ਹਮੇਸ਼ਾ ਤੰਦਰੁਸਤ ਤੇ ਖੁਸ਼ਹਾਲ ਰਹਿਣ ਅਤੇ ਅਜਿਹੇ ਸੰਸਕਾਰ ਸ਼ਿਵਿਰ ਦਾ ਆਯੋਜਨ ਭਵਿੱਖ ਵਿੱਚ ਕਰਦੇ ਰਹਿਣ ਜਿਨ੍ਹਾਂ ਤੋਂ ਸਾਡਾ ਆਉਣ ਵਾਲਾ ਭਵਿੱਖ ਸਿੱਖਿਅਤ ਹੋ ਸਕੇ ਇਕ ਵਧੀਆ ਸਮਾਜ ਦਾ ਨਿਰਮਾਣ ਕਰ ਸਕੇ ।


**GRIHUM HOUSING FINANCE** Apna Ghar. Apni Pehchan.

**ਗ੍ਰੀਹਮ ਹਾਊਸਿੰਗ ਫਾਇਨਾਂਸ ਲਿਮਟਿਡ**
ਰਜਿ. ਦਫਤਰ-6ਵੀਂ ਮੰਜ਼ਿਲ, ਬੀ-ਬਿਲਡਿੰਗ, ਗੰਗਾ ਟਰੂਨੋ ਬਿਜ਼ਨਸ ਪਾਰਕ, ਲੋਹੇਗਾਓਂ, ਪੁਣੇ-411014

ਅੰਤਿਕਾ 4 (ਵੇਖੋ ਨਿਯਮ 8 (1))
ਕਬਜ਼ਾ ਸੂਚਨਾ
(ਅਚੱਲ ਸੰਪੱਤੀ ਲਈ)

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਗ੍ਰੀਹਮ ਹਾਊਸਿੰਗ ਫਾਇਨਾਂਸ ਲਿਮਟਿਡ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸਬੰਧਤ ਮੰਗ ਸੂਚਨਾ ਵਿਚ ਦਰਸਾਈ ਰਕਮ (+) ਨੂੰ ਅਦਾ ਕਰਨ ਲਈ ਉਨ੍ਹਾਂ ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈ ਮਿਤੀ ਨੂੰ ਕਰਜ਼ਦਾਰਾਂ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ। ਜਿਵੇਂ ਕਿ ਕਰਜ਼ਦਾਰਾਂ ਰਕਮ ਦਾ ਭੁਗਤਾਨ ਕਰਨ ਵਿਚ ਨਾਕਾਮ ਰਹੇ ਹਨ, ਕਰਜ਼ਦਾਰਾਂ ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਨਿਮਨ ਦਰਸਾਈ ਮਿਤੀ ਨੂੰ ਦਰਸਾਈ ਨਿਯਮਾਂਵਲੀ ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ **ਧਾਰਾ** 13 (4) ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ **ਕਬਜ਼ਾ 27 ਅਪ੍ਰੈਲ ਸਾਲ 2026** ਨੂੰ ਲੈ ਲਿਆ ਹੈ।
ਕਰਜ਼ਦਾਰਾਂ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਸੁਰੱਖਿਅਤ ਕਰਜ਼ਦਾਤਾ ਦੀ ਰਕਮ ਅਤੇ ਉਸ ਉਪਰ ਵਿਆਜ ਸਮੇਤ ਚਾਰਜ ਨਾਲ ਸਬੰਧਤ ਹੋਵੇਗੀ।
ਕਰਜ਼ਦਾਰ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿੱਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ। ਕਬਜ਼ੇ ਵਿਚ ਲਈ ਗਈ ਸੰਪੱਤੀ ਦਾ ਵੇਰਵਾ ਨਿਮਨ ਅਨੁਸਾਰ ਹੈ।

| ਲ. ਨੰ. | ਕਰਜ਼ਦਾਰਾਂ ਦੇ ਨਾਮ | ਸੰਪੱਤੀ ਦਾ ਵੇਰਵਾ | ਕਬਜ਼ੇ ਲੈਣ ਦੀ ਮਿਤੀ | ਮੰਗ ਸੂਚਨਾ ਦੀ ਮਿਤੀ | ਮੰਗ ਸੂਚਨਾ ਵਿਚ ਰਕਮ (ਰੁਪਏ) |
|---|---|---|---|---|---|
| 1. | ਰਮੇਸ਼ ਕੁਮਾਰ, ਲਵਪ੍ਰੀਤ ਕੁਮਾਰ, ਅਵਿਨਾਸ਼ ਰਾਣੀ, ਅਰਸ਼ਦੀਪ ਸਿੰਘ | ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ 3.63 ਮਰਲੇ ਮੀਟਰਿੰਗ 30 ਫੁੱਟ X 33 ਫੁੱਟ, ਫਿਰੋਜ਼ਪੁਰ ਸ਼ਹਿਰ ਤਹਿ ਅਤੇ ਜ਼ਿਲ੍ਹਾ ਫਿਰੋਜ਼ਪੁਰ (ਗੋਲਡਨ ਐਨਕਲੇਵ) ਵਿਖੇ ਸਥਿਤ - ਸਾਲ 2018-19 ਲਈ ਜਮ੍ਹਾਂਬੰਦੀ ਜੋ ਕਿ 33/621 ਹਿੱਸਾ ਜ਼ਮੀਨ ਵਿੱਚੋਂ 3 ਕਨਾਲ 9 ਮਰਲੇ ਮਾਪਦੀ ਹੈ, ਖਸਰਾ ਨੰਬਰ 139//8/1/3-9 ਮੌਜੂਦਾ ਖੇਵਟ ਨੰਬਰ 2940, ਖਤੌਨੀ ਨੰਬਰ 3910। ਹੱਦਬੰਦੀ ਪੂਰਬ - ਮਕਾਨ ਆਫ਼ ਗਜ਼ੇਬੋ ਬੁਟੀਕ ਵੈਸਟ - ਗਲੀ, ਉੱਤਰ - ਨਛੱਤਰ ਸਿੰਘ ਦੱਖਣ - ਬੱਬੀ ਦਾ ਖਾਲੀ ਪਲਾਟ | 27-04-2026 | 11-12-2025 | LOAN NO.LAP05602000000005028195 Rs.2221213/- (ਰੁਪਏ ਬਾਈ ਲੱਖ ਇਕੀ ਹਜ਼ਾਰ ਦੋ ਸੌ ਤੇਰਾਂ ਕੇਵਲ) ਪੂਰਤੀ ਹੋਣ ਤੱਕ 15.6% ਸਲਾਨਾ ਦੀ ਦਰ 'ਤੇ ਵਿਆਜ ਸਮੇਤ 11/12/2025 ਦੇ ਅਨੁਸਾਰ ਅਦਾਇਗੀਯੋਗ |

ਸਥਾਨ : ਫਿਰੋਜ਼ਪੁਰ, ਪੰਜਾਬ
ਮਿਤੀ : 02.05.2026
ਸਹੀ/- ਅਧਿਕਾਰਤ ਦਫਤਰ
ਗ੍ਰੀਹਮ ਹਾਊਸਿੰਗ ਫਾਇਨਾਂਸ ਲਿਮਟਿਡ



**GRIHUM HOUSING FINANCE** Apna Ghar. Apni Pehchan.

**ਗ੍ਰੀਹਮ ਹਾਊਸਿੰਗ ਫਾਇਨਾਂਸ ਲਿਮਟਿਡ**
ਰਜਿ. ਦਫ਼ਤਰ: 6ਵੀਂ ਮੰਜ਼ਿਲ, ਬੀ- ਬਿਲਡਿੰਗ, ਗੰਗਾ ਟਰੂਨੋ ਬਿਜ਼ਨਸ ਪਾਰਕ, ਲੋਹੇਗਾਊਂ, ਪੁਣੇ , ਮਹਾਰਾਸ਼ਟਰਾ -411014
ਸ਼ਾਖਾ ਦਫਤਰ ਯੂਨਿਟ : ਐਸਸੀਓ 11, ਦੂਜੀ ਮੰਜ਼ਿਲ, ਸੈਕਟਰ 26, ਮਧਿਆ ਮਾਰਗ ਚੰਡੀਗੜ੍ਹ-160019

ਈ-ਨਿਲਾਮੀ ਵਿਕਰੀ ਸੂਚਨਾ
ਸਰਫਾਇਸੀ ਐਕਟ ਦੇ ਅਧੀਨ ਸੁਰੱਖਿਅਤ ਅਚੱਲ ਅਸਾਸੇ ਦੀ ਵਿਕਰੀ ਲਈ

ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 ("ਐਕਟ") ਦੇ ਤਹਿਤ ਅਚੱਲ ਸੰਪਤੀਆਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ, ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 ਦੇ ਨਿਯਮ 8 ਅਤੇ 9 ਦੇ ਨਾਲ ਪੜ੍ਹਿਆ ਜਾਂਦਾ ਹੈ।
ਇੱਥੇ ਆਮ ਜਨਤਾ ਨੂੰ ਅਤੇ ਖਾਸ ਕਰਕੇ ਕਰਜ਼ਦਾਰ/ਸਹਿ-ਕਰਜ਼ਦਾਰ/ਗਿਰਵੀਕਾਰ(ਆਂ)/ਜ਼ਾਮਨ(ਆਂ) ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਹੇਠਾਂ ਦੱਸੀਆਂ ਗਈਆਂ ਅਚੱਲ ਜਾਇਦਾਦਾਂ ਜੋ ਗ੍ਰਿਹਮ ਹਾਊਸਿੰਗ ਫਾਈਨੈਂਸ ਲਿਮਟਿਡ (ਇਸ ਤੋਂ ਬਾਅਦ ਐਕਟ ਦੇ ਅਨੁਸਾਰ "ਸੁਰੱਖਿਅਤ ਲੈਣਦਾਰ" ਵਜੋਂ ਜਾਣੀਆਂ ਜਾਂਦੀਆਂ ਹਨ) ਨੂੰ ਗਿਰਵੀ ਰੱਖੀਆਂ ਗਈਆਂ ਹਨ, ਜਿਸਦਾ ਕਬਜ਼ਾ ਐਕਟ ਦੀ ਧਾਰਾ 13(12) ਦੇ ਤਹਿਤ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਸੁਰੱਖਿਅਤ ਲੈਣਦਾਰ ਦੇ ਅਧਿਕਾਰਤ ਅਧਿਕਾਰੀ ਦੁਆਰਾ ਲਿਆ ਗਿਆ ਹੈ ਜੋ ਐਕਟ ਦੀ ਧਾਰਾ 13(2) ਦੇ ਤਹਿਤ ਨੋਟਿਸ ਦੇ ਅਨੁਸਾਰ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ ਦੇ ਨਿਯਮ 8 ਅਤੇ 9 ਦੇ ਨਾਲ ਪੜ੍ਹਿਆ ਜਾਂਦਾ ਹੈ।
ਸੁਰੱਖਿਅਤ ਜਾਇਦਾਦਾਂ ਨੂੰ 03-06-2026 ਨੂੰ ਈ-ਨਿਲਾਮੀ ਰਾਹੀਂ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ", ਅਤੇ "ਜੋ ਵੀ ਹੈ ਉੱਥੇ ਹੈ" ਦੇ ਆਧਾਰ 'ਤੇ ਵੇਚਿਆ ਜਾਵੇਗਾ। ਇਸ ਦੁਆਰਾ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਅਸੀਂ ਵੈੱਬਸਾਈਟ 'ਤੇ ਪ੍ਰਦਾਨ ਕੀਤੇ ਗਏ ਈ-ਨਿਲਾਮੀ ਪਲੇਟਫਾਰਮ ਰਾਹੀਂ ਜਨਤਕ ਕਰਨ ਜਾ ਰਹੇ ਹਾਂ: https://www.bankeauctions.com।
ਵਿਕਰੀ ਦੇ ਵਿਸਤ੍ਰਿਤ ਨਿਯਮ ਅਤੇ ਸ਼ਰਤਾਂ ਲਈ, ਕਿਰਪਾ ਕਰਕੇ GHFL/ਸੁਰੱਖਿਅਤ ਕਰਜ਼ਦਾਤਾ ਦੀ ਵੈੱਬਸਾਈਟ www.grihumhousing.com ਵਿੱਚ ਦਿੱਤੇ ਗਏ ਲਿੰਕ ਨੂੰ ਵੇਖੋ।

| ਪ੍ਰਸਤਾਵ ਨੰ. ਗ੍ਰਾਹਕ ਦਾ ਨਾਮ (ੳ) | ਮੰਗ ਸੂਚਨਾ ਦੀ ਮਿਤੀ ਅਤੇ ਬਕਾਇਆ ਰਕਮ (ਅ) | ਕਬਜ਼ੇ ਦੀ ਕਿਸਮ (ੲ) | ਸੰਪੱਤੀ ਦਾ ਵੇਰਵਾ (ਸ) | ਰਾਖਵੀਂ ਕੀਮਤ (ਹ) | ਜਮ੍ਹਾਂ ਬਿਆਨਾ (ਆਰਪੀ ਦਾ 10%)(ਕ) | ਜਮ੍ਹਾਂ ਬਿਆਨਾ ਜਮ੍ਹਾਂ ਕਰਵਾਉਣ ਦੀ ਮਿਤੀ (ਖ) | ਬੋਲੀ ਵਾਧਾ ਰਕਮ (ਗ) | ਸੰਪੱਤੀ ਜਾਂਚ ਦੀ ਮਿਤੀ ਅਤੇ ਸਮਾਂ (ਘ) | ਨਿਲਾਮੀ ਦੀ ਮਿਤੀ ਅਤੇ ਸਮਾਂ(ਙ) | ਜਾਣੂੰ ਦੇਣਦਾਰੀਆਂ/ਕੋਰਟ ਕੇਸ ਜੇਕਰ ਕੋਈ ਹੈ (ਚ) |
|---|---|---|---|---|---|---|---|---|---|---|
| LOAN NO.HF0038H21100027 ਜਾਕਿਰ ਹੁਸੈਨ (ਕਰਜ਼ਦਾਰ) ਸ਼ਾਹਾਲੇਸ਼ ਖਾਤੂਨ (ਸਹਿ ਕਰਜ਼ਦਾਰ) | ਨੋਟਿਸ ਮਿਤੀ: 06-02-2025 ਕੁੱਲ ਬਕਾਇਆ: 06-02-2025 ਨੂੰ 1222164/- ਰੁਪਏ (ਬਾਰਾਂ ਲੱਖ ਬਾਈ ਹਜ਼ਾਰ ਇੱਕ ਸੌ ਚੌਂਠ ਰੁਪਏ ਸਿਰਫ਼) ਭੁਗਤਾਨਯੋਗ, ਵਿਆਜ ਸਮੇਤ @14.85% ਸਾਲਾਨਾ। ਪ੍ਰਾਪਤੀ ਤੱਕ | ਭੌਤਿਕ | ਜਾਇਦਾਦ ਦਾ ਉਹ ਸਾਰੇ ਭਾਗ ਅਤੇ ਹਿੱਸੇ ਮਕਾਨ ਨੰ. 05, ਦੂਜੀ ਮੰਜ਼ਿਲ ਦੀ ਜ਼ਮੀਨ 00 ਬਿੱਘੇ 00 ਬਿਸਵਾ 12 ਬਿਸਵਾਸੀ (90 ਵਰਗ ਗਜ਼ ਦਾ 30 ਵਰਗ ਗਜ਼ 1/3 ਹਿੱਸਾ), ਖੇਵਟ/ਖਟੌਨੀ ਨੰ. 2/2, ਖਸਰਾ ਨੰ. 275 (2-12), 276(3-9), 277(5-4), 407/274(4-16) ਦੇ ਅਧੀਨ, ਕਿਤੇ 04 ਰਕਬਾ 16 ਬਿਘਾ 3 ਬਿਸਵਾ ਇਸ ਦਾ ਹਿੱਸਾ 3/1615 9.5. 00 ਬੀਘਾ 00 ਬਿਸਵਾ 12 ਬਿਸਵਾਸੀ, ਪਿੰਡ ਰੌਣੀ ਵਿਖੇ ਸਥਿਤ, ਹਦਬਸਤ ਨੰ. 14, ਤਹਿਸੀਲ ਡੇਰਾਬੱਸੀ ਅਤੇ ਜ਼ਿਲ੍ਹਾ ਐਸ.ਏ.ਐਸ. ਨਗਰ ਮੋਹਾਲੀ, ਪੰਜਾਬ ਭਾਰਤ (ਬੈਂਕ ਦੁਆਰਾ ਪ੍ਰਦਾਨ ਕੀਤੀ ਗਈ ਵਿਕਰੀ ਡੀਡ ਅਨੁਸਾਰ) (ਇਸ ਤੋਂ ਬਾਅਦ "ਸਵਾਲ ਵਾਲੀ ਜਾਇਦਾਦ" ਵਜੋਂ ਜਾਣਿਆ ਜਾਂਦਾ ਹੈ) ਹੱਦਾਂ: (ਵਿਕਰੀ ਡੀਡ ਅਨੁਸਾਰ) ਜ਼ਿਕਰ ਨਹੀਂ ਕੀਤਾ ਗਿਆ | Rs. 1181501/- (ਰੁ. ਗਿਆਰਾਂ ਲੱਖ ਇਕਿਆਸੀ ਹਜ਼ਾਰ ਪੰਜ ਸੌ ਇਕ ਕੇਵਲ) | Rs. 118150.10/ (ਰੁ. ਇਕ ਲੱਖ ਅਠਾਰਾਂ ਹਜ਼ਾਰ ਇਕ ਸੌ ਪੰਜਾਹ ਅਤੇ ਦਸ ਪੈਸੇ ਕੇਵਲ) | 02-06-2026 Before 5 PM | 10,000/- | 19-05-2026 (11 AM 4 PM) | 03-06-2026 (11 AM 2 PM) | ਨਿਲ |

ਇੱਛੁਕ ਬੋਲੀਕਾਰਾਂ/ਖਰੀਦਦਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸੁਰੱਖਿਅਤ ਕਰਜ਼ਦਾਤਾ ਸ਼ਾਖਾ ਅਤੇ ਨਿਲਾਮੀ ਜਾਇਦਾਦਾਂ ਦਾ ਦੌਰਾ ਕਰਨ, ਅਤੇ ਆਪਣੀ ਖੁਦ ਦੀ ਜਾਂਚ ਕਰਨ ਅਤੇ ਵਾਧੂ ਖਰਚਿਆਂ, ਬੋਝਾਂ ਅਤੇ ਕਿਸੇ ਵੀ ਤੀਜੀ-ਧਿਰ ਦੇ ਹਿੱਤਾਂ ਦਾ ਪਤਾ ਲਗਾਉਣ ਅਤੇ ਬੋਲੀ ਜਮ੍ਹਾਂ ਕਰਨ ਤੋਂ ਪਹਿਲਾਂ ਇਸ ਦੇ ਸਾਰੇ ਪਹਿਲੂਆਂ ਵਿੱਚ ਆਪਣੇ ਆਪ ਨੂੰ ਸੰਤੁਸ਼ਟ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਸਾਰੇ ਕਾਨੂੰਨੀ ਬਕਾਏ ਜਿਵੇਂ ਕਿ ਜਾਇਦਾਦ ਟੈਕਸ, ਬਿਜਲੀ/ਪਾਣੀ ਦੇ ਬਕਾਏ ਅਤੇ ਕੋਈ ਹੋਰ ਬਕਾਇਆ, ਜੇਕਰ ਕੋਈ ਹੋਵੇ, ਜਾਇਦਾਦ ਨਾਲ ਜੁੜੇ ਹੋਏ ਹਨ ਜੋ ਸਫਲ ਬੋਲੀਕਾਰ ਦੁਆਰਾ ਨਿਰਧਾਰਤ ਕੀਤੇ ਜਾਣਗੇ ਅਤੇ ਭੁਗਤਾਨ ਕੀਤੇ ਜਾਣਗੇ।
ਇੱਛੁਕ ਬੋਲੀਕਾਰਾਂ ਨੂੰ ਪੋਰਟਲ ਨਾਲ ਆਪਣੇ ਆਪ ਨੂੰ ਰਜਿਸਟਰ ਕਰਨ ਅਤੇ ਲਾਗਇਨ ਆਈਡੀ ਅਤੇ ਪਾਸਵਰਡ ਪਹਿਲਾਂ ਤੋਂ ਪ੍ਰਾਪਤ ਕਰਨ ਦੀ ਲੋੜ ਹੁੰਦੀ ਹੈ, ਜੋ ਕਿ ਈ-ਬੋਲੀ ਲਈ ਲਾਜ਼ਮੀ ਹੈ, ਨਿਲਾਮੀ ਸੇਵਾ ਪ੍ਰਦਾਤਾ ਤੋਂ) ਸੀ1 ਇੰਡੀਆ ਪ੍ਰਾਈਵੇਟ ਲਿਮਟਿਡ। ਪਤਾ- ਪਲਾਟ ਨੰਬਰ-68 ਤੀਜੀ ਮੰਜ਼ਿਲ ਗੁੜਗਾਓਂ ਹਰਿਆਣਾ-122003। **ਹੈਲਪਲਾਈਨ ਨੰਬਰ-7291981124,25,26 ਸਹਾਇਤਾ ਈਮੇਲ ਆਈਡੀ Support@bankeauctions.com**। ਸੰਪਰਕ ਵਿਅਕਤੀ ਧਾਰਨੀ ਪੀ, ਈਮੇਲ ਆਈਡੀ-dharani.p@c1india.com ਸੰਪਰਕ ਨੰਬਰ-**9948182222**। ਕਿਰਪਾ ਕਰਕੇ ਧਿਆਨ ਦਿਓ ਕਿ ਸੰਭਾਵੀ ਬੋਲੀਕਾਰ ਸਿਰਫ਼ ਉਨ੍ਹਾਂ ਤੋਂ ਈ-ਨਿਲਾਮੀ 'ਤੇ ਔਨਲਾਈਨ ਸਿਖਲਾਈ ਪ੍ਰਾਪਤ ਕਰ ਸਕਦੇ ਹਨ। ਇੱਛੁਕ ਖਰੀਦਦਾਰ/ਬੋਲੀਕਾਰ ਨੂੰ "ਗ੍ਰਹਿਮ ਹਾਊਸਿੰਗ ਫਾਈਨੈਂਸ ਲਿਮਟਿਡ-ਨਿਲਾਮੀ ਪ੍ਰਕਿਰਿਆ ਖਾਤਾ", ਬੈਂਕ-ICICI ਬੈਂਕ ਲਿਮਟਿਡ ਦੇ ਖਾਤੇ ਵਿੱਚ NEFT/RTGS/DD ਰਾਹੀਂ ਅਰਨੈਸਟ ਮਨੀ ਡਿਪਾਜ਼ਿਟ (EMD) ਦੀ ਰਕਮ ਜਮ੍ਹਾਂ ਕਰਾਉਣੀ ਪਵੇਗੀ। ਖਾਤਾ ਨੰਬਰ-**091551000028** ਅਤੇ **IFSC ਕੋਡ- 93930000915**, **ICICI** ਬੈਂਕ ਲਿਮਟਿਡ, ਪੰਚਸ਼ੀਲ ਟੇਕ ਪਾਰਕ, ਗਣਪਤੀ ਚੌਕ ਦੇ ਨੇੜੇ, 43/44 ਵਿਮਾਨ ਨਗਰ 411014 ਕਿਸੇ ਵੀ ਰਾਸ਼ਟਰੀਕ੍ਰਿਤ ਜਾਂ ਅਨੁਸੂਚਿਤ ਬੈਂਕ ਵਿੱਚ 02-06-2026 ਨੂੰ ਜਾਂ ਇਸ ਤੋਂ ਪਹਿਲਾਂ ਕੱਢਿਆ ਜਾਵੇਗਾ ਅਤੇ ਆਪਣਾ ਨਾਮ https://www.bankeauctions.com 'ਤੇ ਰਜਿਸਟਰ ਕਰਨਾ ਹੋਵੇਗਾ ਅਤੇ ਉਪਭੋਗਤਾ ਆਈਡੀ ਅਤੇ ਪਾਸਵਰਡ ਮੁਫ਼ਤ ਪ੍ਰਾਪਤ ਕਰਨਾ ਹੋਵੇਗਾ ਅਤੇ ਸੇਵਾ ਪ੍ਰਦਾਤਾ ਤੋਂ ਈ-ਨਿਲਾਮੀ 'ਤੇ ਸਿਖਲਾਈ ਪ੍ਰਾਪਤ ਕਰਨੀ ਹੋਵੇਗੀ। ਵੈੱਬਸਾਈਟ 'ਤੇ ਆਪਣੀ ਰਜਿਸਟ੍ਰੇਸ਼ਨ ਤੋਂ ਬਾਅਦ, ਇੱਛੁਕ ਖਰੀਦਦਾਰ/ਬੋਲੀਕਾਰ ਨੂੰ ਹੇਠ ਲਿਖੇ ਦਸਤਾਵੇਜ਼ਾਂ ਦੀਆਂ ਕਾਪੀਆਂ ਅਪਲੋਡ, ਈ-ਮੇਲ ਅਤੇ ਸਵੈ-ਪ੍ਰਮਾਣਿਤ ਹਾਰਡ ਕਾਪੀ ਪਤੇ 'ਤੇ ਭੇਜਣ ਦੀ ਲੋੜ ਹੁੰਦੀ ਹੈ: **SCO 11, ਦੂਜੀ ਮੰਜ਼ਿਲ ਸੈਕਟਰ 26, ਮੱਧ ਮਾਰਗ, ਚੰਡੀਗੜ੍ਹ-160019** ਮੋਬਾਈਲ ਨੰਬਰ -91 8281138143 ਈ-ਮੇਲ ਆਈਡੀ p.adith@grihumhousing.com ਨਿਯਮਾਂ ਅਤੇ ਸ਼ਰਤਾਂ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ ਈ-ਨਿਲਾਮੀ ਵਿੱਚ ਹਿੱਸਾ ਲੈਣ ਲਈ **https://www.bankeauctions.com&www.grihumhousing.com** 'ਤੇ ਜਾਓ।
ਇਸ ਨੋਟਿਸ ਨੂੰ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ-2002 ਦੇ ਨਿਯਮ 8(6) ਦੇ ਤਹਿਤ ਕਰਜ਼ਦਾਰ/ਸਹਿ-ਕਰਜ਼ਦਾਰ/ਗਿਰਵੀਕਾਰਾਂ/ਜ਼ਾਮਨਾਂ ਨੂੰ 30 ਦਿਨਾਂ (ਤੀਹ) ਦਾ ਨੋਟਿਸ ਵੀ ਮੰਨਿਆ ਜਾਣਾ ਚਾਹੀਦਾ ਹੈ।
ਸਥਾਨ: ਐਸ.ਏ.ਐਸ. ਨਗਰ ਮੋਹਾਲੀ, ਪੰਜਾਬ ਮਿਤੀ : 02.05.2026
ਅਧਿਕਾਰਤ ਅਧਿਕਾਰੀ ਗ੍ਰੀਹਮ ਹਾਊਸਿੰਗ ਫਾਇਨਾਂਸ ਲਿਮਟਿਡ

# ਸਮਾਜ ਸੇਵੀ ਨਿਤਾਸ਼ਾ ਅਕਾਲੀ ਦਲ 'ਚ ਸ਼ਾਮਲ

## ☛ਨੀਤੀ ਤਲਵਾੜ ਵੱਲੋਂ ਵਾਰਡ ਨੰਬਰ 47 ਦੀ ਮਹਿਲਾ ਪ੍ਰਧਾਨ ਨਿਯੁਕਤ

ਹੁਸ਼ਿਆਰਪੁਰ, 1 ਮਈ (ਦੀਪਕ ਅਗਨੀਹੋਤਰੀ): ਸਮਾਜ ਸੇਵਾ ਦੇ ਖੇਤਰ ਵਿੱਚ ਸਰਗਰਮ ਤੇ ਹਮੇਸ਼ਾ ਅੱਗੇ ਰਹਿਣ ਵਾਲੀ ਨਿਤਾਸ਼ਾ ਨੇ ਅੱਜ ਸ਼੍ਰੋਮਣੀ ਅਕਾਲੀ ਦਲ ਦਾ ਦਾਮਨ ਥਾਮ ਲਿਆ। ਅਕਾਲੀ ਦਲ ਦੀ ਸੀਨੀਅਰ ਮਹਿਲਾ ਨੇਤਰੀ ਨੀਤੀ ਤਲਵਾੜ ਵੱਲੋਂ ਉਨ੍ਹਾਂ ਨੂੰ ਪਾਰਟੀ ਵਿੱਚ ਸ਼ਾਮਲ ਕਰਵਾਇਆ ਗਿਆ ਤੇ ਮੌਕੇ 'ਤੇ ਹੀ ਵਾਰਡ ਨੰਬਰ 47 ਦੀ ਮਹਿਲਾ ਪ੍ਰਧਾਨ ਨਿਯੁਕਤ ਕਰਨ ਦਾ ਐਲਾਨ ਕੀਤਾ ਗਿਆ।ਇਸ ਮੌਕੇ ਸੰਬੋਧਨ ਕਰਦਿਆਂ ਨੀਤੀ ਤਲਵਾੜ ਨੇ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਜਦੋਂ ਵੀ ਸਮਾਜਿਕ ਬਦਲਾਅ ਦੀ ਗੱਲ ਆਉਂਦੀ ਹੈ, ਔਰਤਾਂ ਨੇ ਹਮੇਸ਼ਾ ਅੱਗੇ ਆ ਕੇ ਅਹਿਮ ਭੂਮਿਕਾ ਨਿਭਾਈ ਹੈ। ਉਨ੍ਹਾਂ ਮੌਜੂਦਾ ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਸਰਕਾਰ ਨੇ ਮਹਿਲਾਵਾਂ ਨਾਲ ਵਾਅਦੇ ਤਾਂ ਬਹੁਤ



ਕੀਤੇ, ਪਰ ਅਸਲ ਵਿੱਚ ਉਨ੍ਹਾਂ ਨੂੰ ਨਿਰਾਸ਼ ਕੀਤਾ ਹੈ। ਅੱਜ ਪੰਜਾਬ ਦੀਆਂ ਔਰਤਾਂ ਸਰਕਾਰ ਦੀਆਂ ਨੀਤੀਆਂ ਨਾਲ ਨਾਰਾਜ਼ ਹਨ ਤੇ ਇਹੀ ਮਹਿਲਾ ਸ਼ਕਤੀ 2027 ਦੀਆਂ ਚੋਣਾਂ ਵਿੱਚ ਵੱਡਾ ਬਦਲਾਅ ਲਿਆਵੇਗੀ।ਨੀਤੀ ਤਲਵਾੜ ਨੇ ਕਿਹਾ ਕਿ ਨਿਤਾਸ਼ਾ ਵਰਗੀਆਂ ਮਿਹਨਤੀ ਤੇ ਸਮਾਜ ਪ੍ਰਤੀ ਸਮਰਪਿਤ ਮਹਿਲਾਵਾਂ ਦੇ ਪਾਰਟੀ ਵਿੱਚ ਸ਼ਾਮਲ ਹੋਣ ਨਾਲ ਸ਼੍ਰੋਮਣੀ ਅਕਾਲੀ ਦਲ ਨੂੰ ਜ਼ਮੀਨੀ ਪੱਧਰ 'ਤੇ ਵੱਡੀ ਮਜ਼ਬੂਤੀ ਮਿਲੇਗੀ। ਉਨ੍ਹਾਂ ਕਿਹਾ ਕਿ ਵਾਰਡ ਨੰਬਰ 47 ਵਿੱਚ ਹੁਣ ਪਾਰਟੀ ਦੀਆਂ ਗਤੀਵਿਧੀਆਂ ਹੋਰ ਤੇਜ਼ ਕੀਤੀਆਂ ਜਾਣਗੀਆਂ।ਪਾਰਟੀ ਵਿੱਚ ਸ਼ਾਮਲ ਹੋਣ ਤੋਂ ਬਾਅਦ ਨਿਤਾਸ਼ਾ ਨੇ ਨੀਤੀ ਤਲਵਾੜ ਤੇ ਪਾਰਟੀ ਹਾਈਕਮਾਂਡ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਤੇ ਸਮਰਪਣ ਨਾਲ ਨਿਭਾਉਣਗੀਆਂ ਤੇ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਹਮੇਸ਼ਾ ਤਤਪਰ ਰਹਿਣਗੀਆਂ। ਇਸ ਮੌਕੇ ਕ੍ਰਿਸ਼ਨਾ ਥਾਪਰ, ਸੋਨੀਆ ਤਲਵਾੜ, ਆਸਥਾ ਕਪੂਰ, ਸੁਸ਼ਮਾ ਚੱਢਾ, ਪਰਮਜੀਤ ਕੌਰ, ਸੋਨੀਆ, ਰਿਮਪੀ, ਮੀਨਾ ਤੇ ਆਸ਼ਾ ਮੌਜੂਦ ਸਨ।

# ਮੁੱਖ ਮੰਤਰੀ ਮਾਨ ਨੂੰ ਅਦਾਲਤ 'ਚ ਪੇਸ਼ ਹੋਣ ਦਾ ਹੁਕਮ ਦੇਣ ਵਾਲੇ ਜੱਜ ਦਾ ਹੋਇਆ ਤਬਾਦਲਾ

ਬਠਿੰਡਾ/ਮਾਨਸਾ, 1 ਮਈ (ਚ.ਨ.ਸ): ਪੰਜਾਬ ਦੀ ਅਧੀਨ ਨਿਆਂਪਾਲਿਕਾ ਵਿੱਚ ਕੀਤੇ ਗਏ ਇੱਕ ਵੱਡੇ ਫੇਰਬਦਲ ਦੌਰਾਨ ਮਾਨਸਾ ਦੇ ਸਿਵਲ ਜੱਜ (ਸੀਨੀਅਰ ਡਵੀਜ਼ਨ) ਰਾਜਿੰਦਰ ਸਿੰਘ ਨਾਗਪਾਲ ਦਾ ਤਬਾਦਲਾ ਕਰ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਇਹ ਤਬਾਦਲਾ ਉਸ ਵੇਲੇ ਚਰਚਾ ਦਾ ਵਿਸ਼ਾ ਬਣ ਗਿਆ ਹੈ ਜਦੋਂ ਜੱਜ ਨਾਗਪਾਲ ਨੇ ਮਹਿਜ਼ ਇੱਕ ਦਿਨ ਪਹਿਲਾਂ ਹੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਇੱਕ ਮਾਣਹਾਨੀ ਦੇ ਮਾਮਲੇ ਵਿੱਚ 1 ਮਈ ਨੂੰ ਨਿੱਜੀ ਤੌਰ 'ਤੇ ਅਦਾਲਤ ਵਿੱਚ ਪੇਸ਼ ਹੋਣ ਦੇ ਸਖ਼ਤ ਨਿਰਦੇਸ਼ ਜਾਰੀ ਕੀਤੇ ਸਨ। ਪੰਜਾਬ ਵਿੱਚ ਪ੍ਰਸ਼ਾਸਨਿਕ ਆਧਾਰ 'ਤੇ ਕੀਤੇ ਗਏ ਇਸ ਫੇਰਬਦਲ ਵਿੱਚ ਕੁੱਲ 96 ਜੁਡੀਸ਼ੀਅਲ ਅਧਿਕਾਰੀਆਂ ਦੇ ਤਬਾਦਲੇ ਕੀਤੇ ਗਏ ਹਨ, ਜਿਸ ਤਹਿਤ ਜੱਜ ਨਾਗਪਾਲ ਨੂੰ ਹੁਣ ਮਾਨਸਾ ਵਿੱਚ ਹੀ ਚੀਫ਼ ਜੁਡੀਸ਼ੀਅਲ ਮੈਜਿਸਟਰੇਟ ਵਜੋਂ ਨਿਯੁਕਤ ਕੀਤਾ ਗਿਆ ਹੈ। ਵੇਰਵਿਆਂ ਅਨੁਸਾਰ ਰਾਜਿੰਦਰ ਸਿੰਘ ਨਾਗਪਾਲ ਕੋਲ ਵਧੀਕ ਚੀਫ਼ ਜੁਡੀਸ਼ੀਅਲ ਮੈਜਿਸਟਰੇਟ ਦਾ ਚਾਰਜ ਵੀ ਸੀ। ਉਨ੍ਹਾਂ ਨੇ ਸਾਬਕਾ ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆ ਵੱਲੋਂ ਦਾਇਰ ਕੀਤੇ ਗਏ ਮਾਣਹਾਨੀ ਦੇ ਕੇਸ ਦੀ ਸੁਣਵਾਈ ਕਰਦਿਆਂ ਇਹ ਹੁਕਮ ਦਿੱਤੇ ਸਨ। ਅਦਾਲਤ ਨੇ ਸਪੱਸ਼ਟ ਕੀਤਾ ਸੀ ਕਿ ਮੁੱਖ ਮੰਤਰੀ ਭਗਵੰਤ ਮਾਨ, ਜੋ ਕਿ ਇਸ ਮਾਮਲੇ ਵਿੱਚ ਇੱਕ ਮੁਲਜ਼ਮ ਵਜੋਂ ਨਾਮਜ਼ਦ ਹਨ, ਨੂੰ ਅਗਲੀ ਸੁਣਵਾਈ 'ਤੇ ਹਰ ਹਾਲ ਵਿੱਚ ਹਾਜ਼ਰ ਹੋਣਾ ਪਵੇਗਾ। ਜੱਜ ਨੇ ਚੇਤਾਵਨੀ ਵੀ ਦਿੱਤੀ ਸੀ ਕਿ ਜੇਕਰ ਉਹ ਪੇਸ਼ ਹੋਣ ਵਿੱਚ ਅਸਫਲ ਰਹਿੰਦੇ ਹਨ ਤਾਂ ਉਨ੍ਹਾਂ ਦੀ ਜ਼ਮਾਨਤ ਰੱਦ ਕੀਤੀ ਜਾ ਸਕਦੀ ਹੈ ਤੇ ਅਦਾਲਤ ਨੂੰ ਸਖ਼ਤ ਕਦਮ ਚੁੱਕਣੇ ਪੈ ਸਕਦੇ ਹਨ।ਪ੍ਰਾਪਤ ਜਾਣਕਾਰੀ ਅਨੁਸਾਰ, 28 ਅਪ੍ਰੈਲ ਨੂੰ ਜਾਰੀ ਕੀਤੇ ਗਏ, ਇਨ੍ਹਾਂ ਤਬਾਦਲਾ ਹੁਕਮਾਂ ਤਹਿਤ ਜੱਜ ਨਾਗਪਾਲ ਹੁਣ ਰਵਨੀਤ ਸਿੰਘ ਦੀ ਜਗ੍ਹਾ ਲੈਣਗੇ, ਜਿਨ੍ਹਾਂ ਨੂੰ ਐਸ.ਏ.ਐਸ. ਨਗਰ (ਮੋਹਾਲੀ) ਵਿਖੇ ਸੀ.ਜੇ.ਐਮ. ਵਜੋਂ ਤਾਇਨਾਤ ਕੀਤਾ ਗਿਆ ਹੈ। ਜੱਜ ਨਾਗਪਾਲ ਨੇ ਵੀਰਵਾਰ ਨੂੰ ਆਪਣਾ ਚਾਰਜ ਛੱਡ ਦਿੱਤਾ ਹੈ।

# ਵਿਧਾਇਕ ਸ਼ੈਰੀ ਕਲਸੀ ਨੇ ਸੁੰਦਰ ਨਗਰ ਵਿਖੇ ਐਲ.ਈ.ਡੀ. ਸਟਰੀਟ ਲਾਈਟ ਲਗਾਉਣ ਦਾ ਉਦਘਾਟਨ ਕੀਤਾ



ਬਟਾਲਾ, 1 ਮਈ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵੱਲੋਂ ਬਟਾਲਾ ਸ਼ਹਿਰ ਦੀਆਂ ਵੱਖ-ਵੱਖ ਵਾਰਡਾਂ ਵਿੱਚ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਤਹਿਤ ਵਾਰਡ ਨੰਬਰ 49 ਸੁੰਦਰ ਨਗਰ ਵਿਖੇ ਐਲ.ਈ.ਡੀ. ਸਟਰੀਟ ਲਾਈਟ ਲਗਾਉਣ ਦਾ ਉਦਘਾਟਨ ਕੀਤਾ ਗਿਆ।ਇਸ ਮੌਕੇ ਗੁਰਜੀਤ ਸਿੰਘ ਤੇ ਵਾਰਡ ਵਾਸੀ ਮੌਜੂਦ ਸਨ। ਵਾਰਡ ਵਾਸੀਆਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਇਤਿਹਾਸਕ ਤੇ ਧਾਰਮਿਕ ਸ਼ਹਿਰ ਬਟਾਲਾ ਨੂੰ ਹੋਰ ਖ਼ੂਬਸੂਰਤ ਬਣਾਉਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ ਤੇ ਪਾਰਦਰਸ਼ੀ ਢੰਗ ਨਾਲ ਵਿਕਾਸ ਕੰਮ ਤੇਜ਼ ਗਤੀ ਨਾਲ ਚੱਲ ਰਹੇ ਹਨ।ਉਨ੍ਹਾਂ ਦੱਸਿਆ ਕਿ ਸ਼ਹਿਰ ਦੀਆਂ ਵੱਖ-ਵੱਖ ਵਾਰਡਾਂ ਵਿੱਚ ਵਿਕਾਸ ਕੰਮ ਬਿਨਾਂ ਪੱਖਪਾਤ ਦੇ ਕਰਵਾਏ ਜਾ ਰਹੇ ਹਨ। ਸ਼ਹਿਰ ਅੰਦਰ ਚੌਕਾਂ ਨੂੰ ਚੌੜਾ ਕਰਕੇ ਖ਼ੂਬਸੂਰਤ ਬਣਾਇਆ ਗਿਆ ਹੈ। ਸ਼ਹੀਦ ਭਾਈ ਸੁੱਖਾ ਸਿੰਘ ਭਾਈ ਮਹਿਤਾਬ ਦੀ ਯਾਦ ਵਿੱਚ ਉਸਾਰੇ ਨਵੇਂ ਚੌਕ ਦਾ ਉਦਘਾਟਨ ਕਰਕੇ ਲੋਕ ਸਮਰਪਿਤ ਕੀਤਾ ਗਿਆ ਹੈ। ਇਸ ਚੌਕ ਵਿੱਚ ਸ਼ਾਨਦਾਰ ਲਾਈਟਾਂ ਵੀ ਲਗਾਈਆਂ ਗਈਆਂ ਹਨ। ਇਸ ਤੋਂ ਪਹਿਲਾਂ ਵੀ ਸ਼ਹੀਦ ਭਗਤ ਸਿੰਘ ਚੌਕ ਤੇ ਮਹਾਰਾਜਾ ਅਗਰਸੈਨ ਚੌਕ ਆਦਿ ਦੀ ਉਸਾਰੀ ਕੀਤੀ ਜਾ ਚੁੱਕੀ ਹੈ। ਸ਼ਿਵ ਕੁਮਾਰ ਬਟਾਲਵੀ ਕਲਾ ਤੇ ਸੱਭਿਆਚਾਰਕ ਕੇਂਦਰ ਬਟਾਲਾ ਵਿਖੇ ਸ਼ਿਵ ਬਟਾਲਵੀ ਦਾ ਆਦਮ ਕੱਦ ਬੁੱਤ ਲਗਾਇਆ ਗਿਆ ਹੈ। ਇਸ ਮੌਕੇ ਸੁੰਦਰ ਨਗਰ ਵਸਨੀਕਾਂ ਨੇ ਵਿਧਾਇਕ ਸ਼ੈਰੀ ਕਲਸੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਟਰੀਟ ਲਾਈਟਾਂ ਲੱਗਣ ਨਾਲ ਸਵੇਰੇ ਤੜਕਸਾਰ ਤੇ ਰਾਤ ਸਮੇਂ ਬਹੁਤ ਰਾਹਤ ਮਿਲੇਗੀ। ਉਨ੍ਹਾਂ ਅੱਗੇ ਕਿਹਾ ਕਿ ਬਟਾਲਾ ਸ਼ਹਿਰ ਨੂੰ ਖ਼ੂਬਸੂਰਤ ਬਣਾਉਣ ਲਈ ਵਿਧਾਇਕ ਸ਼ੈਰੀ ਕਲਸੀ ਵੱਲੋਂ ਜ਼ਿਕਰਯੋਗ ਉਪਰਾਲੇ ਕੀਤੇ ਗਏ ਹਨ ਤੇ ਉਨ੍ਹਾਂ ਲੋਕਾਂ ਨੂੰ ਲਗਾਤਾਰ ਮਿਲ ਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਦਾ ਨਿਪਟਾਰਾ ਕੀਤਾ ਜਾ ਰਿਹਾ ਹੈ, ਜੋ ਕਿ ਪਹਿਲਾਂ ਵੇਖਣ ਨੂੰ ਨਹੀਂ ਮਿਲਦਾ ਸੀ।

# ਪੁਲਿਸ ਕੈਡਿਟ ਟ੍ਰੇਨਿੰਗ 'ਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਨੋਡਲ ਅਧਿਕਾਰੀਆਂ ਦਾ ਸਨਮਾਨ

ਗੁਰਦਾਸਪੁਰ, 1 ਮਈ (ਜਗੀਰ ਸਿੰਘ ਮੰਡ/ਨਾਹਰ): ਪੁਲਿਸ ਜ਼ਿਲ੍ਹਾ ਗੁਰਦਾਸਪੁਰ ਵੱਲੋਂ ਪੁਲਿਸ ਕੈਡਿਟ ਟ੍ਰੇਨਿੰਗ ਪ੍ਰੋਗਰਾਮ ਵਿੱਚ ਭਾਗ ਲੈਣ ਵਾਲੇ ਲਗਭਗ 40 ਵਿਦਿਆਰਥੀਆਂ (10 ਵੱਖ-ਵੱਖ ਸਕੂਲਾਂ ਤੋਂ) ਨੂੰ ਸਮਾਰੋਹ ਦੌਰਾਨ ਸਨਮਾਨਿਤ ਕੀਤਾ ਗਿਆ। ਇਹ ਪ੍ਰੋਗਰਾਮ ਡੀਜੀਪੀ ਕਮਿਊਨਿਟੀ ਐਂਡ ਵੂਮੈਨ ਅਫੇਅਰਜ਼ ਗੁਰਪ੍ਰੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ ਦੇ ਨਾਲ ਪੰਜਾਬ ਦੀ ਸਹਾਇਕ



ਡਾਇਰੈਕਟਰ ਸ਼ਰੁਤੀ ਸ਼ੁਕਲਾ ਦੇ ਮਾਰਗਦਰਸ਼ਨ ਹੇਠ ਕਰਵਾਇਆ ਗਿਆ। ਸਮਾਰੋਹ ਦੀ ਪ੍ਰਧਾਨਗੀ ਐਸਐਸਪੀ ਗੁਰਦਾਸਪੁਰ ਆਦਿਤਿਆ ਦੀ ਦੇਖ-ਰੇਖ ਹੇਠ ਕੀਤੀ ਗਈ, ਜਦਕਿ ਐਸ.ਪੀ ਹੈਡਕੁਆਰਟਰ ਜੁਗਰਾਜ ਸਿੰਘ ਦੀ ਅਗਵਾਈ ਵਿੱਚ ਡੀਐਸਪੀ ਹੈਡਕੁਆਰਟਰ ਪ੍ਰਦੀਪ ਸਿੰਘ ਤੇ ਇੰਸਪੈਕਟਰ ਅਮਨਦੀਪ ਕੌਰ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਨੋਡਲ ਅਧਿਕਾਰੀਆਂ ਨੂੰ ਸਨਮਾਨ ਪੱਤਰ ਭੇਟ ਕਰਕੇ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ, ਅਨੁਸ਼ਾਸਨ ਤੇ ਸਮਰਪਣ ਦੀ ਪ੍ਰਸ਼ੰਸਾ ਕੀਤੀ ਗਈ। ਆਪਣੇ ਸੰਬੋਧਨ ਵਿੱਚ ਅਧਿਕਾਰੀਆਂ ਨੇ ਨੋਡਲ ਅਧਿਕਾਰੀਆਂ ਦੀ ਨਿਸ਼ਠਾ ਤੇ ਸਮਰਪਣ ਦੀ ਪ੍ਰਸ਼ੰਸਾ ਕਰਦੇ ਹੋਏ ਪੂਰਵ ਜ਼ਿਲ੍ਹਾ ਗਾਈਡੈਂਸ ਕੌਂਸਲਰ ਪਰਮਿੰਦਰ ਸਿੰਘ ਸੈਣੀ ਦੇ ਕਾਰਜਕਾਲ ਨੂੰ ਸਰਾਹਿਆ। ਉਨ੍ਹਾਂ ਕਿਹਾ ਕਿ ਸੈਣੀ ਨੇ ਆਪਣੇ ਕਾਰਜਕਾਲ ਦੌਰਾਨ ਵਿਦਿਆਰਥੀ ਮਾਰਗਦਰਸ਼ਨ, ਕਰੀਅਰ ਕਾਊਂਸਲਿੰਗ ਤੇ ਪੁਲਿਸ ਕੈਡਿਟ ਪ੍ਰੋਗਰਾਮ ਨੂੰ ਮਜ਼ਬੂਤ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਧਿਕਾਰੀ ਪਰਮਜੀਤ ਕੌਰ ਨੇ ਕਿਹਾ ਕਿ ਸਿੱਖਿਆ ਸਿਰਫ਼ ਕਿਤਾਬੀ ਗਿਆਨ ਤੱਕ ਸੀਮਿਤ ਨਹੀਂ ਹੁੰਦੀ, ਸਗੋਂ ਵਿਦਿਆਰਥੀਆਂ ਦੇ ਵਿਅਕਤੀਤਵ ਵਿਕਾਸ, ਨੇਤ੍ਰਿਤਵ ਯੋਗਤਾ ਤੇ ਨੈਤਿਕ ਮੁੱਲਾਂ ਦੇ ਵਿਕਾਸ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਇਸ ਮੌਕੇ ਸਕੂਲ ਦੇ ਰਾਜਦੀਪ ਸਿੰਘ ਤੇ ਪ੍ਰਿੰਸੀਪਲ ਸੁਰੇਂਦਰ ਕੁਮਾਰ ਮੌਜੂਦ ਸਨ।

# ਬਿਜਲੀ ਕੱਟਾਂ ਤੋਂ ਪ੍ਰੇਸ਼ਾਨ ਲੋਕਾਂ ਲਈ ਸ਼੍ਰੋਮਣੀ ਅਕਾਲੀ ਦਲ ਵੱਲੋਂ ਵਿਸ਼ਾਲ ਧਰਨਾ

ਧਾਰੀਵਾਲ, 1 ਮਈ (ਅਸ਼ੋਕ ਕੁਮਾਰ): ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਹਲਕਾ ਕਾਦੀਆਂ ਦੇ ਇੰਚਾਰਜ ਗੁਰਇਕਬਾਲ ਸਿੰਘ ਮਾਹਲ ਦੀ ਅਗਵਾਈ ਵਿੱਚ ਸਰਕਾਰ ਵੱਲੋਂ ਲਗਾਏ ਜਾ ਰਹੇ ਬਾਰ-ਬਾਰ ਬਿਜਲੀ ਦੇ ਕੱਟਾਂ ਦੇ ਵਿਰੁੱਧ ਇੱਕ ਵਿਸ਼ਾਲ ਧਰਨਾ ਬਿਜਲੀ ਬੋਰਡ ਦਫਤਰ ਧਾਰੀਵਾਲ ਦੇ ਸਾਹਮਣੇ ਦਿੱਤਾ ਗਿਆ, ਜਿਸ ਵਿੱਚ ਸਮੁੱਚੀ ਲੀਡਰਸ਼ਿਪ ਹਾਜ਼ਰ ਵੱਖ-



ਵੱਖ ਬੁਲਾਰਿਆਂ ਨੇ ਸਟੇਜ ਤੋਂ ਬੋਲਦਿਆਂ ਹੋਇਆਂ ਦੱਸਿਆ ਕਿ ਪੰਜਾਬ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ। ਬਿਜਲੀ ਦੀ ਸਪਲਾਈ ਬਿਲਕੁਲ ਠੱਪ ਹੋ ਗਈ ਹੈ, ਜਿਸ ਕਰਕੇ ਲੋਕਾਂ ਦੇ ਇਨਵੈਟਰ ਤੱਕ ਵੀ ਜਵਾਬ ਦੇ ਗਏ ਹਨ। ਇਸ ਮੌਕੇ 'ਤੇ ਹਲਕਾ ਇੰਚਾਰਜ ਗੁਰਇਕਬਾਲ ਸਿੰਘ ਮਾਹਲ ਨੇ ਕਿਹਾ ਕਿ ਜੇ ਸਰਕਾਰ ਇੱਕ ਹਫਤੇ ਦੇ ਵਿੱਚ-ਵਿੱਚ ਬਿਜਲੀ ਸਪਲਾਈ ਨਿਰੰਤਰ ਨਹੀਂ ਕਰ ਦਿੰਦੀ ਤਾਂ ਜਿਸ ਤਰ੍ਹਾਂ ਸਾਡੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਦਾ ਆਦੇਸ਼ ਹੋਵੇਗਾ, ਉਸੇ ਤਰ੍ਹਾਂ ਹੀ ਇਸ ਅੰਦੋਲਨ ਨੂੰ ਵੱਡੇ ਪੱਧਰ 'ਤੇ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇੱਕੋ-ਇੱਕ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਹੀ ਲੋਕਾਂ ਦੇ ਮਸਲਿਆਂ ਨੂੰ ਉਠਾਉਂਦੀ ਹੈ ਤੇ ਲੋਕਾਂ ਦੇ ਨਾਲ ਦਿਨ ਰਾਤ ਚੱਟਾਨ ਵਾਂਗ ਖੜ੍ਹੀ ਹੈ। ਇਸ ਮੌਕੇ 'ਤੇ ਵਿਸ਼ੇਸ਼ ਤੌਰ 'ਤੇ ਪਹੁੰਚੇ ਜਰਨੈਲ ਸਿੰਘ ਮਾਹਲ, ਧਾਰੀਵਾਲ ਸ਼ਹਿਰ ਦੇ ਜਨਰਲ ਸਕੱਤਰ ਇੰਜੀਨੀਅਰ ਜਤਿੰਦਰ ਪਾਲ ਸਿੰਘ ਜੇਪੀ, ਸਾਬਕਾ ਚੇਅਰਮੈਨ ਕਵਲਜੀਤ ਸਿੰਘ ਚਾਹਲ, ਐਸਸੀ ਵਿੰਗ ਦੇ ਸ਼ਹਿਰੀ ਜ਼ਿਲ੍ਹਾ ਪ੍ਰਧਾਨ ਰੌਣਕੀ ਰਾਮ, ਦਲੇਰ ਸਿੰਘ, ਸਰਪੰਚ ਕਸ਼ਮੀਰ ਸਿੰਘ, ਹਰਚਰਨ ਸਿੰਘ ਟੋਨਾ, ਇੰਦਰਾਸ ਹੰਸ, ਕੈਪਟਨ ਮਨੋਜ, ਗੁਰਮੁੱਖ ਸਿੰਘ ਕੰਗ, ਸ਼ਹਿਰੀ ਯੂਥ ਪ੍ਰਧਾਨ ਡਿਪਟੀ, ਜ਼ੋਨ ਸਰਪੰਚ, ਵੱਡੀ ਗਿਣਤੀ ਵਿੱਚ ਪੰਚ-ਸਰਪੰਚ ਚੇਅਰਮੈਨ ਤੇ ਐਮਸੀ ਤੇ ਕਾਦੀਆਂ ਸ਼ਹਿਰ ਅਹੁਦੇਦਾਰ ਹਾਜ਼ਰ ਸਨ।

# ਬਿਰਹਾ ਦੇ ਸੁਲਤਾਨ ਸ਼ਿਵ ਕੁਮਾਰ ਬਟਾਲਵੀ ਦੀ 53ਵੀਂ ਬਰਸੀ 6 ਨੂੰ

ਬਟਾਲਾ, 1 ਮਈ (ਬਲਵਿੰਦਰ ਸਿੰਘ ਪੰਜਗਰਾਈਂ /ਧੰਨਪਾਲ ਕਲਸੀ): ਬਿਰਹਾ ਦੇ ਸੁਲਤਾਨ, ਪੰਜਾਬ ਦੇ ਸਿਰਮੌਰ ਕਵੀ, ਸ਼ਿਵ ਕੁਮਾਰ ਬਟਾਲਵੀ ਦੀ 53ਵੀਂ ਬਰਸੀ 6 ਮਈ ਨੂੰ ਸ਼ਿਵ ਕੁਮਾਰ ਬਟਾਲਵੀ ਆਡੋਟੋਰੀਅਮ, ਜਲੰਧਰ ਰੋਡ ਬਟਾਲਾ ਵਿਖੇ ਮਨਾਈ ਜਾਵੇਗੀ। ਇਹ ਜਾਣਕਾਰੀ ਦਿੰਦਿਆਂ ਵਿਜੇ ਸੋਨੀ, ਪ੍ਰਧਾਨ ਸ਼ਿਵ ਕੁਮਾਰ ਬਟਾਲਵੀ ਕਲਾ ਤੇ ਸਭਿਆਚਾਰਕ ਸੁਸਾਇਟੀ ਬਟਾਲਾ ਨੇ ਦੱਸਿਆ ਕਿ ਸ਼ਿਵ ਕੁਮਾਰ ਬਟਾਲਵੀ ਕਲਾ ਤੇ ਸਭਿਆਚਾਰਕ ਸੁਸਾਇਟੀ ਵੱਲੋਂ ਬਿਰਹਾ ਦੇ ਸੁਲਤਾਨ ਸ਼ਿਵ ਕੁਮਾਰ ਬਟਾਲਵੀ ਦੀ ਬਰਸੀ ਮੌਕੇ ਕਵੀ ਦਰਬਾਰ ਕਰਵਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਸ਼ਿਰਕਤ ਕਰਨਗੇ। ਪ੍ਰਧਾਨ ਵਿਜੇ ਸੋਨੀ ਨੇ ਅੱਗੇ ਦੱਸਿਆ ਕਿ 6 ਮਈ ਨੂੰ ਸਵੇਰੇ 10 ਵਜੇ ਸਮਾਗਮ ਦੀ ਸ਼ੁਰੂਆਤ ਹੋਵੇਗੀ। ਸਭ ਤੋਂ ਪਹਿਲਾਂ ਸ਼ਿਵ ਕੁਮਾਰ ਬਟਾਲਵੀ ਦੇ ਬੁੱਤ ਨੂੰ ਫੁੱਲ ਅਰਪਨ ਕੀਤੇ ਜਾਣਗੇ। ਉਪਰੰਤ ਸ਼ਿਵ ਕੁਮਾਰ ਬਟਾਲਵੀ ਦੀ ਪੰਜਾਬੀ ਕਾਵਿ ਨੂੰ ਦੇਣ ਬਾਰੇ ਵਿਚਾਰ ਚਰਚਾ, ਕਵੀ ਦਰਬਾਰ ਤੇ ਸ਼ਿਵ ਕਾਵਿ ਗਾਇਨ ਹੋਵੇਗਾ। ਉਨ੍ਹਾਂ ਸਮੂਹ ਸਾਹਿਤ ਪ੍ਰੇਮੀਆਂ ਨੂੰ ਇਸ ਸਮਾਗਮ ਵਿੱਚ ਸ਼ਾਮਲ ਹੋਣ ਦਾ ਹਾਰਦਿਕ ਸੱਦਾ ਦਿੱਤਾ ਹੈ।



# ਪੁਸ਼ਅੱਪ ਮੈਨ ਆਫ਼ ਪੰਜਾਬ ਤੇ ਇੰਡੀਆ, ਕੁੰਵਰ ਅੰਮ੍ਰਿਤਬੀਰ ਸਿੰਘ ਵੱਲੋਂ ਸਵੈ-ਗਣਨਾ



ਬਟਾਲਾ, 1 ਮਈ (ਬਲਵਿੰਦਰ ਸਿੰਘ ਪੰਜਗਰਾਈਂ/ਧੰਨਪਾਲ ਕਲਸੀ): ਸਵੈ-ਗਣਨਾ ਲਈ ਅੱਜ ਤੋਂ ਪੋਰਟਲ ਖੁੱਲ੍ਹ ਚੁੱਕਾ ਹੈ, ਜੋ ਕਿ 14 ਮਈ ਤੱਕ ਸਵੈ ਗਣਨਾ ਲਈ ਖੁੱਲ੍ਹਾ ਰਹੇਗਾ। ਇਸ ਸਬੰਧੀ ਅੱਜ ਪੁਸ਼ਅੱਪ ਮੈਨ ਆਫ਼ ਪੰਜਾਬ ਤੇ ਇੰਡੀਆ, ਕੁੰਵਰ ਅੰਮ੍ਰਿਤਬੀਰ ਸਿੰਘ ਵੱਲੋਂ ਸਵੈ-ਗਣਨਾ ਕੀਤੀ ਗਈ। ਇਸ ਮੌਕੇ ਮਾਸਟਰ ਟ੍ਰੇਨਰ ਗੁਰਦਾਸਪੁਰ ਲੈਕਚਰਾਰ ਗੁਰਮੀਤ ਸਿੰਘ ਭੋਮਾ ਤੇ ਜਨਗਣਨਾ ਵਿਭਾਗ ਤੋਂ ਚਰਨਜੀਤ ਸਿੰਘ ਤੇ ਅਮਨਦੀਪ ਵੀ ਹਾਜ਼ਰ ਸਨ। ਉਨ੍ਹਾਂ ਦੱਸਿਆ ਕਿ ਪੋਰਟਲ www.se.census.gov.in ਉਪਰ ਸਵੈ-ਗਣਨਾ ਕੀਤੀ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਅੱਜ ਤੋਂ ਸਵੈ-ਜਨਗਣਨਾ ਪ੍ਰਕਿਰਿਆ ਦੀ ਅਧਿਕਾਰਕ ਸ਼ੁਰੂਆਤ ਹੋ ਗਈ ਹੈ। ਇਸ ਨਵੇਂ ਉਪਰਾਲੇ ਤਹਿਤ ਹੁਣ ਲੋਕ ਆਪਣੀ ਤੇ ਆਪਣੇ ਪਰਿਵਾਰ ਦੀ ਜਾਣਕਾਰੀ ਖੁਦ ਆਨਲਾਈਨ ਭਰ ਸਕਣਗੇ, ਜਿਸ ਨਾਲ ਜਨਗਣਨਾ ਦੀ ਪ੍ਰਕਿਰਿਆ ਹੋਰ ਤੇਜ਼ ਤੇ ਪਾਰਦਰਸ਼ੀ ਬਣੇਗੀ। ਉਨ੍ਹਾਂ ਦੱਸਿਆ ਕਿ ਸਵੈ-ਗਣਨਾ ਨਾਲ ਇਸ ਲੋਕਾਂ ਦਾ ਸਮਾਂ ਬਚੇਗਾ। ਜਿਹੜੇ ਲੋਕ ਡਿਜੀਟਲ ਸਹੂਲਤਾਂ ਦੀ ਵਰਤੋਂ ਕਰ ਸਕਦੇ ਹਨ, ਉਹ ਘਰ ਬੈਠੇ ਹੀ ਇਹ ਪ੍ਰਕਿਰਿਆ ਪੂਰੀ ਕਰ ਸਕਣਗੇ, ਜਦਕਿ ਹੋਰਾਂ ਲਈ ਮੈਦਾਨੀ ਕਰਮਚਾਰੀ ਪਹਿਲਾਂ ਵਾਂਗ ਮਦਦ ਲਈ ਉਪਲਬਧ ਰਹਿਣਗੇ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਇਸ ਸਹੂਲਤ ਦਾ ਲਾਭ ਲਿਆ ਜਾਵੇ ਤੇ ਸਹੀ ਜਾਣਕਾਰੀ ਦੇ ਕੇ ਜਨਗਣਨਾ ਪ੍ਰਕਿਰਿਆ ਨੂੰ ਕਾਮਯਾਬ ਬਣਾਇਆ ਜਾਵੇ।

# ਯਾਮਿਨੀ ਗੋਮਰ ਦਾ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ (ਐਸਸੀ ਡਿਪਾਰਟਮੈਂਟ) ਦਾ ਸੂਬੇ ਦਾ ਕਾਰਜਕਾਰੀ ਪ੍ਰਧਾਨ ਬਣਨ 'ਤੇ ਸਨਮਾਨ

ਗੜ੍ਹਸ਼ੰਕਰ, 1 ਮਈ (ਅਜਮੇਰ ਸਿੰਘ ਭਨੋਟ): ਯਾਮਿਨੀ ਗੋਮਰ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ (ਐਸਸੀ ਡਿਪਾਰਟਮੈਂਟ) ਦਾ ਸੂਬੇ ਦਾ ਕਾਰਜਕਾਰੀ ਪ੍ਰਧਾਨ ਬਣਨ 'ਤੇ ਜ਼ਿਲ੍ਹੇ ਦੇ ਕਾਂਗਰਸੀ ਵਰਕਰਾਂ ਨੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸੂਬਾਈ ਮੈਂਬਰ ਪੰਕਜ ਕ੍ਰਿਪਾਲ ਐਡਵੋਕੇਟ ਦੀ ਅਗਵਾਈ ਹੇਠ ਜ਼ਿਲ੍ਹਾ ਕਾਂਗਰਸ ਦਫਤਰ ਹੁਸ਼ਿਆਰਪੁਰ ਵਿਖੇ ਸਨਮਾਨ ਸਮਾਰੋਹ ਆਯੋਜਿਤ ਕੀਤਾ।ਇਸ ਮੌਕੇ ਪੰਕਜ ਕ੍ਰਿਪਾਲ ਐਡਵੋਕੇਟ ਨੇ ਕਿਹਾ ਕਿ ਯਾਮਿਨੀ ਗੋਮਰ ਦੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ (ਐਸਸੀ ਡਿਪਾਰਟਮੈਂਟ) ਦਾ ਸੂਬੇ ਦਾ ਕਾਰਜਕਾਰੀ ਪ੍ਰਧਾਨ ਬਣਨ ਨਾਲ ਕਾਂਗਰਸ ਦੇ ਜ਼ਮੀਨੀ ਪੱਧਰ ਦੇ ਵਰਕਰਾਂ ਵਿੱਚ ਉਤਸ਼ਾਹ ਪੈਦਾ ਹੋਇਆ ਹੈ। ਪੰਕਜ ਕ੍ਰਿਪਾਲ ਨੇ ਕਿਹਾ ਕਿ ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਚਰਨਜੀਤ ਸਿੰਘ ਚੰਨੀ ਸਾਬਕਾ ਮੁੱਖ ਮੰਤਰੀ, ਰਜਿੰਦਰ ਗੌਤਮ ਪ੍ਰਧਾਨ ਕੁਲ ਹਿੰਦ ਕਾਂਗਰਸ (ਐਸਸੀ ਡਿਪਾਰਟਮੈਂਟ) ਦੀ ਸਿਫਾਰਸ਼ 'ਤੇ ਰਾਹੁਲ ਗਾਂਧੀ ਨੇ ਇੱਕ ਦਲਿਤ ਮਹਿਲਾ



ਨੂੰ ਇਹ ਮਾਣ ਬਖਸ਼ਿਆ ਹੈ। ਯਾਮਿਨੀ ਗੋਮਰ ਨੇ ਕਿਹਾ ਕਿ ਉਹ ਜ਼ਮੀਨੀ ਪੱਧਰ 'ਤੇ ਕਾਂਗਰਸ ਵਰਕਰਾਂ ਨਾਲ ਰਾਬਤਾ ਕਰਕੇ ਕਾਂਗਰਸ ਦੀ ਮਜ਼ਬੂਤੀ ਲਈ ਕੰਮ ਕਰਨਗੇ। ਯਾਮਿਨੀ ਗੋਮਰ ਨੇ ਕਿਹਾ ਕਿ 2027 ਵਿੱਚ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਬਣਾਉਣ ਲਈ (ਐਸਸੀ ਡਿਪਾਰਟਮੈਂਟ) ਦਿਨ-ਰਾਤ ਇੱਕ ਕਰ ਦੇਵੇਗਾ। ਇਸ ਮੌਕੇ ਅਮਰਪਾਲ ਕਾਕਾ, ਰਕੇਸ਼ ਮਰਵਾਹਾ, ਬਲਵਿੰਦਰ ਬਿੱਟੂ, ਸਰਵਣ ਸਿੰਘ, ਭੁਪਿੰਦਰ ਘੁੰਮਣ, ਰਾਜਗੁਰਸ਼ਰਨ ਸਿੰਘ, ਮੰਗਜੀਤ ਗੰਭੋਵਾਲ, ਪ੍ਰਣਵ ਕਿਰਪਾਲ, ਸੋਢੀ ਰਾਮ, ਤਰਲੋਕ ਸ਼ਾਹੀ, ਅਸ਼ਵਨੀ ਸ਼ਰਮਾ, ਬਲਦੇਵ ਸਿੰਘ, ਪ੍ਰਧਾਨ ਜ਼ਿਲ੍ਹਾ ਮਹਿਲਾ ਕਾਂਗਰਸ, ਰਿਸ਼ੂ ਆਦੀਆ, ਗੁਰਮੀਤ ਸਿੱਧੂ, ਸੰਨੀ ਰਾਜਪੂਤ, ਆਕਾਸ਼ ਗੋਲਡੀ, ਜਸਪਿਨ ਸੰਧਰ ਹਾਜ਼ਰ ਹੋਏ।

# ਵਿਧਾਇਕ ਰਾਜਾ ਨੇ ਲੱਖਾਂ ਰੁਪਏ ਦੇ ਚੈਕ ਵੰਡੇ



ਟਾਂਡਾ ਉੜਮੁੜ, 1 ਮਈ (ਅਰਜੁਨ ਜੈਨ): ਆਮ ਆਦਮੀ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਤੇ ਹਲਕਾ ਵਿਧਾਇਕ ਉੜਮੁੜ ਟਾਂਡਾ ਜਸਵੀਰ ਸਿੰਘ ਰਾਜਾ ਗਿੱਲ ਨੇ ਟਾਂਡਾ ਹਲਕਾ ਅਧੀਨ ਪੈਂਦੇ 22 ਪਿੰਡਾਂ ਨੂੰ ਲਗਭਗ 30 ਲੱਖ ਦੀਆਂ ਗ੍ਰਾਂਟ ਰਾਸ਼ੀ ਦੇ ਚੈਕ ਵੰਡੇ। ਇਸ ਮੌਕੇ ਬੋਲਦਿਆਂ ਵਿਧਾਇਕ ਰਾਜਾ ਗਿੱਲ ਨੇ ਦੱਸਿਆ ਕਿ ਚੜ੍ਹਦੀਕਲਾ ਮਿਸ਼ਨ ਦਾ 25 ਪ੍ਰਤੀਸ਼ਤ ਬਕਾਇਆ, ਜੋ ਵੱਖ-ਵੱਖ ਪਿੰਡਾਂ ਦਾ ਬਕਾਇਆ ਰੁਕਿਆ ਸੀ, ਉਹ ਅੱਜ ਪਿੰਡ ਟਿੱਲੂਵਾਲ, ਹਰਸੀ ਪਿੰਡ ਕੁਮਪੁਰ, ਖੱਖਾਂ, ਮੋਹਕਮਗੜ੍ਹ, ਸੋਹੀਆ, ਦੇਹਰੀਵਾਲ, ਸਲੇਮਪੁਰ, ਦੁੱਗਲ ਦਵਾਖਰੀ, ਗਹੋਤ, ਜਲਾਲਪੁਰ, ਨੰਗਲ ਖੂੰਗਾ, ਸੈਦੂਪੁਰ, ਫੌਜੀ ਕਲੋਨੀ, ਢਡਿਆਲਾ, ਭਾਗੀਆਂ, ਕਲੋਆ, ਨੰਗਲ ਜਮਾਲ, ਬਹਾਦਰਪੁਰ, ਝਾਂਸਾ ਆਦਿ ਪਿੰਡਾਂ ਨੂੰ ਵੰਡ ਦਿੱਤਾ ਗਿਆ। ਵਿਧਾਇਕ ਰਾਜਾ ਗਿੱਲ ਨੇ ਦੱਸਿਆ ਕਿ ਉੜਮੁੜ ਹਲਕੇ ਨਾਲ ਸਬੰਧਤ ਪੰਚਾਇਤ ਚਾਹੇ ਉਹ ਕਿਸੇ ਵੀ ਸਿਆਸੀ ਧੜੇ ਨਾਲ ਸਬੰਧ ਰੱਖਦੀ ਹੋਵੇ ਆਪਣੇ ਪਿੰਡ ਦੇ ਰਹਿੰਦੇ ਕੰਮਾਂ ਵਾਰੇ ਪੰਚਾਇਤ ਦੇ ਲੈਟਰ ਪੈਡ 'ਤੇ ਲਿਖ ਕੇ ਦੇਵੇ, ਉਹ ਕੰਮ ਪਹਿਲ ਦੇ ਆਧਾਰ 'ਤੇ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਹਲਕੇ ਵਿੱਚ ਵਿਕਾਸ ਕਾਰਜਾਂ ਵਿੱਚ ਕਿਸੇ ਕਿਸਮ ਦੀ ਕਮੀ ਪੇਸ਼ੀ ਆਉਣ ਨਹੀਂ ਦਿੱਤੀ ਜਾਵੇਗੀ। ਵਿਧਾਇਕ ਰਾਜਾ ਗਿੱਲ ਨੇ ਹਲਕੇ ਦਾ ਵਿਕਾਸ ਬਿਨਾਂ ਕਿਸੇ ਭੇਦਭਾਵ ਦੇ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਹਲਕੇ ਦੀ ਕਿਸੇ ਪੰਚਾਇਤ ਨੂੰ ਪਿੰਡ ਦੇ ਵਿਕਾਸ ਕਾਰਜਾਂ ਸਬੰਧੀ ਕੋਈ ਸ਼ਿਕਾਇਤ ਹੈ ਤੇ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਜਾਵੇ। ਇਸ ਮੌਕੇ ਆਮ ਆਦਮੀ ਪਾਰਟੀ ਦੇ ਹਲਕਾ ਉੜਮੁੜ ਟਾਂਡਾ ਦੇ ਸੰਗਠਨ ਇੰਚਾਰਜ ਕੇਸ਼ਵ ਸਿੰਘ ਸੈਣੀ, ਚੇਅਰਮੈਨ ਬਲਾਕ ਸੰਮਤੀ ਟਾਂਡਾ ਸੁਖਵਿੰਦਰਜੀਤ ਸਿੰਘ ਝਾਵਰ, ਚੇਅਰਮੈਨ ਮਾਰਕੀਟਿੰਗ ਕਮੇਟੀ ਟਾਂਡਾ ਜਸਵੰਤ ਸਿੰਘ ਬਿੱਟੂ ਜਲਾਲਪੁਰ, ਜ਼ਿਲ੍ਹਾ ਯੂਥ ਪ੍ਰਧਾਨ ਹੁਸ਼ਿਆਰਪੁਰ ਮਨਵੀਰ ਸਿੰਘ ਝਾਵਰ ਆਦਿ ਹਾਜ਼ਰ ਸਨ।

# ਲਾਰੈਂਸ ਇੰਟਰਨੈਸ਼ਨਲ ਸਕੂਲ ਵਿਖੇ 'ਮਜ਼ਦੂਰ ਦਿਵਸ' ਧੂਮਧਾਮ ਨਾਲ ਮਨਾਇਆ



ਕਲਾਨੌਰ, 1 ਮਈ (ਇਕਬਾਲ ਵਾਲੀਆ/ਕਮਲਜੀਤ ਸਿੰਘ): ਲਾਰੈਂਸ ਇੰਟਰਨੈਸ਼ਨਲ ਸਕੂਲ, ਤਾਰਾਗੜ੍ਹ (ਡੇਰਾ ਬਾਬਾ ਨਾਨਕ ਰੋਡ) ਬਟਾਲਾ ਵਿਖੇ ਅੱਜ ਮਜ਼ਦੂਰ ਦਿਵਸ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਵਿਸ਼ੇਸ਼ ਮੌਕੇ 'ਤੇ ਸਕੂਲ ਦੇ ਕਰਮਚਾਰੀਆਂ ਦੇ ਸਨਮਾਨ ਵਿੱਚ ਇੱਕ ਪ੍ਰਭਾਵਸ਼ਾਲੀ ਸਮਾਗਮ ਉਲੀਕਿਆ ਗਿਆ।ਜਿਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਕਿਰਤ ਦੀ ਮਹੱਤਤਾ ਤੇ ਹਰ ਕੰਮ ਕਰਨ ਵਾਲੇ ਪ੍ਰਤੀ ਸਤਿਕਾਰ ਦੀ ਭਾਵਨਾ ਪੈਦਾ ਕਰਨਾ ਸੀ। ਸਕੂਲੀ ਵਿਦਿਆਰਥੀਆਂ ਨੇ ਮਜ਼ਦੂਰਾਂ ਦੀ ਮਿਹਨਤ ਤੇ ਸਮਾਜ ਵਿੱਚ ਉਨ੍ਹਾਂ ਦੇ ਯੋਗਦਾਨ ਨੂੰ ਦਰਸਾਉਂਦੇ ਹੋਏ ਭਾਸ਼ਣ, ਕਵਿਤਾਵਾਂ ਤੇ ਲਘੂ ਨਾਟਕ ਪੇਸ਼ ਕੀਤੇ। ਸਕੂਲ ਪ੍ਰਬੰਧਕਾਂ ਵੱਲੋਂ ਸਕੂਲ ਦੇ ਸਹਾਇਕ ਸਟਾਫ ਨੂੰ ਉਨ੍ਹਾਂ ਦੀਆਂ ਅਣਥੱਕ ਸੇਵਾਵਾਂ ਲਈ ਤੋਹਫ਼ੇ ਦੇ ਕੇ ਸਨਮਾਨਿਤ ਕੀਤਾ ਗਿਆ। ਬੱਚਿਆਂ ਨੇ ਹੱਥੀਂ ਬਣੇ ਥੈਂਕ ਯੂ ਕਾਰਡ ਕਰਮਚਾਰੀਆਂ ਨੂੰ ਭੇਟ ਕਰਕੇ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ। ਸਕੂਲ ਪ੍ਰਿੰਸੀਪਲ ਡਾ. ਉਪਮਾ ਮਹਾਜਨ ਨੇ ਇਸ ਮੌਕੇ ਸਟਾਫ ਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਿਸੇ ਵੀ ਸੰਸਥਾ ਦੀ ਨੀਂਹ ਉਸ ਦੇ ਮਿਹਨਤੀ ਕਰਮਚਾਰੀ ਹੁੰਦੇ ਹਨ। ਅੱਜ ਦਾ ਦਿਨ ਸਾਨੂੰ ਯਾਦ ਦਿਵਾਉਂਦਾ ਹੈ ਕਿ ਹਰ ਕਿਰਤੀ ਦਾ ਕੰਮ ਸਤਿਕਾਰਯੋਗ ਹੈ। ਇਸ ਮੌਕੇ ਸਕੂਲ ਦੇ ਚੇਅਰਮੈਨ ਬਲਜਿੰਦਰ ਸਿੰਘ ਬੈਂਸ ਮੱਲਿਆਂਵਾਲ, ਵਾਈਸ ਚੇਅਰਮੈਨ ਕੁਲਦੀਪ ਸਿੰਘ ਬੈਂਸ, ਡਾਇਰੈਕਟਰ ਐਡਵਾਈਜ਼ਰ ਗੁਰਜੀਤ ਸਿੰਘ ਬੈਂਸ, ਡਾਇਰੈਕਟਰ ਡਾ. ਗੁਰਿੰਦਰ ਕੌਰ ਮਾਨ ਤੇ ਪ੍ਰਿੰਸੀਪਲ ਡਾ. ਉਪਮਾ ਮਹਾਜਨ ਵੱਲੋਂ ਕਰਮਚਾਰੀਆਂ ਨੂੰ ਸਨਮਾਨਿਤ ਕਰਦੇ ਹੋਏ ਉਨ੍ਹਾਂ ਦਾ ਧੰਨਵਾਦ ਕੀਤਾ।

# ਜ਼ਿਲ੍ਹਾ ਪ੍ਰਧਾਨ ਡਾ. ਹਰਜੋਤ ਕਮਲ ਦੀ ਪ੍ਰਧਾਨਗੀ ਹੇਠ ਭਾਜਪਾ ਦੀ ਮੀਟਿੰਗ

ਮੋਗਾ, 1 ਮਈ (ਨਿਸ਼ੀ ਮਨਚੰਦਾ/ਗੁਰਦੇਵ ਖੁਰਾਣਾ): ਭਾਜਪਾ ਮੋਗਾ ਦੀ ਇੱਕ ਜ਼ਰੂਰੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਡਾ. ਹਰਜੋਤ ਕਮਲ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਮੋਗਾ ਨਗਰ ਨਿਗਮ ਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ 2027 ਸਬੰਧੀ ਅਹਿਮ ਫੈਸਲੇ ਕੀਤੇ ਗਏ। ਇਸ ਮੀਟਿੰਗ ਵਿੱਚ ਨਗਰ ਨਿਗਮ ਚੋਣਾਂ ਦੇ ਕਨਵੀਨਰ ਰਾਕੇਸ਼ ਸ਼ਰਮਾ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਮੀਟਿੰਗ ਵਿੱਚ ਜ਼ਿਲ੍ਹਾ ਵਾਈਸ ਪ੍ਰਧਾਨ ਸਰਦੂਲ ਸਿੰਘ ਕੰਗ, ਗੀਤਾ ਆਰੀਆ, ਵਿੱਕੀ ਸਿਤਾਰਾ, ਮਨਜੀਤ ਸਿੰਘ ਰਾਣਾ, ਹਿਤੇਸ਼ ਗੁਪਤਾ, ਰਾਹੁਲ ਗਰਗ, ਦੇਵ ਪ੍ਰਿਯਾ ਤਿਆਗੀ, ਸਤਨਾਮ ਸਿੰਘ ਤੇ ਨਿਰਮਲ ਸਿੰਘ ਮੀਨੀਆਂ ਤੋਂ ਇਲਾਵਾ ਕਿਸਾਨ ਮੋਰਚਾ ਜ਼ਿਲ੍ਹਾ ਮੋਗਾ ਦੇ ਪ੍ਰਧਾਨ ਲਖਵੰਤ ਸਿੰਘ ਸਾਫੂਵਾਲਾ, ਜ਼ਿਲ੍ਹਾ ਐਸਸੀ ਮੋਰਚਾ ਦੇ ਪ੍ਰਧਾਨ ਸਤਿੰਦਰਪ੍ਰੀਤ ਸਿੰਘ, ਜ਼ਿਲ੍ਹਾ ਮਹਿਲਾ ਮੋਰਚਾ ਦੀ ਪ੍ਰਧਾਨ ਕਮਲਜੀਤ



ਕੌਰ ਧੱਲੇਕੇ ਤੇ ਜ਼ਿਲ੍ਹਾ ਓਬੀਸੀ ਮੋਰਚੇ ਦੇ ਪ੍ਰਧਾਨ ਸੁਰਿੰਦਰ ਸਿੰਘ ਨੂੰ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ। ਇਸ ਤੋਂ ਇਲਾਵਾ ਮੋਗਾ ਸ਼ਹਿਰ ਦੇ ਸਰਕਲ ਪ੍ਰਧਾਨਾਂ-ਮੋਗਾ ਨੌਰਥ ਤੋਂ ਉਮਾਕਾਂਤ ਸਿੰਘ, ਮੋਗਾ ਸਾਊਥ ਤੋਂ ਭੁਪਿੰਦਰ ਕੁਮਾਰ (ਹੈਪੀ), ਮੋਗਾ ਵੈਸਟ ਤੋਂ ਅਮਿਤ ਗੁਪਤਾ ਤੇ ਮੋਗਾ ਈਸਟ ਤੋਂ ਅਮਨਦੀਪ ਗਰੋਵਰ ਨੂੰ ਨਿਰਦੇਸ਼ ਦਿੱਤੇ ਗਏ ਕਿ ਉਹ ਆਪਣੇ ਅਧੀਨ ਆਉਂਦੇ ਸਾਰੇ ਵਾਰਡਾਂ ਵਿੱਚ ਤੁਰੰਤ ਜਨ-ਸੰਪਰਕ ਅਭਿਆਨ ਸ਼ੁਰੂ ਕਰਕੇ ਲੋਕਾਂ ਨੂੰ ਕੇਂਦਰ ਸਰਕਾਰ ਦੀਆਂ ਲੋਕ-ਭਲਾਈ ਸਕੀਮਾਂ ਤੇ ਸਰਕਾਰ ਦੀਆਂ ਨਾਕਾਮੀਆਂ ਬਾਰੇ ਜਾਗਰੂਕ ਕਰਨ। ਇਨ੍ਹਾਂ ਸਰਕਲਾਂ ਦੀ ਨਿਗਰਾਨੀ ਲਈ ਜ਼ਿਲ੍ਹਾ ਜਰਨਲ ਸਕੱਤਰ ਰਾਜਪਾਲ ਠਾਕੁਰ, ਜ਼ਿਲ੍ਹਾ ਜਰਨਲ ਸਕੱਤਰ ਮੁਖਤਿਆਰ ਸਿੰਘ (ਰਿਟਾਇਰਡ ਐਸ.ਪੀ.), ਜ਼ਿਲ੍ਹਾ ਉਪ-ਪ੍ਰਧਾਨ ਦੇਵ ਪ੍ਰਿਯਾ ਤਿਆਗੀ ਤੇ ਲੀਗਲ ਸੈਲ ਕਨਵੀਨਰ ਐਡ. ਨਿਸ਼ਾਂਤ ਕੌਸ਼ਿਕ ਨੂੰ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ। ਨਗਰ ਨਿਗਮ ਚੋਣਾਂ ਨੂੰ ਹਰ ਪੱਖ ਤੋਂ ਮਜ਼ਬੂਤ ਕਰਨ ਲਈ ਜਗਸੀਰ ਸਿੰਘ ਸਿੱਧੂ, ਖਜ਼ਾਨਚੀ ਅਨਿਲ ਬਾਂਸਲ, ਸੁਖਨੰਦਨ ਗਰਗ, ਮਨਿੰਦਰ ਸਿੰਘ ਜੌੜਾ, ਸੂਰਜ ਭਾਨ ਧਾਲੀਵਾਲ, ਨੀਤੂ ਗੁਪਤਾ, ਲੀਨਾ ਗੋਇਲ, ਰਾਓ ਬਰਿੰਦਰ ਪੱਬੀ, ਸ਼ਿਲਪਾ ਬਾਂਸਲ, ਰਾਜਿੰਦਰ ਗਾਬਾ, ਮਾਲਵਿੰਦਰ ਕੌਰ ਔਲਖ ਤੇ ਪਰਵੀਨ ਰਾਜਪੂਤ ਨੂੰ ਵੀ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ। ਇਸ ਤੋਂ ਇਲਾਵਾ ਜ਼ਿਲ੍ਹਾ ਕਨਵੀਨਰਾਂ ਵਿੱਚ ਦੀਪਕ ਕੌੜਾ, ਹੇਮੰਤ ਸੂਦ, ਲਖਵੀਰ ਸਿੰਘ ਘੱਲ ਕਲਾਂ, ਸੰਜੀਵ ਕੁਮਾਰ ਗੁਪਤਾ ਤੇ ਸੋਨੂੰ ਅਰੋੜਾ ਨੂੰ ਖਾਸ ਜ਼ਿੰਮੇਵਾਰੀਆਂ ਦਿੱਤੀਆਂ ਗਈਆਂ।

# ਸ੍ਰੀ ਅਖੰਡ ਪਾਠ ਸਾਹਿਬ ਮੌਕੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨਤਮਸਤਕ ਹੋਏ

ਰਤੇਵਾਲ/ਨਵਾਂਸ਼ਹਿਰ, 1 ਮਈ (ਸੁਖਦੇਵ ਸਿੰਘ ਉੜਾਪੜ): ਸਤਲੋਕ ਧਾਮ, ਪਿੰਡ ਰਤੇਵਾਲ ਵਿਖੇ ਬ੍ਰਹਮਲੀਨ ਸਤਿਗੁਰੂ ਗੰਗਾ ਨੰਦ ਮਹਾਰਾਜ ਜੀ ਦੇ 109ਵੇਂ ਅਵਤਾਰ ਦਿਵਸ ਸਬੰਧੀ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਵਿੱਚ ਪੰਜਾਬ ਰਾਜ ਅਨੁਸੂਚਿਤ ਜਾਤੀਆ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋ ਕੇ ਨਤਮਸਤਕ ਹੋਏ। ਇਸ ਮੌਕੇ ਉਨ੍ਹਾਂ ਗੁਰੂ ਮਹਾਰਾਜ ਜੀ ਦੇ ਚਰਨਾਂ ਵਿੱਚ ਸ਼ਰਧਾ ਦੇ ਫੁੱਲ ਭੇਟ ਕੀਤੇ ਤੇ ਸਮੂਹ ਸੰਗਤਾਂ ਨੂੰ ਅਵਤਾਰ ਦਿਵਸ ਦੀ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਬ੍ਰਹਮਲੀਨ ਸਤਿਗੁਰੂ ਗੰਗਾ ਨੰਦ ਮਹਾਰਾਜ ਜੀ ਨੇ ਸਾਰੀ ਉਮਰ ਮਾਨਵਤਾ ਦੀ ਸੇਵਾ, ਪ੍ਰੇਮ, ਭਾਈਚਾਰੇ ਤੇ ਸਮਾਜਿਕ ਕੁਰੀਤੀਆਂ ਵਿਰੁੱਧ ਜਾਗਰੂਕਤਾ ਫੈਲਾਉਣ ਦਾ ਸੰਦੇਸ਼ ਦਿੱਤਾ। ਸਾਨੂੰ ਉਨ੍ਹਾਂ ਦੀਆਂ ਸਿੱਖਿਆਵਾਂ 'ਤੇ ਚੱਲ ਕੇ ਸਮਾਜ ਦੀ ਭਲਾਈ ਲਈ ਕੰਮ ਕਰਨਾ ਚਾਹੀਦਾ ਹੈ। ਇਸ ਦੌਰਾਨ ਸਤਲੋਕ ਧਾਮ ਦੇ ਮੁੱਖ ਸੇਵਾਦਾਰਾਂ ਵੱਲੋਂ



ਚੇਅਰਮੈਨ ਜਸਵੀਰ ਸਿੰਘ ਗੜ੍ਹੀ ਦਾ ਸਨਮਾਨ ਕੀਤਾ ਗਿਆ। ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰੀ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਧਾਮ ਦੇ ਪ੍ਰਬੰਧਕ, ਸਥਾਨਕ ਪਤਵੰਤੇ ਤੇ ਵੱਡੀ ਗਿਣਤੀ 'ਚ ਸ਼ਰਧਾਲੂ ਹਾਜ਼ਰ ਸਨ।

# ਵਿਨੈ ਸ਼ਰਮਾ ਨੂੰ ਗਹਿਰਾ ਸਦਮਾ, ਮਾਤਾ ਸ਼ਸ਼ੀ ਕਾਂਤਾ ਦਾ ਦੇਹਾਂਤ

ਗੜ੍ਹਸ਼ੰਕਰ, 1 ਮਈ (ਅਜਮੇਰ ਸਿੰਘ ਭਨੋਟ): ਸ੍ਰੀ ਅਮਰਨਾਥ ਮਾਤਾ ਚਿੰਤਪੁਰਨੀ ਚੈਰੀਟੇਬਲ ਟਰੱਸਟ ਗੜ੍ਹਸ਼ੰਕਰ ਦੇ ਪ੍ਰਮੁੱਖ ਸੇਵਾਦਾਰ ਤੇ ਸਮਾਜ ਸੇਵੀ ਵਿਨੈ ਸ਼ਰਮਾ ਤੇ ਉਨ੍ਹਾਂ ਦੇ ਪਰਿਵਾਰ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ, ਜਦੋਂ ਉਨ੍ਹਾਂ ਦੇ ਮਾਤਾ ਸ਼ਸ਼ੀ ਕਾਂਤਾ (78) ਪਤਨੀ ਸਵ. ਜੋਗ ਰਾਜ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਆਖ ਪ੍ਰਭੂ ਚਰਨਾਂ ਵਿੱਚ ਜਾ ਵਿਰਾਜੇ। ਜਿਸ ਨਾਲ ਪੂਰੇ ਪਰਿਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਨੈ ਸ਼ਰਮਾ ਨੇ ਦੱਸਿਆ ਕਿ ਮਾਤਾ ਜੀ ਦੀ ਸਿਹਤ ਠੀਕ ਨਾ ਹੋਣ ਕਾਰਨ ਉਹ ਪਿਛਲੇ ਕੁਝ ਦਿਨਾਂ ਤੋਂ ਨਵਾਂਸ਼ਹਿਰ ਦੇ ਇੱਕ ਨਿੱਜੀ ਹਸਪਤਾਲ ਵਿੱਚ ਜ਼ੇਰੇ ਇਲਾਜ ਸਨ ਤੇ ਅੱਜ ਸਵੇਰੇ ਉਹ ਆਪਣੇ ਸਵਾਸਾਂ ਦੀ ਪੂੰਜੀ ਪੂਰੀ ਕਰਦੇ ਹੋਏ ਪ੍ਰਭੂ ਚਰਨਾਂ ਵਿੱਚ ਜਾ ਵਿਰਾਜੇ। ਇਸ ਮੌਕੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਮਾਤਾ ਜੀ ਦਾ ਅੰਤਿਮ ਸਸਕਾਰ ਅੱਜ ਸ਼ਾਮ 5 ਵਜੇ ਮਹੇਸ਼ਆਣਾ ਗੜ੍ਹਸ਼ੰਕਰ ਵਿਖੇ ਕੀਤਾ। ਇਸ ਮੌਕੇ ਇਲਾਕੇ ਦੀਆਂ ਵੱਖ-ਵੱਖ ਧਾਰਮਿਕ ਜਥੇਬੰਦੀਆਂ ਤੇ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਵੱਲੋਂ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪਰਿਵਾਰ ਨੂੰ ਭਾਣਾ ਮੰਨਣ ਲਈ ਪ੍ਰਮਾਤਮਾ ਅੱਗੇ ਅਰਦਾਸ ਕੀਤੀ।

# ਮਾਤਾ ਚਿੰਤਪੁਰਨੀ ਜੈਯੰਤੀ ਸ਼ਰਧਾ ਨਾਲ ਮਨਾਈ

ਕੋਟ ਈਸੇ ਖਾਂ, 1 ਮਈ (ਗੁਰਦੇਵ ਖੁਰਾਣਾ/ਹਰਜੀਤ ਛਾਬੜਾ): ਸਥਾਨਕ ਕਸਬੇ ਦੇ ਮੋਗਾ ਰੋਡ 'ਤੇ ਬੱਬੂ



ਪਲਾਈਵੁੱਡ ਸਟੋਰ ਵਾਲਿਆਂ ਦੀ ਦੁਕਾਨ 'ਤੇ ਮਾਤਾ ਦੇ ਭਗਤਾਂ ਵੱਲੋਂ ਮਾਤਾ ਚਿੰਤਪੁਰਨੀ ਜੈਯੰਤੀ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਈ ਗਈ। ਇਸ ਮੌਕੇ ਮਾਂ ਦੇ ਭਗਤਾਂ ਵੱਲੋਂ ਮਾਂ ਚਿੰਤਪੁਰਨੀ ਜੈਯੰਤੀ ਦੇ ਸਬੰਧ ਵਿੱਚ ਕੇਕ ਕੱਟਿਆ ਗਿਆ। ਇਸ ਸ਼ੁਭ ਘੜੀ ਵਿੱਚ ਥਾਣਾ ਮੁਖੀ ਕੋਟ ਈਸੇ ਖਾਂ ਸੁਨੀਤਾ ਰਾਣੀ ਨੇ ਵੀ ਮਾਤਾ ਚਿੰਤਪੁਰਨੀ ਜੈਯੰਤੀ ਦੇ ਸਬੰਧ ਵਿੱਚ ਰੱਖੇ ਗਏ ਪ੍ਰੋਗਰਾਮ ਵਿੱਚ ਵਿਸ਼ੇਸ਼ ਰੂਪ ਵਿੱਚ ਸ਼ਿਰਕਤ ਕਰਕੇ ਮਾਤਾ ਰਾਣੀ ਦਾ ਆਸ਼ੀਰਵਾਦ ਲਿਆ। ਇਸ ਮੌਕੇ ਜਿੱਥੇ ਮਾਤਾ ਦੇ ਭਗਤਾਂ ਵੱਲੋਂ ਕੇਕ ਕੱਟਿਆ ਗਿਆ, ਉਥੇ ਹੀ ਕੰਜਕ ਪੂਜਨ ਕਰਕੇ ਸੰਗਤ ਵਿੱਚ ਕੇਕ, ਸਮੋਸੇ, ਮਿਲਕ ਸ਼ੇਕ ਤੇ ਪ੍ਰਸ਼ਾਦ ਵੰਡਿਆ ਗਿਆ। ਇਸ ਮੌਕੇ ਮਾਤਾ ਰਾਣੀ ਦੀਆਂ ਭੇਟਾਂ ਦਾ ਗੁਣਗਾਨ ਵੀ ਕੀਤਾ ਗਿਆ।

# ਰੋਟਰੀ ਕਲੱਬ ਬੰਗਾ ਗ੍ਰੀਨ ਵੱਲੋਂ ਵਿਸ਼ੇਸ਼ ਸੈਮੀਨਾਰ

## ☛ਕੈਂਸਰ ਤੋਂ ਬਚਾਅ ਲਈ ਸਹੀ ਖ਼ੁਰਾਕ ਤੇ ਜੀਵਨਸ਼ੈਲੀ ਜ਼ਰੂਰੀ

ਬੰਗਾ, 1 ਮਈ (ਪ੍ਰਭਜੋਤ ਸਿੰਘ): ਰੋਟਰੀ ਕਲੱਬ ਬੰਗਾ ਗ੍ਰੀਨ ਵੱਲੋਂ ਕੈਂਸਰ ਕੇਅਰ ਸੈਂਟਰ ਤੇ ਰਘਬੀਰ ਚਾਹਲ ਟਰੱਸਟ ਦੇ ਸਹਿਯੋਗ ਨਾਲ ਇੱਕ ਵਿਸ਼ਾਲ ਕੈਂਸਰ ਜਾਗਰੂਕਤਾ ਕੈਂਪ 1 ਮਈ ਦਿਨ ਸ਼ੁੱਕਰਵਾਰ ਨੂੰ ਏਐਸ ਫਰੋਜ਼ਨ ਫੂਡਸ, ਕਰਨਾਣਾ ਰੋਡ ਨਾਗਰਾ ਵਿਖੇ ਲਗਾਇਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰੋਟ. ਦਿਲਬਾਗ



ਸਿੰਘ ਬਾਗੀ ਤੇ ਰੋਟ. ਸ਼ਮਿੰਦਰ ਸਿੰਘ ਗਰਚਾ ਰੋਟ. ਹਰਮਨਪ੍ਰੀਤ ਸਿੰਘ ਰਾਣਾ ਰੋਟ. ਡਾ. ਧਰਮਜੀਤ ਸਿੰਘ ਰੋਟ. ਜੀਵਨ ਦਾਸ ਕੌਸ਼ਲ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਰੋਟਰੀ ਕਲੱਬ ਬੰਗਾ ਗ੍ਰੀਨ ਹਮੇਸ਼ਾ ਹੀ ਸਮਾਜ ਸੇਵਾ ਦੇ ਕਾਰਜਾਂ ਵਿੱਚ ਅੱਗੇ ਰਹਿੰਦਾ ਆ ਰਿਹਾ ਹੈ ਤੇ ਕਲੱਬ ਵੱਲੋਂ ਸਮੇਂ-ਸਮੇਂ 'ਤੇ ਸਿਹਤ ਜਾਂਚ ਕੈਂਪ, ਰੁੱਖ ਲਗਾਉਣ ਮੁਹਿੰਮਾਂ, ਸਫਾਈ ਅਭਿਆਨ, ਲੋੜਵੰਦਾਂ ਦੀ ਸਹਾਇਤਾ ਤੇ ਲੋਕ ਭਲਾਈ ਦੇ ਅਨੇਕਾਂ ਕਾਰਜ ਕੀਤੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਕੈਂਸਰ ਵਰਗੀ ਨਾ-ਮੁਰਾਦ ਬਿਮਾਰੀ 'ਤੇ ਜਾਗਰੂਕਤਾ ਫੈਲਾਉਣਾ ਬਹੁਤ ਜ਼ਰੂਰੀ ਹੈ, ਇਸੇ ਮਕਸਦ ਨਾਲ ਇਹ ਵਿਸ਼ੇਸ਼ ਸੈਮੀਨਾਰ ਕਰਵਾਇਆ। ਉਨ੍ਹਾਂ ਦੱਸਿਆ ਕਿ ਇਸ ਸੈਮੀਨਾਰ ਨੂੰ ਕਰਨਲ ਰਘਵੀਰ ਸਿੰਘ ਚਾਹਲ ਤੇ ਪਰਦੀਪ ਸਿੰਘ ਜੱਸੀ ਡਿਪਟੀ ਜਨਰਲ ਮੈਨੇਜਰ ਨਵਾਂਸ਼ਹਿਰ ਸੈਂਟਰਲ ਕੋਆਪ੍ਰੇਟਿਵ ਬੈਂਕ ਸੰਬੋਧਨ ਕੀਤਾ, ਜੋ ਸਹੀ ਖ਼ੁਰਾਕ, ਸੁੱਚੀ ਦਿਨਚਰੀ, ਜੀਵਨ ਸ਼ੈਲੀ ਵਿੱਚ ਬਦਲਾਅ ਤੇ ਕੁਦਰਤੀ ਤਰੀਕਿਆਂ ਰਾਹੀਂ ਕੈਂਸਰ ਤੋਂ ਬਚਾਅ ਸਬੰਧੀ ਕੀਮਤੀ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਕਲੱਬ ਦੇ ਸਮੂਹ ਮੈਂਬਰ ਵੀ ਹਾਜ਼ਰ ਰਹਿਣਗੇ।

# ਸੈਂਟਰ ਮੁੱਖ ਅਧਿਆਪਕਾ ਕੰਵਲਜੀਤ ਕੌਰ ਸੇਵਾ ਮੁਕਤ ਹੋਏ

ਗੁਰਦਾਸਪੁਰ, 1 ਮਈ (ਸੰਧੂ/ਬਸਰਾ): ਸੈਂਟਰ ਮੁੱਖ ਅਧਿਆਪਕਾ ਵਡਾਲਾ ਗ੍ਰੰਥੀਆਂ ਬਲਾਕ ਬਟਾਲਾ-2 ਮਿਤੀ 30-04-2026 ਨੂੰ ਸੇਵਾ ਮੁਕਤ ਹੋ ਗਏ। ਉਨ੍ਹਾਂ ਦੀ ਸੇਵਾ ਮੁਕਤੀ ਦੇ ਸਬੰਧ ਵਿੱਚ ਸੈਂਟਰ ਨਾਲ ਸਬੰਧਤ ਸਮੂਹ ਸਕੂਲਾਂ ਵੱਲੋਂ ਇੱਕ ਵਿਦਾਇਗੀ ਪਾਰਟੀ ਦਾ ਪ੍ਰਬੰਧ ਕੀਤਾ ਗਿਆ, ਜਿਸ ਵਿੱਚ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਲਖਵਿੰਦਰ ਸਿੰਘ ਸੇਖੋਂ ਉਚੇਚੇ ਤੌਰ 'ਤੇ ਸ਼ਾਮਲ ਹੋਏ। ਆਪਣੇ ਸੰਬੋਧਨ ਵਿੱਚ ਬੀ.ਪੀ.ਈ.ਓ. ਸੇਖੋਂ ਨੇ ਕੰਵਲਜੀਤ ਕੌਰ ਨੂੰ ਬੇਦਾਗ ਸੇਵਾਵਾਂ ਨਿਭਾਉਂਦੇ ਹੋਏ ਸੇਵਾ ਮੁਕਤ ਹੋਣ ਦੀ ਵਧਾਈ ਦਿੱਤੀ। ਇਸ ਮੌਕੇ ਸੈਂਟਰ ਨਾਲ ਸਬੰਧਤ ਵੱਖ-ਵੱਖ ਸਕੂਲਾਂ ਦੇ ਅਧਿਆਪਕਾਂ ਵੱਲੋਂ ਵੀ ਸੰਬੋਧਨ ਕੀਤਾ ਗਿਆ ਤੇ ਕੰਵਲਜੀਤ ਕੌਰ ਦੀ ਕਾਰਜਸ਼ੈਲੀ ਦੀ ਵੀ ਸ਼ਲਾਘਾ ਕੀਤੀ ਗਈ।ਇਸ ਮੌਕੇ ਬਟਾਲਾ-2 ਦਾ ਦਫਤਰੀ ਸਟਾਫ ਲਵਪ੍ਰੀਤ ਕੁਮਾਰ, ਹਰਵਿੰਦਰ ਕੌਰ, ਗੀਤਾਂਜਲੀ, ਕਮਲਜੀਤ ਸਿੰਘ, ਪ੍ਰਦੀਪ ਕੁਮਾਰ ਵੱਲੋਂ ਵੀ ਕੰਵਲਜੀਤ ਕੌਰ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਬਲਾਕ ਦੇ ਬੀ.ਆਰ.ਸੀ. ਲਖਵਿੰਦਰ ਸਿੰਘ ਸੇਖੋਂ, ਨਰੋਤਮਪਾਲ ਕੌਰ ਸੀਐਚਟੀ,



ਹਰਜੀਤ ਸਿੰਘ ਐਚਟੀ, ਸਰਬਜੀਤ ਕੌਰ ਐਚਟੀ, ਅਰਜਿੰਦਰ ਕੌਰ ਐਚਟੀ ਵਿਕਾਸ ਕੁਮਾਰ, ਵਿਕਾਸ ਸ਼ਰਮਾ, ਕਰਮਜੀਤ ਸਿੰਘ, ਸੰਦੀਪ ਸ਼ਰਮਾ, ਸਲੋਨੀ ਮਹਾਜਨ, ਗੁਰਜੀਤ ਸਿੰਘ, ਕੁਲਦੀਪ ਸਿੰਘ, ਰਜਨੀ ਬਾਲਾ, ਮਨਪ੍ਰੀਤ ਕੌਰ, ਅਮਨਦੀਪ ਕੌਰ ਤੋਂ ਇਲਾਵਾ ਸੈਂਟਰ ਵਡਾਲਾ ਗ੍ਰੰਥੀਆਂ ਦੇ ਸਾਰੇ ਅਧਿਆਪਕ ਹਾਜ਼ਰ ਸਨ। ਇਨ੍ਹਾਂ ਅਧਿਆਪਕਾਂ ਵੱਲੋਂ ਵੀ ਮੈਡਮ ਨੂੰ ਨਿੱਘੀ ਵਿਦਾਇਗੀ ਦਿੰਦੇ ਹੋਏ ਵੱਖ ਵੱਖ ਤੋਹਫੇ ਭੇਟ ਕੀਤੇ ਗਏ। ਸਟੇਜ ਸੈਕਟਰੀ ਦੀ ਭੂਮਿਕਾ ਹਰਜੀਤ ਸਿੰਘ ਹੈਡ ਟੀਚਰ ਵੱਲੋਂ ਬਾਖੂਬੀ ਨਿਭਾਈ ਗਈ।

# ਖ਼ਾਲਿਸਤਾਨ ਐਲਾਨਨਾਮੇ ਦੀ 40ਵੀਂ ਵਰ੍ਹੇਗੰਢ ਮਨਾਉਣ ਲਈ ਯੂਰਪ ਭਰ ਦੇ ਸਿੱਖਾਂ ਨੇ ਆਜ਼ਾਦੀ ਰੈਲੀ ਕੀਤੀ




ਲੰਡਨ, 1 ਮਈ (ਚ.ਨ.ਸ): ਖ਼ਾਲਿਸਤਾਨ ਦੇ ਐਲਾਨਨਾਮੇ ਦੀ 40ਵੀਂ ਵਰ੍ਹੇਗੰਢ ਮਨਾਉਣ ਲਈ ਯੂਰਪ ਭਰ ਦੇ ਸਿੱਖ ਨੇ ਬ੍ਰਸੇਲਜ਼ 'ਚ ਯੂਰਪੀਅਨ ਸੰਸਦ ਦੇ ਸਾਹਮਣੇ ਲਕਸਮਬਰਗ ਸਕੁਏਅਰ 'ਚ ਆਜ਼ਾਦੀ ਰੈਲੀ ਕੀਤੀ। ਬਾਅਦ 'ਚ ਬ੍ਰਸੇਲਜ਼ ਪ੍ਰੈਸ ਕਲੱਬ 'ਚ ਇੱਕ ਪ੍ਰੈਸ ਕਾਨਫ਼ਰੰਸ ਕੀਤੀ ਗਈ, ਜਿਸ 'ਚ ਸਿੱਖ ਆਗੂਆਂ ਨੇ ਭਾਰਤ ਵੱਲੋਂ 1948 ਦੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਮਤੇ, ਉਸ ਤੋਂ ਬਾਅਦ ਦੇ ਸੰਯੁਕਤ ਰਾਸ਼ਟਰ ਦੇ ਮਤਿਆਂ ਤੇ ਭਾਰਤ 'ਚ ਰਹਿਣ ਵਾਲਿਆਂ ਦੇ ਸਵੈ-ਨਿਰਣੇ ਦੇ ਅਧਿਕਾਰ ਵਿਰੁੱਧ 1966 ਦੇ ਆਪਣੇ ਰਾਖਵੇਂਕਰਨ 'ਤੇ ਲਗਭਗ 80 ਸਾਲਾਂ ਤੱਕ ਕਾਰਵਾਈ ਕਰਨ 'ਚ ਅਸਫ਼ਲ ਰਹਿਣ ਕਾਰਨ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਭਾਰਤ ਕਦੇ ਵੀ ਸਿੱਖਾਂ ਜਾਂ ਕਿਸੇ ਹੋਰ ਸਮੂਹ ਨੂੰ ਸਵੈ-ਨਿਰਣੇ ਦੇ ਆਪਣੇ ਬੁਨਿਆਦੀ ਮਨੁੱਖੀ ਅਧਿਕਾਰ ਦੀ ਵਰਤੋਂ ਕਰਨ ਦੀ ਇਜਾਜ਼ਤ ਦੇਣ ਲਈ ਸਹਿਮਤ ਨਹੀਂ ਹੋ ਸਕਦਾ। ਬੁਲਾਰਿਆਂ ਨੇ ਕਿਹਾ ਕਿ ਵਿਸ਼ਵਵਿਆਪੀ ਹਿੰਦੂਤਵ ਖ਼ਤਰੇ ਤੇ ਹਿੰਦੂ ਰਾਸ਼ਟਰ ਹਿੰਦੂ ਰਾਸ਼ਟਰ ਸਥਾਪਤ ਕਰਨ ਦੇ ਭਾਰਤ ਸਰਕਾਰ ਦੇ ਉਦੇਸ਼ ਨਾਲ ਵੱਡੇ ਟਕਰਾਅ ਤੇ ਭਾਰਤ ਦੇ ਟੁੱਟਣ ਦਾ ਕਾਰਨ ਬਣੇਗਾ। ਅਮਰੀਕਾ, ਚੀਨ, ਯੂ.ਕੇ., ਜਰਮਨੀ ਤੇ ਹੋਰ ਪ੍ਰਮੁੱਖ ਦੇਸ਼ਾਂ ਸਮੇਤ ਦੁਨੀਆਂ ਭਰ ਦੇ ਦੇਸ਼ ਭਾਰਤ ਨੂੰ ਇੱਕ ਭਰੋਸੇਯੋਗ ਸਾਥੀ ਮੰਨਦੇ ਹਨ ਤੇ ਪਰ ਖ਼ਾਲਿਸਤਾਨ ਵਰਗ ਆਜ਼ਾਦੀ ਅੰਦੋਲਨਾਂ ਦਾ ਖੁੱਲ੍ਹ ਕੇ ਸਮਰਥਨ ਕਰਨ ਦੇ ਸਹੀ ਮੌਕੇ ਦੀ ਉਡੀਕ ਕਰ ਰਹੇ ਹਨ। ਇਸ ਮੌਕੇ ਸਿੱਖ ਫੈਡਰੇਸ਼ਨ ਯੂ.ਕੇ. ਦੇ ਭਾਈ ਅਮਰੀਕ ਸਿੰਘ ਗਿੱਲ, ਭਾਈ ਦਬਿੰਦਰਜੀਤ ਸਿੰਘ, ਭਾਈ ਜੱਸ ਸਿੰਘ, ਭਾਈ ਮਨਿੰਦਰ ਸਿੰਘ ਆਦਿ ਸਮੇਤ ਯੂ.ਕੇ., ਯੂਰਪ, ਕੈਨੇਡਾ ਤੇ ਹੋਰ ਦੇਸ਼ਾਂ ਤੋਂ ਸਿੱਖ ਪ੍ਰਤੀਨਿਧਾਂ ਨੇ ਸੰਬੋਧਨ ਕੀਤਾ।

# ਅਮਰੀਕਾ ਦਾ ਵੱਡਾ ਕਦਮ..... ਭਾਰਤ ਨੂੰ ਮੋੜੀਆਂ 1.4 ਕਰੋੜ ਡਾਲਰ ਦੀਆਂ 657 ਪੁਰਾਤਨ ਵਸਤਾਂ

ਨਿਊਯਾਰਕ, 1 ਮਈ (ਚ.ਨ.ਸ): ਅਮਰੀਕਾ ਨੇ ਭਾਰਤ ਦੀ ਸੱਭਿਆਚਾਰਕ ਵਿਰਾਸਤ ਨੂੰ ਵਾਪਸ ਕਰਨ ਦੀ ਦਿਸ਼ਾ ਵਿੱਚ ਇੱਕ ਇਤਿਹਾਸਕ ਕਦਮ ਚੁੱਕਿਆ ਹੈ। ਮੈਨਹੱਟਨ ਦੇ ਜ਼ਿਲ੍ਹਾ ਅਟਾਰਨੀ ਐਲਵਿਨ ਬ੍ਰੈਗ ਨੇ ਮੰਗਲਵਾਰ ਨੂੰ 1.4 ਕਰੋੜ ਅਮਰੀਕੀ ਡਾਲਰ (ਲਗਭਗ 116 ਕਰੋੜ ਰੁਪਏ) ਮੁੱਲ ਦੀਆਂ 657 ਪ੍ਰਾਚੀਨ ਵਸਤਾਂ ਭਾਰਤ ਨੂੰ ਸੌਂਪਣ ਦਾ ਐਲਾਨ ਕੀਤਾ ਹੈ। ਇਹ ਬੇਸ਼ਕੀਮਤੀ ਵਸਤਾਂ ਕਈ ਅੰਤਰਰਾਸ਼ਟਰੀ ਤਸਕਰੀ ਗਿਰੋਹਾਂ ਦੀ ਜਾਂਚ ਦੌਰਾਨ ਬ੍ਰਾਮਦ ਕੀਤੀਆਂ ਗਈਆਂ ਸਨ, ਜਿਨ੍ਹਾਂ ਵਿੱਚ ਕੁਖਿਆਤ ਕਲਾ ਵਪਾਰੀ ਸੁਭਾਸ਼ ਕਪੂਰ ਤੇ ਦੋਸ਼ੀ ਤਸਕਰ ਨੈਂਸੀ ਵੀਨਰ ਦੇ ਗਿਰੋਹ ਸ਼ਾਮਲ ਹਨ। ਨਿਊਯਾਰਕ ਸਥਿਤ ਭਾਰਤੀ ਕੌਂਸਲਖਾਨੇ ਦੀ ਦੂਤ ਰਾਜਲਕਸ਼ਮੀ ਕਦਮ ਦੀ ਮੌਜੂਦਗੀ ਵਿੱਚ ਇਹ ਵਸਤਾਂ ਭਾਰਤ ਨੂੰ ਸੌਂਪੀਆਂ ਗਈਆਂ। ਜ਼ਿਲ੍ਹਾ ਅਟਾਰਨੀ ਬ੍ਰੈਗ ਨੇ ਕਿਹਾ ਕਿ ਭਾਰਤ ਨੂੰ ਚੋਰੀ ਹੋਈਆਂ ਕਲਾਕ੍ਰਿਤੀਆਂ ਵਾਪਸ ਦਿਵਾਉਣ ਲਈ ਅਜੇ ਹੋਰ ਕੰਮ ਕਰਨਾ ਬਾਕੀ ਹੈ। **ਵਾਪਸ ਆਉਣ ਵਾਲੀਆਂ ਮੁੱਖ ਕਲਾਕ੍ਰਿਤੀਆਂ**: ਅਵਲੋਕਿਤੇਸ਼ਵਰ ਦੀ ਮੂਰਤੀ: ਕਰੀਬ 20 ਲੱਖ ਡਾਲਰ ਮੁੱਲ ਦੀ ਇਹ ਕਾਂਸੀ ਦੀ ਮੂਰਤੀ ਛੱਤੀਸਗੜ੍ਹ ਦੇ ਸਿਰਪੁਰ (ਰਾਏਪੁਰ) ਦੇ ਲਕਸ਼ਮਣ ਮੰਦਰ ਨੇੜਿਓਂ ਮਿਲੀ ਸੀ। ਇਹ 1952 ਤੱਕ ਮਹੰਤ ਘਾਸੀਦਾਸ ਮਾਰਕ ਮਿਊਜ਼ੀਅਮ ਵਿੱਚ ਸੀ, ਜਿੱਥੋਂ ਇਸ ਨੂੰ ਚੋਰੀ ਕਰਕੇ 1982 ਤੱਕ ਅਮਰੀਕਾ ਤਸਕਰ ਕਰ ਦਿੱਤਾ ਗਿਆ ਸੀ।**ਭਗਵਾਨ ਬੁੱਧ ਦੀ ਮੂਰਤੀ**:



ਲਗਭਗ 75 ਲੱਖ ਡਾਲਰ ਮੁੱਲ ਦੀ ਲਾਲ ਬਲੂਆ ਪੱਥਰ ਦੀ 'ਬੁੱਧ' ਮੂਰਤੀ ਵੀ ਵਾਪਸ ਕੀਤੀ ਗਈ ਹੈ, ਜਿਸ ਵਿੱਚ ਉਹ 'ਅਭੈ ਮੁਦਰਾ' ਵਿੱਚ ਦਿਖਾਈ ਦੇ ਰਹੇ ਹਨ। ਸੁਭਾਸ਼ ਕਪੂਰ ਨੇ ਇਸ ਨੂੰ ਉਤਰੀ ਭਾਰਤ ਤੋਂ ਤਸਕਰ ਕਰਕੇ ਨਿਊਯਾਰਕ ਲਿਆਂਦਾ ਸੀ।ਭਾਰਤ ਦੇ ਮਹਾਂ ਕੌਂਸਲ ਦੂਤ ਬਿਨੈ ਪ੍ਰਧਾਨ ਨੇ ਅਮਰੀਕੀ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੀ ਸ਼ਲਾਘਾ ਕੀਤੀ ਹੈ। ਜ਼ਿਕਰਯੋਗ ਹੈ ਕਿ ਤਸਕਰੀ ਦੇ ਮੁੱਖ ਦੋਸ਼ੀ ਸੁਭਾਸ਼ ਕਪੂਰ ਨੂੰ ਸਾਲ 2022 ਵਿੱਚ ਭਾਰਤ ਵਿੱਚ ਦੋਸ਼ੀ ਠਹਿਰਾਇਆ ਜਾ ਚੁੱਕਾ ਹੈ, ਪਰ ਉਸਦੀ ਅਮਰੀਕਾ ਤੋਂ ਭਾਰਤ ਵਾਪਸੀ (ਪ੍ਰਤਿਅਰਪਣ) ਅਜੇ ਲੰਬਿਤ ਹੈ। ਐਂਟੀਕਿਊਟੀਜ਼ ਟ੍ਰੈਫਿਕਿੰਗ ਯੂਨਿਟ ਹੁਣ ਤੱਕ 36 ਦੇਸ਼ਾਂ ਨੂੰ 5,900 ਤੋਂ ਵੱਧ ਸੱਭਿਆਚਾਰਕ ਵਸਤਾਂ ਵਾਪਸ ਕਰ ਚੁੱਕੀ ਹੈ।

# ਚੋਰਾਂ ਦੇ ਹੌਸਲੇ ਬੁਲੰਦ, ਯੂਕੋ ਬੈਂਕ ਦੀ ਏਟੀਐਮ ਮਸ਼ੀਨ ਤੋੜੀ

ਭੋਗਪੁਰ, 1 ਮਈ (ਜੰਡੀਰ ਸੈਣੀ): ਹਲਕਾ ਆਦਮਪੁਰ ਦੇ ਭੋਗਪੁਰ ਵਿੱਚ ਦਿਨੋਂ-ਦਿਨ ਚੋਰਾਂ ਦੇ ਹੌਸਲੇ ਬੁਲੰਦ ਹੋ ਰਹੇ ਹਨ। ਇਲਾਕੇ



ਵਿੱਚ ਸ਼ਰੇਆਮ ਚੋਰੀਆਂ ਹੋ ਰਹੀਆਂ ਹਨ, ਕਦੇ ਲੋਕਾਂ ਦੇ ਮੋਟਰਸਾਈਕਲ ਚੋਰੀ ਹੋ ਰਹੇ ਹਨ, ਮੋਬਾਈਲ ਖੋ ਹੋ ਰਹੇ, ਔਰਤਾਂ ਦੇ ਜੇਵਰ ਉਤਾਰ ਕੇ ਦੌੜ ਜਾਣਾ, ਆਮ ਜਿਹੀ ਗੱਲ ਹੋ ਗਈ ਹੈ। ਪਿਛਲੇ ਕੱਲ੍ਹ ਭੋਗਪੁਰ ਦੇ ਪਿੰਡ ਮਾਧੋਪੁਰ ਵਿੱਚ ਵਾਟਰ ਸਪਲਾਈ ਵਾਲੇ ਮੀਟਰ ਹੀ ਉਤਾਰ ਕੇ ਚੋਰ ਰਫੂ ਚੱਕਰ ਹੋ ਗਏ। ਅੱਜ ਤਾਂ ਚੋਰਾਂ ਨੇ ਹੱਦ ਪਾਰ ਕਰ ਦਿੱਤੀ ਭੋਗਪੁਰ ਦੀ ਯੂਕੋ ਬੈਂਕ ਵਿੱਚ ਚੋਰਾਂ ਨੇ ਏਟੀਐਮ ਮਸ਼ੀਨ ਤੋੜ ਦਿੱਤੀ। ਸੀਸੀਟੀਵੀ ਮੁਤਾਬਿਕ ਚੋਰਾਂ ਨੇ ਸਰੀਆ ਫੜਿਆ ਹੋਇਆ ਸੀ, ਦੋ ਜਣੇ ਆਏ ਸਨ ਤੇ ਮਸ਼ੀਨ ਵੀ ਕਾਫੀ ਹੱਦ ਤੱਕ ਤੋੜ ਦਿੱਤੀ ਗਈ। ਵੱਡਾ ਨੁਕਸਾਨ ਹੋ ਸਕਦਾ ਸੀ ਪਰ ਬਚਾਅ ਹੋ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਏਟੀਐਮ ਮਸ਼ੀਨ ਵਿੱਚ ਤਕਰੀਬਨ 7.8 ਲੱਖ ਰੁਪਏ ਸਨ, ਚੋਰ ਨਾਕਾਮ ਰਹੇ। ਅਧਿਕਾਰੀਆਂ ਨੇ ਦੱਸਿਆ ਕਿ ਸਾਰੀ ਘਟਨਾ ਦੀ ਸੂਚਨਾ ਭੋਗਪੁਰ ਪੁਲਿਸ ਨੂੰ ਦੇ ਦਿੱਤੀ ਗਈ ਤੇ ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਚੋਰਾਂ ਨੂੰ ਬਖਸ਼ਿਆ ਨਹੀਂ ਜਾਵੇਗਾ। ਜਲਦ ਹੀ ਲੱਭ ਲਿਆ ਜਾਵੇਗਾ, ਸਖਤ ਕਾਰਵਾਈ ਕੀਤੀ ਜਾਵੇਗੀ।

# ਈਵੀਐਮ ਤੇ ਪੋਸਟਲ ਬੈਲਟਾਂ ਨਾਲ ਛੇੜਛਾੜ ਦੇ ਦੋਸ਼ਾਂ ਨੂੰ ਲੈ ਕੇ ਪੱਛਮੀ ਬੰਗਾਲ 'ਚ ਸਿਆਸੀ ਘਮਾਸਾਨ ਤੇਜ਼

ਕੋਲਕਾਤਾ, 1 ਮਈ (ਚ.ਨ.ਸ): ਪੱਛਮੀ ਬੰਗਾਲ ਵਿੱਚ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਤੋਂ ਪਹਿਲਾਂ ਸਿਆਸੀ ਮਾਹੌਲ ਪੂਰੀ ਤਰ੍ਹਾਂ ਭਖ ਗਿਆ ਹੈ। ਮੁੱਖ ਮੰਤਰੀ ਮਮਤਾ ਬੈਨਰਜੀ ਦੀ ਅਗਵਾਈ ਵਾਲੀ ਤ੍ਰਿਣਮੂਲ ਕਾਂਗਰਸ ਨੇ ਈਵੀਐਮ ਮਸ਼ੀਨਾਂ ਨਾਲ ਛੇੜਛਾੜ ਕਰਨ ਦੀ ਕੋਸ਼ਿਸ਼ ਦੇ ਗੰਭੀਰ ਦੋਸ਼ ਲਗਾਏ ਹਨ, ਜਿਸ ਕਾਰਨ ਰਾਜਨੀਤਿਕ ਹਲਕਿਆਂ ਵਿੱਚ ਹਲਚਲ ਮਚ ਗਈ ਹੈ। ਦੂਜੇ ਪਾਸੇ ਚੋਣ ਕਮਿਸ਼ਨ ਨੇ ਇਨ੍ਹਾਂ ਸਾਰੇ ਦੋਸ਼ਾਂ ਨੂੰ ਸਿਰੇ ਤੋਂ ਨਕਾਰਦਿਆਂ ਕਿਹਾ ਹੈ ਕਿ ਸਾਰੀਆਂ ਮਸ਼ੀਨਾਂ ਤੇ ਪੋਸਟਲ ਬੈਲਟ ਬਾਕਸ ਪੂਰੀ ਤਰ੍ਹਾਂ ਸੁਰੱਖਿਅਤ ਹਨ ਤੇ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਹਨ। ਮਿਲੀ ਜਾਣਕਾਰੀ ਅਨੁਸਾਰ ਕੋਲਕਾਤਾ ਦੇ ਖੁਦੀਰਾਮ ਅਨੁਸ਼ੀਲਨ ਕੇਂਦਰ ਵਿਖੇ ਬਣਾਏ ਗਏ ਕਾਊਂਟਿੰਗ ਸੈਂਟਰ 'ਤੇ ਉਸ ਸਮੇਂ ਹੰਗਾਮਾ ਹੋ ਗਿਆ, ਜਦੋਂ ਤ੍ਰਿਣਮੂਲ ਕਾਂਗਰਸ ਨੇ ਦੋਸ਼ ਲਗਾਇਆ ਕਿ ਕੁਝ ਅਣਪਛਾਤੇ ਵਿਅਕਤੀ ਸੀਸੀਟੀਵੀ ਕੈਮਰਿਆਂ ਦੀ ਨਜ਼ਰ ਹੇਠ ਸਟਰਾਂਗ ਰੂਮ ਵਿੱਚ ਦਾਖਲ ਹੋਏ ਹਨ। ਟੀਐਮਸੀ ਆਗੂਆਂ ਨੇ ਦਾਅਵਾ ਕੀਤਾ ਕਿ ਇਹ ਈਵੀਐਮ ਮਸ਼ੀਨਾਂ ਨਾਲ ਛੇੜਛਾੜ ਕਰਨ ਦੀ ਕੋਸ਼ਿਸ਼ ਸੀ। ਇਸ ਘਟਨਾ ਤੋਂ ਬਾਅਦ ਤ੍ਰਿਣਮੂਲ ਕਾਂਗਰਸ ਤੇ ਭਾਜਪਾ ਦੇ ਵਰਕਰਾਂ ਵਿਚਾਲੇ ਤਿੱਖੀ ਬਹਿਸਬਾਜ਼ੀ ਤੇ ਟਕਰਾਅ ਵਾਲੀ ਸਥਿਤੀ ਬਣ ਗਈ। ਪੁਲਿਸ ਤੇ ਕੇਂਦਰੀ ਸੁਰੱਖਿਆ ਬਲਾਂ ਨੂੰ ਸਥਿਤੀ 'ਤੇ ਕਾਬੂ ਪਾਉਣ ਲਈ ਭਾਰੀ ਜੱਦੋ-ਜਹਿਦ ਕਰਨੀ ਪਈ ਤੇ ਪ੍ਰਦਰਸ਼ਨਕਾਰੀਆਂ ਨੂੰ ਖਿੰਡਾਉਣ ਲਈ ਬੈਰੀਕੇਡ ਲਗਾਉਣੇ ਪਏ।ਮੁੱਖ ਚੋਣ ਅਧਿਕਾਰੀ ਮਨੋਜ ਅਗਰਵਾਲ ਨੇ ਇਨ੍ਹਾਂ ਦੋਸ਼ਾਂ ਦਾ ਖੰਡਨ ਕਰਦਿਆਂ ਸਪੱਸ਼ਟ ਕੀਤਾ ਕਿ ਸਟਰਾਂਗ ਰੂਮ ਤਿੰਨ-ਪੱਧਰੀ ਸੁਰੱਖਿਆ ਘੇਰੇ ਵਿੱਚ ਹਨ ਤੇ ਕਿਸੇ ਵੀ ਅਣਅਧਿਕਾਰਤ ਵਿਅਕਤੀ ਦਾ ਉਥੇ ਦਾਖਲ ਹੋਣਾ ਅਸੰਭਵ ਹੈ।

# ਦੁਨੀਆਂ ਦਾ ਸਭ ਤੋਂ ਵੱਡਾ ਜੰਗੀ ਜਹਾਜ਼ 'ਯੂ.ਐਸ.ਐਸ. ਜੇਰਾਲਡ ਆਰ. ਫੋਰਡ' ਰਿਕਾਰਡ ਤੋੜ ਤੈਨਾਤੀ ਤੋਂ ਬਾਅਦ ਪਰਤੇਗਾ ਘਰ

ਵਾਸ਼ਿੰਗਟਨ, 1 ਮਈ (ਚ.ਨ.ਸ): ਅਮਰੀਕੀ ਜਲ ਸੈਨਾ ਦਾ ਸਭ ਤੋਂ ਸ਼ਕਤੀਸ਼ਾਲੀ ਤੇ ਦੁਨੀਆਂ ਦਾ ਸਭ ਤੋਂ ਵੱਡਾ ਜਹਾਜ਼ 'ਯੂ.ਐਸ.ਐਸ. ਜੇਰਾਲਡ ਆਰ. ਫੋਰਡ' ਇੱਕ ਇਤਿਹਾਸਕ ਤੇ ਰਿਕਾਰਡ ਤੋੜ ਮਿਸ਼ਨ ਨੂੰ ਪੂਰਾ ਕਰਨ ਤੋਂ ਬਾਅਦ ਜਲਦ ਹੀ ਆਪਣੇ ਦੇਸ਼ ਵਾਪਸ ਪਰਤ ਰਿਹਾ ਹੈ। ਅਮਰੀਕੀ ਰੱਖਿਆ ਵਿਭਾਗ ਦੇ ਅਧਿਕਾਰੀਆਂ ਅਨੁਸਾਰ ਇਹ ਵਿਸ਼ਾਲ ਜੰਗੀ ਬੇੜਾ ਮਈ ਦੇ ਅੱਧ ਤੱਕ ਵਰਜੀਨੀਆ ਸਥਿਤ ਆਪਣੇ ਹੋਮ ਪੋਰਟ 'ਤੇ ਪਹੁੰਚ ਜਾਵੇਗਾ। ਇਸ ਜਹਾਜ਼ ਨੇ ਸਮੁੰਦਰ ਵਿੱਚ 300 ਤੋਂ ਵੱਧ ਦਿਨਾਂ ਦੀ ਲੰਬੀ ਤੈਨਾਤੀ ਦੌਰਾਨ ਕਈ ਅਹਿਮ ਮਿਸ਼ਨਾਂ ਵਿੱਚ ਹਿੱਸਾ ਲਿਆ, ਜਿਸ ਨੇ ਵੀਅਤਨਾਮ ਜੰਗ ਤੋਂ ਬਾਅਦ ਦੇ ਸਾਰੇ ਪੁਰਾਣੇ ਰਿਕਾਰਡ ਮਾਤ ਪਾ ਦਿੱਤੇ ਹਨ। ਇਸ ਤੈਨਾਤੀ ਦੌਰਾਨ ਫੋਰਡ ਨੇ ਕਈ ਮੋਰਚਿਆਂ 'ਤੇ ਆਪਣੀ ਤਾਕਤ ਦਾ ਲੋਹਾ ਮਨਵਾਇਆ। ਅਮਰੀਕੀ ਅਧਿਕਾਰੀਆਂ ਨੇ ਪੁਸ਼ਟੀ ਕੀਤੀ ਹੈ ਕਿ ਇਸ ਜਹਾਜ਼ ਨੇ ਈਰਾਨ ਵਿਰੁੱਧ ਚੱਲ



ਰਹੀ ਜੰਗ ਵਿੱਚ ਸਰਗਰਮ ਭੂਮਿਕਾ ਨਿਭਾਈ ਤੇ ਵੈਨੇਜ਼ੁਏਲਾ ਦੇ ਨੇਤਾ ਨਿਕੋਲਸ ਮਾਦੁਰੋ ਦੀ ਗ੍ਰਿਫਤਾਰੀ ਨਾਲ ਸਬੰਧਤ ਅਹਿਮ ਫੌਜੀ ਕਾਰਵਾਈਆਂ ਵਿੱਚ ਵੀ ਸ਼ਾਮਲ ਰਿਹਾ। ਪਹਿਲਾਂ ਇਹ ਜਹਾਜ਼ ਭੂਮੱਧ ਸਾਗਰ ਵਿੱਚ ਤੈਨਾਤ ਸੀ, ਪਰ ਬਾਅਦ ਵਿੱਚ ਖੇਤਰੀ ਤਣਾਅ ਨੂੰ ਦੇਖਦੇ ਹੋਏ ਇਸ ਨੂੰ ਕੈਰੀਬੀਅਨ ਸਾਗਰ ਤੇ ਫਿਰ ਮੱਧ ਪੂਰਬ ਵੱਲ ਮੋੜ ਦਿੱਤਾ ਗਿਆ ਸੀ। ਅੰਕੜਿਆਂ ਅਨੁਸਾਰ ਯੂ.ਐਸ.ਐਸ. ਫੋਰਡ ਨੇ ਵੀਅਤਨਾਮ ਜੰਗ ਤੋਂ ਬਾਅਦ ਸਭ ਤੋਂ ਲੰਬੀ ਤੈਨਾਤੀ ਦਾ ਅਮਰੀਕੀ ਰਿਕਾਰਡ ਤੋੜ ਦਿੱਤਾ ਹੈ। ਇਸ ਮਹੀਨੇ ਸਮੁੰਦਰ ਵਿੱਚ ਆਪਣੇ 295ਵੇਂ ਦਿਨ ਦੇ ਨਾਲ, ਇਸ ਨੇ ਯੂ.ਐਸ.ਐਸ. ਲਿੰਕਨ ਦੇ 2020 ਵਿੱਚ ਬਣਾਏ ਗਏ 294 ਦਿਨਾਂ ਦੇ ਰਿਕਾਰਡ ਨੂੰ ਪਿੱਛੇ ਛੱਡ ਦਿੱਤਾ ਹੈ। ਜ਼ਿਕਰਯੋਗ ਹੈ ਕਿ ਆਮ ਤੌਰ 'ਤੇ ਇੱਕ ਜੰਗੀ ਜਹਾਜ਼ ਦੀ ਤੈਨਾਤੀ 6 ਤੋਂ 7 ਮਹੀਨਿਆਂ ਦੀ ਹੁੰਦੀ ਹੈ, ਪਰ ਫੋਰਡ ਨੂੰ ਲਗਭਗ 10 ਮਹੀਨਿਆਂ ਤੱਕ ਸਮੁੰਦਰ ਵਿੱਚ ਰਹਿਣਾ ਪਿਆ। ਹਾਲਾਂਕਿ ਇਸ ਮਿਸ਼ਨ ਨੇ ਇਤਿਹਾਸ ਰਚਿਆ ਹੈ, ਪਰ ਇੰਨੀ ਲੰਬੀ ਤੈਨਾਤੀ ਕਾਰਨ ਜਹਾਜ਼ ਤੇ ਇਸ ਦੇ ਅਮਲੇ ਨੂੰ ਕਈ ਮੁਸ਼ਕਿਲਾਂ ਦਾ ਸਾਹਮਣਾ ਵੀ ਕਰਨਾ ਪਿਆ।

# ਜਨਗਣਨਾ-2027 ਅਧੀਨ ਕੀਤੀ ਜਾ ਸਕਦੀ ਹੈ ਸੈਲਫ-ਇਨਿਊਮਰੇਸ਼ਨ: ਡੀ.ਸੀ.

ਫਿਰੋਜ਼ਪੁਰ, 1 ਮਈ (ਤਿਵਾੜੀ): ਡਿਪਟੀ ਕਮਿਸ਼ਨਰ ਦੀਪਸ਼ਿਖ਼ਾ ਸ਼ਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਰਤ ਸਰਕਾਰ ਵੱਲੋਂ ਕਰਵਾਈ ਜਾਣ ਵਾਲੀ ਜਨਗਣਨਾ-2027 ਦੌਰਾਨ ਆਮ ਜਨਤਾ ਦੀ ਸਹੂਲਤ ਲਈ ਸੈਲਫ-ਇਨਿਊਮਰੇਸ਼ਨ (ਸਵੈ ਗਣਨਾ) ਦੀ ਵਿਵਸਥਾ ਕੀਤੀ ਗਈ ਹੈ, ਜਿਸ ਨਾਲ ਨਾਗਰਿਕ ਆਪਣੀ ਜਾਣਕਾਰੀ ਖੁਦ ਆਨਲਾਈਨ ਭਰ ਸਕਣਗੇ। ਉਨ੍ਹਾਂ ਦੱਸਿਆ ਕਿ ਇਹ ਸਹੂਲਤ 14 ਮਈ 2026 ਤੱਕ ਉਪਲਬਧ ਰਹੇਗੀ।ਇਸ ਸਮੇਂ ਦੌਰਾਨ ਨਾਗਰਿਕ ਘਰ ਬੈਠੇ ਹੀ ਅਧਿਕਾਰਤ ਪੋਰਟਲ se.census.gov.in 'ਤੇ ਜਾ ਕੇ ਆਪਣੀ ਜਾਣਕਾਰੀ ਦਰਜ ਕਰ ਸਕਦੇ ਹਨ। ਸੈਲਫ-ਇਨਿਊਮਰੇਸ਼ਨ ਦੇ ਮੱਦੇਨਜ਼ਰ ਵਿਧਾਇਕ ਫਿਰੋਜ਼ਪੁਰ ਦਿਹਾਤੀ ਐਡ. ਰਜਨੀਸ਼ ਕੁਮਾਰ ਦਹੀਯਾ, ਵਿਧਾਇਕ ਜ਼ੀਰਾ ਨਰੇਸ਼ ਕਟਾਰੀਆ, ਚੇਅਰਮੈਨ ਪੰਜਾਬ ਐਗਰੋ ਸ਼ਮਿੰਦਰ ਸਿੰਘ ਖਿੰਡਾ, ਡੀਆਈਜੀ ਫਿਰੋਜ਼ਪੁਰ ਰੇਂਜ ਸਨੇਹਦੀਪ ਸ਼ਰਮਾ ਆਦਿ ਵੱਲੋਂ ਸਵੈ-ਗਣਨਾ ਕੀਤੀ ਗਈ ਹੈ ਤੇ ਜ਼ਿਲ੍ਹੇ ਦੇ ਵਾਸੀਆਂ ਨੂੰ ਇਸ ਬਾਰੇ ਜਾਣਕਾਰੀ ਦੇ



ਕੇ ਸਵੈ-ਗਣਨਾ ਕਰਨ ਬਾਰੇ ਅਪੀਲ ਵੀ ਕੀਤੀ ਗਈ ਹੈ। ਡਿਪਟੀ ਕਮਿਸ਼ਨਰ ਨੇ ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੋਰਟਲ ਦੀ ਵਰਤੋਂ ਲਈ ਪਹਿਲਾਂ ਆਪਣੀ ਪਸੰਦ ਦੀ ਭਾਸ਼ਾ ਦੀ ਚੋਣ ਕਰਨੀ ਹੋਵੇਗੀ ਤੇ ਫਿਰ ਮੋਬਾਈਲ ਨੰਬਰ ਤੇ ਬੁਨਿਆਦੀ ਜਾਣਕਾਰੀ ਦੀ ਮਦਦ ਨਾਲ ਲੌਗਇਨ ਕਰਨਾ ਹੋਵੇਗਾ। ਲੌਗਇਨ ਕਰਨ ਤੋਂ ਬਾਅਦ ਪੋਰਟਲ 'ਤੇ ਦਿੱਤੇ ਗਏ ਸਾਰੇ ਪ੍ਰਸ਼ਨਾਂ ਦੇ ਸਹੀ ਜਵਾਬ ਭਰ ਕੇ ਫਾਰਮ ਸਬਮਿਟ ਕਰਨਾ ਲਾਜ਼ਮੀ ਹੈ।ਉਨ੍ਹਾਂ ਕਿਹਾ ਕਿ ਫਾਰਮ ਸਬਮਿਟ ਕਰਨ ਉਪਰੰਤ ਇੱਕ ਵਿਲੱਖਣ ਸੈਲਫ-ਇਨਿਊਮਰੇਸ਼ਨ ਆਈਡੀ ਜਨਰੇਟ ਹੋਵੇਗੀ। ਜਦੋਂ ਜਨਗਣਨਾ ਮੁਲਾਜ਼ਮ ਘਰ ਦੌਰੇ 'ਤੇ ਆਵੇਗਾ ਤਾਂ ਨਾਗਰਿਕ ਨੂੰ ਸਿਰਫ ਇਹ ਆਈਡੀ ਦਿਖਾਉਣੀ ਹੋਵੇਗੀ, ਜਿਸ ਨਾਲ ਦਿੱਤੀ ਗਈ ਜਾਣਕਾਰੀ ਦੀ ਤਸਦੀਕ ਹੋ ਜਾਵੇਗੀ ਤੇ ਦੁਬਾਰਾ ਫਾਰਮ ਭਰਨ ਦੀ ਲੋੜ ਨਹੀਂ ਪਵੇਗੀ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਲੋਕ ਇਸ ਸਹੂਲਤ ਦਾ ਲਾਭ ਲੈਣ ਤੇ ਜਨਗਣਨਾ ਪ੍ਰਕਿਰਿਆ ਨੂੰ ਸੁਚੱਜੇ ਤੇ ਸਫਲ ਢੰਗ ਨਾਲ ਪੂਰਾ ਕਰਨ ਵਿੱਚ ਸਹਿਯੋਗ ਦੇਣ।

# ਬਿਜਲੀ ਕੱਟਾਂ ਖ਼ਿਲਾਫ਼ ਅਕਾਲੀ ਦਲ ਦਾ ਰੋਸ ਧਰਨਾ



ਫ਼ਾਜ਼ਿਲਕਾ, 1 ਮਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਪੰਜਾਬ ਵਿੱਚ ਲੱਗ ਰਹੇ ਬੇਤਹਾਸ਼ਾ ਤੇ ਅਣਐਲਾਨੇ ਬਿਜਲੀ ਕੱਟਾਂ ਦੇ ਵਿਰੋਧ ਵਿੱਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਸੂਬਾ ਭਰ ਵਿੱਚ ਰੋਸ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਇਸ ਦੇ ਤਹਿਤ ਫ਼ਾਜ਼ਿਲਕਾ ਵਿਖੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਹਲਕਾ ਇੰਚਾਰਜ ਸੰਪੂਰਨ ਸਿੰਘ ਘੋਗਾ ਦੀ ਅਗਵਾਈ ਹੇਠ ਬਿਜਲੀ ਬੋਰਡ ਦੇ ਐਕਸੀਅਨ ਦਫ਼ਤਰ ਮੂਹਰੇ ਵਿਸ਼ਾਲ ਰੋਸ ਧਰਨਾ ਦਿੱਤਾ ਗਿਆ।ਇਸ ਮੌਕੇ ਸੰਬੋਧਨ ਕਰਦਿਆਂ ਸੰਪੂਰਨ ਸਿੰਘ ਘੋਗਾ ਨੇ ਕਿਹਾ ਕਿ ਸਰਕਾਰ ਸੂਬੇ ਵਿੱਚ ਬਿਜਲੀ ਸਪਲਾਈ ਯਕੀਨੀ ਬਣਾਉਣ ਵਿੱਚ ਪੂਰੀ ਤਰ੍ਹਾਂ ਫੇਲ੍ਹ ਰਹੀ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਲੰਬੇ ਤੇ ਅਣਐਲਾਨੇ ਬਿਜਲੀ ਕੱਟਾਂ ਕਾਰਨ ਆਮ ਜਨਤਾ, ਕਿਸਾਨਾਂ ਤੇ ਵਪਾਰੀਆਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਪਰ ਸਰਕਾਰ ਇਸ ਮਾਮਲੇ ਵਿੱਚ ਗੰਭੀਰ ਨਹੀਂ ਹੈ। ਧਰਨੇ ਦੌਰਾਨ ਵਰਕਰਾਂ ਵੱਲੋਂ ਸਰਕਾਰ ਤੇ ਬਿਜਲੀ ਵਿਭਾਗ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ। ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਬਿਜਲੀ ਸਪਲਾਈ ਨੂੰ ਜਲਦੀ ਸੁਧਾਰਿਆ ਨਾ ਗਿਆ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।ਪ੍ਰਦਰਸ਼ਨ ਦੌਰਾਨ ਪਾਰਟੀ ਆਗੂਆਂ ਵੱਲੋਂ ਬਿਜਲੀ ਵਿਭਾਗ ਦੇ ਐਕਸੀਅਨ ਰਾਜਿੰਦਰ ਕੁਮਾਰ ਨੂੰ ਇੱਕ ਮੰਗ ਪੱਤਰ ਵੀ ਸੌਂਪਿਆ ਗਿਆ।ਆਗੂਆਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਆਉਣ ਵਾਲੇ ਦਿਨਾਂ ਵਿੱਚ ਬਿਜਲੀ ਸਪਲਾਈ ਵਿੱਚ ਸੁਧਾਰ ਨਾ ਕੀਤਾ ਗਿਆ ਤਾਂ ਪਾਰਟੀ ਵੱਲੋਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ। ਇਸ ਰੋਸ ਪ੍ਰਦਰਸ਼ਨ ਵਿੱਚ ਸੀਨੀਅਰ ਆਗੂ ਤੇਜਵੰਤ ਸਿੰਘ ਟੀਟਾ ਕਾਠਪਾਲ, ਗੁਰਜੰਟ ਸਿੰਘ ਬੱਬੀ ਖੋਸਾ, ਨਗਿੰਦਰ ਸਿੰਘ ਆਵਾ, ਅੰਕੁਸ਼ ਅਨੇਜਾ, ਸਾਹਿਬ ਸਿੰਘ, ਮੇਹਰਮ ਓਲਖ, ਹਰਜਿੰਦਰ ਸਿੰਘ, ਸੁਰਜੀਤ ਸਿੰਘ ਵਿਰਸਾ, ਭਜਨ ਸਿੰਘ ਤੇ ਵਿਨੋਦ ਕੁਮਾਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਤੋਂ ਇਲਾਵਾ ਰਾਜ ਕੁਮਾਰ, ਬਲਵਿੰਦਰ ਸਿੰਘ, ਸਾਜਨ ਸਿੰਘ, ਜੋਗਿੰਦਰ ਸਿੰਘ, ਅਮਰੀਕ ਸਿੰਘ ਰਮਾਣਾ, ਕਮਲ ਸੰਧੂ, ਗੁਰਚਰਨ ਸਿੰਘ, ਜਸ਼ਨ ਸਿੰਘ, ਬਿੰਦਰ ਤੇ ਪ੍ਰਧਾਨ ਜਗਦੀਸ਼ ਕੁਮਾਰ ਸਮੇਤ ਵੱਡੀ ਗਿਣਤੀ ਵਿੱਚ ਅਕਾਲੀ ਵਰਕਰਾਂ ਨੇ ਸ਼ਮੂਲੀਅਤ ਕਰਕੇ ਸਰਕਾਰ ਵਿਰੁੱਧ ਰੋਸ ਪ੍ਰਗਟਾਇਆ।

# ਕੈਨੇਡਾ ਦੀ ਭਗਵਾਨ ਵਾਲਮੀਕਿ ਜੀ ਸਭਾ ਦੇ ਪ੍ਰਧਾਨ ਗੁਰਪ੍ਰੀਤ ਕੌਰ ਲਹੌਰੀਆ ਦਾ ਮੁਕੇਰੀਆਂ ਪੁੱਜਣ 'ਤੇ ਮਹੰਤ ਸੁਨੀਲ ਕੁਮਾਰ ਦੀ ਅਗਵਾਈ 'ਚ ਨਿੱਘਾ ਸਵਾਗਤ

ਮੁਕੇਰੀਆਂ, 1 ਮਈ (ਧਰਮ ਚੰਦ): ਭਗਵਾਨ ਵਾਲਮੀਕਿ ਜੀ ਸਭਾ ਮਾਲਟਨ, ਕੈਨੇਡਾ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਲਹੌਰੀਆ ਆਪਣੀ ਪੰਜਾਬ ਫੇਰੀ ਦੌਰਾਨ ਮੁਕੇਰੀਆਂ ਪੁੱਜੇ, ਜਿੱਥੇ ਨਿਸ਼ਕਲੰਕ ਪੰਥ ਵੱਲੋਂ ਮਹੰਤ ਸੁਨੀਲ ਕੁਮਾਰ ਹੋਰਾਂ ਦੀ ਅਗਵਾਈ ਵਿੱਚ ਸਮੂਹ ਅੰਬੇਡਕਰਵਾਦੀਆਂ, ਵੱਖ-ਵੱਖ ਧਾਰਮਿਕ ਤੇ ਸਮਾਜਿਕ ਸਭਾਵਾਂ ਵੱਲੋਂ ਫੁੱਲ ਮਾਲਾਵਾਂ ਤੇ ਸਿਰੋਪਾਓ ਪਾ ਕੇ ਉਨ੍ਹਾਂ ਦਾ ਸਵਾਗਤ ਕੀਤਾ ਗਿਆ।ਬੀਬੀ ਗੁਰਪ੍ਰੀਤ ਕੌਰ ਲਹੌਰੀਆ ਵੱਲੋਂ ਡਾ. ਬੀ.ਆਰ. ਅੰਬੇਡਕਰ ਪਾਰਕ ਵਿਖੇ ਭਾਰਤ ਰਤਨ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਜੀ ਦੇ ਚਿੱਤਰ ਸਰੂਪ ਦੇ ਚਰਨਾਂ ਵਿੱਚ ਨਤਮਸਤਕ ਹੋ ਸ਼ਰਧਾ ਦੇ ਫੁੱਲ ਭੇਟ ਕਰਨ ਉਪਰੰਤ ਆਪਣੇ ਰਹਿਬਰਾ ਬਾਬਾ ਸਾਹਿਬ ਬੀ.ਆਰ ਅੰਬੇਡਕਰ, ਭਗਵਾਨ ਵਾਲਮੀਕਿ




ਜੀ ਮਹਾਰਾਜ, ਸਤਿਗੁਰੂ ਰਵਿਦਾਸ ਜੀ ਮਹਾਰਾਜ, ਸਤਿਗੁਰੂ ਨਾਭਾ ਦਾਸ ਜੀ ਮਹਾਰਾਜ ਦੇ ਜੀਵਨ ਫ਼ਲਸਫ਼ੇ 'ਤੇ ਚਾਨਣਾ ਪਾਉਂਦੇ ਹੋਏ ਮਹਾਂਪੁਰਸ਼ਾਂ ਵੱਲੋਂ ਦਰਸਾਏ ਗਏ ਸੱਚ ਦੇ ਮਾਰਗ 'ਤੇ ਚੱਲਣ ਅਮਨ-ਸ਼ਾਂਤੀ ਤੇ ਭਾਈਚਾਰਕ ਸਾਂਝ ਨੂੰ ਕਾਇਮ ਰੱਖਦੇ ਹੋਏ ਜੀਵਨ ਬਤੀਤ ਕਰਨ ਦੀ ਅਪੀਲ ਕੀਤੀ। ਇਸ ਮੌਕੇ ਜਿੱਥੇ ਮਹੰਤ ਸੁਨੀਲ ਕੁਮਾਰ ਹੋਰਾਂ ਵੱਲੋਂ ਬੀਬੀ ਗੁਰਪ੍ਰੀਤ ਕੌਰ ਲਹੌਰੀਆ ਦਾ ਵਿਦੇਸ਼ੀ ਧਰਤੀ 'ਤੇ ਰਹਿ ਕੇ ਆਪਣੇ ਸਮਾਜ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕਰਦੇ ਹੋਏ ਆਪਣੀ ਪੰਜਾਬ ਫੇਰੀ ਦੌਰਾਨ ਮੁਕੇਰੀਆਂ ਆਉਣ 'ਤੇ ਧੰਨਵਾਦ ਕੀਤਾ। ਉਥੇ ਹੀ ਬੀਬੀ ਲਹੌਰੀਆ ਵੱਲੋਂ ਵੀ ਮੁਕੇਰੀਆਂ ਵਾਸੀਆਂ ਵੱਲੋਂ ਦਿੱਤੇ ਗਏ ਮਾਣ-ਸਨਮਾਨ ਲਈ ਸ਼ੁਕਰਾਨਾ ਕੀਤਾ। ਇਸ ਉਪਰੰਤ ਉਨ੍ਹਾਂ ਭਗਵਾਨ ਵਾਲਮੀਕਿ ਆਸ਼ਰਮ ਜਾ ਨਤਮਸਤਕ ਹੋ ਅਆਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਮਹੰਤ ਸੁਨੀਲ ਕੁਮਾਰ ਤੋਂ ਇਲਾਵਾ ਬਲਾਕ ਕਾਂਗਰਸ ਪ੍ਰਧਾਨ ਰਵਿੰਦਰ ਸਿੰਘ, ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਵਿਨੋਦ ਕੁਮਾਰ, ਸਮਾਜ ਸੇਵਕ ਰਾਜੇਸ਼ ਰੱਤੂ, ਸਾਬਕਾ ਕੌਂਸਲਰ ਡਾ. ਬਾਲੀ ਰਾਮ, ਸੰਜੀਵ ਭੱਟੀ, ਵਿੱਦਿਆ ਸਾਗਰ, ਜਸਪਾਲ ਸਿੰਘ, ਸਾਜਨ ਖੋਸਲਾ, ਜੋਗਿੰਦਰ ਪਾਲ, ਖੜਕ ਸਿੰਘ, ਕੁਲਦੀਪ ਸਿੰਘ ਤੇ ਜੋਗਿੰਦਰ ਬਿੰਨੀ ਵੀ ਹਾਜ਼ਰ ਸਨ।

# ਐਸ.ਐਫ.ਸੀ. ਕਾਨਵੈਂਟ ਸਕੂਲ 'ਚ ਮਜ਼ਦੂਰ ਦਿਵਸ ਮਨਾਇਆ

ਮੋਗਾ, 1 ਮਈ (ਨਿਸ਼ੀ ਮਨਚੰਦਾ/ਗੁਰਦੇਵ ਖੁਰਾਣਾ): ਮੋਗਾ ਖੇਤਰ ਦੀ ਪ੍ਰਸਿੱਧ ਸੰਸਥਾ ਐਸ.ਐਫ.ਸੀ. ਕਾਨਵੈਂਟ ਸਕੂਲ ਜਲਾਲਾਬਾਦ (ਪੂਰਬ), ਜੋ ਕਿ ਆਈਸੀਐਸਈ ਬੋਰਡ ਨਵੀਂ ਦਿੱਲੀ ਤੋਂ ਮਾਨਤਾ ਪ੍ਰਾਪਤ ਹੈ, ਵਿੱਚ ਅੱਜ ਮਜ਼ਦੂਰ ਦਿਵਸ ਮਨਾਇਆ ਗਿਆ।ਸਭ ਤੋਂ ਪਹਿਲਾਂ ਸਕੂਲ ਦੀ ਪ੍ਰਾਰਥਨਾ ਸਭਾ ਵਿੱਚ ਬੱਚਿਆਂ ਤੇ



ਅਧਿਆਪਕਾਂ ਵੱਲੋਂ ਸਭ ਨੂੰ ਮਜ਼ਦੂਰ ਦਿਵਸ ਦੇ ਮਹੱਤਵ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ 'ਤੇ ਸਕੂਲ ਦੀ ਪ੍ਰਿੰਸੀਪਲ ਮਨੀਸ਼ਾ ਕੌਸ਼ਿਕ ਨੇ ਮਜ਼ਦੂਰ ਦਿਵਸ ਨੂੰ ਕੇਂਦਰ ਵਿੱਚ ਰੱਖਦਿਆਂ ਬੱਚਿਆਂ ਨੂੰ ਮਜ਼ਦੂਰਾਂ ਵੱਲੋਂ ਸਰਕਾਰਾਂ ਨਾਲ ਕੀਤੇ ਗਏ ਸੰਘਰਸ਼ ਬਾਰੇ ਦੱਸਿਆ ਤੇ ਆਪਣੇ ਹੱਥਾਂ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ।ਉਨ੍ਹਾਂ ਇਹ ਵੀ ਦੱਸਿਆ ਕਿ ਸਫਾਈ ਕਰਮਚਾਰੀ ਸਾਡੇ ਜੀਵਨ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ, ਚਾਹੇ ਕੋਈ ਵੀ ਸੰਸਥਾ ਹੋਵੇ ਜਾਂ ਸਮਾਜ ਦਾ ਕੋਈ ਵੀ ਹਿੱਸਾ। ਇਸ ਲਈ ਸਾਨੂੰ ਉਨ੍ਹਾਂ ਦਾ ਸਦਾ ਸਤਿਕਾਰ ਕਰਨਾ ਚਾਹੀਦਾ ਹੈ।ਇਸ ਦਿਨ ਸਕੂਲ ਦੀ ਪ੍ਰਿੰਸੀਪਲ ਵੱਲੋਂ ਸਫਾਈ ਕਰਮਚਾਰੀਆਂ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ 'ਤੇ ਸਕੂਲ ਦੇ ਸੀ.ਐਮ.ਡੀ. ਅਭਿਸ਼ੇਕ ਜਿੰਦਲ, ਸ਼ੀਨਮ ਜਿੰਦਲ ਤੇ ਸਰੋਜ ਰਾਣੀ ਜਿੰਦਲ ਨੇ ਵੀ ਸਭ ਨੂੰ ਮਜ਼ਦੂਰ ਦਿਵਸ ਦੀਆਂ ਵਧਾਈਆਂ ਦਿੰਦਿਆਂ ਅਪੀਲ ਕੀਤੀ ਕਿ ਸਾਨੂੰ ਮਜ਼ਦੂਰਾਂ ਨਾਲ ਕਿਸੇ ਵੀ ਤਰ੍ਹਾਂ ਦਾ ਭੇਦਭਾਵ ਨਹੀਂ ਕਰਨਾ ਚਾਹੀਦਾ ਤੇ ਉਨ੍ਹਾਂ ਦੇ ਕੰਮ ਦਾ ਸਤਿਕਾਰ ਕਰਨਾ ਚਾਹੀਦਾ ਹੈ।

# ਹਰ ਵੀਰਵਾਰ ਲੱਗੇਗਾ ਮੁਫ਼ਤ ਸਿਹਤ ਜਾਂਚ ਕੈਂਪ



ਫਾਜ਼ਿਲਕਾ, 1 ਮਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਫਾਜ਼ਿਲਕਾ ਸ਼ਹਿਰ ਦੇ ਪ੍ਰਸਿੱਧ ਲਕਸ਼ਮੀ ਨਾਰਾਇਣ ਮੰਦਰ ਦੇ ਵਿਹੜੇ ਵਿੱਚ ਵੀਰਵਾਰ ਨੂੰ ਮੁਫ਼ਤ ਸਿਹਤ ਜਾਂਚ ਕੈਂਪ ਦੀ ਸ਼ੁਰੂਆਤ ਕੀਤੀ ਗਈ। ਇਹ ਕੈਂਪ ਪੰਡਤ ਰਾਜਾ ਰਾਮ ਸ਼ਰਮਾ ਦੇ ਮਾਰਗ ਦਰਸ਼ਨ ਹੇਠ ਲਗਾਇਆ ਜਾ ਰਿਹਾ ਹੈ। ਪਹਿਲੇ ਹੀ ਦਿਨ ਲਗਭਗ 50 ਲੋਕਾਂ ਨੇ ਆਪਣੀ ਸਿਹਤ ਦੀ ਜਾਂਚ ਕਰਵਾ ਕੇ ਲਾਭ ਪ੍ਰਾਪਤ ਕੀਤਾ।ਇਸ ਮੌਕੇ ਡਾ. ਪਰਵਿੰਦਰ ਕੁਮਾਰ ਵੱਲੋਂ ਇਲੈਕਟ੍ਰੋ-ਐਕਯੂਪੰਕਚਰ ਤੇ ਆਯੁਰਵੈਦਿਕ ਪੱਧਤੀ ਰਾਹੀਂ ਮਰੀਜ਼ਾਂ ਦੀ ਜਾਂਚ ਕੀਤੀ ਗਈ। ਕੈਂਪ ਵਿੱਚ ਮੋਟਾਪਾ, ਜੋੜਾਂ ਦਾ ਦਰਦ, ਸ਼ੂਗਰ, ਬਵਾਸੀਰ, ਗਠੀਆ, ਚਮੜੀ ਦੇ ਰੋਗ, ਵਾਲਾਂ ਦੀਆਂ ਸਮੱਸਿਆਵਾਂ, ਪੇਟ, ਲੀਵਰ, ਗੁਰਦੇ ਤੇ ਪੱਥਰੀ ਨਾਲ ਸਬੰਧਤ ਬਿਮਾਰੀਆਂ ਦੀ ਜਾਂਚ ਦੀ ਸਹੂਲਤ ਉਪਲਬਧ ਕਰਵਾਈ ਗਈ।ਡਾ. ਕੁਮਾਰ ਨੇ ਦੱਸਿਆ ਕਿ ਆਧੁਨਿਕ ਮਸ਼ੀਨਾਂ ਰਾਹੀਂ ਮੁੱਢਲੀ ਜਾਂਚ ਕੀਤੀ ਜਾਂਦੀ ਹੈ ਤੇ ਲੋੜ ਅਨੁਸਾਰ ਆਯੁਰਵੈਦਿਕ ਇਲਾਜ ਦੀ ਸਲਾਹ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਕੈਂਪਾਂ ਦਾ ਮੁੱਖ ਉਦੇਸ਼ ਲੋਕਾਂ ਨੂੰ ਸਿਹਤ ਪ੍ਰਤੀ ਜਾਗਰੂਕ ਕਰਨਾ ਤੇ ਉਨ੍ਹਾਂ ਨੂੰ ਸਮੇਂ ਸਿਰ ਸਹੀ ਇਲਾਜ ਪ੍ਰਦਾਨ ਕਰਨਾ ਹੈ। ਮੰਦਰ ਕਮੇਟੀ ਦੇ ਮੈਂਬਰ ਰਾਜੇਸ਼ ਡੋਡਾ, ਸੁਰਿੰਦਰ ਮੱਕੜ, ਰਾਜੇਸ਼ ਸ਼ਰਮਾ, ਅਸ਼ਵਨੀ ਗਿਲਹੋਤਰਾ, ਵਿਜੇ ਤਨੇਜਾ, ਵਰਿੰਦਰ ਗਰਗ, ਅਸ਼ੋਕ ਮੋਗਾ, ਅਸ਼ੋਕ ਦਹੂਜਾ, ਵਰਿੰਦਰ ਦਹੂਜਾ ਤੇ ਗੋਬਿੰਦ ਡੋਡਾ ਨੇ ਵੀ ਕੈਂਪ ਵਿੱਚ ਆਪਣੀ ਹਾਜ਼ਰੀ ਲਗਵਾ ਕੇ ਸੇਵਾ ਕਾਰਜ ਵਿੱਚ ਸਹਿਯੋਗ ਦਿੱਤਾ। ਪੰਡਤ ਰਾਜਾ ਰਾਮ ਸ਼ਰਮਾ ਨੇ ਦੱਸਿਆ ਕਿ ਇਹ ਮੁਫ਼ਤ ਸਿਹਤ ਜਾਂਚ ਕੈਂਪ ਹੁਣ ਹਰ ਵੀਰਵਾਰ ਦੁਪਹਿਰ 12 ਵਜੇ ਤੋਂ 2 ਵਜੇ ਤੱਕ ਲਕਸ਼ਮੀ ਨਾਰਾਇਣ ਮੰਦਰ ਵਿੱਚ ਲਗਾਇਆ ਜਾਵੇਗਾ।

# ਰਿਮਟ ਨੇ ਸੀਨੀਅਰ ਸਿਟੀਜ਼ਨ ਮੀਟਿੰਗ ਦੀ ਮੇਜ਼ਬਾਨੀ ਕੀਤੀ

ਮੰਡੀ ਗੋਬਿੰਦਗੜ੍ਹ, 1 ਮਈ (ਸੂਦ): ਰਿਮਟ ਮੈਡੀਕਲ ਕਾਲਜ ਤੇ ਹਸਪਤਾਲ ਨੇ ਸੀਨੀਅਰ ਸਿਟੀਜ਼ਨ ਮੀਟਿੰਗ ਦਾ ਆਯੋਜਨ ਕੀਤਾ, ਜਿਸਦਾ ਉਦੇਸ਼ ਸੀਨੀਅਰ ਨਾਗਰਿਕਾਂ ਵਿੱਚ ਸਿਹਤ ਜਾਗਰੂਕਤਾ ਨੂੰ ਉਤਸ਼ਾਹਿਤ ਕਰਨਾ ਤੇ ਸਿਹਤਮੰਦ ਜੀਵਨਸ਼ੈਲੀ ਨੂੰ ਉਤਸ਼ਾਹਿਤ ਕਰਨਾ ਹੈ। ਪ੍ਰੋ. ਵਾਈਸ ਚਾਂਸਲਰ ਡਾ. ਸੁਨੀਲ ਕਤਿਆਲ ਤੇ ਡਾਇਰੈਕਟਰ ਡਾ. ਕੇ.ਸੀ. ਗੋਇਲ ਨੇ ਭਾਈਚਾਰੇ ਦੇ ਮੈਂਬਰਾਂ ਦਾ ਸਵਾਗਤ ਕੀਤਾ। ਡਾ. ਸੁਨੀਲ ਕਤਿਆਲ ਨੇ ਕਿਹਾ ਕਿ ਰਿਮਟ ਮੈਡੀਕਲ ਕਾਲਜ ਤੇ ਹਸਪਤਾਲ ਦੀ ਸਥਾਪਨਾ 2022 ਵਿੱਚ ਚੇਅਰਮੈਨ ਵਿਜਯੰਤ ਬਾਂਸਲ ਦੀ ਦੂਰਦਰਸ਼ੀ ਅਗਵਾਈ ਹੇਠ ਹੋਈ ਜਿਸਦਾ ਉਦੇਸ਼ ਭਾਈਚਾਰੇ ਨੂੰ ਮਿਆਰੀ ਸਿਹਤ ਸੰਭਾਲ ਸੇਵਾਵਾਂ ਪ੍ਰਦਾਨ ਕਰਨਾ ਸੀ। ਉਨ੍ਹਾਂ ਕਿਹਾ ਕਿ ਇਹ ਸੰਸਥਾ 420 ਬਿਸਤਰਿਆਂ ਵਾਲਾ ਇੱਕ ਸੁਪਰ-ਸਪੈਸ਼ਲਿਟੀ ਹਸਪਤਾਲ ਹੈ, ਜੋ ਅਤਿ-ਆਧੁਨਿਕ ਬੁਨਿਆਦੀ ਢਾਂਚੇ ਤੇ ਉਨਤ



ਡਾਕਟਰੀ ਸਹੂਲਤਾਂ ਨਾਲ ਲੈਸ ਹੈ। ਉਨ੍ਹਾਂ ਕਿਹਾ ਕਿ ਰਿਮਟ ਹਸਪਤਾਲ ਖੇਤਰ ਦੇ ਸਭ ਤੋਂ ਵੱਡੇ ਸਿਹਤ ਸੰਭਾਲ ਪ੍ਰਦਾਤਾਵਾਂ ਵਿੱਚੋਂ ਇੱਕ ਵਜੋਂ ਉਭਰਿਆ ਹੈ ਜੋ ਵਿਆਪਕ ਡਾਕਟਰੀ ਸੇਵਾਵਾਂ ਪ੍ਰਦਾਨ ਕਰਦਾ ਹੈ। ਡਾ. ਜਸਨੀਤ ਕੌਰ ਸੋਢੀ (ਮੈਡੀਸਨ) ਨੇ ਸ਼ੂਗਰ ਨਾਲ ਸਬੰਧਤ ਪੇਚੀਦਗੀਆਂ ਬਾਰੇ ਜਾਗਰੂਕਤਾ ਫੈਲਾਈ ਤੇ ਇਸ ਸਥਿਤੀ ਦੇ ਪ੍ਰਭਾਵਸ਼ਾਲੀ ਪ੍ਰਬੰਧਨ ਲਈ ਜ਼ਰੂਰੀ ਸਾਵਧਾਨੀਆਂ ਸਾਂਝੀਆਂ ਕੀਤੀਆਂ। ਡਾ. ਰਾਜਦੀਪ ਸਿੰਘ ਬਾਜਵਾ ਨੇ ਓਸਟੀਓਪੋਰੋਸਿਸ 'ਤੇ ਭਾਸ਼ਣ ਦਿੱਤਾ। ਡਾ. ਰੁਚੀ ਸ਼ਰਮਾ ਸਹਾਇਕ ਪ੍ਰੋਫੈਸਰ ਫੂਡ ਟੈਕਨਾਲੋਜੀ ਵਿਭਾਗ ਤੇ ਡਾ. ਜਸਪ੍ਰੀਤ ਕੌਰ, ਸਹਾਇਕ ਪ੍ਰੋਫੈਸਰ ਫੂਡ ਟੈਕਨਾਲੋਜੀ ਨੇ ਸਮੁੱਚੀ ਤੰਦਰੁਸਤੀ ਲਈ ਸੰਤੁਲਿਤ ਖੁਰਾਕ ਤੇ ਸਿਹਤਮੰਦ ਰੋਜ਼ਾਨਾ ਰੁਟੀਨ ਬਣਾਈ ਰੱਖਣ ਦੀ ਮਹੱਤਤਾ ਬਾਰੇ ਗੱਲ ਕੀਤੀ। ਪ੍ਰੋਗਰਾਮ ਵਿੱਚ ਇੰਟਰਐਕਟਿਵ ਸੈਸ਼ਨ ਵੀ ਰਿਹਾ, ਜਿਸ ਵਿੱਚ ਸੀਨੀਅਰ ਨਾਗਰਿਕ ਡਾਕਟਰਾਂ ਨੇ ਸਰਗਰਮੀ ਨਾਲ ਭਾਗ ਲਿਆ। ਡਾ.ਕੇ.ਸੀ. ਗੋਇਲ ਨੇ ਸੰਸਥਾ ਦੀ ਕਮਿਊਨਿਟੀ ਸੇਵਾ ਪ੍ਰਤੀ ਵਚਨਬੱਧਤਾ ਨੂੰ ਦੁਹਰਾਇਆ ਤੇ ਸਿਹਤ ਜਾਗਰੂਕਤਾ ਨੂੰ ਉਤਸ਼ਾਹਿਤ ਕਰਨ ਤੇ ਗੁਣਵੱਤਾ ਵਾਲੀ ਸਿਹਤ ਸੰਭਾਲ ਪ੍ਰਦਾਨ ਕਰਨ ਲਈ ਨਿਰੰਤਰ ਯਤਨਾਂ ਦਾ ਭਰੋਸਾ ਦਿੱਤਾ।

# ਆਜ਼ਾਦ ਕਿਸਾਨ ਮੋਰਚੇ ਵੱਲੋਂ 4 ਨੂੰ ਪੰਜਾਬ ਦੇ ਸਾਰੇ ਟੋਲ ਪਲਾਜ਼ੇ ਬੰਦ ਕਰਨ ਦਾ ਐਲਾਨ

## ☛ ਅਬਾਦਕਾਰ ਕਿਸਾਨਾਂ ਨੂੰ ਮੁਆਵਜ਼ਾ ਨਾ ਮਿਲਣ ਕਰਕੇ ਖਫ਼ਾ ਨੇ ਕਿਸਾਨ: ਖ਼ਾਲਸਾ

ਅਮਲੋਹ, 1 ਮਈ (ਜਸਵੰਤ ਸਿੰਘ): ਆਜ਼ਾਦ ਕਿਸਾਨ ਮੋਰਚੇ ਵੱਲੋਂ 4 ਮਈ ਨੂੰ ਪੰਜਾਬ ਭਰ ਦੇ ਸਾਰੇ ਟੋਲ ਪਲਾਜ਼ਿਆਂ ਨੂੰ ਬੰਦ ਕੀਤਾ ਜਾਵੇਗਾ। ਇਹ ਗੱਲ ਕਿਸਾਨ ਯੂਨੀਅਨ (ਅੰਮ੍ਰਿਤਸਰ) ਦੇ ਸੂਬਾ ਪ੍ਰਧਾਨ ਲਖਵੀਰ ਸਿੰਘ ਸੌਂਟੀ ਨੇ ਅੱਜ ਇਥੇ ਦਿੰਦਿਆਂ ਕਿਹਾ ਕਿ ਸਰਕਾਰ ਵੱਲੋਂ 30 ਅਪ੍ਰੈਲ ਤੱਕ ਅਬਾਦਕਾਰ ਕਿਸਾਨਾਂ ਨੂੰ ਮੁਆਵਜ਼ਾ ਦੇਣ ਦਾ ਭਰਸਾ ਦਿੱਤਾ ਸੀ ਪਰ ਅਜੇ ਤੱਕ ਕਿਸਾਨਾਂ ਨੂੰ ਕੋਈ ਰਾਹਤ ਨਹੀਂ ਮਿਲੀ, ਜਿਸ ਕਾਰਨ ਕਿਸਾਨਾਂ ਵਿੱਚ ਭਾਰੀ ਰੋਸ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਹੜ੍ਹਾਂ ਕਾਰਨ ਝੋਨੇ ਦੀ ਫਸਲ ਬਰਬਾਦ ਹੋਈ ਸੀ। ਅਬਾਦਕਾਰ ਕਿਸਾਨਾਂ ਨੂੰ ਕੱਚੀਆਂ ਪੈਲੀਆਂ ਦਾ ਮੁਆਵਜ਼ਾ ਨਹੀਂ ਦਿੱਤਾ ਗਿਆ, ਬੇਮੌਸਮੀ ਬਾਰਿਸ਼ਾਂ ਤੇ ਹੋਰ ਕੁਦਰਤੀ ਆਫ਼ਤਾਂ ਕਾਰਨ ਫ਼ਸਲਾਂ ਦਾ ਵੱਡਾ ਨੁਕਸਾਨ ਹੋਇਆ ਸੀ ਪਰ ਸਰਕਾਰ ਨੇ ਪ੍ਰਭਾਵਿਤ ਕਿਸਾਨਾਂ ਨੂੰ ਮੁਆਵਜ਼ਾ ਦੇਣ ਵਿੱਚ ਗੰਭੀਰਤਾ ਨਹੀਂ




ਦਿਖਾਈ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਤੁਰੰਤ ਕਿਸਾਨਾਂ ਦੀਆਂ ਮੰਗਾਂ ਨਾ ਮੰਨੀਆਂ ਤਾਂ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ। ਉਨ੍ਹਾਂ ਸਮੂਹ ਕਿਸਾਨਾਂ ਤੇ ਲੋਕਾਂ ਨੂੰ 4 ਮਈ ਦੇ ਟੋਲ ਪਲਾਜ਼ਾ ਬੰਦ ਕਰਨ ਦੇ ਅੰਦੋਲਨ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ। ਇਸ ਮੌਕੇ ਕਿਸਾਨ ਯੂਨੀਅਨ (ਅ) ਦੇ ਜ਼ਿਲ੍ਹਾ ਪ੍ਰਧਾਨ ਮਲਕੀਤ ਸਿੰਘ ਅੰਬੇਮਾਜਰਾ, ਜ਼ਿਲ੍ਹਾ ਮੀਤ ਪ੍ਰਧਾਨ ਜਸਪਾਲ ਸਿੰਘ ਸਲਾਣਾ, ਜਨਰਲ ਸਕੱਤਰ ਬਾਬਾ ਪ੍ਰੀਤਮ ਸਿੰਘ ਭੋਲੀਆ, ਚਰਨ ਸਿੰਘ, ਬਲਾਕ ਅਮਲੋਹ ਦੇ ਪ੍ਰਚਾਰ ਸਕੱਤਰ ਬਲਵਿੰਦਰ ਸਿੰਘ, ਜਿੰਦਰ ਸਿੰਘ ਤੇ ਪ੍ਰਗਟ ਸਿੰਘ ਹਾਜ਼ਰ ਸਨ।

# ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵੱਲੋਂ ਯੂਪੀਐਸਸੀ ਟੌਪਰ ਸਿਮਰਨਦੀਪ ਕੌਰ (ਏ.ਆਈ.ਆਰ. 15) ਨਾਲ ਅਕਾਦਮਿਕ ਵਿਕਾਸ ਸੈਸ਼ਨ



ਸ੍ਰੀ ਫਤਹਿਗੜ੍ਹ ਸਾਹਿਬ, 1 ਮਈ (ਹਰਪ੍ਰੀਤ ਕੌਰ ਟਿਵਾਣਾ): ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫ਼ਤਹਿਗੜ੍ਹ ਸਾਹਿਬ ਦੇ ਸਿੱਖਿਆ ਵਿਭਾਗ ਵੱਲੋਂ ਯੂਪੀਐਸਸੀ ਟੌਪਰ ਸਿਮਰਨਦੀਪ ਕੌਰ, ਜਿਨ੍ਹਾਂ ਨੇ ਨਾਗਰਿਕ ਸੇਵਾਵਾਂ ਪ੍ਰੀਖਿਆ ਵਿੱਚ ਅਖਿਲ ਭਾਰਤੀ ਰੈਂਕ 15 ਹਾਸਲ ਕੀਤੀ ਹੈ, ਦੇ ਨਾਲ ਇੱਕ ਪ੍ਰੇਰਨਾਦਾਇਕ ਅਕਾਦਮਿਕ ਵਿਕਾਸ ਸਤਰ ਸਫਲਤਾਪੂਰਵਕ ਆਯੋਜਿਤ ਕੀਤਾ ਗਿਆ। ਡਾ. ਹਰਨੀਤ ਬਿਲਿੰਗ, ਮੁਖੀ ਸਿੱਖਿਆ ਵਿਭਾਗ ਨੇ ਦੱਸਿਆ ਕਿ ਇਸ ਸੈਸ਼ਨ ਦਾ ਉਦੇਸ਼ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਨਾ ਤੇ ਉਨ੍ਹਾਂ ਨੂੰ ਸਿਵਲ ਸਰਵਿਸਿਜ਼ ਦੀ ਤਿਆਰੀ ਦੇ ਸਫ਼ਰ ਬਾਰੇ ਕੀਮਤੀ ਜਾਣਕਾਰੀ ਪ੍ਰਦਾਨ ਕਰਨਾ ਸੀ, ਨਾਲ ਹੀ ਅਕਾਦਮਿਕ ਉਤਕ੍ਰਿਸ਼ਟਤਾ ਦੇ ਵੱਖ-ਵੱਖ ਪੱਖਾਂ ਨਾਲ ਜਾਣੂੰ ਕਰਵਾਉਣਾ ਵੀ ਇਸਦਾ ਉਦੇਸ਼ ਸੀ। ਇਸ ਦੌਰਾਨ ਹੋਏ ਰੁਚੀਕਰ ਤੇ ਸੰਵਾਦਾਤਮਕ ਸੈਸ਼ਨ ਵਿੱਚ ਸਿਮਰਨਦੀਪ ਕੌਰ ਨੇ ਆਪਣੀਆਂ ਤਿਆਰੀ ਰਣਨੀਤੀਆਂ ਸਾਂਝੀਆਂ ਕਰਦਿਆਂ ਲਗਾਤਾਰਤਾ, ਸੰਕਲਪਕ ਸਪੱਸ਼ਟਤਾ ਤੇ ਅਨੁਸ਼ਾਸਿਤ ਅਧਿਐਨ ਕਰਨ ਦੀ ਮਹੱਤਤਾ ਉਤੇ ਜ਼ੋਰ ਦਿੱਤਾ। ਉਨ੍ਹਾਂ ਨੇ ਮਜ਼ਬੂਤ ਬੁਨਿਆਦ ਤਿਆਰ ਕਰਨ, ਮੌਜੂਦਾ ਮਾਮਲਿਆਂ ਨਾਲ ਅਪਡੇਟ ਰਹਿਣ ਤੇ ਪੜ੍ਹਾਈ ਦੇ ਨਾਲ ਮਾਨਸਿਕ ਸੰਤੁਲਨ ਬਣਾਈ ਰੱਖਣ ਦੀ ਲੋੜ ਬਾਰੇ ਵੀ ਚਰਚਾ ਕੀਤੀ। ਉਨ੍ਹਾਂ ਦੀ ਜੀਵਨ ਯਾਤਰਾ ਦ੍ਰਿੜ ਨਿਸ਼ਚੇ, ਸੰਘਰਸ਼ਸ਼ੀਲਤਾ ਤੇ ਉਚੇ ਲਕਸ਼ ਪ੍ਰਤੀ ਸਮਰਪਣ ਨੂੰ ਦਰਸਾਉਂਦੀ ਹੈ।ਇਸ ਸੈਸ਼ਨ ਦੌਰਾਨ ਵਿਦਿਆਰਥੀਆਂ ਨੂੰ ਸਿੱਧਾ ਵਕਤਾ ਨਾਲ ਸੰਵਾਦ ਕਰਨ ਦਾ ਵੀ ਮੌਕਾ ਮਿਲਿਆ। ਸਮਾਂ ਪ੍ਰਬੰਧਨ, ਚੋਣ ਵਿਸ਼ੇ ਦੀ ਚੋਣ, ਉਤਰ ਲਿਖਣ ਦੀ ਤਕਨੀਕ ਤੇ ਪ੍ਰੀਖਿਆ ਦੌਰਾਨ ਦਬਾਅ ਨੂੰ ਸੰਭਾਲਣ ਸਬੰਧੀ ਪ੍ਰਸ਼ਨਾਂ ਦੇ ਉਨ੍ਹਾਂ ਨੇ ਵਿਆਪਕ ਤੇ ਤਸੱਲੀਬਖ਼ਸ਼ ਜਵਾਬ ਦਿੱਤੇ।ਇਸ ਮੌਕੇ 'ਤੇ ਵਾਈਸ-ਚਾਂਸਲਰ (ਪ੍ਰੋ.) ਡਾ. ਪਰਿਤ ਪਾਲ ਸਿੰਘ ਨੇ ਵਿਭਾਗ ਦੀ ਇਸ ਪਹਿਲ ਦੀ ਸਰਾਹਨਾ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਰਾਸ਼ਟਰੀ ਪੱਧਰ ਦੇ ਉਪਲਬਧੀ ਹਾਸਲ ਕਰਨ ਵਾਲੇ ਵਿਅਕਤੀਆਂ ਨਾਲ ਸੰਵਾਦ ਵਿਦਿਆਰਥੀਆਂ ਦੀਆਂ ਆਕਾਂਖਾਵਾਂ ਨੂੰ ਨਵੀਂ ਦਿਸ਼ਾ ਦਿੰਦੇ ਹਨ।

# ਮੁਫ਼ਤ ਫਾਇਬਰੋ ਸਕੈਨ ਜਾਂਚ ਕੈਂਪ ਲਗਾਇਆ

ਫਿਰੋਜ਼ਪੁਰ, 1 ਮਈ (ਤਿਵਾੜੀ): ਫਿਰੋਜ਼ਪੁਰ-ਮੋਗਾ ਰੋਡ ਸਥਿਤ ਅਮਨਦੀਪ ਹਸਪਤਾਲ ਵਿੱਚ ਉਜਾਲਾ ਸਿਗਨਸ ਹੈਲਥਕੇਅਰ ਸਰਵਿਸਿਜ਼ ਦੇ ਸਹਿਯੋਗ ਤੇ ਸ੍ਰੀ ਸਨਾਤਨ ਧਰਮ ਸਭਾ, ਸੂਜੀ ਬਾਜ਼ਾਰ, ਫਿਰੋਜ਼ਪੁਰ ਕੈਂਟ ਦੇ ਸਮਰਥਨ ਨਾਲ ਵੀਰਵਾਰ ਨੂੰ ਮੁਫ਼ਤ ਫਾਇਬਰੋ ਸਕੈਨ ਜਾਂਚ ਕੈਂਪ ਲਗਾਇਆ ਗਿਆ। ਇਹ ਕੈਂਪ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਚੱਲਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਇਲਾਕੇ ਦੇ ਲੋਕਾਂ ਨੇ ਲਾਭ ਲਿਆ।ਹਸਪਤਾਲ ਪ੍ਰਬੰਧਨ ਮੁਤਾਬਿਕ ਆਮ ਤੌਰ 'ਤੇ ਕਰੀਬ 4000 ਰੁਪਏ ਦੀ ਲਾਗਤ ਵਾਲੀ ਫਾਇਬਰੋ ਸਕੈਨ ਜਾਂਚ ਇਸ ਕੈਂਪ ਵਿੱਚ ਪੂਰੀ ਤਰ੍ਹਾਂ ਮੁਫ਼ਤ ਕੀਤੀ ਗਈ। ਜਾਂਚ ਲਈ ਆਧੁਨਿਕ ਏਆਈ-ਚਲਿਤ ਇਕੋਸੈਂਸ ਮਿਨੀ+ 430 ਮਸ਼ੀਨ ਦੀ ਵਰਤੋਂ ਕੀਤੀ ਗਈ, ਜਿਸ ਨਾਲ ਜਿਗਰ ਦੀ ਸਥਿਤੀ ਦਾ ਸਹੀ ਅੰਦਾਜ਼ਾ ਲਗਾਇਆ ਗਿਆ। ਫਾਇਬਰੋ ਸਕੈਨ ਇੱਕ ਗੈਰ-ਆਕਰਮਕ ਜਾਂਚ ਹੈ, ਜੋ ਫੈਟੀ ਲਿਵਰ ਤੇ ਜਿਗਰ ਦੀ ਕਠੋਰਤਾ ਨੂੰ ਸ਼ੁਰੂਆਤੀ ਪੜਾਅ ਵਿੱਚ ਪਤਾ ਲਗਾਉਣ




ਵਿੱਚ ਮਦਦਗਾਰ ਹੈ, ਜਿਸ ਨਾਲ ਸਮੇਂ 'ਤੇ ਇਲਾਜ ਸੰਭਵ ਹੁੰਦਾ ਹੈ। ਕੈਂਪ ਦਾ ਉਦਘਾਟਨ ਸੁਵਿਧਾ ਹਸਪਤਾਲ ਦੇ ਫੈਸਿਲਟੀ ਡਾਇਰੈਕਟਰ ਅਭਿਸ਼ੇਕ ਅਰੋੜਾ ਤੇ ਸ੍ਰੀ ਸਨਾਤਨ ਧਰਮ ਸਭਾ ਦੇ ਪ੍ਰਧਾਨ ਬਾਲ ਕਿਸ਼ਨ ਮਿੱਤਲ ਵੱਲੋਂ ਸੀਨੀਅਰ ਅਧਿਕਾਰੀਆਂ ਤੇ ਇਲਾਕੇ ਦੇ ਲੋਕਾਂ ਦੀ ਮੌਜੂਦਗੀ ਵਿੱਚ ਕੀਤਾ ਗਿਆ। ਅਮਨਦੀਪ ਹਸਪਤਾਲ ਦੀ ਡਾਇਰੈਕਟਰ ਅਮਨਦੀਪ ਕੌਰ ਨੇ ਕਿਹਾ ਕਿ ਬਦਲ ਰਹੀ ਜੀਵਨਸ਼ੈਲੀ ਤੇ ਸਮੇਂ 'ਤੇ ਜਾਂਚ ਨਾ ਹੋਣ ਕਰਕੇ ਜਿਗਰ ਨਾਲ ਸਬੰਧਤ ਬਿਮਾਰੀਆਂ ਤੇਜ਼ੀ ਨਾਲ ਵੱਧ ਰਹੀਆਂ ਹਨ। ਇਸ ਤਰ੍ਹਾਂ ਦੇ ਮੁਫ਼ਤ ਕੈਂਪ ਲੋਕਾਂ ਨੂੰ ਜਾਗਰੂਕ ਕਰਨ ਤੇ ਉਨ੍ਹਾਂ ਨੂੰ ਉਚ ਪੱਧਰੀ ਜਾਂਚ ਸਹੂਲਤਾਂ ਮੁਹੱਈਆ ਕਰਵਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ ਤਾਂ ਜੋ ਗੰਭੀਰ ਬਿਮਾਰੀਆਂ ਤੋਂ ਸਮੇਂ ਸਿਰ ਬਚਾਅ ਕੀਤਾ ਜਾ ਸਕੇ।ਹਸਪਤਾਲ ਪ੍ਰਬੰਧਨ ਵੱਲੋਂ ਇਲਾਕੇ ਦੇ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਉਹ ਇਸ ਤਰ੍ਹਾਂ ਦੀਆਂ ਮੁਫ਼ਤ ਸਿਹਤ ਸੇਵਾਵਾਂ ਦਾ ਵੱਧ ਤੋਂ ਵੱਧ ਲਾਭ ਲੈਣ। ਅਮਨਦੀਪ ਗਰੁੱਪ ਇੱਕ ਅਗੇਤੀ ਸਿਹਤ ਸੇਵਾ ਨੈਟਵਰਕ ਵਜੋਂ ਸਥਾਪਤ ਹੋ ਚੁੱਕਾ ਹੈ, ਜਿਸ ਵਿੱਚ 750 ਤੋਂ ਵੱਧ ਬੈਡ ਐ ਛੇ ਮੁੱਖ ਥਾਵਾਂ 'ਤੇ 170 ਤੋਂ ਵੱਧ ਮਾਹਿਰ ਡਾਕਟਰ ਸੇਵਾਵਾਂ ਦੇ ਰਹੇ ਹਨ।

# ਓਮ ਪ੍ਰਕਾਸ਼ ਬਾਂਸਲ ਸਕੂਲ ਦੇ ਵਿਦਿਆਰਥੀ ਹਰਸ਼ਿਤ ਸਿੰਗਲਾ ਨੂੰ ਕੈਮਿਸਟਰੀ ਓਲੰਪੀਆਡ ਲਈ ਟੀਮ ਇੰਡੀਆ 'ਚ ਚੁਣਿਆ

ਮੰਡੀ ਗੋਬਿੰਦਗੜ੍ਹ, 1 ਮਈ (ਸੂਦ): ਓਮ ਪ੍ਰਕਾਸ਼ ਬਾਂਸਲ ਮਾਡਰਨ ਸਕੂਲ ਲਈ ਮਾਣ ਵਾਲੀ ਗੱਲ ਹੈ ਕਿ 12ਵੀਂ ਜਮਾਤ (ਸਾਇੰਸ) ਦੇ ਹੋਣਹਾਰ ਵਿਦਿਆਰਥੀ ਹਰਸ਼ਿਤ ਸਿੰਗਲਾ ਨੂੰ 58ਵੇਂ ਅੰਤਰਰਾਸ਼ਟਰੀ ਕੈਮਿਸਟਰੀ ਓਲੰਪੀਆਡ ਲਈ ਟੀਮ ਇੰਡੀਆ ਵਿੱਚ ਚੁਣਿਆ ਗਿਆ ਹੈ। ਹਰਸ਼ਿਤ ਸਿੰਗਲਾ ਨੇ ਹੋਮੀ ਭਾਭਾ ਸੈਂਟਰ ਫਾਰ ਸਾਇੰਸ ਐਜੂਕੇਸ਼ਨ ਮੁੰਬਈ



ਵਿਖੇ ਆਯੋਜਿਤ ਓਰੀਐਂਟੇਸ਼ਨ ਕਮ ਸਿਲੈਕਸ਼ਨ ਕੈਂਪ ਦੌਰਾਨ ਸ਼ਾਨਦਾਰ ਪ੍ਰਦਰਸ਼ਨ ਕੀਤਾ। ਉਨ੍ਹਾਂ ਦੋ ਥਿਊਰੀ ਪ੍ਰੀਖਿਆਵਾਂ ਤੇ ਤਿੰਨ ਪ੍ਰੈਕਟੀਕਲ ਪ੍ਰੀਖਿਆਵਾਂ ਵਿੱਚ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਭਾਰਤੀ ਟੀਮ ਵਿੱਚ ਸੁਭੋਜੀਤ ਬੰਦੋਪਾਧਿਆਏ (ਮੁੱਖ ਸਲਾਹਕਾਰ, ਕੋਲਕਾਤਾ, ਇੰਦਰਾਣੀ ਦਾਸ ਸੇਨ (ਮੇਂਟਰ), ਅਨੁਬੇਂਦੂ ਅਧਿਕਾਰੀ (ਵਿਗਿਆਨਕ ਸੁਪਰਵਾਈਜ਼ਰ ਤੇ ਜੈਸ਼੍ਰੀ ਗੋਪਾਲਕ੍ਰਿਸ਼ਨਨ ਵਿਗਿਆਨਕ ਸੁਪਰਵਾਈਜ਼ਰ, ਮੁੰਬਈ ਵੀ ਸ਼ਾਮਲ ਹੋਣਗੇ। ਇਸ ਮੌਕੇ 'ਤੇ ਸਕੂਲ ਪ੍ਰਿੰਸੀਪਲ ਸੰਗੀਤਾ ਸ਼ਰਮਾ ਨੇ ਹਰਸ਼ਿਤ ਸਿੰਗਲਾ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਇਹ ਪ੍ਰਾਪਤੀ ਨਾ ਸਿਰਫ਼ ਸਕੂਲ ਲਈ ਮਾਣ ਵਾਲੀ ਗੱਲ ਹੈ, ਸਗੋਂ ਹੋਰ ਵਿਦਿਆਰਥੀਆਂ ਲਈ ਵੀ ਪ੍ਰੇਰਨਾ ਹੈ।

# ਬੇਅਦਬੀ ਵਿਰੋਧੀ ਕਾਨੂੰਨ ਸਰਕਾਰ ਦਾ ਇਤਿਹਾਸਿਕ ਫ਼ੈਸਲਾ : ਖੰਗੂੜਾ



ਲੁਧਿਆਣਾ,1 ਮਈ (ਵਿਸ਼ਾਲ ਸ਼ਰਮਾ): ਬੀਤੇ ਦਿਨੀਂ ਪੰਜਾਬ ਵਿਧਾਨ ਸਭਾ 'ਚ ਪਾਸ ਕੀਤੇ ਬੇਅਦਬੀ ਵਿਰੁੱਧ ਕਾਨੂੰਨ 'ਤੇ ਗਵਰਨਰ ਵੱਲੋਂ ਹਸਤਾਖਰ ਕਰਨ ਤੋਂ ਬਾਅਦ ਮਨਜ਼ੂਰੀ ਮਿਲ ਗਈ ਹੈ। ਅੱਜ ਲੁਧਿਆਣਾ ਦੀ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਜਤਿੰਦਰ ਖੰਗੂੜਾ ਦੀ ਅਗਵਾਈ 'ਚ ਜ਼ਿਲ੍ਹਾ ਲੀਡਰਸ਼ਿਪ ਨਾਲ ਪਾਰਟੀ ਦੇ ਕੌਂਸਲਰ ਇਤਿਹਾਸਿਕ ਗੁਰਦੁਆਰਾ ਆਲਮਗੀਰ ਸ੍ਰੀ ਮੰਜੀ ਸਾਹਿਬ ਵਿਖੇ ਨਤਮਸਤਕ ਹੋਏ ਇਸ ਦੌਰਾਨ ਸ਼ੁਕਰਾਨੇ ਵਜੋਂ ਅਰਦਾਸ ਕਰਵਾਈ ਗਈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਹੱਥੋਂ ਇਹ ਕਾਰਜ ਹੋਇਆ ਹੈ, ਜਿਸ ਦੀ ਲੰਬੇ ਸਮੇਂ ਤੋਂ ਲੋੜ ਸੀ, ਜਿਹੜੀਆਂ ਭੁੱਲਾਂ ਪਿਛਲੀਆਂ ਸਰਕਾਰਾਂ ਸਮੇਂ ਹੋਈਆਂ ਸਨ ਹੁਣ ਮੁੜ ਤੋਂ ਨਹੀਂ ਹੋਣਗੀਆਂ ਅਤੇ ਅਜਿਹਾ ਕਰਨ ਵਾਲੇ ਦੇ ਖ਼ਿਲਾਫ਼ ਸਖ਼ਤ ਕਾਰਵਾਈ ਹੋਵੇਗੀ। ਉਨ੍ਹਾਂ ਕਿਹਾ ਕਿ ਪਹਿਲਾਂ ਕੋਈ ਸਖ਼ਤ ਕਾਨੂੰਨ ਨਹੀਂ ਸੀ, ਇਸ ਕਰਕੇ ਕਿਸੇ ਨੂੰ ਡਰ ਨਹੀਂ ਸੀ। ਇਸ ਦੌਰਾਨ ਜ਼ਿਲ੍ਹਾ ਪ੍ਰਧਾਨ ਜਤਿੰਦਰ ਖੰਗੂੜਾ ਨੇ ਕਿਹਾ ਕਿ ਅਸੀਂ ਰੱਬ ਦਾ ਸ਼ੁਕਰਾਨਾ ਕਰਨ ਲਈ ਪਹੁੰਚੇ ਹਨ। ਇਸ ਮੌਕੇ ਲੇਬਰ ਦਿਵਸ ਨੂੰ ਲੈ ਕੇ ਵੀ ਜਿੱਥੇ ਸਾਰੇ ਹੀ ਮਜ਼ਦੂਰ ਵਰਗ ਨੂੰ ਵਧਾਈ ਦਿੱਤੀ, ਉੱਥੇ ਹੀ ਕਿਹਾ ਕਿ ਲੁਧਿਆਣਾ ਦੇ ਵਿੱਚ ਸਾਡੀ ਇੰਡਸਟਰੀ ਇਹਨਾਂ ਕਾਮਿਆਂ ਦੇ ਸਿਰ 'ਤੇ ਹੀ ਚੱਲ ਰਹੀ ਹੈ। ਸਾਡੇ ਸਮਾਜ ਵਿੱਚ ਸਾਡੇ ਅਰਥ ਵਿਵਸਥਾ ਵਿੱਚ ਇਨ੍ਹਾਂ ਮਜ਼ਦੂਰ ਭਾਈਚਾਰੇ ਦਾ ਵੱਡਾ ਹੱਥ ਹੈ, ਜਿਨ੍ਹਾਂ ਨੂੰ ਯਾਦ ਕਰਨਾ ਜ਼ਰੂਰੀ ਹੈ। ਇਸ ਦੌਰਾਨ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਦੇ ਨਾਲ ਕੌਂਸਲਰ ਅਤੇ ਮਹਿਲਾ ਵਿੰਗ ਦੀਆਂ ਆਗੂ ਵਰਕਰ ਵੀ ਮੌਜੂਦ ਰਹੇ, ਜਿਨ੍ਹਾਂ ਵੱਲੋਂ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਵਿਖੇ ਨਤਮਸਤਕ ਹੋ ਕੇ ਬੇਅਦਬੀ ਵਿਰੋਧੀ ਕਾਨੂੰਨ ਦੇਸ਼ ਸ਼ੁਕਰਾਨੇ ਦੀ ਅਰਦਾਸ 'ਚ ਹਿੱਸਾ ਲਿਆ ਗਿਆ।

# ਕੌਂਸਲਰ ਨਿਧੀ ਨੇ ਕਰਮਚਾਰੀ ਸਾਥੀਆਂ ਨਾਲ ਮਨਾਇਆ ਅੰਤਰਰਾਸ਼ਟਰੀ ਮਜ਼ਦੂਰ ਦਿਵਸ



ਲੁਧਿਆਣਾ, 1 ਮਈ (ਵਿਸ਼ਾਲ ਸ਼ਰਮਾ): ਅੰਤਰ ਰਾਸ਼ਟਰੀ ਮਜ਼ਦੂਰ ਦਿਵਸ ਦੇ ਮੌਕੇ ਨੂੰ ਵਾਰਡ ਨੰਬਰ 19 ਤੋਂ ਕੌਂਸਲਰ ਅਤੇ ਆਮ ਆਦਮੀ ਪਾਰਟੀ ਲੁਧਿਆਣਾ ਦੀ ਸਕੱਤਰ ਨਿਧੀ ਗੁਪਤਾ ਵੱਲੋਂ ਆਪਣੇ ਕਰਮਚਾਰੀ ਸਾਥੀਆਂ ਨਾਲ ਮਿਲ ਕੇ ਮਨਾਇਆ ਗਿਆ। ਇਸ ਮੌਕੇ ਉਹਨਾਂ ਦੇ ਦਫਤਰ ਵਿਖੇ ਇੱਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਸੀ। ਕਰਮਚਾਰੀ ਸਾਥੀਆਂ ਨੂੰ ਸੰਬੋਧਨ ਕਰਦੇ ਹੋਏ, ਨਿਧੀ ਗੁਪਤਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸੂਬਾ ਸਰਕਾਰ ਕਰਮਚਾਰੀਆਂ ਸਣੇ ਸਮਾਜ ਦੇ ਹਰ ਵਰਗ ਦੇ ਕਲਿਆਣ ਲਈ ਵਚਨਬੱਧ ਹੈ। ਉਹਨਾਂ ਨੇ ਖੁਲਾਸਾ ਕੀਤਾ ਕਿ ਪਹਿਲੀ ਵਾਰ ਹੋਇਆ ਹੈ, ਜਦੋਂ ਕਿਸੇ ਸਰਕਾਰ ਨੇ ਮਜ਼ਦੂਰ ਦਿਵਸ ਵਾਲੇ ਦਿਨ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦਿਆ ਹੋਵੇ। ਉਹਨਾਂ ਨੇ ਕਿਹਾ ਕਿ ਸੂਬੇ ਦੇ ਲੋਕਾਂ ਨੂੰ ਮੁੱਖ ਮੰਤਰੀ ਭਗਵੰਤ ਮਾਨ ਤੋਂ ਬਹੁਤ ਸਾਰੀਆਂ ਉਮੀਦਾਂ ਹਨ ਅਤੇ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਸਰਕਾਰ ਨੇ ਚਾਰ ਸਾਲਾਂ ਦੇ ਅੰਦਰ ਹੀ ਆਪਣੇ ਸਾਰੇ ਵਾਅਦੇ ਪੂਰੇ ਕਰ ਦਿੱਤੇ ਹੋਣ। ਉਹਨਾਂ ਨੇ ਕਿਹਾ ਕਿ ਕਰਮਚਾਰੀ ਸਾਥੀ ਸਾਡੀ ਵਿਵਸਥਾ ਦਾ ਅਹਿਮ ਅੰਗ ਹਨ। ਜਿਨ੍ਹਾਂ ਬਗੈਰ ਕੋਈ ਵੀ ਸਮਾਜ ਤਰੱਕੀ ਅਤੇ ਖੁਸ਼ਹਾਲੀ ਨਹੀਂ ਹਾਸਲ ਕਰ ਸਕਦਾ।

# ਬਿਜਲੀ ਮੁਲਾਜ਼ਮਾਂ ਨੇ ਮਜ਼ਦੂਰ ਦਿਵਸ ਮਨਾਇਆ



ਲੁਧਿਆਣਾ, 1 ਮਈ (ਵਿਸ਼ਾਲ ਸ਼ਰਮਾ): ਬਿਜਲੀ ਏਕਤਾ ਮੰਚ 'ਤੇ ਜੁਆਇੰਟ ਫੋਰਮ ਨੇ ਮਈ ਦਿਵਸ 'ਤੇ ਸਾਂਝੇ ਤੌਰ 'ਤੇ ਲਾਲ ਝੰਡੇ ਲਹਿਰਾਉਂਦਿਆਂ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ। ਪੀ.ਐਸ.ਈ.ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਦੇ ਸੂਬਾ ਸਕੱਤਰ ਗੁਰਪ੍ਰੀਤ ਸਿੰਘ ਮਹਿਦੂਦਾਂ ਅਤੇ ਟੀਐਸਯੂ ਦੇ ਸੂਬਾ ਪ੍ਰਧਾਨ ਰਘਵੀਰ ਸਿੰਘ ਰਾਮਗੜ੍ਹ ਨੇ ਸੁੰਦਰ ਨਗਰ ਡਵੀਜਨ ਦੇ ਪ੍ਰਧਾਨ ਬਹਾਦਰ ਸਿੰਘ ਲੁਹਾਰਾ (ਪੀਐਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ) ਅਤੇ ਪ੍ਰਧਾਨ ਧਰਮਪਾਲ (ਟੀਐਸਯੂ) ਵੱਲੋਂ ਆਯੋਜਿਤ 220 ਕੇਵੀ ਸਬ ਸਟੇਸ਼ਨ ਗੌਂਸਗੜ੍ਹ, 66 ਕੇਵੀ ਸਬ ਸਟੇਸ਼ਨ ਮੇਹਰਬਾਨ, 66 ਕੇਵੀ ਸਬ ਸਟੇਸ਼ਨ ਟਿੱਬਾ ਅਤੇ ਸੁੰਦਰ ਨਗਰ ਡਵੀਜਨ 'ਚ ਸਾਂਝੇ ਤੌਰ 'ਤੇ ਝੰਡੇ ਲਹਿਰਾਉਣ ਦੀ ਰਸਮ ਅਦਾ ਕੀਤੀ, ਜਿਸ ਵਿੱਚ ਪਾਵਰਕਾਮ ਐਂਡ ਟਰਾਂਸਕੋ ਪੈਸ਼ਨਰਜ਼ ਯੂਨੀਅਨ ਏਟਕ ਦੇ ਸੂਬਾ ਮੀਤ ਪ੍ਰਧਾਨ ਕੇਵਲ ਸਿੰਘ ਬਨਵੈਤ, ਟੀਐਸਯੂ ਦੇ ਸਾਬਕਾ ਸੂਬਾ ਮੀਤ ਪ੍ਰਧਾਨ ਜਗੀਰ ਸਿੰਘ ਅਤੇ ਪੀਐਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ ਦੇ ਸਾਬਕਾ ਡਵੀਜਨ ਪ੍ਰਧਾਨ ਮੇਵਾ ਸਿੰਘ ਸ਼ੇਰਪੁਰ ਉਚੇਚੇ ਤੌਰ 'ਤੇ ਪੁੱਜੇ। ਇਨ੍ਹਾਂ ਸਮਾਗਮਾਂ ਬਾਰੇ ਜਾਣਕਾਰੀ ਦਿੰਦਿਆਂ ਮਹਿਦੂਦਾਂ ਅਤੇ ਰਾਮਗੜ੍ਹ ਨੇ ਦੱਸਿਆ ਕਿ 18/20 ਘੰਟੇ ਤੋਂ ਅੱਠ ਘੰਟੇ ਕੰਮ ਦੀ ਡਿਊਟੀ ਕਰਵਾਉਣ ਲਈ 1 ਮਈ 1886 ਨੂੰ ਜਿਨ੍ਹਾਂ ਮਜਦੂਰਾਂ ਅਤੇ ਉਨ੍ਹਾਂ ਦੇ ਬੱਚਿਆਂ ਨੇ ਅਪਨੀਆਂ ਜਾਨਾਂ ਦਿੰਦੇ ਹੋਏ ਸਫੈਦ ਕੱਪੜੇ ਨੂੰ ਅਪਣੇ ਖੂਨ ਨਾਲ ਸਿੰਝ ਕੇ ਦੁਨੀਆਂ ਭਰ ਦੇ ਮੇਹਨਤਕਸਾਂ ਨੂੰ ਲਾਲ ਝੰਡਾ ਦਿੱਤਾ ਸ਼ਿਕਾਗੋ ਦੇ ਉਨ੍ਹਾਂ ਸ਼ਹੀਦਾਂ ਦੀ ਕੁਰਬਾਨੀ ਨੂੰ ਭੁਲਾਇਆ ਨਹੀਂ ਜਾ ਸਕਦਾ। 1 ਮਈ ਨੂੰ ਦੁਨੀਆਂ ਭਰ ਦੇ ਮੇਹਨਤਕਸ ਕਿਸਾਨ, ਮਜ਼ਦੂਰ, ਮੁਲਾਜ਼ਮ ਅਤੇ ਵਿਦਿਆਰਥੀ ਮਜ਼ਦੂਰ ਦਿਵਸ ਵਜੋਂ ਮਨਾ ਕੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਯਾਦ ਕਰਦੇ ਹੋਏ ਉਨ੍ਹਾਂ ਨੂੰ ਸ਼ਰਧਾਂਜਲੀ ਦਿੰਦੇ ਹਨ। ਉਨ੍ਹਾਂ ਕਿਹਾ ਕਿ ਦੇਸ਼ ਦੀ ਮੋਦੀ ਸਰਕਾਰ ਨੇ ਸ਼ਿਕਾਗੋ ਦੇ ਸ਼ਹੀਦਾਂ ਨਾਲ ਵੱਡਾ ਧੋਖਾ ਕੀਤਾ ਹੈ ਜਿਸਨੇ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਦੇ ਬਣਾਏ 29 ਕਿਰਤ ਕਾਨੂੰਨਾਂ ਨੂੰ ਖਤਮ ਕਰਕੇ ਉਨ੍ਹਾਂ ਦੀ ਜਗ੍ਹਾ 4 ਲੇਬਰ ਕੋਡ ਲਾਗੂ ਕਰ ਦਿੱਤੇ ਹਨ। ਸ਼ਿਕਾਗੋ ਦੇ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਏਨ੍ਹਾਂ ਲੇਬਰ ਕੋਡਾਂ ਦੀ ਵਾਪਸੀ ਤੱਕ ਕੇਂਦਰ ਦੀ ਮੋਦੀ ਸਰਕਾਰ ਦਾ ਹਰ ਫਰੰਟ 'ਤੇ ਵਿਰੋਧ ਕਰਦਿਆਂ ਉਸਨੂੰ ਚੱਲਦਾ ਕਰਨਾ ਹੋਵੇਗੀ। ਇਸ ਮੌਕੇ ਧਰਮਿੰਦਰ ਕੁਮਾਰ, ਦੀਪਕ ਕੁਮਾਰ, ਗੌਰਵ ਕੁਮਾਰ, ਜੇਈ ਰਾਜੀਵ ਸ਼ਰਮਾ, ਜੇਈ ਹਰਦੀਪ ਸਿੰਘ, ਕਰਤਾਰ ਸਿੰਘ, ਹਿਰਦੇ ਰਾਮ, ਕਮਲਦੀਪ ਸਿੰਘ, ਅਮਰਜੀਤ ਸਿੰਘ, ਬਲਿਹਾਰ ਸਿੰਘ, ਰਾਮ ਅਵਧ, ਪ੍ਰਕਾਸ਼ ਚੰਦ, ਗੁਰਦੀਪ ਸਿੰਘ, ਬਲਵੀਰ ਚੰਦ, ਅਕਾਸ਼ਦੀਪ ਸਿੰਘ, ਸ਼ਰਨਜੀਤ ਸਿੰਘ, ਕੁਲਵਿੰਦਰ ਸਿੰਘ, ਬਿੱਕਰ ਸਿੰਘ ਅਤੇ ਹੋਰ ਹਾਜ਼ਰ ਸਨ।

# ਅੰਮ੍ਰਿਤ ਸਾਗਰ ਪਰਿਵਾਰ ਨੇ ਸ੍ਰੀ ਗੁਰੂ ਅਮਰਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੰਗਰ ਲਗਾਇਆ



ਲੁਧਿਆਣਾ, 1 ਮਈ (ਰਵਿੰਦਰ ਸਿੰਘ ਨਿੱਝਰ): ਸਮੁੱਚੇ ਸੰਸਾਰ ਭਰ ਵਿੱਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਜੋੜਨ ਦਾ ਨਿੱਘਾ ਉਪਰਾਲਾ ਕਰ ਰਹੀ ਪ੍ਰਮੁੱਖ ਮਿਊਜ਼ਿਕ ਕੰਪਨੀ ਅੰਮ੍ਰਿਤ ਸਾਗਰ ਦੇ ਪਰਿਵਾਰ ਵੱਲੋਂ ਆਪਣੇ ਸਹਿਯੋਗੀ ਸਾਥੀਆਂ ਦੇ ਨਿੱਘੇ ਸਹਿਯੋਗ ਨਾਲ ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੰਗਤਾਂ ਲਈ ਅਟੁੱਟ ਲੰਗਰ ਲਗਾਉਣਾ ਸੇਵਾ ਕਾਰਜਾਂ ਦਾ ਇੱਕ ਉੱਦਮੀ ਉਪਰਾਲਾ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅੱਜ ਗਿਆਨੀ ਸੁਖਵਿੰਦਰ ਸਿੰਘ ਗ੍ਰੰਥੀ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਨਸ਼ਨ ਨੇ ਗੁਰੂ ਦੇ ਅਟੁੱਟ ਲੰਗਰ ਨੂੰ ਵਰਤਾਉਣ ਲਈ ਸਤਿਗੁਰੂ ਦੇ ਚਰਨਾਂ ਵਿੱਚ ਅਰਦਾਸ ਕਰਨ ਉਪਰੰਤ ਕੀਤਾ। ਉਨ੍ਹਾਂ ਨੇ ਕਿਹਾ ਕਿ ਸ੍ਰੀ ਗੁਰੂ ਅਮਰਦਾਸ ਜੀ ਅਜਿਹੀ ਮਹਾਨ ਉਪਦੇਸ਼ਤਾਮਿਕ ਰੱਬੀ ਜੋਤ ਹੋਏ ਹਨ, ਜਿਨ੍ਹਾਂ ਦਾ ਮੁੱਖ ਸਿਧਾਂਤ ਪ੍ਰਭੂ ਪ੍ਰੇਮ ਦੁਆਰਾ ਮਾਨਵੀ ਸ਼ਖਸ਼ੀਅਤ ਨੂੰ ਸਭ ਪਾਸਿਉਂ ਪ੍ਰਫੁੱਲਤ ਕਰਕੇ ਉਸ ਨੂੰ ਪ੍ਰਭੂ ਭਗਤੀ ਨਾਲ ਜੋੜਨਾ ਸੀ। ਉਹਨਾਂ ਕਿਹਾ ਕਿ ਅੰਮ੍ਰਿਤ ਸਾਗਰ ਕੰਪਨੀ ਦੇ ਡਾਇਰੈਕਟਰ ਬਲਬੀਰ ਸਿੰਘ ਭਾਟੀਆ, ਕਰਨਪ੍ਰੀਤ ਸਿੰਘ ਭਾਟੀਆ ਅਤੇ ਉਨ੍ਹਾਂ ਦੇ ਪ੍ਰੀਵਾਰਕ ਮੈਬਰਾਂ ਵੱਲੋਂ ਪੂਰੀ ਸੇਵਾ ਭਾਵਨਾ ਦੇ ਨਾਲ ਹਰ ਮਹੀਨੇ ਦੀ ਪਹਿਲੀ ਤਰੀਕ ਨੂੰ ਆਪਣੇ ਗ੍ਰਹਿ ਵਿਖੇ ਲੰਗਰ ਲਗਾਉਣ ਦੀ ਸੇਵਾ ਕਰਨਾ, ਸੇਵਾ ਦੇ ਸਕੰਲਪ ਨਾਲ ਜੁੜਨ ਦੀ ਪ੍ਰਤੱਖ ਮਿਸਾਲ ਹੈ।ਇਸ ਮੌਕੇ 'ਤੇ ਉਨ੍ਹਾਂ ਦੇ ਨਾਲ ਵਿਕਰਮ ਸਿੰਘ ਮੱਕੜ, ਸੁਖਜੋਤ ਸਿੰਘ ਮਲਹੋਤਰਾ,ਪ੍ਰਵਲੀਨ ਕੌਰ, ਮੀਨਾਕਸ਼ੀ ਖਜੂਰੀਆ , ਜਸਪਾਲ ਸਿੰਘ, ਰਣਜੀਤ ਸਿੰਘ ਰਿੰਕੂ, ਉੱਤਮਜੀਤ ਸਿੰਘ ਸਲੂਜਾ, ਜਗਤਾਰ ਸਿੰਘ, ਰਤਨ ਸਿੰਘ ਰਵੀ ਕੁਮਾਰ, ਬਾਬੂ ਰਾਮ, ਜਸਮੀਤ ਕੌਰ ਭਾਟੀਆ, ਦਲਜੀਤ ਕੌਰ ਭਾਟੀਆ, ਜੈਸਮੀਨ ਕੌਰ ਭਾਟੀਆ, ਮਨਜੀਤ ਕੌਰ ਭਾਟੀਆ, ਰਨਜੀਤ ਸਿੰਘ ਖਾਲਸਾ ਬੈਂਕ ਵਾਲੇ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਸ੍ਰੀ ਪਰਸ਼ੂਰਾਮ ਜੀ ਦਾ ਜਨਮ ਦਿਹਾੜਾ ਭਲਕੇ ਮਨਾਇਆ ਜਾਵੇਗਾ

ਲੁਧਿਆਣਾ, 1 ਮਈ (ਰਵਿੰਦਰ ਸਿੰਘ ਨਿੱਝਰ): ਸ੍ਰੀ ਪਰਸ਼ੂਰਾਮ ਬ੍ਰਾਹਮਣ ਕਲਿਆਣ ਸਭਾ ਵੱਲੋਂ 3 ਮਈ ਐਤਵਾਰ ਨੂੰ ਸ੍ਰੀ ਪਰਸ਼ੂਰਾਮ ਜੀ ਦਾ ਜਨਮ ਦਿਹਾੜਾ ਢੰਡ ਪੈਲੇਸ, ਡਾਬਾ ਰੋਡ, ਨਿਊ ਸ਼ਿਮਲਾਪੁਰੀ ਵਿਖੇ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਸਭਾ ਦੇ ਚੇਅਰਮੈਨ ਕਮਲ ਸ਼ਰਮਾ, ਪ੍ਰਧਾਨ ਲਖਵੀਰ ਚੰਦ ਸ਼ਰਮਾ ਅਤੇ ਜਨਰਲ ਸਕੱਤਰ ਐਡਵੋਕੇਟ ਵਿਜੇ ਸ਼ਰਮਾ ਨੇ ਦੱਸਿਆ ਕਿ ਤਿੰਨ ਮਈ ਨੂੰ ਸਵੇਰੇ 9 ਵਜੇ ਹਵਨ ਹੋਵੇਗਾ। ਉਸ ਉਪਰੰਤ 10 ਵਜੇ ਜੋਤਿ ਜਗਾਈ ਜਾਏਗੀ। 11 ਵਜੇ ਤੋਂ 12:30 ਵਜੇ ਤੱਕ ਸਤਿਸੰਗ ਹੋਵੇਗਾ। ਸਾਢੇ 12 ਤੋਂ 1 ਵਜੇ ਤੱਕ ਪਰਸ਼ੂਰਾਮ ਜੀ ਦੇ ਜੀਵਨ ਬਾਰੇ ਵਿਚਾਰਾਂ ਹੋਣਗੀਆਂ। ਇਕ ਵਜੇ ਆਰਤੀ ਅਤੇ ਉਸ ਉਪਰੰਤ ਭੰਡਾਰਾ ਲਾਇਆ ਜਾਵੇਗਾ। ਇਸ ਮੌਕੇ ਡਾ ਓਂਕਾਰ ਚੰਦ ਸ਼ਰਮਾ, ਐਡਵੋਕੇਟ ਮੋਹਿਤ ਸ਼ਰਮਾ, ਗੌਰਵ ਸ਼ਰਮਾ, ਪਰਵੀਨ ਸ਼ਰਮਾ, ਲਖਵਿੰਦਰ ਸ਼ਰਮਾ, ਜਿਤਿਸ਼ ਦੇਵਗਣ, ਭਾਰਤ ਭੂਸ਼ਣ ਸ਼ਰਮਾ, ਵਿਪਨ ਸ਼ਰਮਾ, ਅੰਜਨੀ ਸ਼ਰਮਾ ਅਤੇ ਕਨਵਰਦੀਪ ਬੱਬੂ ਆਦਿ ਵੀ ਹਾਜ਼ਰ ਸਨ।

# ਮਸ਼ਹੂਰ ਢਾਬੇ 'ਤੇ ਚੱਲੀਆਂ ਤਾਬੜਤੋੜ ਗੋਲ਼ੀਆਂ, ਇਲਾਕੇ 'ਚ ਦਹਿਸ਼ਤ ਦਾ ਮਾਹੌਲ



ਲੁਧਿਆਣਾ, 1 ਮਈ (ਵਿਸ਼ਾਲ ਸ਼ਰਮਾ): ਪੰਜਾਬ ਵਿੱਚ ਗੋਲ਼ੀਬਾਰੀ ਦੀਆਂ ਘਟਨਾਵਾਂ ਲਗਾਤਾਰ ਜਾਰੀ ਨੇ ਰੋਜ਼ਾਨਾ ਗੋਲ਼ੀਬਾਰੀ ਦੀਆਂ ਘਟਨਾਵਾਂ ਸਾਹਮਣੇ ਆ ਰਹੀਆਂ ਹਨ। ਅਜਿਹੀ ਹੀ ਇੱਕ ਖ਼ਬਰ ਸਾਹਮਣੇ ਆਈ ਹੈ ਰਿਪੋਰਟਾਂ ਤੋਂ ਪਤਾ ਚੱਲਦਾ ਹੈ ਕਿ ਪੰਜਾਬ ਦੇ ਇੱਕ ਢਾਬੇ 'ਤੇ ਬਦਮਾਸ਼ਾਂ ਨੇ ਗੋਲ਼ੀਬਾਰੀ ਕੀਤੀ ਹੈ। ਲੁਧਿਆਣਾ ਦੇ ਖੰਨਾ ਵਿੱਚ ਇੱਕ ਢਾਬੇ 'ਤੇ ਦੋ ਨਕਾਬਪੋਸ਼ ਬਦਮਾਸ਼ਾਂ ਨੇ ਗੋਲ਼ੀਬਾਰੀ ਕੀਤੀ। ਦੱਸਿਆ ਜਾ ਰਿਹਾ ਹੈ ਕਿ ਜੀਟੀ ਰੋਡ 'ਤੇ ਸਥਿਤ ਮਸ਼ਹੂਰ ਪ੍ਰੇਮ ਢਾਬੇ 'ਤੇ ਦੋ ਨਕਾਬਪੋਸ਼ ਬਾਈਕ ਸਵਾਰਾਂ ਨੇ ਗੋਲ਼ੀਬਾਰੀ ਕੀਤੀ। ਗੋਲ਼ੀਬਾਰੀ ਦੀ ਆਵਾਜ਼ ਸੁਣ ਕੇ, ਘਟਨਾ ਵਾਲੀ ਥਾਂ 'ਤੇ ਦਹਿਸ਼ਤ ਫੈਲ ਗਈ। ਖੁਸ਼ਕਿਸਮਤੀ ਨਾਲ, ਗੋਲ਼ੀਬਾਰੀ ਵਿੱਚ ਕੋਈ ਜਾਨੀ ਜਾਂ ਮਾਲੀ ਨੁਕਸਾਨ ਨਹੀਂ ਹੋਇਆ, ਪਰ ਇਲਾਕੇ ਵਿੱਚ ਡਰ ਅਤੇ ਅਸੁਰੱਖਿਆ ਦਾ ਮਾਹੌਲ ਹੈ। ਘਟਨਾ ਵਾਲੀ ਥਾਂ 'ਤੇ ਮੌਜੂਦ ਇੱਕ ਚਸ਼ਮਦੀਦ ਗਵਾਹ ਨੇ ਦੱਸਿਆ ਕਿ ਹਮਲਾਵਰ 2 ਨੌਜਵਾਨ ਸਨ।ਇੱਕ ਨੌਜਵਾਨ ਥੋੜ੍ਹੀ ਦੂਰੀ 'ਤੇ ਖੜ੍ਹਾ ਸੀ, ਜਦੋਂ ਕਿ ਦੂਜੇ ਨੇ ਬੰਦੇ ਨੇ ਪ੍ਰੇਮ ਢਾਬੇ ਨੂੰ ਨਿਸ਼ਾਨਾ ਬਣਾਉਂਦੇ ਹੋਏ ਕਈ ਗੋਲ਼ੀਆਂ ਚਲਾਈਆਂ। ਹਮਲਾਵਰਾਂ ਨੇ ਢਾਬੇ ਦੇ ਸ਼ਟਰ ਅਤੇ ਆਲੇ-ਦੁਆਲੇ ਦੇ ਇਲਾਕਿਆਂ 'ਤੇ ਗੋਲ਼ੀਆਂ ਚਲਾਈਆਂ ਅਤੇ ਫਿਰ ਮੌਕੇ ਤੋਂ ਭੱਜ ਗਏ। ਇਸ ਘਟਨਾ ਨਾਲ ਇਲਾਕੇ ਵਿੱਚ ਦਹਿਸ਼ਤ ਫੈਲ ਗਈ। ਸੂਚਨਾ ਮਿਲਣ 'ਤੇ ਪੁਲਿਸ ਮੌਕੇ 'ਤੇ ਪਹੁੰਚੀ ਅਤੇ ਜਾਂਚ ਸ਼ੁਰੂ ਕਰ ਦਿੱਤੀ। ਨੇੜਲੇ ਸੀ.ਸੀ.ਟੀ.ਵੀ ਕੈਮਰਿਆਂ ਦੀ ਫੁਟੇਜ ਜਾਂਚ ਕੀਤੀ ਜਾ ਰਹੀ ਹੈ ਤਾਂ ਜੋ ਦੋਸ਼ੀਆਂ ਦੀ ਪਛਾਣ ਕੀਤੀ ਜਾ ਸਕੇ ਅਤੇ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਗ੍ਰਿਫ਼ਤਾਰ ਕੀਤਾ ਜਾ ਸਕੇ।

# ਭਾਰਤੀ ਕਿਸਾਨ ਯੂਨੀਅਨ ਚੜੂਨੀ ਵੱਲੋਂ ਟਰੇਡ ਡੀਲ ਵਿਰੁੱਧ ਡੀ.ਸੀ. ਰਾਹੀਂ ਮੋਦੀ ਨੂੰ ਮੰਗ ਪੱਤਰ



ਲੁਧਿਆਣਾ, 1 ਮਈ (ਰਵਿੰਦਰ ਸਿੰਘ ਨਿੱਝਰ): ਭਾਰਤੀ ਕਿਸਾਨ ਯੂਨੀਅਨ ਚੜੂਨੀ ਦੇ ਕੌਮੀ ਪ੍ਰਧਾਨ ਗੁਰਨਾਮ ਸਿੰਘ ਚੜੂਨੀ ਅਤੇ ਪੰਜਾਬ ਦੇ ਪ੍ਰਧਾਨ ਅਮਰਿੰਦਰ ਸਿੰਘ ਹੈਪੀ ਅਤੇ ਸੀਨੀਅਰ ਮੀਤ ਪ੍ਰਧਾਨ ਜਸਮੇਲ ਸਿੰਘ ਗਿੱਲ ਦੇ ਦਿਸ਼ਾ ਨਿਰਦੇਸ਼ ਤਹਿਤ ਅੱਜ ਜੋ ਪ੍ਰੋਗਰਾਮ ਬਣਾਇਆ ਗਿਆ ਸੀ ਉਸ ਤਹਿਤ ਭਾਰਤੀ ਕਿਸਾਨ ਯੂਨੀਅਨ ਚੜੂਨੀ ਲੁਧਿਆਣਾ ਵੱਲੋਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਅਮਰੀਕਾ ਨਾਲ ਕੀਤੀ ਗਈ ਟਰੇਡ ਡੀਲ ਨੂੰ ਰੱਦ ਕਰਾਉਣ ਦੀ ਮੰਗ ਨੂੰ ਲੈ ਕੇ ਅੱਜ ਇੱਕ ਮੰਗ ਪੱਤਰ ਡਿਪਟੀ ਕਮਿਸ਼ਨਰ ਲੁਧਿਆਣਾ ਨੂੰ ਦਿੱਤਾ ਗਿਆ, ਜਿਸ ਦੀ ਅਗਵਾਈ ਭਾਰਤੀ ਕਿਸਾਨ ਯੂਨੀਅਨ ਚੜੂਨੀ ਲੁਧਿਆਣਾ ਸ਼ਹਿਰੀ ਦੇ ਪ੍ਰਧਾਨ ਕੈਪਟਨ ਮਲਕੀਤ ਸਿੰਘ ਵਾਲੀਆ ਅਤੇ ਲੁਧਿਆਣਾ ਦਿਹਾਤੀ ਦੇ ਪ੍ਰਧਾਨ ਸੁਲੱਖਣ ਸਿੰਘ ਮੰਡ ਕੀਤੀ ਗਈ। ਮੰਗ ਪੱਤਰ ਦੇਣ ਦੀ ਕਾਰਵਾਈ ਲਈ ਉਚੇਚੇ ਤੌਰ 'ਤੇ ਇਸ ਦੀ ਦੇਖਰੇਖ ਅਤੇ ਸਮੁੱਚੀ ਅਗਵਾਈ ਕਰਨ ਲਈ ਭਾਰਤੀ ਕਿਸਾਨ ਯੂਨੀਅਨ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਇੰਚਾਰਜ਼ ਮਨਜੋਤ ਸਿੰਘ ਗਰੇਵਾਲ, ਸੀਨੀਅਰ ਉਪ ਪ੍ਰਧਾਨ ਪੰਜਾਬ ਰੋਸ਼ਨ ਸਿੰਘ ਸਾਗਰ, ਪੰਜਾਬ ਦੇ ਜਨਰਲ ਸਕੱਤਰ ਜਗਜੀਤ ਸਿੰਘ ਅਰੋੜਾ ਨੇ ਕੀਤੀ ਅਤੇ ਇਹਨਾਂ ਦੀ ਅਗਵਾਈ ਹੇਠ ਇੱਕ ਵਿਸ਼ਾਲ ਇਕੱਠ ਭਾਰਤ ਸਰਕਾਰ ਵਿਰੁੱਧ ਨਾਅਰੇ ਮਾਰਦਾ ਹੋਇਆ ਡਿਪਟੀ ਕਮਿਸ਼ਨਰ ਲੁਧਿਆਣਾ ਦਫਤਰ ਪੁੱਜਾ, ਜਿੱਥੇ ਗਰੇਵਾਲ ਨੇ ਕਿਹਾ ਕਿ ਇਹ ਟਰੇਡ ਡੀਲ ਦੇਸ਼ ਦੇ ਕਿਸਾਨਾਂ ਲਈ ਤਾਂ ਖਤਰਨਾਕ ਹੈ ਹੀ ਹੈ ਇਹ ਆਮ ਲੋਕਾਂ ਲਈ ਵੀ ਬਹੁਤ ਖਤਰਨਾਕ ਹੈ। ਸਾਗਰ ਅਤੇ ਸ੍ਰ ਅਰੋੜਾ ਨੇ ਕਿਹਾ ਹੈ ਕਿ ਇਹ ਮੰਗ ਸਿਰਫ ਕਿਸਾਨਾਂ ਲਈ ਨਹੀਂ ਹੈ, ਸਗੋਂ ਦੇਸ਼ ਵਿੱਚ ਵਸਦੇ ਹਰੇਕ ਨਾਗਰਿਕ ਵਾਸਤੇ ਨੁਕਸਾਨ ਦਾਇਕ ਹੈ। ਉਹਨਾਂ ਇਸ ਡੀਲ ਨੂੰ ਤੁਰੰਤ ਰੱਦ ਕਰਨ ਦੀ ਮੰਗ ਕੀਤੀ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਚੜੂਨੀ ਹਲਕਾ ਸਾਹਨੇਵਾਲ ਦੇ ਪ੍ਰਧਾਨ ਕਰਮਜੀਤ ਸਿੰਘ ਸੰਧੂ, ਸੁਖਵਿੰਦਰ ਸਿੰਘ ਸ਼ਿਮਲਾਪੁਰੀ, ਕ੍ਰਿਸ਼ਨ ਸਿੰਘ,ਜਗਸੀਰ ਸਿੰਘ, ਸੁਰਿੰਦਰ ਸਿੰਘ,ਜੁਝਾਰ ਸਿੰਘ ਨੰਬਰਦਾਰ,ਗੋਪੀ ਜੁਝਾਰ,ਭੋਲਾ ਸਿੰਘ, ਜਸਵੀਰ ਸਿੰਘ, ਰਕੇਸ਼ ਸਿੰਘ,ਕੇਵਲ ਸਿੰਘ ਸੰਧੂ, ਰਜੇਸ਼ ਆਹੂਜਾ, ਕਰਮਜੀਤ ਕੌਰ ਢਿੱਲੋਂ, ਦਲੇਰ ਸਿੰਘ ਸੌਂਧੀ, ਮਲਵਿੰਦਰ ਸਿੰਘ ਖਾਲਸਾ, ਕੁਲਵਿੰਦਰ ਸਿੰਘ, ਚਰਨਜੀਤ ਸਿੰਘ,ਤਿਲਕ ਰਾਜ ਆਦਿ ਹਾਜ਼ਰ ਸਨ।

# ਮਜ਼ਦੂਰ ਯੂਨੀਅਨ ਵੱਲੋਂ ਸ਼ਹੀਦਾਂ ਨੂੰ ਸ਼ਰਧਾਂਜਲੀ




ਲੁਧਿਆਣਾ, 1 ਮਈ ( ਰਵਿੰਦਰ ਸਿੰਘ ਨਿੱਝਰ): ਸੀਟੀਯੂ ਪੰਜਾਬ ਦੇ ਬੈਨਰ ਹੇਠ ਲਾਲ ਝੰਡਾ ਬਜਾਜ ਸੰਨਜ਼ ਮਜਦੂਰ ਯੂਨੀਅਨ ਵੱਲੋਂ ਅੰਤਰਰਾਸ਼ਟਰੀ ਮਈ ਦਿਵਸ ਸ਼ਰਧਾ ਅਤੇ ਜੋਸ਼ ਨਾਲ ਮਨਾਇਆ ਗਿਆ। ਇਸ ਮੌਕੇ ਸਿਕਾਗੋ ਦੇ ਮਹਾਨ ਸ਼ਹੀਦੀ ਯੋਧਿਆਂ ਨੂੰ ਯਾਦ ਕਰਦਿਆਂ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਨਮਨ ਕੀਤਾ ਗਿਆ, ਜਿਨ੍ਹਾਂ ਨੇ ਆਪਣੀਆਂ ਸ਼ਹੀਦੀਆਂ ਦੇ ਕੇ ਦੁਨੀਆਂ ਭਰ ਦੀ ਮਜ਼ਦੂਰ ਜਮਾਤ ਨੂੰ 8 ਘੰਟੇ ਕੰਮ ਕਰਨ ਦਾ ਅਧਿਕਾਰ ਦਿਵਾਇਆ। ਸਮਾਗਮ ਦੌਰਾਨ ਬਜਾਜ ਸਨਜ਼ ਫੈਕਟਰੀ ਦੇ ਮੁੱਖ ਗੇਟ ਅੱਗੇ ਲਾਲ ਝੰਡਾ ਲਹਿਰਾਇਆ ਗਿਆ ਅਤੇ ਮਜ਼ਦੂਰ ਏਕਤਾ ਦੇ ਨਾਅਰਿਆਂ ਨਾਲ ਮਾਹੌਲ ਗੂੰਜ ਉੱਠਿਆ। ਇਸ ਮੌਕੇ ਸੀਟੀਯੂ ਪੰਜਾਬ ਦੇ ਸੀਨੀਅਰ ਆਗੂ ਮੰਗਤ ਰਾਮ ਪਾਸਲਾ, ਜ਼ਿਲ੍ਹਾ ਪ੍ਰਧਾਨ ਪਰਮਜੀਤ ਸਿੰਘ ਅਤੇ ਜ਼ਿਲ੍ਹਾ ਜਨਰਲ ਸਕੱਤਰ ਕਾ. ਜਗਦੀਸ਼ ਚੰਦ ਨੇ ਸੰਬੋਧਨ ਕਰਦਿਆਂ ਕਿਹਾ ਕਿ ਮਈ ਦਿਵਸ ਸਿਰਫ਼ ਇੱਕ ਦਿਹਾੜਾ ਨਹੀਂ, ਸਗੋਂ ਮਜ਼ਦੂਰ ਵਰਗ ਦੀ ਲੰਮੀ ਲੜਾਈ, ਏਕਤਾ ਅਤੇ ਬਲਿਦਾਨਾਂ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਸਿਕਾਗੋ ਦੇ ਸ਼ਹੀਦਾਂ ਦੀ ਬਦੌਲਤ ਹੀ ਅੱਜ ਮਜ਼ਦੂਰਾਂ ਨੂੰ 8 ਘੰਟੇ ਕੰਮ, 8 ਘੰਟੇ ਆਰਾਮ ਅਤੇ 8 ਘੰਟੇ ਆਪਣੇ ਪਰਿਵਾਰ ਲਈ ਸਮਾਂ ਮਿਲਣ ਦਾ ਅਧਿਕਾਰ ਪ੍ਰਾਪਤ ਹੋਇਆ। ਪਰ ਅੱਜ ਵੀ ਮਜ਼ਦੂਰਾਂ ਦੇ ਹੱਕਾਂ ਉੱਤੇ ਹਮਲੇ ਜਾਰੀ ਹਨ ਅਤੇ ਸਰਕਾਰਾਂ ਵੱਲੋਂ ਕਾਰਪੋਰੇਟ ਘਰਾਣਿਆਂ ਦੇ ਹਿੱਤਾਂ ਲਈ ਮਜ਼ਦੂਰ ਵਿਰੋਧੀ ਨੀਤੀਆਂ ਲਾਗੂ ਕੀਤੀਆਂ ਜਾ ਰਹੀਆਂ ਹਨ। ਆਗੂਆਂ ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਮਜ਼ਦੂਰ ਜਮਾਤ ਦੇ ਵੱਡੇ ਸੰਘਰਸ਼ਾਂ ਨਾਲ ਮਿਲੇ ਅਧਿਕਾਰਾਂ ਨੂੰ ਖੋਹਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਲੇਬਰ ਕਾਨੂੰਨਾਂ ਵਿੱਚ ਤਬਦੀਲੀਆਂ ਕਰਕੇ ਮਜ਼ਦੂਰਾਂ ਦੀ ਨੌਕਰੀ, ਤਨਖਾਹ, ਸਮਾਜਿਕ ਸੁਰੱਖਿਆ ਅਤੇ ਯੂਨੀਅਨ ਬਣਾਉਣ ਦੇ ਅਧਿਕਾਰਾਂ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ। ਉਨ੍ਹਾਂ ਮਜ਼ਦੂਰਾਂ ਨੂੰ ਸੱਦਾ ਦਿੱਤਾ ਕਿ ਆਪਣੇ ਹੱਕਾਂ ਦੀ ਰੱਖਿਆ ਲਈ ਇਕੱਠੇ ਹੋਣ ਅਤੇ ਜਥੇਬੰਦੀ ਤਾਕਤ ਨੂੰ ਮਜ਼ਬੂਤ ਕਰਨ। ਉਨ੍ਹਾਂ ਕਿਹਾ ਕਿ ਮਜ਼ਦੂਰ ਜਮਾਤ ਦੀ ਏਕਤਾ ਹੀ ਹਰ ਜ਼ੁਲਮ ਦਾ ਜਵਾਬ ਹੈ ਅਤੇ ਸੰਘਰਸ਼ਾਂ ਰਾਹੀਂ ਹੀ ਆਪਣੇ ਹੱਕ ਬਚਾਏ ਜਾ ਸਕਦੇ ਹਨ। ਇਸ ਮੌਕੇ ਬਲਰਾਮ ਸਿੰਘ, ਕਾ. ਪਰਮਜੀਤ ਸਿੰਘ, ਸੁਦੇਸ਼ਵਰ ਤਿਵਾੜੀ, ਰਾਮ ਧਨੀ, ਤਹਸੀਲਦਾਰ, ਸੁਨੀਲ ਗਿਰੀ, ਫੂਲ ਬਦਨ ਅਤੇ ਮੁਕੇਸ਼ ਕੁਮਾਰ ਸਮੇਤ ਵੱਡੀ ਗਿਣਤੀ ਵਿੱਚ ਕਿਰਤੀ ਕਾਮੇ ਹਾਜ਼ਰ ਸਨ।

# ਸੀ.ਜੇ.ਐਮ. ਹਿਮਾਂਸ਼ੂ ਅਰੋੜਾ ਡੀ.ਐਲ.ਐਸ.ਏ. ਦੇ ਨਵੇਂ ਸਕੱਤਰ ਨਿਯੁਕਤ



ਲੁਧਿਆਣਾ, 1 ਮਈ (ਵਿਸ਼ਾਲ ਸ਼ਰਮਾ) : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਹਿਮਾਂਸ਼ੂ ਅਰੋੜਾ ਨੂੰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ (ਡੀਐਲਐਸਏ) ਦਾ ਸਕੱਤਰ ਨਿਯੁਕਤ ਕੀਤਾ ਹੈ। ਉਨ੍ਹਾਂ ਨੇ ਅੱਜ ਅਹੁਦਾ ਸੰਭਾਲ ਲਿਆ। ਇੱਥੇ ਆਉਣ ਤੋਂ ਪਹਿਲਾਂ ਉਹ ਮੁਕਤਸਰ ਕਾਨੂੰਨੀ ਸੇਵਾਵਾਂ ਅਥਾਰਟੀ ਵਿੱਚ ਸਕੱਤਰ ਵਜੋਂ ਸੇਵਾ ਨਿਭਾਉਂਦੇ ਸਨ। ਇਸ ਤੋਂ ਪਹਿਲਾਂ ਉਹ ਤਿੰਨ ਸਾਲ ਲੁਧਿਆਣਾ ਵਿਖੇ ਜੁਡੀਸ਼ੀਅਲ ਮੈਜਿਸਟ੍ਰੇਟ ਵਜੋਂ ਵੀ ਕੰਮ ਕਰਦੇ ਰਹੇ ਹਨ। ਅਰੋੜਾ ਨੇ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਦਾ ਮੁੱਖ ਟੀਚਾ ਲੋਕ-ਅਦਾਲਤ, ਵਿਚੋਲਗੀ ਕੇਂਦਰ ਰਾਹੀਂ ਤੇਜ਼ੀ ਨਾਲ ਨਿਆਂ ਯਕੀਨੀ ਬਣਾਉਣਾ ਹੈ। ਇਹ ਯਕੀਨੀ ਬਣਾਉਣ ਲਈ ਯਤਨ ਕੀਤੇ ਜਾਣਗੇ ਕਿ ਕਾਨੂੰਨੀ ਸੇਵਾਵਾਂ ਅਥਾਰਟੀ ਦੀਆਂ ਲਾਭਦਾਇਕ ਯੋਜਨਾਵਾਂ ਸਮਾਜ ਦੇ ਲੋੜਵੰਦ ਵਰਗ ਤੱਕ ਪਹੁੰਚਣ। ਉਨ੍ਹਾਂ ਲੋਕਾਂ ਨੂੰ 9 ਮਈ ਨੂੰ ਹੋਣ ਵਾਲੀ ਰਾਸ਼ਟਰੀ ਲੋਕ ਅਦਾਲਤ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਦੀ ਅਪੀਲ ਵੀ ਕੀਤੀ।

# ਭਾਈ ਅੰਮ੍ਰਿਤਪਾਲ ਸਿੰਘ ਨੂੰ ਐਨ.ਐਸ.ਏ. ਹਟਾਏ ਜਾਣ ਦੇ ਬਾਵਜੂਦ ਡਿਬਰੂਗੜ੍ਹ ਜੇਲ੍ਹ ਵਿੱਚ ਰੱਖਣ ਵਿਰੁੱਧ ਮੋਟਰ ਸਾਈਕਲ ਰੋਸ ਮਾਰਚ ਭਲਕੇ



ਲੁਧਿਆਣਾ, 1 ਮਈ (ਰਵਿੰਦਰ ਸਿੰਘ ਨਿੱਝਰ): ਸੰਸਦ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਤੋਂ ਐਨਐਸਏ ਹਟਾਏ ਜਾਣ ਦੇ ਬਾਵਜੂਦ ਹਾਲੇ ਵੀ ਉਹਨਾਂ ਨੂੰ ਡਿਬਰੂਗੜ੍ਹ ਦੀ ਜੇਲ੍ਹ ਵਿੱਚ ਬੰਦ ਰੱਖੇ ਜਾਣ ਖ਼ਿਲਾਫ਼ ਰੋਸ ਜ਼ਾਹਿਰ ਕਰਦੇ ਹੋਏ, ਅਕਾਲੀ ਦਲ 'ਵਾਰਿਸ ਪੰਜਾਬ' ਵੱਲੋਂ 3 ਮਈ ਐਤਵਾਰ ਨੂੰ ਇੱਕ ਵਿਸ਼ਾਲ ਮੋਟਰ ਸਾਈਕਲ ਰੋਸ ਮਾਰਚ ਦਾ ਆਯੋਜਨ ਕੀਤਾ ਜਾ ਰਿਹਾ ਹੈ। ਜਿਸ ਵਿੱਚ ਸੈਂਕੜਾ ਦੀ ਗਿਣਤੀ ਵਿੱਚ ਪਾਰਟੀ ਵਰਕਰ ਅਤੇ ਸਮਰਥਕ ਸ਼ਾਮਲ ਹੋਣਗੇ।ਰੋਸ ਮਾਰਚ ਬਾਰੇ ਵਧੇਰੇ ਜਾਣਕਾਰੀ ਦਿੰਦੇ ਹੋਏ, ਸੀਨੀਅਰ ਪਾਰਟੀ ਆਗੂ ਮਲਕੀਤ ਸਿੰਘ ਬੱਲ ਹੰਬੜਾਂ ਅਤੇ ਰਾਜੀਵ ਕੁਮਾਰ ਲਵਲੀ ਨੇ ਦੱਸਿਆ ਹੈ ਕਿ ਭਾਈ ਅੰਮ੍ਰਿਤਪਾਲ ਸਿੰਘ ਉੱਪਰੋਂ ਐਨਐਸਏ ਹਟਾਏ ਜਾਣ ਦੇ ਬਾਵਜੂਦ ਵੀ ਉਹਨਾਂ ਨੂੰ ਡਿਬਰੂਗੜ੍ਹ ਦੀ ਜੇਲ੍ਹ ਵਿੱਚ ਬੰਦ ਰੱਖੇ ਜਾਣ ਖ਼ਿਲਾਫ਼ ਲੋਕਾਂ ਵਿੱਚ ਰੋਸ ਵੱਧਦਾ ਹੀ ਜਾ ਰਿਹਾ ਹੈ। ਜਿਸਨੂੰ ਲੈ ਕੇ ਸਵੇਰ 9 ਵਜੇ ਲਾਢੋਵਾਲ ਪੁੱਲ ਤੋਂ ਮੁੱਲਾਪੁਰ ਪਿੰਡ ਤੱਕ ਇੱਕ ਵਿਸ਼ਾਲ ਮੋਟਰ ਸਾਈਕਲ ਰੋਸ ਮਾਰਚ ਕੱਢਿਆ ਜਾਵੇਗਾ, ਜਿਹੜਾ ਵੱਖ-ਵੱਖ ਪਿੰਡਾਂ ਤੋਂ ਹੋ ਕੇ ਨਿਕਲੇਗਾ। ਇਸ ਦੌਰਾਨ ਉਹ ਭਾਈ ਅੰਮ੍ਰਿਤਪਾਲ ਸਿੰਘ ਨੂੰ ਪੰਜਾਬ ਵਿੱਚ ਵਾਪਸ ਲਿਆਏ ਜਾਣ ਦੀ ਮੰਗ ਵੀ ਕਰਨਗੇ।ਉਹਨਾਂ ਨੇ ਕਿਹਾ ਕਿ ਵੱਡੀ ਗਿਣਤੀ 'ਚ ਲੋਕਾਂ 'ਤੇ ਖਾਸ ਕਰਕੇ ਨੌਜਵਾਨਾਂ ਦਾ ਅਕਾਲੀ ਦਲ 'ਵਾਰਿਸ ਪੰਜਾਬ ਦੇ' ਨਾਲ ਜੁੜਾਅ ਵੱਧਦਾ ਜਾ ਰਿਹਾ ਹੈ। ਉਹਨਾਂ ਨੇ ਕਿਹਾ ਕਿ ਲੋਕ ਭਾਈ ਅੰਮ੍ਰਿਤਪਾਲ ਸਿੰਘ ਨੂੰ ਪੰਜਾਬ ਦਾ ਆਉਣ ਵਾਲਾ ਮੁੱਖ ਮੰਤਰੀ ਦੇਖਣਾ ਚਾਹੁੰਦੇ ਹਨ।

# ਨੌਜਵਾਨ ਦੀ ਲਾਸ਼ ਮਿਲਣ ਨਾਲ ਸਨਸਨੀ

ਜਗਰਾਓਂ, 1 ਮਈ (ਵਿਸ਼ਾਲ ਅੱਤਰੇ ਆਰੀਅਨ ਅੱਤਰੇ) : ਜਗਰਾਓਂ ਦੇ ਨੇੜਲੇ ਪਿੰਡ ਢੋਲਣ ਤੋਂ ਅਖਾੜਾ ਵੱਲ ਜਾਂਦੀ ਸੇਮ 'ਚ ਇੱਕ 33 ਸਾਲਾ ਨੌਜਵਾਨ ਦੀ ਲਾਸ਼ ਮਿਲਣ ਨਾਲ ਇਲਾਕੇ ਵਿੱਚ ਸਨਸਨੀ ਫੈਲ ਗਈ ਹੈ। ਮ੍ਰਿਤਕ ਦੀ ਪਹਿਚਾਣ ਜਸਪਾਲ ਸਿੰਘ ਉਰਫ ਵਿੱਕੀ ਵਜੋਂ ਹੋਈ ਹੈ, ਜੋ ਕਿ ਪਿੰਡ ਅਖਾੜਾ ਦਾ ਰਹਿਣ ਵਾਲਾ ਸੀ।ਮਿਲੀ ਜਾਣਕਾਰੀ ਅਨੁਸਾਰ ਜਸਪਾਲ ਸਿੰਘ ਕੱਲ੍ਹ ਘਰੋਂ ਆਪਣੇ ਬੱਚਿਆਂ ਦੀ ਸਕੂਲ ਫੀਸ ਜਮ੍ਹਾਂ ਕਰਵਾਉਣ ਲਈ ਗਿਆ ਸੀ, ਪਰ ਵਾਪਸ ਘਰ ਨਹੀਂ ਪਰਤਿਆ। ਪਰਿਵਾਰਕ ਮੈਂਬਰਾਂ ਵੱਲੋਂ ਉਸ ਦੀ ਕਾਫ਼ੀ ਖੋਜਬੀਨ ਕੀਤੀ ਗਈ, ਪਰ ਉਸ ਦਾ ਕੋਈ ਪਤਾ ਨਹੀਂ ਲੱਗਿਆ। ਅੱਜ ਸ਼ਾਮ ਤਕਰੀਬਨ 4 ਵਜੇ ਪੁਲਿਸ ਨੂੰ ਸੂਚਨਾ ਮਿਲੀ ਕਿ ਢੋਲਣ ਤੋਂ ਅਖਾੜਾ ਵਾਲੀ ਸੇਮ 'ਚ ਇੱਕ ਨੌਜਵਾਨ ਦੀ ਲਾਸ਼ ਪਈ ਹੈ। ਮੌਕੇ 'ਤੇ ਪਹੁੰਚੀ ਪੁਲਿਸ ਨੇ ਲਾਸ਼ ਨੂੰ ਕਬਜ਼ੇ 'ਚ ਲੈ ਕੇ ਪਹਿਚਾਣ ਕਰਵਾਈ, ਜਿਸ ਤੋਂ ਬਾਅਦ ਇਹ ਜਸਪਾਲ ਸਿੰਘ ਵਜੋਂ ਸਾਹਮਣੇ ਆਇਆ। ਪਿੰਡ ਵਾਸੀਆਂ ਨੇ ਦੱਸਿਆ ਕਿ ਵਿੱਕੀ ਇੱਕ ਸਧਾਰਨ ਤੇ ਇਮਾਨਦਾਰ ਵਿਅਕਤੀ ਸੀ ਅਤੇ ਉਹ ਕਿਸੇ ਵੀ ਤਰ੍ਹਾਂ ਦਾ ਨਸ਼ਾ ਨਹੀਂ ਕਰਦਾ ਸੀ। ਉਨ੍ਹਾਂ ਮੁਤਾਬਕ ਉਸ ਦੀ ਮੌਤ ਭੇਦਭਰੇ ਹਾਲਾਤਾਂ ਵਿੱਚ ਹੋਈ ਹੈ, ਜਿਸ ਕਾਰਨ ਇਲਾਕੇ ਵਿੱਚ ਡਰ ਅਤੇ ਚਿੰਤਾ ਦਾ ਮਾਹੌਲ ਬਣਿਆ ਹੋਇਆ ਹੈ।ਪੁਲਿਸ ਵੱਲੋਂ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ। ਪੁਲਿਸ ਦਾ ਕਹਿਣਾ ਹੈ ਕਿ ਪੋਸਟਮਾਰਟਮ ਰਿਪੋਰਟ ਆਉਣ ਤੋਂ ਬਾਅਦ ਹੀ ਮੌਤ ਦੇ ਅਸਲ ਕਾਰਨਾਂ ਦਾ ਖੁਲਾਸਾ ਹੋ ਸਕੇਗਾ।



# ਗੁਰੂ ਨਾਨਕ ਪੁਰਾ 'ਚ 14 ਘੰਟਿਆਂ ਤੋਂ ਬਿਜਲੀ ਗੁੱਲ, ਲੋਕ ਪ੍ਰੇਸ਼ਾਨ

ਲੁਧਿਆਣਾ, 1 ਮਈ (ਵਿਸ਼ਾਲ ਸ਼ਰਮਾ): ਗੁਰੂ ਨਾਨਕ ਪੁਰਾ ਖੇਤਰ ਵਿੱਚ ਅੱਜ ਸਵੇਰੇ ਕਰੀਬ 6 ਵਜੇ ਤੋਂ 8.30 ਖ਼ਬਰ ਲਿਖਣ ਤੱਕ ਬਿਜਲੀ ਸਪਲਾਈ ਬੰਦ ਹੋਣ ਕਾਰਨ ਇਲਾਕਾ ਵਾਸੀਆਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ। ਤਾਪਮਾਨ ਵੱਧਣ ਅਤੇ ਲੰਬੇ ਸਮੇਂ ਤੱਕ ਬਿਜਲੀ ਨਾ ਆਉਣ ਕਾਰਨ ਲੋਕਾਂ ਵਿੱਚ ਪੰਜਾਬ ਸਰਕਾਰ ਅਤੇ ਬਿਜਲੀ ਵਿਭਾਗ ਖ਼ਿਲਾਫ਼ ਕਾਫੀ ਰੋਸ ਦੇਖਣ ਨੂੰ ਮਿਲਿਆ।




ਸਥਾਨਕ ਰਹਿਣ ਵਾਲਿਆਂ ਨੇ ਦੱਸਿਆ ਕਿ ਸਵੇਰੇ ਤੋਂ ਹੀ ਘਰਾਂ ਵਿੱਚ ਬਿਜਲੀ ਨਾ ਹੋਣ ਕਾਰਨ ਪਾਣੀ ਦੀ ਸਪਲਾਈ ਵੀ ਪ੍ਰਭਾਵਿਤ ਹੋਈ, ਜਿਸ ਨਾਲ ਘਰੇਲੂ ਕੰਮਕਾਜ ਵਿੱਚ ਕਾਫੀ ਦਿੱਕਤ ਆਈ। ਬੱਚਿਆਂ, ਬਜ਼ੁਰਗਾਂ ਅਤੇ ਮਰੀਜ਼ਾਂ ਨੂੰ ਸਭ ਤੋਂ ਵੱਧ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਲੋਕਾਂ ਨੇ ਕਿਹਾ ਕਿ ਕਈ ਵਾਰ ਬਿਜਲੀ ਦਫਤਰ ਵਿੱਚ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ ਕਿਸੇ ਵੀ ਅਧਿਕਾਰੀ ਨੇ ਫੋਨ ਨਹੀਂ ਚੁੱਕਿਆ। ਲੋਕਾਂ ਦਾ ਕਹਿਣਾ ਹੈ ਕਿ ਜਦੋਂ ਵੀ ਬਿਜਲੀ ਸੰਬੰਧੀ ਸਮੱਸਿਆ ਆਉਂਦੀ ਹੈ ਤਾਂ ਵਿਭਾਗੀ ਅਧਿਕਾਰੀ ਲੋਕਾਂ ਦੀ ਸੁਣਵਾਈ ਕਰਨ ਦੀ ਬਜਾਏ ਫੋਨ ਤੱਕ ਨਹੀਂ ਚੁੱਕਦੇ। ਮੁਹੱਲਾ ਵਾਸੀਆਂ ਨੇ ਮੰਗ ਕੀਤੀ ਕਿ ਬਿਜਲੀ ਸਪਲਾਈ ਨੂੰ ਜਲਦ ਤੋਂ ਜਲਦ ਬਹਾਲ ਕੀਤਾ ਜਾਵੇ ਅਤੇ ਲਾਪਰਵਾਹੀ ਕਰਨ ਵਾਲੇ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇ ਸਮੱਸਿਆ ਦਾ ਹੱਲ ਨਾ ਹੋਇਆ ਤਾਂ ਲੋਕ ਇਕੱਠੇ ਹੋ ਕੇ ਬਿਜਲੀ ਵਿਭਾਗ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰਨ ਲਈ ਮਜਬੂਰ ਹੋਣਗੇ।

# 7 ਮਈ ਨੂੰ ਕਾਲੇ ਚੋਲੇ ਪਾ ਕੇ ਗੁਰਦੁਆਰਾ ਬੰਗਲਾ ਸਾਹਿਬ ਤੋਂ ਸਾਂਸਦ ਵੱਲ ਜਾਣ ਦਾ ਫ਼ੈਸਲਾ



ਲੁਧਿਆਣਾ, 1 ਮਈ (ਰਵਿੰਦਰ ਸਿੰਘ ਨਿੱਝਰ): ਕੌਮੀ ਇਨਸਾਫ ਮੋਰਚਾ ਮੋਹਾਲੀ ਚੰਡੀਗੜ੍ਹ ਤੇ ਮੋਰਚੇ ਦੀ ਸੀਨੀਅਰ ਲੀਡਰਸ਼ਿਪ ਦੀ ਅਹਿਮ ਮੀਟਿੰਗ ਹੋਈ, ਜਿਸ ਵਿੱਚ 7 ਮਈ ਨੂੰ ਗੁਰਦੁਆਰਾ ਬੰਗਲਾ ਸਾਹਿਬ ਤੋਂ ਪਾਰਲੀਮੈਂਟ ਵੱਲ ਰੁੱਖ ਕੀਤਾ ਜਾਵੇਗਾ ਕਾਲੇ ਕੱਪੜੇ ਪਾ ਕੇ ਆਪਣੇ ਆਪ ਨੂੰ ਜੰਜੀਰਾਂ ਵਿੱਚ ਜਕੜ ਕੇ ਸ਼ਾਂਤਮਈ ਤਰੀਕੇ ਨਾਲ ਮਾਰਚ ਕੀਤਾ ਜਾਵੇਗਾ ਮੋਰਚਾ ਚੌਥੇ ਸਾਲ ਵਿੱਚ ਚੜ੍ਹਦੀ ਕਲਾ ਵਿੱਚ ਚੱਲ ਰਿਹਾ ਹੈ। ਪੁਆਦ ਦੀ ਸੰਗਤ ਦਾ ਅਤੇ ਪੰਜਾਬ ਅਤੇ ਹੋਰ ਸੂਬਿਆਂ ਤੋਂ ਵੀ ਸੰਗਤਾਂ ਦਾ ਪੂਰਾ ਸਹਿਯੋਗ ਮਿੱਲ ਰਿਹਾ ਹੈ। ਸਰਕਾਰ ਭਾਵੇਂ ਸੂਬੇ ਦੀ ਹੋਵੇ ਚਾਹੇ ਸੈਂਟਰ ਦੀ ਹੋਵੇ ਕਹਿਰ, ਜਬਰ ਤਾਨਾਸ਼ਾਹੀ ਰੁਖ ਦਾ ਰੂਪ ਧਾਰੀ ਬੈਠੀਆਂ ਹਨ। ਬੰਦੀ ਸਿੰਘਾਂ ਨੂੰ ਇਨਸਾਫ ਨਹੀਂ ਦੇਣਾ ਚਾਹੁੰਦੀਆਂ।ਅਸੀਂ ਦੇਸ਼ ਵਿਦੇਸ਼ ਦੀਆਂ ਸੰਗਤਾਂ ਅੱਗੇ ਇਹ ਗੱਲ ਸਪੱਸ਼ਟ ਰੂਪ ਵਿੱਚ ਰੱਖਣਾ ਚਾਹੁੰਦੇ ਹਾਂ ਕਿ ਬੰਦੀ ਸਿੰਘਾਂ ਦੀਆਂ ਜਿੰਨੀਆਂ ਸਜ਼ਾਵਾਂ ਬਣਦੀਆਂ ਸੀ ਉਸ ਤੋਂ ਵੀ ਕਈ ਸਾਲ ਉਹ ਵੱਧ ਕੱਟ ਚੁੱਕੇ ਹਨ। ਦੋਵੇਂ ਸਰਕਾਰਾਂ ਸੈਂਟਰ ਸਰਕਾਰ ਅਤੇ ਪੰਜਾਬ ਸਰਕਾਰ ਨੇ ਬੰਦੀ ਸਿੰਘਾਂ ਨੂੰ ਰਾਜਸੀ ਕੈਦੀ ਬਣਾ ਕੇ ਰੱਖਿਆ ਹੋਇਆ ਹੈ ।

ਕੌਮੀ ਇਨਸਾਫ ਮੋਰਚੇ ਨੇ ਮਨ ਬਣਾ ਲਿਆ ਕੇ ਬੰਦੀ ਸਿੰਘਾਂ ਦੀ ਰਿਹਾਈ ਲਈ ਆਰ ਪਾਰ ਦੀ ਲੜਾਈ ਲੜੀ ਜਾਵੇਗੀ। ਆਉਣ ਵਾਲੀ 20 ਮਈ ਨੂੰ ਵੱਡੀ ਮੀਟਿੰਗ ਕੀਤੀ ਜਾਵੇਗੀ ਜਿਸ ਵਿੱਚ ਪੰਥਕ ਜਥੇਬੰਦੀਆਂ, ਧਾਰਮਿਕ ਜਥੇਬੰਦੀਆਂ, ਰਿਟਾਇਰ ਜਸਟਿਸ, ਸਮਾਜਿਕ ਜਥੇਬੰਦੀਆਂ ਵਕੀਲ ਸਾਹਿਬਾਨ, ਬੁੱਧੀਜੀਵੀ, ਕਿਸਾਨ ਜਥੇਬੰਦੀਆਂ ਦੇ ਆਗੂ ਸਾਹਿਬਾਨ, ਮੋਰਚੇ ਦੀ ਸਮੀਖਿਆ ਕੀਤੀ ਜਾਵੇਗੀ ਅਤੇ ਅਗਲੇ ਪ੍ਰੋਗਰਾਮਾਂ ਦਾ ਐਲਾਨ ਕੀਤਾ ਜਾਵੇਗਾ। 7 ਮਈ ਨੂੰ ਪਾਰਲੀਮੈਂਟ ਵਲ ਕੂਚ ਕਰਨ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ ਮੀਟਿੰਗ ਸਮੇਂ ਹਾਜ਼ਰ ਆਗੂ ਸਾਹਿਬਾਨ ਗੁਰਦੀਪ ਸਿੰਘ ਬਠਿੰਡਾ, ਪਾਲ ਸਿੰਘ ਘੜੂਆਂ, ਗੁਰਿੰਦਰ ਸਿੰਘ ਭੰਗੂ, ਬਲਵਿੰਦਰ ਸਿੰਘ ਕਾਲਾ ਝਾੜ ਸਾਹਿਬ, ਕਰਨੈਲ ਸਿੰਘ ਪੰਜੋਲੀ, ਬਲਜੀਤ ਸਿੰਘ ਭਾਊ, ਬਲਜਿੰਦਰ ਸਿੰਘ ਖਾਲਸਾ, ਪਾਲ ਸਿੰਘ ਫਰਾਂਸ, ਗੁਰਿੰਦਰ ਸਿੰਘ ਬਾਜਵਾ, ਬਲਵਿੰਦਰ ਸਿੰਘ ਫਿਰੋਜ਼ਪੁਰ, ਇੰਦਰਬੀਰ ਸਿੰਘ ਪਟਿਆਲਾ, ਰਸ਼ਪਾਲ ਸਿੰਘ ਚੰਡੀਗੜ੍ਹ, ਬਾਬਾ ਰਾਜਾ ਰਾਜ ਸਿੰਘ, ਜਗਬੀਰ ਸਿੰਘ ਘੜੂੰਆਂ, ਬਾਬਾ ਪਰਮਜੀਤ ਸਿੰਘ, ਅਵਤਾਰ ਸਿੰਘ ਬੜੈਲ, ਮੱਖਣ ਸਿੰਘ ਮਾਨਸਾ, ਹਾਈਜੈਕ ਤਜਿੰਦਰ ਸਿੰਘ, ਪਰਵਿੰਦਰ ਸਿੰਘ ਮਲੋਆ, ਬਲਜੀਤ ਸਿੰਘ ਰੁੜਕੀ ਪੁਖਤਾ, ਰੇਸ਼ਮ ਸਿੰਘ ਖਰੜ, ਗੋਬਿੰਦ ਸਿੰਘ, ਸੁਖਬੀਰ ਸਿੰਘ , ਗੁਰਦੀਪ ਸਿੰਘ, ਜਸਵੰਤ ਸਿੰਘ ਮਾਨਸਾ ਆਦਿ ਸੰਗਤਾਂ ਹਾਜ਼ਰ ਸਨ।

# ਸਿਰਜਣਧਾਰਾ ਵੱਲੋਂ ਪ੍ਰਿੰ. ਕ੍ਰਿਸ਼ਨ ਸਿੰਘ ਦੀਆਂ ਦੋ ਕਿਤਾਬਾਂ ਲੋਕ ਅਰਪਣ



ਲੁਧਿਆਣਾ, 1 ਮਈ (ਰਵਿੰਦਰ ਸਿੰਘ ਨਿੱਝਰ) : ਪੰਜਾਬੀ ਭਵਨ ਵਿੱਚ ਸਿਰਜਣਧਾਰਾ ਵੱਲੋਂ ਸੰਸਥਾ ਦੀ ਪ੍ਰਧਾਨ ਡਾ. ਗੁਰਚਰਨ ਕੌਰ ਕੋਚਰ ਦੀ ਪ੍ਰਧਾਨਗੀ ਹੇਠ ਹੋਈ ਮਹੀਨਾਵਾਰ ਮੀਟਿੰਗ ਵਿੱਚ ਪ੍ਰਿੰਸੀਪਲ ਕ੍ਰਿਸ਼ਨ ਸਿੰਘ ਜੀ ਦੁਆਰਾ ਲਿਖੀਆਂ ਗਈਆਂ ਦੋ ਪੁਸਤਕਾਂ 'ਬਲਦੇਵ ਸਿੰਘ ਬੱਧਨ ਦੀ ਕਾਵਿ- ਚੇਤਨਾ ਅਤੇ 'ਸਤਸੰਗਤਿ ਮਿਲਿ ਰਹੀਐ ਮਾਧਉ' ਲੋਕ ਅਰਪਣ ਕੀਤੀਆਂ ਗਈਆਂ। ਡਾਕਟਰ ਕੋਚਰ ਨੇ ਆਏ ਹੋਏ ਸਾਰੇ ਮਹਿਮਾਨਾਂ ਨੂੰ ਜੀ ਆਇਆਂ ਕਿਹਾ।ਪ੍ਰਿੰ ਕ੍ਰਿਸ਼ਨ ਸਿੰਘ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਬਲਦੇਵ ਸਿੰਘ ਬੱਦਨ ਦੀਆਂ ਲਿਖਤਾਂ ਪੰਜਾਬੀ ਦੇ ਆਧੁਨਿਕ ਸਾਹਿਤ ਦਾ ਵਡਮੁੱਲਾ ਸਰਮਾਇਆ ਹਨ। ਪੰਜਾਬੀ ਸਾਹਿਤਕਾਰੀ ਵਿੱਚ ਡਾਕਟਰ ਬੱਦਨ ਵੱਲੋਂ ਪਾਏ ਗਏ ਯੋਗਦਾਨ ਨੂੰ ਦੇਖਦੇ ਹੋਏ ਉਹਨਾਂ ਨੂੰ ਪੰਜਾਬੀ ਸਾਹਿਤ ਜਗਤ ਦੇ ਮੋਢੀ ਵਿਦਵਾਨ -ਚਿੰਤਕਾਂ ਵਿੱਚ ਸ਼ੁਮਾਰ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਆਪਣੀ ਦੂਸਰੀ ਪੁਸਤਕ 'ਸਤਸੰਗਤਿ ਮਿਲਿ ਰਹੀਐ ਮਾਧਉ' ਬਾਰੇ ਦੱਸਿਆ ਕਿ ਹਥਲੀ ਪੁਸਤਕ ਵਿੱਚ ਗੁਰੂ ਰਵਿਦਾਸ ਜੀ ਦੇ ਬਾਰੇ ਹੁਣ ਤੱਕ ਹੋਈ ਖੋਜ ਅਨੁਸਾਰ ਜਿਉਂਦਾ ਜਾਗਦਾ ਇਤਿਹਾਸ ਲਿਖਣ ਦੀ ਮੈਂ ਪੂਰੀ ਕੋਸ਼ਿਸ਼ ਕੀਤੀ ਹੈ। ਇਸ ਮੌਕੇ ਪੁਸਤਕ ਬਾਰੇ ਜਨਮੇਜਾ ਸਿੰਘ ਜੌਹਲ, ਚਿੰਤਨਸ਼ੀਲ ਸਾਹਿਤਧਾਰਾ ਦੀ ਡਾਇਰੈਕਟਰ ਮੈਡਮ ਮਨਦੀਪ ਕੌਰ ਭੰਮਰਾ, ਹਰਦੇਵ ਸਿੰਘ ਕਲਸੀ, ਕੇ ਸਾਧੂ ਸਿੰਘ,ਬੁੱਧ ਸਿੰਘ ਨੀਲੋਂ ਅਤੇ ਦਰਸ਼ਨ ਸਿੰਘ ਬੋਪਾ ਰਾਏ ਨੇ ਆਪਣੇ ਆਪਣੇ ਵਿਚਾਰ ਸਾਂਝੇ ਕੀਤੇ। ਸੰਸਥਾ ਵੱਲੋਂ ਪ੍ਰਿੰਸੀਪਲ ਕ੍ਰਿਸ਼ਨ ਸਿੰਘ ਜੀ ਨੂੰ ਸਨਮਾਨਿਤ ਕੀਤਾ ਗਿਆ। ਕੁਝ ਕਵੀਆਂ ਨੇ ਆਪਣੀਆਂ ਰਚਨਾਵਾਂ ਰਾਹੀਂ ਖ਼ੂਬਸੂਰਤ ਹਾਜ਼ਰੀ ਲਗਵਾਈ। ਅਮਰਜੀਤ ਸ਼ੇਰਪੁਰੀ ਨੇ ਮੰਚ ਸੰਚਾਲਨ ਕੀਤਾ। ਇਸ ਮੌਕੇ ਡਾ ਰਣਜੀਤ ਸਿੰਘ, ਸੰਪੂਰਨ ਸਿੰਘ ਸਨਮ, ਇੰਦਰਜੀਤ ਕੌਰ ਲੋਟੇ, ਡਾਕਟਰ ਜਸਪਾਲ ਸਿੰਘ , ਇੰਜ.ਕੇਵਲ ਸਿੰਘ ,ਪ੍ਰੀਤਮ ਸਿੰਘ, ਦਵਿੰਦਰ ਸਿੰਘ,ਮੇਜਰ ਸਿੰਘ,ਨੇਤਰ ਸਿੰਘ ਨੇਤਰ, ਸਤਵਿੰਦਰ ਸਿੰਘ ਗੁੱਗ ਥਰੀਕੇ, ਹਰਵਿੰਦਰ ਸਿੰਘ ਥਰੀਕੇ , ਜਗਤਾਰ ਸਿੰਘ ਹਿੱਸੋਵਾਲ, ਬਲਜਿੰਦਰ ਕੌਰ ,ਧਰਮਿੰਦਰ ਸਿੰਘ ਮੁਲਾਂਪੁਰੀ, ਸਿਮਰਨ ਧੁੱਗਾ, ਸੁਰਜੀਤ ਸਿੰਘ ਜੀਤ, ਜਸਪ੍ਰੀਤ ਕੌਰ ਗੁਰਨਾ, ਜੋਤੀ ਬਜਾਜ, ਅਮਨਦੀਪ ਕੌਰ ਮਲਿਕਾ ਇੰਦਰਜੀਤਪਾਲ ਕੌਰ, ਗੁਰਦੀਪ ਸਿੰਘ ਮੰਡ ,ਬਲਵਿੰਦਰ ਸਿੰਘ ਆਦਿ ਲੇਖਕ ਤੇ ਸਾਹਿਤ ਪ੍ਰੇਮੀ ਹਾਜ਼ਰ ਸਨ।

# ਲੁਧਿਆਣਾ ਵਿੱਚ 'ਆਪ' ਕਰ ਰਹੀ ਸਰਕਾਰੀ ਜ਼ਮੀਨਾਂ ਵੇਚਣ ਦੀ ਤਿਆਰੀ : ਐਡਵੋਕੇਟ ਸਿੱਧੂ

ਲੁਧਿਆਣਾ, 1 ਮਈ (ਰਵਿੰਦਰ ਸਿੰਘ ਨਿੱਝਰ) : ਆਮ ਆਦਮੀ ਪਾਰਟੀ ਪੰਜਾਬ ਅਤੇ ਲੁਧਿਆਣਾ ਦੀਆਂ ਪ੍ਰਮੁੱਖ ਸਰਕਾਰੀ ਜਾਇਦਾਦਾਂ ਨੂੰ ਵੇਚਣ ਦੀ ਤਿਆਰੀ ਕਰ ਰਹੀ ਹੈ, ਜਿਸ ਤਹਿਤ ਲੁਧਿਆਣਾ ਮੰਤਰੀ ਸੰਜੀਵ ਅਰੋੜਾ ਆਪਣੇ ਅਹੁਦੇ ਦੀ ਕਥਿਤ ਦੁਰਵਰਤੋਂ ਕਰਦੇ ਹੋਏ ਲੁਧਿਆਣਾ ਦੀਆਂ ਸਰਕਾਰੀ ਜਾਇਦਾਦਾਂ ਨੂੰ ਆਪਣੇ ਸਵਾਰਥੀ ਹਿੱਤਾਂ ਨਾਲ ਵਿਸ਼ੇਸ਼ ਵਿਅਕਤੀਆਂ ਨੂੰ ਕੌਡੀਆਂ ਦੇ ਭਾਅ ਵੇਚਣ ਦੀ ਤਿਆਰੀ ਕਰ ਰਹੇ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਐਡਵੋਕੇਟ ਬਿਕਰਮ ਸਿੰਘ ਸਿੱਧੂ (ਮੈਂਬਰ ਕਾਰਜਕਾਰਨੀ ਕਮੇਟੀ ਭਾਰਤੀ ਜਨਤਾ ਪਾਰਟੀ, ਪੰਜਾਬ) ਨੇ ਲੁਧਿਆਣਾ ਵਿੱਚ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ। ਇਸ ਮੌਕੇ ਭਾਜਪਾ ਅਹੁਦੇਦਾਰਾਂ ਹਲਕਾ ਪੱਛਮੀ ਦੇ ਇੰਚਾਰਜ ਮੁਨੀਸ਼ ਲੱਕੀ ਚੋਪੜਾ, ਸਰਕਲ ਪ੍ਰਧਾਨ ਅਸ਼ੀਸ਼ ਗੁਪਤਾ, ਯੋਗੇਸ਼ ਸ਼ਰਮਾ, ਰਾਜਨ ਸ਼ਰਮਾ, ਪ੍ਰਿੰਸ ਭੰਡਾਰੀ ਤੇ ਰਾਜੇਸ਼ ਟੀਨਾ, ਸਰਕਲ ਜਨਰਲ ਸਕੱਤਰ ਜਤਿਨ ਸ਼ਰਮਾ, ਰੁਪਿੰਦਰ ਗੁਜਰਾਲ, ਸੰਦੀਪ ਵਧਵਾ, ਦਿਨੇਸ਼ ਗੁਪਤਾ, ਸ਼ਿਵਿਮ ਸ਼ਰਮਾ, ਵਿਕਾਸ ਸੂਦ ਤੇ ਰਮਨਦੀਪ ਸ਼ਰਮਾ ਦੀ ਹਾਜ਼ਰੀ ਵਿੱਚ ਐਡਵੋਕੇਟ ਸਿੱਧੂ ਨੇ ਕਿਹਾ ਕਿ ਸਥਾਨਕ ਸਰਕਾਰਾਂ ਮੰਤਰੀ ਸ੍ਰੀ ਅਰੋੜਾ ਆਪਣੀ ਤਾਕਤ ਦੀ ਦੁਰਵਰਤੋਂ ਕਰਕੇ ਲੁਧਿਆਣਾ ਦੀਆਂ ਸਰਕਾਰੀ ਜ਼ਮੀਨਾਂ ਤੇ ਜਾਇਦਾਦਾਂ ਨੂੰ ਗੈਰ ਕਾਨੂੰਨੀ ਢੰਗ ਨਾਲ ਵੇਚ ਕੇ ਖ਼ੁਦ, ਆਪਣੇ ਰਿਸ਼ਤੇਦਾਰਾਂ ਤੇ ਆਪਣੇ ਵਪਾਰਕ ਸਾਥੀਆਂ ਨੂੰ ਲਾਭ ਪਹੁੰਚਾਉਣ ਲਈ ਯਤਨਸ਼ੀਲ ਹਨ। ਐਡਵੋਕੇਟ ਸਿੱਧੂ ਨੇ ਇਸ ਸੰਬੰਧੀ ਖਦਸ਼ਾ ਜ਼ਾਹਿਰ ਕਰਦਿਆਂ ਕਿਹਾ ਕਿ ਜਿਵੇਂ 2021 ਵਿੱਚ ਉਸ ਵੇਲੇ ਦੀ ਕਾਂਗਰਸ ਸਰਕਾਰ ਤੇ ਉਸ ਵਕਤ ਦੇ ਪ੍ਰਭਾਵਸ਼ਾਲੀ ਮੰਤਰੀ ਨੇ ਆਪਣੇ ਅਹੁਦੇ ਦੀ ਦੁਰਵਰਤੋਂ ਕਰਦੇ ਹੋਏ ਨਗਰ ਸੁਧਾਰ ਟਰੱਸਟ ਲੁਧਿਆਣਾ ਦੀ ਦੁੱਗਰੀ ਰੋਡ ਤੇ ਮਾਡਲ ਟਾਊਨ ਐਕਸਟੈਂਸ਼ਨ ਵਿਖੇ 450 ਕਰੋੜ ਰੁਪਏ ਦੀ ਜਾਇਦਾਦ ਮਹਿਜ਼ 96 ਕਰੋੜ ਰੁਪਏ ਵਿੱਚ ਆਪਣੇ ਨਿੱਜੀ ਵਪਾਰੀ ਸਾਥੀਆਂ ਮਰਿਤੇਸ਼ ਪ੍ਰਾਪਰਟੀ ਨੂੰ ਮੁਹੱਈਆ ਕਰਵਾ ਦਿੱਤੀ ਸੀ ਜੋ ਕਿ ਸ਼ਹਿਰਵਾਸੀਆਂ ਨਾਲ ਸਿੱਧੇ ਤੌਰ ਤੇ ਕੀਤਾ ਗਿਆ ਵੱਡਾ ਧੋਖਾ ਸੀ। ਪਰ ਇਹ ਸਕੈਂਡਲ ਉਹਨਾਂ ਦੀ ਅਗਵਾਈ ਹੇਠ ਲੰਬਾ ਤੇ ਤਿੱਖਾ ਸੰਘਰਸ਼ ਕਰਕੇ ਰੱਦ ਕਰਵਾਇਆ। ਇਹ ਭਾਜਪਾ ਦੀ ਵੱਡੀ ਜਿੱਤ ਸੀ । ਐਡਵੋਕੇਟ ਸਿੱਧੂ ਨੇ ਦੱਸਿਆ ਕਿ ਕੈਬਨਿਟ ਮੰਤਰੀ ਸੰਜੀਵ ਅਰੋੜਾ ਦੀ ਅਗਵਾਈ ਹੇਠ ਲੁਧਿਆਣਾ ਦੀ ਮਹਿੰਗੀ ਤੇ ਪ੍ਰਮੁੱਖ ਜਾਇਦਾਦ ਸਰਾਭਾ ਨਗਰ ਬਿਜਲੀ ਦਫ਼ਤਰ ਤੇ ਰਿਹਾਇਸ਼ੀ ਕਾਲੋਨੀ ਦੀ ਜ਼ਮੀਨ , ਰਾਜਗੁਰੂ ਨਗਰ ਵਿੱਚ ਸਕੂਲ ਦੀ ਰਾਖਵੀਂ ਜ਼ਮੀਨ, ਕਿਚਲੂ ਨਗਰ ਕਮਿਊਨਿਟੀ ਸੈਂਟਰ ਦੀ ਜ਼ਮੀਨ, ਰਾਣੀ ਝਾਂਸੀ ਰੋਡ ਤੇ ਨਿਗਮ ਦੀ ਇਮਾਰਤ ਵਰਗੀਆਂ ਵੱਡੀਆਂ ਜਾਇਦਾਦਾਂ ਨੂੰ ਕੌਡੀਆਂ ਦੇ ਭਾਅ ਨਿਲਾਮ ਕਰਨ ਦੀ ਤਿਆਰੀ ਵਿੱਢ ਦਿੱਤੀ ਹੈ। ਜਦਕਿ ਲੁਧਿਆਣਾ ਸ਼ਹਿਰ ਵਾਸੀ ਆਮ ਬੇਸਿਕ ਸਹੂਲਤਾਂ ਨੂੰ ਵੀ ਤਰਸ ਰਹੇ ਹਨ ਅਤੇ ਹਾਕਮ ਧਿਰ ਲੋਟੂ ਟੋਲਿਆਂ ਨਾਲ ਮਿਲ ਕੇ ਲੁਧਿਆਣਾ ਵਾਸੀਆਂ ਦੀ ਕੀਮਤੀ ਜ਼ਮੀਨ ਵੇਚਣ ਤੇ ਉਤਾਰੂ ਹੈ । ਐਡਵੋਕੇਟ ਸਿੱਧੂ ਅਤੇ ਪੱਛਮੀ ਹਲਕੇ ਦੇ ਸਮੂਹ ਭਾਜਪਾ ਨੇ ਇਸ ਲੁੱਟ ਖਸੁੱਟ ਦੀ ਡੂੰਘਾਈ ਨਾਲ ਜਾਂਚ ਕਰਨ ਅਤੇ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਦੀ ਮੰਗ ਕੀਤੀ ਹੈ।




## ਠਾਕੁਰ ਪ੍ਰਵੀਨ ਚੌਧਰੀ ਤੀਸਰੀ ਵਾਰ ਬਣੇ ਸ਼੍ਰੋਮਣੀ ਅਕਾਲੀ ਦਲ ਦੀਨਾਨਗਰ ਦੇ ਸਰਕਲ ਪ੍ਰਧਾਨ



ਦੀਨਾਨਗਰ, 1 ਮਈ (ਡਾ.ਰਮੇਸ਼ ਸਰੰਗਲ ) : ਅੱਜ ਸ਼੍ਰੋਮਣੀ ਅਕਾਲੀ ਦਲ ਵੱਲੋਂ ਦੀਨਾਨਗਰ ਦੇ ਸ਼ਹਿਰੀ ਸਰਕਲ ਦੇ ਠਾਕੁਰ ਪ੍ਰਵੀਨ ਚੌਧਰੀ ਨੂੰ ਤੀਸਰੀ ਵਾਰ ਸ਼੍ਰੋਮਣੀ ਅਕਾਲੀ ਦਲ ਦੀਨਾਨਗਰ ਦਾ ਸਰਕਲ ਪ੍ਰਧਾਨ ਨਿਯੁਕਤ ਕੀਤਾ ਗਿਆ । ਸਰਦਾਰ ਸੁਖਬੀਰ ਸਿੰਘ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੇ ਦਿਸ਼ਾ ਨਿਰਦੇਸ਼ਾ ਹੇਠ ਅਤੇ ਸਰਦਾਰ ਗੁਰਬਚਨ ਸਿੰਘ ਬੱਬੇਹਾਲੀ ਸ਼ਹਿਰੀ ਪ੍ਰਧਾਨ ਜ਼ਿਲ੍ਹਾ ਗੁਰਦਾਸਪੁਰ ਦੀ ਰਹਿਨੁਮਾਈ ਹੇਠ ਹਲਕਾ ਦੀਨਾਨਗਰ ਦੇ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਸ਼੍ਰੀ ਕਮਲਜੀਤ ਚਾਵਲਾ ਦੀ ਅਗਵਾਈ ਵਿੱਚ ਠਾਕੁਰ ਪ੍ਰਵੀਨ ਚੌਧਰੀ ਨੂੰ ਸਰਕਲ ਪ੍ਰਧਾਨ ਵਜੋਂ ਜਿੰਮੇਦਾਰੀ ਦਿੱਤੀ ਗਈ ਅਤੇ ਠਾਕੁਰ ਪ੍ਰਵੀਨ ਚੌਧਰੀ ਨੇ ਕਿਹਾ ਕਿ ਉਹ ਇਸ ਜ਼ਿੰਮੇਵਾਰੀ ਨੂੰ ਪਹਿਲਾ ਵਾਂਗ ਹੀ ਬਾਖੂਬੀ ਤਨ ਮਨ ਨਾਲ ਨਿਭਾਉਣਗੇ। ਇਸ ਮੌਕੇ 'ਤੇ ਹਲਕੇ ਦੇ ਸਾਰੇ ਅਕਾਲੀ ਵਰਕਰਾਂ ਅਤੇ ਅਹੁਦੇਦਾਰਾਂ 'ਚ ਖੁਸ਼ੀ ਦੀ ਲਹਿਰ ਪਾਈ ਗਈ।

## ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਵੱਲੋਂ ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਸਹਿਤ ਮਨਾਇਆ ਗਿਆ



ਅੰਮ੍ਰਿਤਸਰ, 1 ਮਈ (ਬਬਲੂ ਮਹਾਜਨ ) :ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਵੱਲੋਂ ਅੱਜ ਸਿੱਖ ਪੰਥ ਦੇ ਤੀਜੇ ਗੁਰੂ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਪੁਰਬ ਖਾਲਸਾ ਕਾਲਜ ਕੈਂਪਸ ਸਥਿਤ ਗੁਰਦੁਆਰਾ ਸਾਹਿਬ ਵਿਖੇ ਬੜ੍ਹੀ ਸ਼ਰਧਾ-ਭਾਵਨਾ ਸਹਿਤ ਮਨਾਇਆ ਗਿਆ। ਇਸ ਪਵਿੱਤਰ ਦਿਹਾੜੇ 'ਤੇ ਗੁਰੂ ਸਾਹਿਬ ਜੀ ਦੇ ਚਰਨਾਂ 'ਚ ਹਾਜ਼ਰੀ ਲਗਾਉਣ ਲਈ ਪੁੱਜੇ ਖ਼ਾਲਸਾ ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਅਤੇ ਕੌਂਸਲ ਦੇ ਆਨਰੇਰੀ ਸਕੱਤਰ ਸ: ਰਜਿੰਦਰ ਮੋਹਨ ਸਿੰਘ ਛੀਨਾ ਨੇ ਸਮੂਹ ਜਗਤ ਨੂੰ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਕਿਹਾ ਕਿ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਅੱਜ ਦੇ ਸਮਾਜ ਲਈ ਵੀ ਬਹੁਤ ਹੀ ਪ੍ਰਸੰਗਿਕ ਹਨ। ਇਸ ਤੋਂ ਪਹਿਲਾਂ ਖ਼ਾਲਸਾ ਕਾਲਜ ਆਫ਼ ਨਰਸਿੰਗ ਦੇ ਵਿਦਿਆਰਥੀਆਂ ਨੇ ਰਸਭਿੰਨੇ ਕੀਰਤਨ ਦੁਆਰਾ ਹਾਜ਼ਰ ਸੰਗਤ ਨੂੰ ਗੁਰੂ ਚਰਨਾਂ ਨਾਲ ਜੋੜਿਆ। ਇਸ ਉਪਰੰਤ ਸਿੱਖ ਇਤਿਹਾਸ ਮਾਹਿਰ ਅਤੇ ਖ਼ਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਡਾ. ਇੰਦਰਜੀਤ ਸਿੰਘ ਗੋਗੋਆਣੀ ਨੇ 'ਭਲੇ ਅਮਰਦਾਸ ਗੁਣ ਤੇਰੇ, ਤੇਰੀ ਉਪਮਾ ਤੋਹਿ ਬਨਿ ਆਵੈ' ਸ਼ਬਦ ਦੀ ਵਿਆਖਿਆ ਕਰਦਿਆਂ ਸਮੂੰਹ ਸੰਗਤ ਨੂੰ ਸਾਹਿਬ ਸ੍ਰੀ ਗੁਰੂ ਸਾਹਿਬ ਜੀ ਦੇ ਜੀਵਨ ਤੇ ਉਪਦੇਸ਼ਾਂ ਸਬੰਧੀ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਸਾਨੂੰ ਇੱਕ ਸੁਖੀ, ਸਾਂਝੀਵਾਲੀ ਅਤੇ ਸੁਹਿਰਦ ਸਮਾਜ ਦੀ ਰਚਨਾ ਕਰਨ ਲਈ ਪ੍ਰੇਰਿਤ ਕਰਦੀਆਂ ਹਨ।ਇਸ ਦੌਰਾਨ ਸ: ਛੀਨਾ ਨੇ ਸਮੂਹ ਜਗਤ ਨੂੰ ਗੁਰੂ ਅਮਰਦਾਸ ਜੀ ਦੁਆਰਾ ਦਰਸਾਏ ਮਾਰਗ 'ਤੇ ਚੱਲਦਿਆਂ ਹੋਇਆ ਹਮੇਸ਼ਾਂ ਹੀ ਸੱਚਾਈ, ਨਿਮਰਤਾ ਅਤੇ ਮਨੁੱਖਤਾ ਦੀ ਸੇਵਾ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਗੁਰੂ ਸਾਹਿਬ ਦੇ ਜੀਵਨ ਅਤੇ ਉਨ੍ਹਾਂ ਦੀਆਂ ਬੇਮਿਸਾਲ ਸੇਵਾਵਾਂ ਬਾਰੇ ਚਰਚਾ ਕਰਦਿਆਂ ਕਿਹਾ ਕਿ ਗੁਰੂ ਸਾਹਿਬ ਨੇ ਸਮਾਜ 'ਚ ਬਰਾਬਰੀ, ਸੇਵਾ ਅਤੇ ਸਿਮਰਨ ਦਾ ਸੰਦੇਸ਼ ਦਿੱਤਾ ਅਤੇ ਲੰਗਰ ਪ੍ਰਥਾ ਨੂੰ ਹੋਰ ਮਜ਼ਬੂਤ ਕਰਕੇ ਜਾਤ-ਪਾਤ ਦੇ ਭੇਦਭਾਵ ਨੂੰ ਖਤਮ ਕਰਨ ਲਈ ਵੱਡਾ ਯੋਗਦਾਨ ਪਾਇਆ। ਇਸ ਮੌਕੇ ਸ: ਛੀਨਾ ਨੇ ਖ਼ਾਲਸਾ ਯੂਨੀਵਰਸਿਟੀ ਦੇ ਉੱਪ ਕੁਲਪਤੀ ਡਾ. ਮਹਿਲ ਸਿੰਘ ਅਤੇ ਖਾਲਸਾ ਕਾਲਜ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਨਾਲ ਮਿਲ ਕੇ ਕੀਰਤਨ ਕਰ ਰਹੇ ਵਿਦਿਆਰਥੀਆਂ ਨੂੰ ਸਿਰੋਪਾਓ ਭੇਟ ਕੀਤਾ। ਇਸ ਮੌਕੇ 'ਵਰਸਿਟੀ ਦੇ ਅਕਾਦਮਿਕ ਮਾਮਲੇ ਡੀਨ ਡਾ. ਸੁਰਿੰਦਰ ਕੌਰ, ਐਗਜੇਮੀਨੇਸ਼ਨ ਕੰਟਰੋਲਰ ਡੀਨ ਡਾ. ਕੰਵਲਜੀਤ ਸਿੰਘ, ਕੌਂਸਲ ਦੇ ਜੁਆਇੰਟ ਸਕੱਤਰ ਸ: ਲਖਵਿੰਦਰ ਸਿੰਘ ਢਿੱਲੋਂ, ਮੈਂਬਰ ਸ: ਸਰਬਜੀਤ ਸਿੰਘ ਹੁਸ਼ਿਆਰ ਨਗਰ, ਸ: ਕਰਮਜੀਤ ਸਿੰਘ ਭੱਟੀ, ਸ: ਮੇਜਰ ਸਿੰਘ ਸੰਧੂ, ਡਾ. ਰਮਿੰਦਰ ਕੌਰ, ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਰਣਜੀਤ ਐਵੀਨਿਊ ਪ੍ਰਿੰਸੀਪਲ ਡਾ. ਮਨਦੀਪ ਕੌਰ, ਖ਼ਾਲਸਾ ਕਾਲਜ ਆਫ਼ ਨਰਸਿੰਗ ਪ੍ਰਿੰਸੀਪਲ ਡਾ. ਅਮਨਪ੍ਰੀਤ ਕੌਰ, ਖ਼ਾਲਸਾ ਕਾਲਜ ਚਵਿੰਡਾ ਦੇਵੀ ਪ੍ਰਿੰਸੀਪਲ ਗੁਰਦੇਵ ਸਿੰਘ, ਸ੍ਰੀ ਗੁਰੂ ਤੇਗ ਬਹਾਦਰ ਕਾਲਜ ਫ਼ਾਰ ਵੂਮੈਨ ਪ੍ਰਿੰਸੀਪਲ ਡਾ. ਲਕਸ਼ਮੀ ਮਲਹੋਤਰਾ, ਖ਼ਾਲਸਾ ਕਾਲਜ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਪ੍ਰਿੰਸੀਪਲ ਸ੍ਰੀਮਤੀ ਪੁਨੀਤ ਕੌਰ ਨਾਗਪਾਲ, ਖ਼ਾਲਸਾ ਕਾਲਜ ਪਬਲਿਕ ਸਕੂਲ, ਜੀ. ਟੀ. ਪ੍ਰਿੰਸੀਪਲ ਸ: ਅਮਰਜੀਤ ਸਿੰਘ ਗਿੱਲ, ਖ਼ਾਲਸਾ ਕਾਲਜ ਇੰਟਰਨੈਸ਼ਨਲ ਪਬਲਿਕ ਸਕੂਲ, ਰਣਜੀਤ ਐਵੀਨਿਊ ਪ੍ਰਿੰਸੀਪਲ ਸ੍ਰੀਮਤੀ ਨਿਰਮਲਜੀਤ ਕੌਰ ਗਿੱਲ, ਖ਼ਾਲਸਾ ਕਾਲਜ ਪਬਲਿਕ ਸਕੂਲ, ਅਤੇ ਵੱਡੀ ਗਿਣਤੀ 'ਚ ਕਾਲਜ, ਸਕੂਲ ਦੇ ਵਿਦਿਆਰਥੀ ਹਾਜ਼ਰ ਸਨ।

## ਸ੍ਰੀ ਗੁਰੂ ਹਰਿਕ੍ਰਿਸ਼ਨ ਸੀ.ਕੇ.ਡੀ ਸਕੂਲ ਆਫ ਐਕਸੀਲੈਂਸ ਦੇ ਸ਼ਾਨਦਾਰ ਨਤੀਜੇ

ਅੰਮ੍ਰਿਤਸਰ, 1 ਮਈ (ਬਬਲੂ ਮਹਾਜਨ) :ਬੀਤੇ ਦਿਨ ਆਈ.ਸੀ.ਐਸ.ਈ ਵੱਲੋਂ ਦਸਵੀਂ ਜਮਾਤ ਦੇ ਐਲਾਨੇ ਨਤੀਜਿਆਂ ਤਹਿਤ ਸ੍ਰੀ ਗੁਰੂ ਹਰਿਕ੍ਰਿਸ਼ਨ ਸੀ.ਕੇ.ਡੀ ਸਕੂਲ ਆਫ ਐਕਸੀਲੈਂਸ, ਸ਼ੁਭਮ ਇਨਕਲੇਵ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਮੱਲਾਂ ਮਾਰੀਆਂ। ਅਮੂਲੀਕ ਸਿੰਘ ਕਾਲਰਾ ਨੇ 96.2 ਪ੍ਰਤੀਸ਼ਤ ਅੰਕਾਂ ਨਾਲ ਪਹਿਲਾ ਸਥਾਨ, ਸਨੋਬਰ ਬਤਰਾ ਨੇ 91.2 ਪ੍ਰਤੀਸ਼ਤ ਅੰਕ ਨਾਲ ਦੂਸਰਾ ਸਥਾਨ ਅਤੇ ਜਸਲੀਨ ਹੁੰਦਲ ਨੇ 90.8 ਪ੍ਰਤੀਸ਼ਤ ਅੰਕਾਂ ਨਾਲ ਤੀਸਰਾ ਸਥਾਨ ਹਾਸਲ ਕੀਤਾ ਅਤੇ ਸਕੂਲ ਦਾ ਨਤੀਜਾ 100 ਪ੍ਰਤੀਸ਼ਤ ਰਿਹਾ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ, ਆਨਰੇਰੀ ਸਕੱਤਰ ਸ੍ਰ.ਰਮਨੀਕ ਸਿੰਘ ਸਮੇਤ ਸਮੂਹ ਅਹੁਦੇਦਾਰਾਂ ਨੇ ਵਿਦਿਆਰਥੀਆਂ ਦੀ ਇਸ ਕਾਮਯਾਬੀ ਤੇ ਖ਼ੁਸ਼ੀ ਜਤਾਉਂਦਿਆਂ ਵਧਾਈ ਸੰਦੇਸ਼ ਭੇਜੇ। ਸਕੂਲ ਮੈਂਬਰ ਇੰਚਾਰਜ ਸ੍ਰ.ਸਰਜੋਤ ਸਿੰਘ ਸਾਹਨੀ , ਸ੍ਰ.ਹਰਜੀਤ ਸਿੰਘ ਸੱਚਦੇਵਾ, ਸ੍ਰ.ਪ੍ਰਿਤਪਾਲ ਸਿੰਘ ਨਰੂਲਾ ਅਤੇ ਸ੍ਰ.ਹੰਸਬੀਰ ਸਿੰਘ ਨੇ ਵਿਦਿਆਰਥੀਆਂ ਦੀ ਸਫਲਤਾ ਦਾ ਸਿਹਰਾ ਪ੍ਰਿੰਸੀਪਲ ਸ੍ਰੀਮਤੀ ਹਰਕਮਲਪ੍ਰੀਤ ਕੌਰ ਕਾਲਰਾ ਦੀ ਯੋਗ ਅਗਵਾਈ ਹੇਠ ਅਧਿਆਪਕਾਂ ਦੇ ਸਹੀ ਮਾਰਗ—ਦਰਸ਼ਨ, ਵਿਦਿਆਰਥੀਆਂ ਦੀ ਮਿਹਨਤ ਅਤੇ ਮਾਪਿਆਂ ਦੇ ਸਹਿਯੋਗ ਨੂੰ ਪਾਇਆ। ਉਹਨਾਂ ਆਸ ਕੀਤੀ ਕਿ ਆਉਣ ਵਾਲੇ ਸਮੇਂ ਵਿਚ ਵੀ ਵਿਦਿਆਰਥੀ ਇਸੇ ਤਰ੍ਹਾਂ ਕਾਮਯਾਬੀ ਦੇ ਨਵੇਂ ਮਾਪਦੰਡ ਸਥਾਪਿਤ ਕਰਨਗੇ। ਪ੍ਰਿੰਸੀਪਲ ਸ੍ਰੀਮਤੀ ਹਰਕਮਲਪ੍ਰੀਤ ਕੌਰ ਨੇ ਦੱਸਿਆ ਕਿ ਆਈ.ਸੀ.ਐਸ.ਈ ਤਹਿਤ ਜਮਾਤ ਦਸਵੀਂ ਦਾ ਇਹ ਸਕੂਲ ਦਾ ਪਹਿਲਾਂ ਬੈਚ ਸੀ ਅਤੇ ਪਹਿਲੇ ਹੀ ਸਾਲ ਅਜਿਹਾ ਸ਼ਾਨਦਾਰ ਨਤੀਜਾ ਸਕੂਲ ਲਈ ਬਹੁਤ ਮਾਨ ਵਾਲੀ ਗੱਲ ਹੈ।

## ਮਜ਼ਦੂਰ ਏਕਤਾ ਯੂਨੀਅਨ ਦੀਨਾਨਗਰ ਵੱਲੋਂ ਮਨਾਇਆ ਗਿਆ ਲੇਬਰ ਡੇਅ



ਦੀਨਾਨਗਰ, 1 ਮਈ ( ਡਾ.ਰਮੇਸ਼ ਸਰੰਗਲ ) ਮਜ਼ਦੂਰ ਏਕਤਾ ਯੂਨੀਅਨ ਦੀਨਾਨਗਰ ਵੱਲੋਂ ਲੇਬਰ ਡੇ ਦੇ ਮੌਕੇ 'ਤੇ ਅੱਜ ਬੇਰੀ ਚੌਕ ਵਿਖੇ ਆਯੋਜਿਤ ਪ੍ਰੋਗਰਾਮ ਦੌਰਾਨ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ । ਇਹ ਪ੍ਰੋਗਰਾਮ ਯੂਨੀਅਨ ਦੇ ਪ੍ਰਧਾਨ ਗੋਲਡੀ ਰਾਜ ਦੀ ਪ੍ਰਧਾਨਗੀ ਹੇਠ ਹੋਇਆ ,ਜਿਸ ਵਿੱਚ ਵਿਧਾਇਕਾ ਅਰੁਣਾ ਚੌਧਰੀ ਦੀ ਤਰਫੋਂ ਉਨ੍ਹਾਂ ਦੇ ਪਤੀ ਕਾਂਗਰਸ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਸ਼੍ਰੀ ਅਸ਼ੋਕ ਚੌਧਰੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ । ਉਨ੍ਹਾਂ ਇਸ ਦੌਰਾਨ ਮਜ਼ਦੂਰਾਂ ਦੇ ਹੱਕ ਵਿੱਚ ਹਾਂਅ ਦਾ ਨਾਅਰਾ ਮਾਰਦਿਆਂ ਤਮਾਮ ਮਜ਼ਦੂਰਾਂ ਨੂੰ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਕੀਤਾ । ਅਸ਼ੋਕ ਚੌਧਰੀ ਨੇ ਕਿਹਾ ਕਿ ਮਜ਼ਦੂਰਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਖ਼ੁਦ ਨੂੰ ਆਮ ਲੋਕਾਂ ਦੀ ਪਾਰਟੀ ਦੱਸਣ ਵਾਲੀ ਸੱਤਾਧਾਰੀ ਸਰਕਾਰ ਨੇ ਉਨ੍ਹਾਂ ਨਾਲ ਕੀ ਧੋਖਾ ਕੀਤਾ ਹੈ ਅਤੇ ਕਿਵੇਂ ਉਨ੍ਹਾਂ ਨੂੰ ਪਿਛਲੀਆਂ ਸਰਕਾਰਾਂ ਵੇਲੇ ਮਿਲਦੀਆਂ ਸਹੂਲਤਾਂ ਤੋਂ ਹੌਲੀ ਹੌਲੀ ਵਾਂਝਾ ਕਰ ਦਿੱਤਾ ਗਿਆ ਹੈ । ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਵੇਲੇ ਲੇਬਰ ਕਾਰਡ ਹੋਲਡਰ ਨੂੰ ਹਾਦਸਾ ਮੌਤ ਹੋਣ 'ਤੇ ਚਾਰ ਲੱਖ ਰੁਪਏ ਮੁਆਵਜ਼ੇ ਵਜੋਂ ਮਿਲਦੇ ਸਨ ਪਰ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਇਸ ਸਕੀਮ ਵਿੱਚ ਬਦਲਾਅ ਲਿਆਉਂਦਿਆਂ ਇਹ ਸਹੂਲਤ ਹੁਣ ਸਿਰਫ਼ ਉਨ੍ਹਾਂ ਮਜ਼ਦੂਰਾਂ ਨੂੰ ਦੇਣ ਦਾ ਫ਼ੈਸਲਾ ਕੀਤਾ ਹੈ ਜਿਨ੍ਹਾਂ ਦੀ ਮੌਤ ਦਿਹਾੜੀ 'ਤੇ ਕੰਮ ਕਰਦਿਆਂ ਦੌਰਾਨ ਹੋਵੇਗੀ । ਇਸੇ ਤਰ੍ਹਾਂ ਲੇਬਰ ਕਾਰਡ ਦੀ ਸਮਾਂ ਹੱਦ ਵੀ ਪੰਜ ਸਾਲ ਤੋਂ ਘਟਾ ਕੇ ਇੱਕ ਸਾਲ ਕਰ ਦਿੱਤੀ ਹੈ, ਜਿਸ ਨਾਲ ਮਜ਼ਦੂਰਾਂ ਦੀ ਪਰੇਸ਼ਾਨੀ ਤੇ ਖੱਜਲ-ਖੁਆਰੀ 'ਚ ਭਾਰੀ ਵਾਧਾ ਹੋਇਆ ਹੈ ।। ਇਸ ਮੌਕੇ ਜ਼ੋਨ ਇੰਚਾਰਜ ਭੁਪਿੰਦਰ ਸਿੰਘ ਸੇਖਵਾਂ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਹੀਰਾ ਲਾਲ ਪੱਖੋਵਾਲ, ਸੁਭਾਸ਼ ਮੇਘੀਆਂ, ਬਲਵਿੰਦਰ ਕਲੌਂਤਰਾ, ਰਮੇਸ਼ ਕਲੌਂਤਰਾ, ਸ਼ਾਮ ਸੁੰਦਰ ਲੱਕੀ, ਬਲਦੇਵ ਸੁਲਤਾਨੀ, ਅਮਰਜੀਤ ਅੰਬੀ, ਸਰਪੰਚ ਰੂਪ ਲਾਲ, ਚਿਮਨ ਲਾਲ ਕਾਲੌਨੀ, ਸਾਂਗਾ ਰਾਮ, ਬਾਲ ਕ੍ਰਿਸ਼ਨ, ਰਾਜੇਸ਼ ਕੁਮਾਰ, ਮਦਨ ਲਾਲ ਕੋਠੇ, ਮਲਕੀਤ ਸਿੰਘ ਗਵਾਲੀਆ, ਮਦਨ ਲਾਲ ਸੰਮੂਚੱਕ, ਇੰਦਰਜੀਤ ਕੈਂਪ, ਸੁਰਿੰਦਰ ਕੁਮਾਰ ਮੰਜ, ਅਸ਼ੋਕ ਕੁਮਾਰ ਮਗਰਾਲਾ, ਤੋਂ ਇਲਾਵਾ ਵੱਡੀ ਗਿਣਤੀ ਚ ਮਜ਼ਦੂਰ ਹਾਜ਼ਰ ਸਨ ।

## ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਨਵੇਂ ਜਨਰਲ ਮੈਨੇਜਰ ਦਾ ਸਨਮਾਨ



ਅਮ੍ਰਿਤਸਰ, 1 ਮਈ ( ਬਬਲੂ ਮਹਾਜਨ) :ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਵ ਨਿਯੁਕਤ ਜਨਰਲ ਮੈਨੇਜਰ ਸਰਦਾਰ ਮੇਜਰ ਸਿੰਘ ਨੂੰ ਵਿਸ਼ੇਸ਼ ਸਮਾਗਮ ਦੌਰਾਨ ਸਿਰੋਪਾ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਗੁਰਦੁਆਰਾ ਪ੍ਰਬੰਧਨ ਵੱਲੋਂ ਉਨ੍ਹਾਂ ਦੀ ਨਿਯੁਕਤੀ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਉਨ੍ਹਾਂ ਦੀ ਭਵਿੱਖੀ ਸੇਵਾ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ਇੱਥੇ ਇਹ ਦੱਸਣ ਯੋਗ ਹੈ ਕਿ ਸਰਦਾਰ ਮੇਜਰ ਸਿੰਘ ਪਹਿਲਾਂ ਵੀ ਗੁਰਦੁਆਰਾ ਪ੍ਰਬੰਧਕ ਅਧੀਨ ਆਉਂਦੇ ਕਈ ਅਹਿਮ ਅਹੁਦਿਆਂ 'ਤੇ ਸੇਵਾ ਨਿਭਾ ਚੁੱਕੇ ਹਨ, ਜਿਨ੍ਹਾਂ ਕਰਕੇ ਉਹਨਾਂ ਨੂੰ ਗੁਰਦੁਆਰਾ ਪ੍ਰਬੰਧਾਂ ਦਾ ਵੱਡਾ ਤਜਰਬਾ ਹਾਸਲ ਹੈ। ਇਸ ਦੌਰਾਨ ਸਰਦਾਰ ਗੁਰਪ੍ਰੀਤ ਸਿੰਘ ਮੈਨੇਜਰ ਸਰਾਵਾਂ, ਆਜ਼ਾਦਵਿੰਦਰ ਸਿੰਘ ਰੰਘੀ ਗੁਰਦੁਆਰਾ ਸੰਤੋਖਸਰ ਸਾਹਿਬ,ਭਾਈ ਹਰਜੀਤ ਸਿੰਘ ਸੋਹੀ ਇੰਚਾਰਜ ਭਾਈ ਗੁਰਦਾਸ ਹਾਲ, ਸੁਰਿੰਦਰ ਸਿੰਘ ਕਲਾਨੌਰ ਅਤੇ ਭਾਈ ਵਰਿਆਮ ਸਿੰਘ ਸਮੇਤ ਹੋਰ ਸੰਗਤਾਂ ਨੇ ਭਾਗ ਲਿਆ।

## ਇੰਟਰਨੈਸ਼ਨਲ ਫ਼ਤਿਹ ਅਕੈਡਮੀ ਦੇ 90 ਫੀਸਦੀ ਤੋਂ ਉੱਪਰ ਅੰਕਾਂ ਨਾਲ ਚਮਕੇ ਹੋਣਹਾਰ ਵਿਦਿਆਰਥੀ : ਚੇਅਰਮੈਨ



ਜੰਡਿਆਲਾ ਗੁਰੂ, 1 ਮਈ (ਰਾਮ ਸ਼ਰਨਜੀਤ ਸਿੰਘ): ਇੰਟਰਨੈਸ਼ਨਲ ਫ਼ਤਿਹ ਅਕੈਡਮੀ ਨੇ ਸੈਸ਼ਨ 2025-26 ਦੇ (ਦਸਵੀਂ) ਅਤੇ (ਬਾਰਹਵੀਂ) ਬੋਰਡ ਪ੍ਰੀਖਿਆਵਾਂ ਵਿੱਚ ਸੌ ਫ਼ੀਸਦੀ ਨਤੀਜੇ ਪ੍ਰਾਪਤ ਕਰਕੇ ਆਪਣੀ ਅਕਾਦਮਿਕ ਮਹਾਨਤਾ ਨੂੰ ਹੋਰ ਉੱਚਾਈਆਂ 'ਤੇ ਪਹੁੰਚਾਇਆ ਹੈ। ਇਹ ਵਿਲੱਖਣ ਪ੍ਰਾਪਤੀ ਸੰਸਥਾ ਦੀ ਉੱਚ ਪੱਧਰੀ ਸਿੱਖਿਆ, ਅਨੁਸ਼ਾਸਨ, ਸਮਰਪਣ ਅਤੇ ਦੂਰਅੰਦੇਸ਼ੀ ਪ੍ਰਬੰਧਨ ਦਾ ਸ਼ਾਨਦਾਰ ਪ੍ਰਮਾਣ ਹੈ।ਇਸ ਗੌਰਵਮਈ ਪ੍ਰਾਪਤੀ ਵਿੱਚ: 27 ਵਿਦਿਆਰਥੀਆਂ ਨੇ 90% ਤੋਂ ਵੱਧ ਅੰਕ ਪ੍ਰਾਪਤ ਕੀਤੇ 25 ਵਿਦਿਆਰਥੀਆਂ ਨੇ 80% ਤੋਂ ਵੱਧ ਅੰਕ ਹਾਸਲ ਕੀਤੇ 20 ਵਿਦਿਆਰਥੀਆਂ ਨੇ 70% ਤੋਂ ਵੱਧ ਅੰਕ ਪ੍ਰਾਪਤ ਕੀਤੇ ਸਾਰੇ ਵਿਦਿਆਰਥੀ ਸਫਲਤਾਪੂਰਵਕ ਉਤੀਰਨ ਰਹ ਕਲਾਸ ਬਾਰਹਵੀਂ ਵਿੱਚ ਸਵਰੀਤ ਕੌਰ ਨੇ 95.67% ਅੰਕ ਪ੍ਰਾਪਤ ਕਰਕੇ ਸੰਸਥਾ ਦਾ ਮਾਣ ਵਧਾਇਆ ਅਤੇ ਆਪਣੀ ਵਿਲੱਖਣ ਪ੍ਰਤਿਭਾ ਨਾਲ ਵਿਸ਼ੇਸ਼ ਸਥਾਨ ਹਾਸਲ ਕੀਤਾ।ਚੇਅਰਮੈਨ ਸਰਦਾਰ ਜਗਬੀਰ ਸਿੰਘ ਜੀ ਅਤੇ ਚੇਅਰਪਰਸਨ ਸ੍ਰੀਮਤੀ ਰਵਿੰਦਰ ਕੌਰ ਜੀ ਨੇ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਨੂੰ ਦਿਲੋਂ ਵਧਾਈ ਦਿੰਦਿਆਂ ਕਿਹਾ ਕਿ ਇਹ ਅਦਭੁੱਤ ਨਤੀਜੇ ਸਿਰਫ਼ ਅੰਕਾਂ ਦੀ ਸਫਲਤਾ ਨਹੀਂ, ਸਗੋਂ ਸੰਸਥਾ ਦੀ ਦੂਰਦਰਸ਼ੀ ਸੋਚ, ਉੱਚ ਸਿੱਖਿਆ ਮਿਆਰ ਅਤੇ ਸਰਵਪੱਖੀ ਵਿਕਾਸ ਪ੍ਰਤੀ ਅਟੱਲ ਵਚਨਬੱਧਤਾ ਦਾ ਜੀਵੰਤ ਪ੍ਰਤੀਕ ਹਨ। ਉਨ੍ਹਾਂ ਕਿਹਾ ਕਿ ਇੰਟਰਨੈਸ਼ਨਲ ਫ਼ਤਿਹ ਅਕੈਡਮੀ ਹਰ ਵਿਦਿਆਰਥੀ ਨੂੰ ਸਿਰਫ਼ ਵਿਦਵਾਨ ਨਹੀਂ, ਸਗੋਂ ਉੱਚ ਸੰਸਕਾਰਾਂ ਅਤੇ ਮਜ਼ਬੂਤ ਸ਼ਖਸੀਅਤ ਵਾਲੇ ਭਵਿੱਖ ਦੇ ਆਗੂ ਵਜੋਂ ਤਿਆਰ ਕਰ ਰਹੀ ਹੈ।ਪ੍ਰਿੰਸੀਪਲ ਅਨੁਪਮ ਦੇਵਗਨ ਨੇ ਸਾਰੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੰਦਿਆਂ ਇਸ ਵਿਸ਼ੇਸ਼ ਉਪਲਬਧੀ ਨੂੰ ਸਾਂਝੀ ਮਿਹਨਤ, ਅਕਾਦਮਿਕ ਨਿਸ਼ਠਾ ਅਤੇ ਪ੍ਰੇਰਣਾਦਾਇਕ ਮਾਰਗਦਰਸ਼ਨ ਦਾ ਨਤੀਜਾ ਦੱਸਿਆ।ਇਹ ਇਤਿਹਾਸਕ ਸਫਲਤਾ ਇੰਟਰਨੈਸ਼ਨਲ ਫ਼ਤਿਹ ਅਕੈਡਮੀ ਨੂੰ ਇੱਕ ਮਾਣਯੋਗ, ਪ੍ਰਮੁੱਖ ਅਤੇ ਵਿਸ਼ਵਾਸਯੋਗ ਸਿੱਖਿਆ ਸੰਸਥਾ ਵਜੋਂ ਹੋਰ ਮਜ਼ਬੂਤੀ ਨਾਲ ਸਥਾਪਿਤ ਕਰਦੀ ਹੈ, ਜੋ ਹਰ ਵਿਦਿਆਰਥੀ ਦੇ ਸੁਪਨਿਆਂ ਨੂੰ ਨਵੀਆਂ ਉੱਚਾਈਆਂ ਬਖ਼ਸ਼ਣ ਲਈ ਨਿਰੰਤਰ ਸਮਰਪਿਤ ਹੈ।

## ਜਾਅਲੀ ਕਾਗ਼ਜ਼ਾਤ ਦੇ ਆਧਾਰ 'ਤੇ ਨੌਕਰੀ ਕਰਦੇ ਵਿਅਕਤੀ ਵਿਰੁੱਧ ਕਾਰਵਾਈ ਦੀ ਮੰਗ

ਬਾਬਾ ਬਕਾਲਾ ਸਾਹਿਬ, 1 ਮਈ (ਬਲਰਾਜ ਸਿੰਘ ਰਾਜਾ) :ਨਗਰ ਪੰਚਾਇਤ ਰਈਆ ਵਿੱਚ ਸਰਕਾਰੀ ਬਾਬੂਆਂ ਦੀ ਕਥਿਤ ਮਿਲੀਭੁਗਤ ਨਾਲ ਜਾਅਲੀ ਕਾਗਜ਼ਾਤ ਦੇ ਆਧਾਰ 'ਤੇ ਨੌਕਰੀ ਕਰਦੇ ਵਿਅਕਤੀ ਖ਼ਿਲਾਫ਼ ਐੱਸ.ਡੀ.ਐੱਮ ਬਾਬਾ ਬਕਾਲਾ ਸਾਹਿਬ ਦੇ ਕੋਲ ਮ੍ਰਿਤਕ ਦੇ ਭਰਾ ਨੇ ਸ਼ਿਕਾਇਤ ਦਰਜ ਕਰਵਾਈ ਹੈ ।ਪ੍ਰਾਪਤ ਜਾਣਕਾਰੀ ਅਨੁਸਾਰ ਮ੍ਰਿਤਕ ਰਕੇਸ਼ ਕੁਮਾਰ ਦੇ ਭਰਾ ਦੀਪੂ ਪੁੱਤਰ ਗੁੱਠੀਆ ਨੇ ਜਸ਼ਨਜੀਤ ਸਿੰਘ ਐੱਸ.ਡੀ ਐੱਮ ਬਾਬਾ ਬਕਾਲਾ ਸਾਹਿਬ ਨੂੰ ਲਿਖਤੀ ਸ਼ਿਕਾਇਤ ਦੇ ਦੀਆਂ ਦੱਸਿਆ ਕਿ ਮੇਰਾ ਭਰਾ ਰਕੇਸ਼ ਨਗਰ ਪੰਚਾਇਤ ਰਈਆ ਵਿੱਚ ਰੈਗੂਲਰ ਸਫ਼ਾਈ ਕਰਮਚਾਰੀ ਦੀ ਪੱਕੀ ਨੌਕਰੀ ਕਰਦਾ ਸੀ, ਜਿਸ ਦੀ 29 ਜਨਵਰੀ 2024 ਨੂੰ ਮੌਤ ਹੋ ਗਈ । ਉਹ ਕੁਆਰਾ ਸੀ, ਜਿਸ ਬਾਰੇ ਨਗਰ ਪੰਚਾਇਤ ਰਈਆ ਦੇ ਸਾਰੇ ਕਰਮਚਾਰੀਆਂ ਨੂੰ ਪਤਾ ਸੀ ਅਤੇ ਮੈ ਆਪਣੇ ਮ੍ਰਿਤਕ ਭਰਾ ਦਾ ਇਕੱਲਾ ਕਾਨੂੰਨੀ ਵਾਰਿਸ ਹਾਂ ।ਨਗਰ ਪੰਚਾਇਤ ਦੇ ਕਰਮਚਾਰੀਆਂ ਵੱਲੋਂ ਮੇਰੇ ਭਰਾ ਦੀ ਮੌਤ ਤੋਂ ਬਾਅਦ ਗੱਬਰ ਪੁੱਤਰ ਲੱਖੀਂ ਵਾਸੀ ਧਿਆਨਪੁਰ ਨੇ ਆਪਣੇ ਹੋਰ ਸਾਥੀਆ ਨਾਲ ਮਿਲੀਭੁਗਤ ਕਰਕੇ ਮੇਰੇ ਭਰਾ ਦੀ ਮੌਤ ਦਾ ਸਰਟੀਫਿਕੇਟ ਬਣਾ ਲਿਆ, ਜਿਸ ਵਿੱਚ ਕਿਸੇ ਸਮਿਤਰੀ ਦੇਵੀ ਨੂੰ ਉਸ ਦੀ ਪਤਨੀ ਲਿਖਾ ਦਿੱਤਾ ਅਤੇ ਬਾਅਦ ਵਿੱਚ ਨਗਰ ਪੰਚਾਇਤ ਰਈਆ ਦੇ ਮੁਲਾਜ਼ਮਾਂ / ਕਲਰਕਾਂ ਨਾਲ ਮਿਲੀਭੁਗਤ ਕਰਕੇ ਗੱਬਰ ਸਿੰਘ ਨੇ ਨਗਰ ਪੰਚਾਇਤ ਵਿੱਚ ਮੇਰੇ ਮ੍ਰਿਤਕ ਭਰਾ ਦੀ ਜਗਾ ਤਰਸ ਦੇ ਆਧਾਰ 'ਤੇ ਨੌਕਰੀ ਲੈ ਲਈ ਹੈ । ਮੈਨੂੰ ਪਤਾ ਲੱਗਣ 'ਤੇ ਮੈਂ ਮੁੱਖ ਮੰਤਰੀ ਪੰਜਾਬ, ਡਿਪਟੀ ਕਮਿਸ਼ਨਰ ਅੰਮ੍ਰਿਤਸਰ ਅਤੇ ਹੋਰ ਉੱਚ ਅਧਿਕਾਰੀਆਂ ਨੂੰ ਦਰਖਾਸਤਾਂ ਦਿੱਤੀਆਂ ਤਾਂ ਨਗਰ ਪੰਚਾਇਤ ਰਈਆ ਦੇ ਕਲਰਕਾਂ ਨੇ ਮੈਨੂੰ ਡਰਾਇਆ ਧਮਕਾਇਆ ।ਇਨ੍ਹਾਂ ਨੇ ਆਪਸੀ ਮਿਲੀਭੁਗਤ ਨਾਲ ਮੇਰੇ ਮ੍ਰਿਤਕ ਭਰਾ ਰਕੇਸ਼ ਕੁਮਾਰ ਦੇ ਗ਼ਲਤ ਤਰੀਕੇ ਜਾਅਲੀ ਕਾਗ਼ਜ਼ਾਤ ਦੇ ਆਧਾਰ ਤੇ ਫ਼ੰਡ ਕਢਵਾ ਕੇ ਹੜੱਪ ਕਰਕੇ ਸਰਕਾਰ ਨੂੰ ਵੀ ਚੂਨਾ ਲਾਇਆ ਹੈ । ਹੁਣ ਦੁਬਾਰਾ ਈ .ਓ ਨਗਰ ਪੰਚਾਇਤ ਰਈਆ ਅਤੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੂੰ ਦਰਖਾਸਤਾਂ ਵੀ ਭੇਜੀਆਂ ਹਨ ਪਰ ਮੇਰੀਆਂ ਦਰਖਾਸਤਾਂ ਤੇ ਕੋਈ ਵੀ ਕਾਰਵਾਈ ਨਹੀਂ ਹੋਈ ਦਫ਼ਤਰ ਦੇ ਕਲਰਕ ਮੈਨੂੰ ਦਬਕੇ ਮਾਰ ਕੇ ਮੇਰੇ ਕੋਲੋਂ ਖ਼ਾਲੀ ਕਾਗ਼ਜ਼ਾਤ 'ਤੇ ਦਸਤਖ਼ਤ ਕਰਵਾਉਂਦੇ ਹਨ । ਦੀਪੂ ਨੇ ਐੱਸ.ਡੀ.ਐੱਮ ਸਾਹਿਬ ਨੂੰ ਲਿਖਤੀ ਦਰਖਾਸਤ ਦੇ ਕੇ ਉਸ ਦੇ ਮ੍ਰਿਤਕ ਭਰਾ ਦੇ ਬਣਾਏ ਮੌਤ ਦੇ ਸਰਟੀਫਿਕੇਟ ਵਿੱਚ ਦਰਜ ਵਾਰਸ ਸਮਿਤਰੀ ਦੇਵੀ ਅਤੇ ਜਾਅਲੀ ਹੋਰ ਕਾਗ਼ਜ਼ਾਤ ਦੀ ਪੜਤਾਲ ਕਰਕੇ ਦੋਸ਼ੀਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਹੈ। ਇਸ ਮਾਮਲੇ ਸਬੰਧੀ ਸ੍ਰੀ ਅਨਿਲ ਚੋਪੜਾ ਈ.ਓ ਨਗਰ ਪੰਚਾਇਤ ਰਈਆ ਨਾਲ ਗੱਲਬਾਤ ਵੀ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਮੈ ਸ਼ਿਕਾਇਤ ਕਰਤਾ ਨੂੰ ਆਪਣੇ ਦਫ਼ਤਰ ਪੱਤਰ ਭੇਜ ਕੇ ਬੁਲਾਇਆ ਸੀ ਪਰ ਉਹ ਆਪਣੀ ਸ਼ਿਕਾਇਤ ਦੀ ਪੜਤਾਲ ਦੇ ਸਬੰਧ ਵਿੱਚ ਦਫ਼ਤਰ ਨਹੀਂ ਆਇਆ ।ਦੀਪੂ ਦੀ ਸ਼ਿਕਾਇਤ ਤੇ ਐੱਸ.ਡੀ ਐੱਮ ਬਾਬਾ ਬਕਾਲਾ ਸਾਹਿਬ ਜਸ਼ਨਜੀਤ ਸਿੰਘ ਨੇ ਇਸ ਮਾਮਲੇ ਦੀ ਪੜਤਾਲ ਦੇ ਹੁਕਮ ਜਾਰੀ ਕੀਤੇ ਹਨ ।

## ਮਾਰਚ 2026 ਵਿੱਚ ਹੋਈਆਂ ਬੋਰਡ ਪ੍ਰੀਖਿਆਵਾਂ ਦਾ ਨਤੀਜਾ ਐਲਾਨਿਆ ਗਿਆ

ਚੋਹਲਾ ਸਾਹਿਬ, 1 ਮਈ ( ਭਗਤ ਸਿੰਘ ਸੰਧੂ ) : ਗੁਰੂ ਗੋਬਿੰਦ ਸਿੰਘ ਕਾਨਵੈਂਟ ਸਕੂਲ, ਸੋਹਾਵਾ, ਹਾਲ ਹੀ ਵਿੱਚ ਹੋਈਆਂ ਬੋਰਡ ਪ੍ਰੀਖਿਆਵਾਂ ਵਿੱਚ ਆਪਣੇ ਵਦਿਆਰਥੀਆਂ ਦੇ ਸ਼ਾਨਦਾਰ ਪ੍ਰਦਰਸ਼ਨ ਦਾ ਮਾਣ ਨਾਲ ਐਲਾਨ ਕਰਦਾ ਹੈ। ਸਕੂਲ ਨੇ ਇੱਕ ਵਾਰ ਫਿਰ 10ਵੀਂ ਅਤੇ 12ਵੀਂ ਜਮਾਤ ਦੋਵਾਂ ਵਿੱਚ ਸ਼ਾਨਦਾਰ ਨਤੀਜਿਆਂ ਨਾਲ ਆਪਣੀ ਅਕਾਦਮਿਕ ਉੱਤਮਤਾ ਦੀ ਪਰੰਪਰਾ ਨੂੰ ਬਰਕਰਾਰ ਰੱਖਿਆ ਹੈ।ਦਸਵੀਂ ਜਮਾਤ ਵਿੱਚ, ਮਨਬੀਰ ਕੌਰ ਨੇ 95.8% ਪ੍ਰਭਾਵਸ਼ਾਲੀ ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਸਨੇਹਪ੍ਰੀਤ ਕੌਰ ਨੇ 91% ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ, ਜਦੋਂ ਕਿ ਰਵਨੀਤ ਕੌਰ ਨੇ 90.6% ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ।ਬਾਰ੍ਹਵੀਂ ਜਮਾਤ ਵਿੱਚ, ਕਾਮਰਸ ਸਟ੍ਰੀਮ ਵਿੱਚੋਂ, ਮਹਿਕਪ੍ਰੀਤ ਕੌਰ ਨੇ 78.5, ਨਾਨ-ਮੈਡੀਕਲ ਸਟ੍ਰੀਮ ਵਿੱਚ, ਤਮਨਪ੍ਰੀਤ ਕੌਰ ਨੇ 77% ਅੰਕ ਪ੍ਰਾਪਤ ਕੀਤੇ ਅਤੇ ਸ਼ਲਾਘਾਯੋਗ ਪ੍ਰਦਰਸ਼ਨ ਕੀਤਾ। ਮੈਡੀਕਲ ਸਟ੍ਰੀਮ ਵਿੱਚ, ਨਵਦੀਪ ਨੇ 74.5% ਪ੍ਰਾਪਤ ਕੀਤੇ, . ਸਕੂਲ ਪ੍ਰਬੰਧਨ ਅਤੇ ਸਟਾਫ ਨੇ ਸਾਰੇ ਪ੍ਰਾਪਤੀਆਂ ਕਰਨ ਵਾਲਿਆਂ ਨੂੰ ਉਨ੍ਹਾਂ ਦੀ ਸਖ਼ਤ ਮਿਹਨਤ ਅਤੇ ਸਮਰਪਣ ਲਈ ਵਧਾਈ ਦਿੱਤੀ। ਉਨ੍ਹਾਂ ਨੇ ਅਧਿਆਪਕਾਂ ਅਤੇ ਮਾਪਿਆਂ ਦੇ ਨਿਰੰਤਰ ਸਮਰਥਨ ਅਤੇ ਮਾਰਗਦਰਸ਼ਨ ਲਈ ਯਤਨਾਂ ਦੀ ਵੀ ਸ਼ਲਾਘਾ ਕੀਤੀ। ਸਾਰੇ ਸਟਾਫ ਨੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਤੇ ਮਾਣ ਪ੍ਰਗਟ ਕੀਤਾ ਅਤੇ ਉਨ੍ਹਾਂ ਨੂੰ ਆਪਣੇ ਭਵਿੱਖ ਦੇ ਯਤਨਾਂ ਵਿੱਚ ਉੱਤਮਤਾ ਲਈ ਯਤਨਸ਼ੀਲ ਰਹਿਣ ਲਈ ਉਤਸ਼ਾਹਿਤ ਕੀਤਾ।ਇਹ ਨਤੀਜੇ ਗੁਰੂ ਗੋਬਿੰਦ ਸਿੰਘ ਕਾਨਵੈਂਟ ਸਕੂਲ, ਸੋਹਾਵਾ ਦੀ ਗੁਣਵੱਤਾ ਵਾਲੀ ਸਿੱਖਿਆ ਅਤੇ ਸਟਾਫ ਦੀ ਸਖ਼ਤ ਮਿਹਨਤ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦੇ ਹਨ, ਜਿਸ ਵਿੱਚ ਸਕੂਲ ਪ੍ਰਬੰਧਨ ਦੇ ਡੂੰਘੇ ਸਮਰਥਨ ਦੇ ਨਾਲ-ਨਾਲ ਇਸਦੇ ਵਿਦਿਆਰਥੀਆਂ ਦੇ ਸੰਪੂਰਨ ਵਿਕਾਸ ਸ਼ਾਮਲ ਹੈ।

## ਕਮਿਸ਼ਨਰ ਬਿਕਰਮਜੀਤ ਸਿੰਘ ਸ਼ੇਰਗਿੱਲ ਵੱਲੋਂ ਜਨਗਣਨਾ 2027 ਲਈ ਜਾਗਰੂਕਤਾ ਮੁਹਿੰਮ ਦੀ ਸ਼ੁਰੂਆਤ

ਅੰਮ੍ਰਿਤਸਰ, 1 ਮਈ (ਗੁਰਦਿਆਲ ਸਿੰਘ) :ਨਗਰ ਨਿਗਮ ਅੰਮ੍ਰਿਤਸਰ ਦੇ ਕਮਿਸ਼ਨਰ ਸ਼੍ਰੀ ਬਿਕਰਮਜੀਤ ਸਿੰਘ ਸ਼ੇਰਗਿਲ ਨੇ ਅੱਜ ਜਨਗਣਨਾ 2027 ਲਈ ਜਾਗਰੂਕਤਾ ਮੁਹਿੰਮ ਦੀ ਸ਼ੁਰੂਆਤ ਕਰਨ ਲਈ ਉੱਚ ਸਤਰ ਦੀ ਮੀਟਿੰਗ ਦੀ ਅਗਵਾਈ ਕੀਤੀ। ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਉਨ੍ਹਾਂ ਨੇ ਮੇਰੀ ਭਾਗੀਦਾਰੀ, ਮੇਰਾ ਮਾਣ ਥੀਮ ਹੇਠ ਡਿਜਿਟਲ ਡਾਟਾ ਇਕੱਠਾ ਕਰਨ ਦੀ ਮਹੱਤਤਾ ਉੱਤੇ ਜ਼ੋਰ ਦਿੱਤਾ।ਇਸ ਮੁਹਿੰਮ ਦੀ ਸਫਲਤਾ ਲਈ ਅੱਜ ਦੋਹਰਾ ਟ੍ਰੇਨਿੰਗ ਪ੍ਰੋਗਰਾਮ ਕਰਵਾਇਆ ਗਿਆ। ਇੱਕ ਮਾਸਟਰ ਟ੍ਰੇਨਰ ਵੱਲੋਂ ਵਿਭਾਗੀ ਅਧਿਕਾਰੀਆਂ ਲਈ ਤਕਨੀਕੀ ਸੈਸ਼ਨ ਕਰਵਾਇਆ ਗਿਆ, ਜਿਸ ਵਿੱਚ ਮੋਬਾਈਲ ਐਪਲੀਕੇਸ਼ਨ ਅਤੇ ਸੈਲਫ-ਐਨਯੂਮਰੇਸ਼ਨ ਪੋਰਟਲ ਦੀ ਜਾਣਕਾਰੀ ਦਿੱਤੀ ਗਈ। ਇਸ ਦੇ ਨਾਲ ਹੀ ਅੰਮ੍ਰਿਤਸਰ ਦੇ ਮਾਨਯੋਗ ਕੌਂਸਲਰਾਂ ਲਈ ਆਨਲਾਈਨ ਟ੍ਰੇਨਿੰਗ ਸੈਸ਼ਨ ਕਰਵਾਇਆ ਗਿਆ, ਜਿਸ ਰਾਹੀਂ ਉਹਨਾਂ ਨੂੰ ਆਪਣੇ ਵਾਰਡਾਂ ਵਿੱਚ ਲੋਕਾਂ ਨੂੰ ਮਾਰਗਦਰਸ਼ਨ ਦੇਣ ਅਤੇ ਮੁਹਿੰਮ ਦੀ ਨਿਗਰਾਨੀ ਕਰਨ ਲਈ ਤਿਆਰ ਕੀਤਾ ਗਿਆ।ਕਮਿਸ਼ਨਰ ਵੱਲੋਂ ਜਨਗਣਨਾ ਦੀ ਸਮਾਂ-ਸਾਰਣੀ ਵੀ ਜਾਰੀ ਕੀਤੀ ਗਈ:* ਸਵੈ-ਗਿਣਤੀ ਚਰਨ: 30 ਅਪ੍ਰੈਲ ਤੋਂ 14 ਮਈ 2026 ਤੱਕ ਨਾਗਰਿਕ ਅਧਿਕਾਰਿਕ ਪੋਰਟਲ 'ਤੇ ਆਪਣੀ ਜਾਣਕਾਰੀ ਭਰ ਸਕਦੇ ਹਨ।* ਘਰ-ਸੂਚੀਕਰਨ ਅਤੇ ਹਾਊਸਿੰਗ ਜਨਗਣਨਾ: 15 ਮਈ ਤੋਂ 13 ਜੂਨ 2026 ਤੱਕ ਮੋਬਾਈਲ ਐਪ ਰਾਹੀਂ ਕਰਵਾਈ ਜਾਵੇਗੀ।* ਅਬਾਦੀ ਗਿਣਤੀ: ਅੰਤਿਮ ਗਿਣਤੀ ਫਰਵਰੀ 2027 ਵਿੱਚ ਕੀਤੀ ਜਾਵੇਗੀ।ਸ਼੍ਰੀ ਸ਼ੇਰਗਿਲ ਨੇ ਕਿਹਾ ਕਿ ਇਹ ਜਨਗਣਨਾ ਵਿਕਸਿਤ ਭਾਰਤ 0 2047 ਦੇ ਸੁਪਨੇ ਨੂੰ ਸਾਕਾਰ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ। ਉਨ੍ਹਾਂ ਨੇ ਨਾਗਰਿਕਾਂ ਨੂੰ ਆਨਲਾਈਨ ਸਵੈ-ਗਿਣਤੀ ਸਹੂਲਤ ਦਾ ਵੱਧ ਤੋਂ ਵੱਧ ਲਾਭ ਲੈਣ ਦੀ ਅਪੀਲ ਕੀਤੀ, ਜੋ ਕਿ ®“♦ ਆਧਾਰਿਤ ਸੁਰੱਖਿਅਤ ਲਾਗਇਨ ਪ੍ਰਣਾਲੀ ਨਾਲ ਹੈ। ਉਨ੍ਹਾਂ ਨੇ ਕਿਹਾ, ਸਾਡੇ ਕੌਂਸਲਰਾਂ ਦੀ ਸਰਗਰਮ ਭੂਮਿਕਾ ਨਾਲ ਅਸੀਂ ਹਰ ਘਰ ਤੱਕ ਪਹੁੰਚ ਬਣਾਵਾਂਗੇ। ਜੋ ਨਾਗਰਿਕ ਸਵੈ-ਗਿਣਤੀ ਪੂਰੀ ਕਰ ਲੈਣ, ਉਹ ਆਪਣੀ ਸੰਭਾਲ ਕੇ ਰੱਖਣ ਅਤੇ ਫੀਲਡ ਵਿਜ਼ਿਟ ਦੌਰਾਨ ਗਿਣਤੀ ਕਰਨ ਵਾਲੇ ਕਰਮਚਾਰੀ ਨਾਲ ਸਾਂਝੀ ਕਰਨ।ਕਮਿਸ਼ਨਰ ਨੇ ਭਰੋਸਾ ਦਿਵਾਇਆ ਕਿ ਇਕੱਠੀ ਕੀਤੀ ਗਈ ਸਾਰੀ ਜਾਣਕਾਰੀ ਜਨਗਣਨਾ ਐਕਟ ਦੀ ਧਾਰਾ 15 ਅਧੀਨ ਪੂਰੀ ਤਰ੍ਹਾਂ ਗੁਪਤ ਰਹੇਗੀ ਅਤੇ ਸਿਰਫ਼ ਦੇਸ਼ ਦੇ ਵਿਕਾਸ ਲਈ ਵਰਤੀ ਜਾਵੇਗੀ। ਜਨਗਣਨਾ ਐਕਟ, 1948 ਅਨੁਸਾਰ ਸਹੀ ਜਾਣਕਾਰੀ ਦੇਣਾ ਹਰ ਨਾਗਰਿਕ ਦੀ ਜ਼ਿੰਮੇਵਾਰੀ ਹੈ।ਅੰਤ ਵਿੱਚ, ਉਨ੍ਹਾਂ ਨੇ ਨਿਗਮ ਦੇ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਹਦਾਇਤ ਕੀਤੀ ਕਿ ਟ੍ਰੇਨਿੰਗ ਦਾ ਪੂਰਾ ਲਾਭ ਲੈਂਦੇ ਹੋਏ ਇਸ ਰਾਸ਼ਟਰੀ ਮੁਹਿੰਮ ਵਿੱਚ 100% ਭਾਗੀਦਾਰੀ ਯਕੀਨੀ ਬਣਾਈ ਜਾਵੇ।

## ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦਾ 32ਵਾਂ ਸਥਾਪਨਾ ਦਿਵਸ ਮਨਾਇਆ

ਅੰਮ੍ਰਿਤਸਰ, 1 ਮਈ (ਬਬਲੂ ਮਹਾਜਨ) : ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ 32ਵੇਂ ਸਥਾਪਨਾ ਦਿਵਸ ਦੇ ਸਬੰਧ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਇਸ ਮੌਕੇ ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਪਾਰਟੀ ਦੇ ਇਤਿਹਾਸ ਅਤੇ ਸਾਲ 1994 ਦੇ 'ਅੰਮ੍ਰਿਤਸਰ ਐਲਾਨਨਾਮੇ' 'ਤੇ ਵਿਸਥਾਰ ਨਾਲ ਰੌਸ਼ਨੀ ਪਾਈ।ਮਾਨ ਨੇ ਕਿਹਾ ਕਿ ਉਸ ਸਮੇਂ ਦੇ ਕਈ ਪ੍ਰਮੁੱਖ ਆਗੂ, ਜਿਨ੍ਹਾਂ ਨੇ ਅਸਲ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਇਸ ਐਲਾਨਨਾਮੇ ਨੂੰ ਬਰਕਰਾਰ ਰੱਖਣ ਦੀ ਸਹੁੰਚੁੱਕੀ ਸੀ, ਬਾਅਦ ਵਿੱਚ ਕੇਂਦਰ ਸਰਕਾਰ ਦੇ ਦਬਾਅ ਕਾਰਨ ਕਾਂਗਰਸ, ਭਾਜਪਾ ਜਾਂ ਬਾਦਲ ਦਲ ਵਰਗੀਆਂ ਮੁੱਖ ਧਾਰਾ ਦੀਆਂ ਰਾਜਨੀਤਿਕ ਪਾਰਟੀਆਂ ਵਿੱਚ ਸ਼ਾਮਲ ਹੋ ਗਏ, ਜੋ ਕਿ ਦੁਖਦਾਈ ਹੈ।ਉਨ੍ਹਾਂ ਇਨ੍ਹਾਂ ਘਟਨਾਵਾਂ ਦੇ ਇਤਿਹਾਸਕ ਮਹੱਤਵ 'ਤੇ ਜ਼ੋਰ ਦਿੰਦਿਆਂ ਸੁਝਾਅ ਦਿੱਤਾ ਕਿ 'ਅੰਮ੍ਰਿਤਸਰ ਐਲਾਨਨਾਮੇ' ਦਾ ਅਸਲ ਦਸਤਾਵੇਜ਼, ਜੋ ਇਸ ਸਮੇਂ ਉਸ ਵੇਲੇ ਦੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਭਾਈ ਮਨਜੀਤ ਸਿੰਘ ਕੋਲ ਵਿਦੇਸ਼ ਵਿੱਚ ਸੁਰੱਖਿਅਤ ਹੈ, ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਲਾਇਬ੍ਰੇਰੀ ਵਿੱਚ ਸੰਭਾਲ ਕੇ ਰੱਖਿਆ ਜਾਣਾ ਚਾਹੀਦਾ ਹੈ, ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਇਹ ਇਤਿਹਾਸਕ ਵਿਰਾਸਤ ਬਣੀ ਰਹੇ।ਮਾਨ ਨੇ ਸਿੱਖ ਆਗੂਆਂ ਦੇ ਕਤਲਾਂ ਸਬੰਧੀ ਕਥਿਤ ਅੰਤਰਰਾਸ਼ਟਰੀ ਸਾਜ਼ਿਸ਼ਾਂ ਦਾ ਵੀ ਜ਼ਿਕਰ ਕਰਦਿਆਂ ਕਿਹਾ ਕਿ ਇਨ੍ਹਾਂ ਘਟਨਾਵਾਂ ਵਿੱਚ ਭਾਰਤ ਸਰਕਾਰ ਦੀ ਸੰਭਾਵਿਤ ਭੂਮਿਕਾ ਦੀ ਨਿਰਪੱਖ ਅਤੇ ਉੱਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਅਮਰੀਕਾ ਵਿੱਚ ਵਸਦੇ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਸਰਕਾਰ 'ਤੇ ਦਬਾਅ ਪਾਉਣ ਤਾਂ ਜੋ ਜ਼ਿੰਮੇਵਾਰ ਅਧਿਕਾਰੀਆਂ ਦੀ ਜਵਾਬਦੇਹੀ ਤੈਅ ਕੀਤੀ ਜਾ ਸਕੇ।

## ਆਲ ਪੰਜਾਬ ਰੇਹੜੀ ਫੜ੍ਹੀ ਯੂਨੀਅਨ ਵੱਲੋਂ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ

ਅੰਮ੍ਰਿਤਸਰ, 1 ਮਈ (ਬਬਲੂ ਮਹਾਜਨ) :ਮਜ਼ਦੂਰ ਦਿਵਸ ਦੇ ਮੌਕੇ ਤੇ ਆਲ ਪੰਜਾਬ ਰੇਹੜੀ ਫੜ੍ਹੀ ਯੂਨੀਅਨ ਦੇ ਪ੍ਰਧਾਨ ਡਾ. ਇੰਦਰਪਾਲ ਸਿੰਘ ਨੇ ਦੁਨੀਆ ਭਰ ਦੇ ਮਜ਼ਦੂਰਾਂ ਨੂੰ ਵਧਾਈ ਦਿੱਤੀ ਅਤੇ 1886 ਵਿੱਚ ਸ਼ਿਕਾਗੋ ਦੇ ਸ਼ਹੀਦਾਂ ਵੱਲੋਂ ਦਿੱਤੀਆਂ ਕੁਰਬਾਨੀਆਂ ਨੂੰ ਯਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਮਜ਼ਦੂਰਾਂ ਦੇ ਸੰਘਰਸ਼ ਦਾ ਹੀ ਨਤੀਜਾ ਸੀ ਕਿ 24 ਘੰਟੇ ਦੀ ਡਿਊਟੀ ਨੂੰ ਘਟਾ ਕੇ 8 ਘੰਟੇ ਕਰਵਾਇਆ ਗਿਆ ਸੀ ਅਤੇ ਮਜ਼ਦੂਰਾਂ ਦੇ ਖ਼ੂਨ ਨਾਲ ਲਾਲ ਹੋਇਆ ਝੰਡਾ ਅੱਜ ਵੀ ਉਨ੍ਹਾਂ ਦੀ ਹੋਂਦ ਦਾ ਪ੍ਰਤੀਕ ਹੈ।ਡਾ. ਇੰਦਰਪਾਲ ਨੇ ਕੇਂਦਰ ਦੀ ਮੋਦੀ ਸਰਕਾਰ ਤੇ ਤਿੱਖੇ ਨਿਸ਼ਾਨੇ ਸਾਧਦਿਆਂ ਕਿਹਾ ਕਿ ਮੌਜੂਦਾ ਸਰਕਾਰ ਨੇ ਸਰਮਾਏਦਾਰਾਂ ਅਤੇ ਅਡਾਨੀ-ਅੰਬਾਨੀ ਵਰਗੇ ਘਰਾਣਿਆਂ ਨੂੰ ਲਾਭ ਪਹੁੰਚਾਉਣ ਲਈ ਪੁਰਾਣੇ ਕਿਰਤ ਕਾਨੂੰਨਾਂ ਨੂੰ ਖਤਮ ਕਰ ਦਿੱਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਹੁਣ ਡਿਊਟੀ ਦੇ ਘੰਟੇ 8 ਤੋਂ ਵਧਾ ਕੇ 12 ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ, ਜੋ ਕਿ ਮਜ਼ਦੂਰ ਜਮਾਤ ਨਾਲ ਸਰਾਸਰ ਬੇਇਨਸਾਫੀ ਹੈ। ਯੂਨੀਅਨ ਬਣਾਉਣ ਦੇ ਅਧਿਕਾਰਾਂ ਤੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਪਹਿਲਾਂ 8-12 ਬੰਦੇ ਮਿਲ ਕੇ ਯੂਨੀਅਨ ਬਣਾ ਸਕਦੇ ਸਨ, ਪਰ ਨਵੇਂ ਨਿਯਮਾਂ ਅਨੁਸਾਰ ਇਸ ਦੀ ਗਿਣਤੀ 100-200 ਕਰ ਦਿੱਤੀ ਗਈ ਹੈ, ਤਾਂ ਜੋ ਮਜ਼ਦੂਰ ਇਕੱਠੇ ਨਾ ਹੋ ਸਕਣ।ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਦੇ ਕਾਰਖਾਨਿਆਂ ਅਤੇ ਦੁਕਾਨਾਂ ਵਿੱਚ ਹਜ਼ਾਰਾਂ ਮਜ਼ਦੂਰ ਕੰਮ ਕਰ ਰਹੇ ਹਨ, ਪਰ ਉਨ੍ਹਾਂ ਨੂੰ ਨਾ ਤਾਂ ਬਣਦੀ ਤਨਖਾਹ ਮਿਲ ਰਹੀ ਹੈ ਅਤੇ ਨਾ ਹੀ ਈ.ਐਸ.ਆਈ. ਜਾਂ ਪੀ.ਐਫ. ਵਰਗੀਆਂ ਸਹੂਲਤਾਂ ਮਿਲ ਰਹੀਆਂ ਹਨ।

## ਸ਼੍ਰੋਮਣੀ ਅਕਾਲੀ ਦਲ ਵੱਲੋਂ ਬਿਜਲੀ ਦੇ ਅਣਐਲਾਨੇ ਕੱਟਾਂ ਖਿਲਾਫ ਰੋਸ ਪ੍ਰਦਰਸ਼ਨ




ਦੀਨਾਨਗਰ,1 ਮਈ (ਡਾ.ਰਮੇਸ਼ ਸਰੰਗਲ ) : ਪੰਜਾਬ ਵਿੱਚ ਬਿਜਲੀ ਦੇ ਅਣਐਲਾਨੇ ਕੱਟਾਂ ਤੋਂ ਪ੍ਰੇਸ਼ਾਨ ਸ਼੍ਰੋਮਣੀ ਅਕਾਲੀ ਦਲ ਸਰਕਲ ਦੀਨਾਨਗਰ ਦੇ ਵਰਕਰਾਂ ਵੱਲੋਂ ਸਰਦਾਰ ਸੁਖਬੀਰ ਸਿੰਘ ਬਾਦਲ ਦੇ ਦਿਸ਼ਾ ਨਿਰਦੇਸ਼ ਅਨੁਸਾਰ ਸਰਕਲ ਪ੍ਰਧਾਨ ਠਾਕੁਰ ਪ੍ਰਵੀਨ ਚੌਧਰੀ ਦੀ ਅਗਵਾਈ ਹੇਠ ਬਿਜਲੀ ਦਫਤਰ ਦੀਨਾਨਗਰ ਵਿਖੇ ਰੋਸ਼ ਪ੍ਰਦਰਸ਼ਨ ਕੀਤਾ ਗਿਆ । ਜਿਸ ਵਿੱਚ ਸ੍ਰੋਮਣੀ ਅਕਾਲੀ ਦਲ ਦੇ ਦੀਨਾਨਗਰ ਤੋਂ ਹਲਕਾ ਇੰਚਾਰਜ ਕਮਲਜੀਤ ਚਾਵਲਾ ਅਤੇ ਸਰਪੰਚ ਦਲਬੀਰ ਸਿੰਘ ਬਿੱਲਾ ਭਟੋਆ ਨੇ ਉਚੇਚੇ ਤੌਰ 'ਤੇ ਧਰਨੇ 'ਚ ਸ਼ਮੂਲੀਅਤ ਕੀਤੀ। ਇਸ ਮੌਕੇ ਤੇ ਧਰਨੇ ਦੌਰਾਨ ਵੱਖ ਵੱਖ ਆਗੂਆਂ ਨੇ ਕਿਹਾ ਕਿ ਆਪ ਸਰਕਾਰ ਨੇ ਗਰਮੀਆਂ ਦੇ ਮੌਸਮ ਵਿੱਚ ਬਿਜਲੀ ਦੇ ਅਣਐਲਾਨੇ ਕੱਟ ਲਗਾ ਕੇ ਲੋਕਾਂ ਦਾ ਜੀਣਾ ਹਰਾਮ ਕੀਤਾ ਹੋਇਆ ਹੈ। ਜਿਸ ਕਾਰਨ ਲੋਕਾਂ ਵਿੱਚ ਮੌਜੂਦਾ ਸਰਕਾਰ ਖਿਲਾਫ ਭਾਰੀ ਰੋਸ਼ ਪਾਇਆ ਜਾ ਰਿਹਾ ਹੈ। ਇਸ ਮੌਕੇ ਤੇ ਵੱਡੀ ਗਿਣਤੀ ਚ ਸ੍ਰੋਮਣੀ ਅਕਾਲੀ ਦਲ ਦੇ ਵਰਕਰਾਂ ਅਤੇ ਅਹੁਦੇਦਾਰਾਂ ਨੇ ਭਾਗ ਲਿਆ ।

## ਸ਼੍ਰੋਮਣੀ ਅਕਾਲੀ ਦਲ ਵੱਲੋਂ ਪੰਜਾਬ ਸਰਕਾਰ ਖਿਲਾ.ਫ ਚੋਹਲਾ ਸਾਹਿਬ ਵਿਖੇ ਵਿਸ਼ਾਲ ਰੋਸ ਧਰਨਾ

### ਟਕਸਾਲੀ ਅਤੇ ਜ਼ਿਲ੍ਹਾ ਲੀਡਰਸ਼ਿਪ ਨੇ ਦਿੱਤਾ ਮੁਕੰਮਲ ਇਕਜੁੱਟਤਾ ਦਾ ਸਬੂਤ

ਤਰਨ ਤਾਰਨ, 1 ਮਈ (ਗੁਰਦਿਆਲ ਸਿੰਘ ) : ਪੰਜਾਬ ਵਿੱਚ ਲੱਗ ਰਹੇ ਅਣਐਲਾਨੇ ਬਿਜਲੀ ਕੱਟਾਂ ਅਤੇ ਮੌਜੂਦਾ ਸੂਬਾ ਸਰਕਾਰ ਦੀਆਂ ਨਾਕਾਮੀਆਂ ਖਿਲਾਫ਼ ਅੱਜ ਸ਼੍ਰੋਮਣੀ ਅਕਾਲੀ ਦਲ ਵੱਲੋਂ ਬਿਜਲੀ ਘਰ ਚੋਹਲਾ ਸਾਹਿਬ ਵਿਖੇ ਇੱਕ ਵਿਸ਼ਾਲ ਰੋਸ ਧਰਨਾ ਦਿੱਤਾ ਗਿਆ। ਇਹ ਰੋਸ ਪ੍ਰਦਰਸ਼ਨ ਜ਼ਿਲ੍ਹਾ ਪ੍ਰਧਾਨ ਜਥੇ: ਅਲਵਿੰਦਰਪਾਲ ਸਿੰਘ ਪੱਖੋਕੇ ਦੀ ਯੋਗ ਅਗਵਾਈ ਅਤੇ ਰਹਿਨੁਮਾਈ ਹੇਠ ਆਯੋਜਿਤ ਕੀਤਾ ਗਿਆ, ਜਿਸ ਵਿੱਚ ਸਮੁੱਚੀ ਖਡੂਰ ਸਾਹਿਬ ਦੀ ਜ਼ਿਲ੍ਹਾ ਜਥੇਬੰਦੀ ਅਤੇ ਟਕਸਾਲੀ ਆਗੂਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਪਾਰਟੀ ਦੀ ਮਜ਼ਬੂਤੀ ਅਤੇ ਜ਼ਮੀਨੀ ਪੱਧਰ ਤੇ ਮੁਕੰਮਲ ਏਕੇ ਦਾ ਸਬੂਤ ਦਿੱਤਾ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਸ. ਰਵਿੰਦਰ ਸਿੰਘ ਬ੍ਰਹਮਪੁਰਾ (ਸਾਬਕਾ ਵਿਧਾਇਕ ਅਤੇ ਮੀਤ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ) ਨੇ ਸੰਬੋਧਨ ਕਰਦਿਆਂ ਕਿਹਾ ਕਿ ਅਕਾਲੀ ਦਲ ਹਮੇਸ਼ਾ ਪੰਜਾਬ ਦੇ ਹੱਕਾਂ ਲਈ ਡਟ ਕੇ ਪਹਿਰਾ ਦਿੰਦਾ ਰਿਹਾ ਹੈ ਅਤੇ ਅੱਜ ਦਾ ਇਹ ਭਾਰੀ ਇਕੱਠ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਪਾਰਟੀ ਦੇ ਅਸਲ ਵਾਰਸ ਅਤੇ ਟਕਸਾਲੀ ਵਰਕਰ ਪੂਰੀ ਤਰ੍ਹਾਂ ਇਕਜੁੱਟ ਹਨ। ਇਸ ਵਿਸ਼ਾਲ ਧਰਨੇ ਵਿੱਚ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਨੇ ਹਾਜ਼ਰੀ ਭਰੀ ਜਿਨ੍ਹਾਂ ਵਿੱਚ ਮੁੱਖ ਤੌਰ ਤੇ ਜਥੇ: ਗੁਰਬਚਨ ਸਿੰਘ ਕਰਮੂੰਵਾਲਾ (ਐਸ.ਜੀ.ਪੀ.ਸੀ. ਮੈਂਬਰ), ਜਥੇ: ਦਲਬੀਰ ਸਿੰਘ ਜਹਾਂਗੀਰ (ਮੀਤ ਪ੍ਰਧਾਨ), ਗੁਰਸੇਵਕ ਸਿੰਘ ਸ਼ੇਖ (ਕੋਰ ਕਮੇਟੀ ਮੈਂਬਰ ਯੂਥ ਅਕਾਲੀ ਦਲ), ਜਗਜੀਤ ਸਿੰਘ ਜੱਗੀ (ਜ਼ਿਲ੍ਹਾ ਪ੍ਰਧਾਨ ਯੂਥ ਅਕਾਲੀ ਦਲ), ਜਗਤਾਰ ਸਿੰਘ ਧੂੰਦਾ (ਜ਼ਿਲ੍ਹਾ ਪ੍ਰਧਾਨ ਐਸ.ਸੀ. ਵਿੰਗ), ਮਨਜਿੰਦਰ ਸਿੰਘ ਲਾਟੀ (ਜ਼ਿਲ੍ਹਾ ਪ੍ਰਧਾਨ ਬੀ.ਸੀ. ਵਿੰਗ), ਗਿਆਨ ਸਿੰਘ (ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ), ਜਗੀਰ ਕੌਰ ਮਾਨੋਚਾਹਲ ਮੈਂਬਰ ਜ਼ਿਲ੍ਹਾ ਪਰਿਸ਼ਦ, ਦਿਲਬਾਗ ਸਿੰਘ ਕਾਹਲਵਾਂ (ਸਰਪੰਚ), ਚੇਅਰਮੈਨ ਅਮਰੀਕ ਸਿੰਘ ਪੱਖੋਕੇ, ਅਵਤਾਰ ਸਿੰਘ ਰੇਮੰਡ (ਮੈਂਬਰ ਪੰਚਾਇਤ), ਇੰਦਰ ਸਿੰਘ ਬਾਠ, ਕੰਵਰਦੀਪ ਸਿੰਘ ਬ੍ਰਹਮਪੁਰਾ, ਰਘਬੀਰ ਸਿੰਘ ਬ੍ਰਹਮਪੁਰਾ, ਪਰਮਜੀਤ ਸਿੰਘ ਬਾਠ (ਬਲਾਕ ਸੰਮਤੀ ਮੈਂਬਰ), ਸਰਪੰਚ ਅਮਰੀਕ ਸਿੰਘ ਚੋਹਲਾ ਸਾਹਿਬ, ਦਲੇਰ ਸਿੰਘ ਕਰਮੂਵਾਲਾ (ਬਲਾਕ ਸੰਮਤੀ ਮੈਂਬਰ), ਰਣਜੀਤ ਸਿੰਘ ਰਾਣਾ (ਸਰਪੰਚ ਭੱਠਲ ਸਿਹਜਾ ਸਿੰਘ), ਗੁਰਮੀਤ ਸਿੰਘ (ਸਰਪੰਚ ਰਾਣੀ ਵਲਾਹ), ਦਵਿੰਦਰ ਸਿੰਘ (ਸਰਪੰਚ ਵਰ੍ਹਿਆਂ), ਰੇਸ਼ਮ ਸਿੰਘ ਸੰਘਾ, ਲਖਵਿੰਦਰ ਸਿੰਘ ਕੱਦ ਗਿੱਲ (ਬਲਾਕ ਸੰਮਤੀ ਮੈਂਬਰ), ਹੀਰਾ ਸਿੰਘ ਦੇਊ, ਬਲਦੇਵ ਸਿੰਘ (ਚੇਅਰਮੈਨ ਪੰਡੋਰੀ ਗੋਲ੍ਹਾ), ਬਿਕਰਮਜੀਤ ਸਿੰਘ ਬਾਗੜੀਆ, ਇੰਦਰਜੀਤ ਸਿੰਘ (ਸਰਪੰਚ ਕਰਮੂਵਾਲਾ), ਸੁਰਿੰਦਰ ਸਿੰਘ ਸ਼ਿੰਦਾ (ਬਲਾਕ ਸੰਮਤੀ ਮੈਂਬਰ), ਰਤਨ ਸਿੰਘ ਫ਼ਤਿਹਾਬਾਦ, ਕੁਲਦੀਪ ਸਿੰਘ (ਮੈਂਬਰ ਪੰਚਾਇਤ), ਕਪੂਰ ਸਿੰਘ (ਸਰਪੰਚ ਘੜਕਾ), ਗੁਰਵਿੰਦਰ ਸਿੰਘ ਬੱਲ (ਘੜਕਾ), ਜਗਰੂਪ ਸਿੰਘ ਪਖੋਪੁਰ, ਜੁਝਾਰ ਸਿੰਘ ਘੜਕਾ (ਬਲਾਕ ਸੰਮਤੀ ਮੈਂਬਰ), ਸ਼ਿੰਗਾਰਾ ਸਿੰਘ (ਸਰਪੰਚ ਵਰ੍ਹਿਆਂ ਨਵਾਂ), ਜਗਰੂਪ ਸਿੰਘ (ਸਰਪੰਚ ਭੱਠਲ ਭਾਈਕੇ), ਦਲਬੀਰ ਸਿੰਘ (ਸਾਬਕਾ ਸਰਪੰਚ ਚੋਹਲਾ ਸਾਹਿਬ), ਡਾਕਟਰ ਜਤਿੰਦਰ ਸਿੰਘ, ਜਸਵੰਤ ਸਿੰਘ ਜੱਟਾਂ ਕੱਦ ਗਿੱਲ, ਲਖਵਿੰਦਰ ਸਿੰਘ ਕੱਦ ਗਿੱਲ, ਹਰਵੰਤ ਸਿੰਘ ਬਾਗੜੀਆ, ਹਰਜਿੰਦਰ ਸਿੰਘ ਆੜ੍ਹਤੀਆ, ਪਰਮਜੀਤ ਸਿੰਘ, ਰਣਜੀਤ ਸਿੰਘ ਕਵੀਸ਼ਰ, ਨਰਿੰਦਰ ਸਿੰਘ (ਸਾਬਕਾ ਸਰਪੰਚ ਖਡੂਰ ਸਾਹਿਬ), ਸੁਖਜਿੰਦਰ ਸਿੰਘ ਲਾਡੀ ਖਡੂਰ ਸਾਹਿਬ, ਜਥੇਦਾਰ ਮੇਘ ਸਿੰਘ, ਰਣਜੀਤ ਸਿੰਘ ਪੱਪੂ, ਕਸ਼ਮੀਰ ਸਿੰਘ, ਗੁਰਮੀਤ ਸਿੰਘ (ਸਾਬਕਾ ਸਰਪੰਚ), ਹਰਦੀਪ ਸਿੰਘ ਫੌਜੀ (ਸਾਬਕਾ ਸਰਪੰਚ ਰਾਣੀ ਵੱਲਾਹ), ਸੁਖਜਿੰਦਰ ਸਿੰਘ ਬਿੱਟੂ (ਸਰਪੰਚ ਪਾਖੋਪੁਰ), ਚੰਦ ਸਿੰਘ ਭੈਲ, ਚਰਨਜੀਤ ਸਿੰਘ ਭੈਲ ਆਦਿ ਹਾਜ਼ਰ ਸਨ।ਸਿਆਸੀ ਹਲਕਿਆਂ ਵਿੱਚ ਇਸ ਧਰਨੇ ਦੀ ਭਾਰੀ ਚਰਚਾ ਹੈ ਕਿਉਂਕਿ ਖਡੂਰ ਸਾਹਿਬ ਦੀ ਸਮੂਚੀ ਜ਼ਿਲ੍ਹਾ ਜਥੇਬੰਦੀ, ਸ਼੍ਰੋਮਣੀ ਕਮੇਟੀ ਮੈਂਬਰਾਂ ਅਤੇ ਪਿੰਡਾਂ ਦੇ ਚੁਣੇ ਹੋਏ ਨੁਮਾਇੰਦਿਆਂ ਦੀ ਐਨੀ ਵੱਡੀ ਅਤੇ ਸਾਂਝੀ ਸ਼ਮੂਲੀਅਤ ਨੇ ਇਹ ਸਪੱਸ਼ਟ ਸੰਦੇਸ਼ ਦੇ ਦਿੱਤਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੀ ਅਸਲ ਰੀੜ੍ਹ ਦੀ ਹੱਡੀ ਉਸਦੇ ਸਮਰਪਿਤ ਅਤੇ ਟਕਸਾਲੀ ਆਗੂ ਹੀ ਹਨ। ਇਹ ਇਕਜੁੱਟਤਾ ਦਰਸਾਉਂਦੀ ਹੈ ਕਿ ਪਾਰਟੀ ਦੀ ਜ਼ਮੀਨੀ ਪੱਧਰ ਤੇ ਪਕੜ ਬਹੁਤ ਮਜ਼ਬੂਤ ਹੈ ਅਤੇ ਅਕਾਲੀ ਦਲ ਦੇ ਵਫ਼ਾਦਾਰ ਸਿਪਾਹੀ ਪਾਰਟੀ ਦੇ ਸਿਧਾਂਤਾਂ ਤੇ ਪਹਿਰਾ ਦੇਣ ਲਈ ਹਰ ਫ਼ਰੰਟ ਤੇ ਤਿਆਰ-ਬਰ-ਤਿਆਰ ਹਨ।

## ਡਰੱਗ ਤੇ ਸਮਾਜਿਕ-ਆਰਥਿਕ ਜਨਗਣਨਾ ਸਬੰਧੀ ਸੁਪਰਵਾਈਜ਼ਰਾਂ ਅਤੇ ਗਿਣਤੀਕਾਰਾਂ ਦੀ ਹੋਈ ਟ੍ਰੇਨਿੰਗ

ਤਰਨ ਤਾਰਨ, 1 ਮਈ (ਪੁਸ਼ਪਿੰਦਰ ਬੰਟੀ ਗੁਰਵਿੰਦਰ ਸਿੰਘ ) : ਡਾਇਰੈਕਟਰ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਪੰਜਾਬ ਦੀਆਂ ਹਦਾਇਤਾਂ ਅਤੇ ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਾਹੁਲ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਅੱਜ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਤਰਨ ਤਾਰਨ ਵਿਖੇ ਡਰੱਗ ਤੇ ਸਮਾਜਿਕ-ਆਰਥਿਕ ਜਨਗਣਨਾ ਸਬੰਧੀ ਹਲਕਾ ਤਰਨ ਤਾਰਨ ਦੇ ਸੁਪਰਵਾਈਜ਼ਰਾਂ ਅਤੇ ਗਿਣਤੀਕਾਰਾਂ ਦੀ ਟ੍ਰੇਨਿੰਗ ਕਰਵਾਈ ਗਈ। ਉੱਪ ਮੰਡਲ ਮੈਜਿਸਟਰੇਟ ਤਰਨ ਤਾਰਨ ਡਾ. ਕਰਨਵੀਰ ਸਿੰਘ ਦੀ ਅਗਵਾਈ ਹੇਠ ਕਰਵਾਈ ਗਈ ਇਸ ਟ੍ਰੇਨਿੰਗ ਦੌਰਾਨ ਮਾਸਟਰ ਟ੍ਰੇਨਰਾਂ ਵੱਲੋਂ ਸੁਪਰਵਾਈਜ਼ਰਾਂ ਅਤੇ ਗਿਣਤੀਕਾਰਾਂ ਨੂੰ ਵਿਸਥਾਰਪੂਰਵਕ ਟ੍ਰੇਨਿੰਗ ਦਿੱਤੀ ਗਈ।ਉੱਪ ਮੰਡਲ ਮੈਜਿਸਟਰੇਟ ਡਾ. ਕਰਨਵੀਰ ਸਿੰਘ ਨੇ ਇਸ ਦੌਰਾਨ ਦੱਸਿਆ ਕਿ ਇਸ ਜਨਗਣਨਾ ਦਾ ਮੁੱਖ ਉਦੇਸ਼ ਨਸ਼ਿਆਂ ਨਾਲ ਸੰਬੰਧਿਤ ਹਾਲਾਤ ਅਤੇ ਲੋਕਾਂ ਦੀ ਸਮਾਜਿਕ-ਆਰਥਿਕ ਸਥਿਤੀ ਬਾਰੇ ਸਹੀ ਅਤੇ ਤਾਜ਼ਾ ਡਾਟਾ ਇਕੱਠਾ ਕਰਨਾ ਹੈ, ਤਾਂ ਜੋ ਸਰਕਾਰ ਵੱਲੋਂ ਲੋਕ-ਭਲਾਈ ਯੋਜਨਾਵਾਂ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾ ਸਕੇ। ਉਨ੍ਹਾਂ ਪਾਰਦਰਸ਼ਤਾ, ਅੰਕੜਿਆਂ ਦੀ ਸਟੀਕਤਾ ਅਤੇ ਨਿਰਧਾਰਿਤ ਸਮਾਂ-ਸੀਮਾਵਾਂ ਦੀ ਸਖ਼ਤੀ ਨਾਲ ਪਾਲਣਾ 'ਤੇ ਵੀ ਜ਼ੋਰ ਦਿੱਤਾ। ਇਸ ਦੌਰਾਨ ਉਨ੍ਹਾਂ ਜਨਗਣਨਾ ਐਕਟ ਤਹਿਤ ਮਾਪਦੰਡਾਂ, ਪਰਿਭਾਸ਼ਾਵਾਂ ਅਤੇ ਪ੍ਰਕਿਰਿਆਵਾਂ ਦੀ ਪੂਰੀ ਪਾਲਣਾ ਕਰਨ ਦੇ ਨਿਰਦੇਸ਼ ਦਿੱਤੇ।

ਰੋਜ਼ਾਨਾ ਚੜ੍ਹਦੀਕਲਾ
# ਸਿਹਤ ਖ਼ਬਰਨਾਮਾ

## ਪੌਸ਼ਕ ਤੱਤਾਂ ਦਾ ਖ਼ਜ਼ਾਨਾ ਹੈ 'ਫਲਾਂ ਦਾ ਰਾਜਾ' ਅੰਬ!

ਗਰਮੀਆਂ ਦਾ ਮੌਸਮ ਆਉਂਦੇ ਹੀ ਜਿਸ ਚੀਜ਼ ਦਾ ਸਭ ਨੂੰ ਬੇਸਬਰੀ ਨਾਲ ਇੰਤਜ਼ਾਰ ਹੁੰਦਾ ਹੈ, ਉਹ ਹੈ ਅੰਬ। ਆਪਣੀ ਮਿਠਾਸ ਅਤੇ ਲਾਜਵਾਬ ਸਵਾਦ ਕਾਰਨ ਇਸ ਨੂੰ ਫਲਾਂ ਦਾ ਰਾਜਾ ਕਿਹਾ ਜਾਂਦਾ ਹੈ ਪਰ ਕੀ ਤੁਸੀਂ ਜਾਣਦੇ ਹੋ ਕਿ ਸਵਾਦ ਦੇ ਨਾਲ-ਨਾਲ ਅੰਬ ਪੌਸ਼ਕ ਤੱਤਾਂ ਦਾ ਖ਼ਜ਼ਾਨਾ ਵੀ ਹੈ? ਮਾਹਿਰਾਂ ਅਨੁਸਾਰ, ਅੰਬ 'ਚ ਵਿਟਾਮਿਨ-ਏ, ਸੀ ਅਤੇ ਕਈ ਜ਼ਰੂਰੀ ਐਂਟੀ-ਆਕਸੀਡੈਂਟਸ ਹੁੰਦੇ ਹਨ ਜੋ ਸਰੀਰ ਨੂੰ ਕਈ ਗੰਭੀਰ ਬਿਮਾਰੀਆਂ ਤੋਂ ਬਚਾਉਂਦੇ ਹਨ।



**ਅੱਖਾਂ ਦੀ ਰੌਸ਼ਨੀ ਵਧਾਏ** ; ਅੰਬ 'ਚ ਭਰਪੂਰ ਮਾਤਰਾ 'ਚ ਵਿਟਾਮਿਨ-ਏ ਹੁੰਦਾ ਹੈ, ਜੋ ਅੱਖਾਂ ਦੀ ਸਿਹਤ ਲਈ ਵਰਦਾਨ ਹੈ।

**ਇਮਿਊਨਿਟੀ ਬੂਸਟਰ** ; ਵਿਟਾਮਿਨ-ਸੀ ਅਤੇ ਬੀ-6 ਨਾਲ ਭਰਪੂਰ ਹੋਣ ਕਾਰਨ ਅੰਬ ਸਰੀਰ ਦੀ ਰੋਗਾਂ ਨਾਲ ਲੜਨ ਦੀ ਸ਼ਕਤੀ ਨੂੰ ਵਧਾਉਂਦਾ ਹੈ, ਜਿਸ ਨਾਲ ਤੁਸੀਂ ਵਾਰ-ਵਾਰ ਬਿਮਾਰ ਨਹੀਂ ਹੁੰਦੇ।

**ਚਮੜੀ 'ਚ ਲਿਆਵੇ ਕੁਦਰਤੀ ਨਿਖਾਰ** ; - ਅੰਬ ਖਾਣ ਨਾਲ ਚਿਹਰੇ 'ਤੇ ਨੈਚੁਰਲ ਗਲੋਅ ਆਉਂਦਾ ਹੈ। ਇਹ ਡੈੱਡ ਸਕਿਨ ਸੈਲਸ ਨੂੰ ਠੀਕ ਕਰਨ ਅਤੇ ਮੁਹਾਸਿਆਂ ਨੂੰ ਘਟਾਉਣ 'ਚ ਮਦਦ ਕਰਦਾ ਹੈ।

**ਪਾਚਨ ਸ਼ਕਤੀ ਕਰੇ ਮਜ਼ਬੂਤ** ; - ਅੰਬ 'ਚ ਅਜਿਹੇ ਐਂਜ਼ਾਈਮ ਹੁੰਦੇ ਹਨ ਜੋ ਪ੍ਰੋਟੀਨ ਨੂੰ ਤੋੜਨ 'ਚ ਮਦਦ ਕਰਦੇ ਹਨ। ਇਸ 'ਚ ਮੌਜੂਦ ਫਾਈਬਰ ਕਬਜ਼ ਵਰਗੀਆਂ ਸਮੱਸਿਆਵਾਂ ਨੂੰ ਦੂਰ ਰੱਖਦਾ ਹੈ।

**ਕੋਲੇਸਟ੍ਰੋਲ ਕੰਟਰੋਲ ਕਰੇ** ; ਅੰਬ 'ਚ ਮੌਜੂਦ ਪੈਕਟਿਨ ਅਤੇ ਫਾਈਬਰ ਖ਼ੂਨ 'ਚ ਮਾੜੇ ਕੋਲੇਸਟ੍ਰੋਲ ਦੇ ਪੱਧਰ ਨੂੰ ਘੱਟ ਕਰਨ 'ਚ ਮਦਦਗਾਰ ਸਾਬਤ ਹੁੰਦੇ ਹਨ।

**ਸਾਵਧਾਨੀ ਵੀ ਹੈ ਜ਼ਰੂਰੀ** : ਅੰਬ ਦਾ ਪੂਰਾ ਫਾਇਦਾ ਲੈਣ ਲਈ ਇਸ ਨੂੰ ਹਮੇਸ਼ਾ ਸੀਮਤ ਮਾਤਰਾ 'ਚ ਖਾਓ। ਸ਼ੂਗਰ ਦੇ ਮਰੀਜ਼ਾਂ ਨੂੰ ਅੰਬ ਖਾਣ ਤੋਂ ਪਹਿਲਾਂ ਆਪਣੇ ਡਾਕਟਰ ਦੀ ਸਲਾਹ ਜ਼ਰੂਰ ਲੈਣੀ ਚਾਹੀਦੀ ਹੈ ਕਿਉਂਕਿ ਇਸ 'ਚ ਕੁਦਰਤੀ ਸ਼ੂਗਰ ਦੀ ਮਾਤਰਾ ਜ਼ਿਆਦਾ ਹੁੰਦੀ ਹੈ।



ਆਮ ਆਦਮੀ ਪਾਰਟੀ ਦੇ ਹਲਕਾ ਸਨੌਰ ਤੋਂ ਇੰਚਾਰਜ ਰਣਜੋਤ ਸਿੰਘ ਹਡਾਣਾ 'ਪਦਮਸ਼੍ਰੀ' ਡਾ. ਜਗਜੀਤ ਸਿੰਘ ਦਰਦੀ ਚੇਅਰਮੈਨ ਚੜ੍ਹਦੀਕਲਾ ਮੀਡੀਆ ਗਰੁੱਪ ਦਾ ਹਾਲ-ਚਾਲ ਜਾਣਨ ਲਈ ਆਪਣੇ ਸਾਥੀਆਂ ਸਮੇਤ ਪਹੁੰਚੇ। ਬੀਤੇ ਦਿਨੀਂ ਉਨ੍ਹਾਂ ਦੇ ਅਚਨਚੇਤ ਸੱਟ ਲੱਗੀ, ਪਰ ਵਾਹਿਗੁਰੂ ਦਾ ਸ਼ੁਕਰ ਹੈ ਕਿ ਬਚਾਅ ਹੋ ਗਿਆ। ਗੱਲਬਾਤ ਦੌਰਾਨ ਉਨ੍ਹਾਂ ਨੇ ਸਿੱਖੀ ਇਤਿਹਾਸ ਦੇ ਕਈ ਖਾਸ ਪਹਿਲੂਆਂ ਬਾਰੇ ਵੀ ਗੱਲਬਾਤ ਸਾਂਝੀ ਕੀਤੀ, ਜੋ ਸਦਾ ਯਾਦਗਾਰ ਰਹੇਗੀ। ਅਰਦਾਸ ਕਰਦੇ ਹਾਂ ਕਿ ਸ੍. ਦਰਦੀ ਜਲਦੀ ਤੰਦਰੁਸਤ ਹੋ ਕੇ ਲੋਕਾਂ ਦੇ ਮੁੜ ਰੂ-ਬ-ਰੂ ਹੁਣ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਚੜ੍ਹਦੀਕਲਾ ਟਾਈਮ ਟੀਵੀ ਦੇ ਡਾਇਰੈਕਟਰ ਸ੍. ਹਰਪ੍ਰੀਤ ਸਿੰਘ ਦਰਦੀ, ਪਰਮਜੀਤ ਸਿੰਘ, ਅਮਰਜੀਤ ਸਿੰਘ ਸਰਤਾਜ ਵੱਲੋਂ ਧਾਰਮਿਕ ਪੁਸਤਕ ਭੇਟ ਕੀਤੀ ਗਈ। ਵਿਸ਼ੇਸ਼ ਤੌਰ 'ਤੇ ਪੁੱਜੇ ਹਰਪ੍ਰੀਤ ਸਿੰਘ ਘੁੰਮਣ ਵਾਈਸ ਚੇਅਰਮੈਨ, ਦਵਿੰਦਰ ਸਿੰਘ ਮਾੜ੍ਹੂ, ਅਮਰਿੰਦਰ ਸਿੰਘ ਰਾਠੀਆ ਸਰਪੰਚ, ਰਾਮਇੰਦਰ ਸਿੰਘ ਜਮਨਾ, ਗੁਰਦੇਵ ਸਿੰਘ ਵਿਰਕ ਵੀ ਹਾਜ਼ਰ ਸਨ।



ਪੰਜਾਬ ਦੇ ਰਾਜਪਾਲ ਅਤੇ ਯੂਟੀ ਚੰਡੀਗੜ੍ਹ ਦੇ ਪ੍ਰਸ਼ਾਸਕ, ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਭਾਰਤ ਦੇ ਰਾਸ਼ਟਰਪਤੀ, ਸ਼੍ਰੀਮਤੀ ਦ੍ਰੌਪਦੀ ਮੁਰਮੂ ਦਾ ਚੰਡੀਗੜ੍ਹ ਹਵਾਈ ਅੱਡੇ 'ਤੇ ਨਿੱਘਾ ਸੁਆਗਤ ਕੀਤਾ ਅਤੇ ਸ਼ਿਮਲਾ ਤੋਂ ਦਿੱਲੀ ਦੇ ਟ੍ਰਾਂਜ਼ਿਟ ਪ੍ਰਵਾਸ ਦੇ ਦੌਰਾਨ ਉਨ੍ਹਾਂ ਨੂੰ ਸਨਮਾਨ ਸਹਿਤ ਵਿਦਾ ਕੀਤਾ।

### 'ਏਕ ਭਾਰਤ ਸ੍ਰੇਸ਼ਠ ਭਾਰਤ' ਦੀ ਭਾਵਨਾ ਪੰਜਾਬ ਲੋਕ ਭਵਨ ਵਿਖੇ ਮਨਾਈ

## ਭਾਰਤ ਮਜ਼ਦੂਰਾਂ ਅਤੇ ਰਾਜਾਂ ਦੀ ਸਮੂਹਿਕ ਤਾਕਤ ਨਾਲ 'ਵਿਕਸਤ ਭਾਰਤ 2047' ਵੱਲ ਵਧ ਰਿਹੈ: ਕਟਾਰੀਆ

ਚੰਡੀਗੜ੍ਹ, 1 ਮਈ (ਅੰਮ੍ਰਿਤਪਾਲ ਸਿੰਘ): ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਦੇ ਯੂਟੀ ਪ੍ਰਸ਼ਾਸਕ, ਸ਼੍ਰੀ ਗੁਲਾਬ ਚੰਦ ਕਟਾਰੀਆ, ਆਪਣੀ ਪਤਨੀ, ਸ਼੍ਰੀਮਤੀ ਅਨੀਤਾ ਕਟਾਰੀਆ ਦੇ ਨਾਲ, ਪੰਜਾਬ ਲੋਕ ਭਵਨ, ਚੰਡੀਗੜ੍ਹ ਵਿਖੇ ਮਹਾਰਾਸ਼ਟਰ, ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਦੇ ਸਥਾਪਨਾ ਦਿਵਸ ਸਮਾਰੋਹ (15 ਅਪ੍ਰੈਲ) ਵਿੱਚ ਸ਼ਾਮਲ ਹੋਏ। ਹਿਮਾਚਲ ਪ੍ਰਦੇਸ਼ ਦਾ ਸਥਾਪਨਾ ਦਿਵਸ ਕੁਝ ਕਾਰਨਾਂ ਕਰਕੇ 15 ਅਪ੍ਰੈਲ ਨੂੰ ਨਹੀਂ ਹੋ ਸਕਿਆ, ਪਰ ਇਹ ਅੱਜ ਮਹਾਰਾਸ਼ਟਰ ਅਤੇ ਗੁਜਰਾਤ ਦੇ ਨਾਲ ਮਨਾਇਆ ਗਿਆ। ਇਹ ਸਮਾਗਮ 'ਏਕ ਭਾਰਤ ਸ੍ਰੇਸ਼ਠ ਭਾਰਤ' ਦੇ ਦ੍ਰਿਸ਼ਟੀਕੋਣ ਤਹਿਤ ਆਯੋਜਿਤ ਕੀਤਾ ਗਿਆ ਸੀ, ਜਿਸਦਾ ਉਦੇਸ਼ ਭਾਸ਼ਾ, ਸੱਭਿਆਚਾਰ, ਪਰੰਪਰਾਵਾਂ ਅਤੇ ਵਿਰਾਸਤ ਦੇ ਆਦਾਨ-ਪ੍ਰਦਾਨ ਰਾਹੀਂ ਰਾਸ਼ਟਰੀ ਏਕਤਾ ਅਤੇ ਸੱਭਿਆਚਾਰਕ ਸਦਭਾਵਨਾ ਨੂੰ ਉਤਸ਼ਾਹਿਤ ਕਰਨਾ ਹੈ। ਪ੍ਰੋਗਰਾਮ ਦੀ ਸ਼ੁਰੂਆਤ ਮਹਾਰਾਸ਼ਟਰ ਦੇ ਰਾਜਪਾਲ ਸ਼੍ਰੀ ਸੀ.ਪੀ. ਰਾਧਾਕ੍ਰਿਸ਼ਨਨ ਦੇ ਵੀਡੀਓ ਸੰਦੇਸ਼ ਨਾਲ ਹੋਈ, ਇਸ ਤੋਂ ਬਾਅਦ ਮਹਾਰਾਸ਼ਟਰ ਦੀ ਵਿਰਾਸਤ, ਵਿਕਾਸ ਅਤੇ



ਪ੍ਰਾਪਤੀਆਂ 'ਤੇ ਇੱਕ ਦਸਤਾਵੇਜ਼ੀ ਫਿਲਮ ਦੀ ਸਕ੍ਰੀਨਿੰਗ ਕੀਤੀ ਗਈ। ਸ਼੍ਰੀ ਅਜੀਤ ਬਾਲਾਜੀ ਜੋਸ਼ੀ, ਆਈ.ਏ.ਐਸ. ਨੇ ਮਹਾਰਾਸ਼ਟਰ, ਸ਼੍ਰੀ ਧਰਮੇਸ਼ ਜੀਵਨੀ ਨੇ ਗੁਜਰਾਤ ਅਤੇ ਡਾ. ਏ.ਕੇ. ਅਤਰੀ ਨੇ ਹਿਮਾਚਲ ਪ੍ਰਦੇਸ਼ 'ਤੇ ਗੱਲ ਕੀਤੀ। ਉੱਤਰੀ ਜ਼ੋਨ ਸੱਭਿਆਚਾਰਕ ਕੇਂਦਰ (ਐਨਜ਼ੈਡਸੀਸੀ), ਪਟਿਆਲਾ ਦੁਆਰਾ ਤਿੰਨਾਂ ਰਾਜਾਂ ਦੀ ਲੋਕ-ਸੱਭਿਆਚਾਰਕ ਵਿਰਾਸਤ 'ਤੇ ਆਧਾਰਿਤ ਰੰਗੀਨ ਸੱਭਿਆਚਾਰਕ ਪ੍ਰਦਰਸ਼ਨ ਪੇਸ਼ ਕੀਤੇ ਗਏ। ਉਨ੍ਹਾਂ ਨੇ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਦੇ ਮੌਕੇ 'ਤੇ ਮਜ਼ਦੂਰਾਂ ਅਤੇ ਮਜ਼ਦੂਰਾਂ ਨੂੰ ਵਧਾਈ ਦਿੱਤੀ, ਉਨ੍ਹਾਂ ਨੂੰ ਰਾਸ਼ਟਰੀ ਤਰੱਕੀ ਦਾ ਅਧਾਰ ਦੱਸਿਆ। ਹਿਮਾਚਲ ਪ੍ਰਦੇਸ਼ ਬਾਰੇ ਰਾਜਪਾਲ ਨੇ ਕਿਹਾ ਕਿ ਇਹ ਰਾਜ ਸਾਖਰਤਾ, ਸਿੱਖਿਆ, ਸਿਹਤ, ਸੈਰ-ਸਪਾਟਾ, ਬਾਗਬਾਨੀ ਅਤੇ ਪਣ-ਬਿਜਲੀ ਦੇ ਖੇਤਰਾਂ ਵਿੱਚ ਇੱਕ ਮੋਹਰੀ ਅਤੇ ਪ੍ਰਗਤੀਸ਼ੀਲ ਰਾਜ ਵਜੋਂ ਉਭਰਿਆ ਹੈ। ਉਨ੍ਹਾਂ ਨੇ ਇਸਦੀ ਕੁਦਰਤੀ ਸੁੰਦਰਤਾ, ਅਧਿਆਤਮਿਕ ਵਿਰਾਸਤ, ਬਹਾਦਰ ਸੈਨਿਕਾਂ, ਦਸਤਕਾਰੀ, ਲੋਕ ਨਾਚਾਂ ਅਤੇ ਸ਼ਿਮਲਾ, ਮਨਾਲੀ, ਕੁੱਲੂ ਅਤੇ ਧਰਮਸ਼ਾਲਾ ਵਰਗੇ ਮਸ਼ਹੂਰ ਸੈਲਾਨੀ ਸਥਾਨਾਂ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਨਾਇਕਾਂ ਦੀ ਧਰਤੀ, ਹਿਮਾਚਲ ਪ੍ਰਦੇਸ਼ ਨੇ ਦੇਸ਼ ਨੂੰ ਮੇਜਰ ਸੋਮਨਾਥ ਸ਼ਰਮਾ, ਕੈਪਟਨ ਵਿਕਰਮ ਬੱਤਰਾ, ਰਾਈਫਲਮੈਨ ਸੰਜੇ ਕੁਮਾਰ ਅਤੇ ਕੈਪਟਨ ਸੌਰਭ ਕਾਲੀਆ ਵਰਗੇ ਬਹਾਦਰ ਪੁੱਤਰ ਦਿੱਤੇ ਹਨ।



ਚੜ੍ਹਦੀਕਲਾ ਟਾਈਮ ਟੀਵੀ ਦਿੱਲੀ ਦੇ ਡਾਇਰੈਕਟਰ ਸ.ਅੰਮ੍ਰਿਤਪਾਲ ਸਿੰਘ ਨੇ ਦਿੱਲੀ ਦੇ ਲੈਫਟੀਨੈਂਟ ਗਵਰਨਰ ਸ.ਤਰਨਜੀਤ ਸਿੰਘ ਸੰਧੂ ਨਾਲ ਇੱਕ ਵਿਸ਼ੇਸ਼ ਮੁਲਾਕਾਤ ਕੀਤੀ। ਇਸ ਦੌਰਾਨ ਪੰਜਾਬ ਦੀ ਸਮਾਜਿਕ ਅਤੇ ਰਾਜਨੀਤਿਕ ਵਿਵਸਥਾ ਬਾਰੇ ਵਿਚਾਰਾਂ ਕੀਤੀਆਂ ਗਈਆਂ। ਇਸ ਸਮੇਂ ਸ. ਤਰਨਜੀਤ ਸਿੰਘ ਸੰਧੂ ਨੇ ਫ਼ੋਨ 'ਤੇ ਚੜ੍ਹਦੀਕਲਾ ਅਦਾਰੇ ਦੇ ਚੇਅਰਮੈਨ ਸ. ਜਗਜੀਤ ਸਿੰਘ ਦਰਦੀ ਨਾਲ ਵੀ ਗੱਲਬਾਤ ਕੀਤੀ ਅਤੇ ਉਨ੍ਹਾਂ ਦਾ ਹਾਲ-ਚਾਲ ਪੁੱਛਿਆ।

## ਡਾ. ਪਰਵਿੰਦਰ ਸਿੰਘ ਪ੍ਰਧਾਨ ਵਿਸ਼ਵ ਬੁੱਧ ਫੈਡਰੇਸ਼ਨ ਵੱਲੋਂ ਪੰਜਾਬ ਭਵਨ ਸਰੀ ਕੈਨੇਡਾ ਦੇ ਸੰਸਥਾਪਕ ਸੁੱਖੀ ਬਾਠ ਦਾ ਗੌਰਵ ਪੰਜਾਬ ਦਾ ਐਵਾਰਡ ਨਾਲ ਸਨਮਾਨ

ਜਲੰਧਰ, 1 ਮਈ (ਚ.ਨ.ਸ.) : ਜਲੰਧਰ ਦੇ ਰਮਾਡਾ ਹੋਟਲ ਵਿੱਚ ਆਯੋਜਿਤ ਇੱਕ ਸ਼ਾਨਦਾਰ ਸਮਾਗਮ ਦੌਰਾਨ ਪੰਜਾਬ ਭਵਨ ਸਰੀ ਕੈਨੇਡਾ ਦੇ ਸੰਸਥਾਪਕ ਸ਼੍ਰੀ ਸੁੱਖੀ ਬਾਠ ਨੂੰ ਸਮਾਜਿਕ, ਸੱਭਿਆਚਾਰਕ ਅਤੇ ਪੰਜਾਬੀ ਮਾਂ ਬੋਲੀ ਦੀ ਪ੍ਰਫੁੱਲਤਾ ਲਈ ਕੀਤੀਆਂ ਵਿਸ਼ੇਸ਼ ਸੇਵਾਵਾਂ ਦੇ ਮੱਦੇਨਜ਼ਰ ਗੌਰਵ ਪੰਜਾਬ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਹ ਸਨਮਾਨ World Buddhist Federation ਦੇ ਪ੍ਰਧਾਨ ਡਾ. ਪਰਵਿੰਦਰ ਸਿੰਘ ਵੱਲੋਂ ਵਿਸ਼ੇਸ਼ ਤੌਰ 'ਤੇ ਭੇਟ ਕੀਤਾ ਗਿਆ। ਸਮਾਗਮ ਦੌਰਾਨ ਡਾ. ਪਰਵਿੰਦਰ ਸਿੰਘ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਵਿਦੇਸ਼ਾਂ ਵਿੱਚ ਰਹਿ ਕੇ ਵੀ ਪੰਜਾਬੀ ਭਾਸ਼ਾ, ਸੱਭਿਆਚਾਰ ਅਤੇ ਵਿਰਸੇ ਨੂੰ ਜਿਊਂਦਾ ਰੱਖਣਾ ਅਤੇ ਨਵੀਂ ਪੀੜ੍ਹੀ ਨੂੰ ਆਪਣੀਆਂ ਜੜ੍ਹਾਂ ਨਾਲ ਜੋੜਨਾ ਬਹੁਤ ਵੱਡੀ ਸੇਵਾ ਹੈ। ਉਨ੍ਹਾਂ ਕਿਹਾ ਕਿ ਸ਼੍ਰੀ ਸੁੱਖੀ ਬਾਠ ਵੱਲੋਂ ਕਨੇਡਾ ਵਿੱਚ ਰਹਿੰਦੇ ਹੋਏ ਪੰਜਾਬੀ ਭਾਈਚਾਰੇ ਦੀ ਭਲਾਈ, ਮਾਂ ਬੋਲੀ ਦੇ ਪ੍ਰਚਾਰ-ਪ੍ਰਸਾਰ ਅਤੇ ਸਮਾਜਿਕ ਗਤੀਵਿਧੀਆਂ ਵਿੱਚ ਨਿਭਾਈ ਜਾ ਰਹੀ ਭੂਮਿਕਾ ਕਾਬਿਲ-ਏ-ਤਾਰੀਫ਼ ਹੈ। ਉਨ੍ਹਾਂ ਹੋਰ ਕਿਹਾ ਕਿ ਅਜਿਹੀਆਂ ਮਾਣਯੋਗ ਸ਼ਖ਼ਸੀਅਤਾਂ ਨਾ ਸਿਰਫ਼ ਪੰਜਾਬ ਦਾ ਨਾਮ ਵਿਦੇਸ਼ਾਂ ਵਿੱਚ ਰੌਸ਼ਨ ਕਰ ਰਹੀਆਂ ਹਨ, ਸਗੋਂ ਪੰਜਾਬੀ ਸਭਿਆਚਾਰ ਅਤੇ ਵਿਰਸੇ ਦੀ ਖੁਸ਼ਬੂ ਨੂੰ ਵੀ ਵਿਸ਼ਵ ਪੱਧਰ 'ਤੇ ਫੈਲਾ ਰਹੀਆਂ ਹਨ। ਇਸ ਤਰ੍ਹਾਂ ਦੇ ਉਪਰਾਲੇ ਸਮਾਜ ਲਈ ਪ੍ਰੇਰਣਾ ਸਰੋਤ ਬਣਦੇ ਹਨ ਅਤੇ ਨੌਜਵਾਨ ਪੀੜ੍ਹੀ ਨੂੰ ਵੀ ਆਪਣੀ ਭਾਸ਼ਾ ਅਤੇ ਸਭਿਆਚਾਰ ਨਾਲ ਜੁੜੇ ਰਹਿਣ ਦਾ ਸੰਦੇਸ਼ ਦਿੰਦੇ ਹਨ। ਇਸ ਮੌਕੇ ਹਾਜ਼ਰ ਸ਼ਖਸੀਅਤਾਂ ਨੇ ਵੀ ਸ਼੍ਰੀ ਸੁੱਖੀ ਬਾਠ ਨੂੰ ਇਸ ਵਿਸ਼ੇਸ਼ ਸਨਮਾਨ ਲਈ ਵਧਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਦੀਆਂ ਪ੍ਰਾਪਤੀਆਂ ਪੂਰੇ ਪੰਜਾਬੀ ਭਾਈਚਾਰੇ ਲਈ ਮਾਣ ਦੀ ਗੱਲ ਹਨ। ਸਮਾਗਮ ਵਿੱਚ ਐਮ.ਡੀ. ਸਰਬਜੀਤ ਸਿੰਘ, ਸਤੀਸ਼ ਜੌੜਾ ਮੈਂਬਰ ਮਨੁੱਖੀ ਅਧਿਕਾਰ ਕਮਿਸ਼ਨ ਜਿਲ੍ਹਾ ਹੁਸ਼ਿਆਰਪੁਰ , ਲਾਲੀ ਘੋੜੇਵਾਹਾ, ਵਿਨੋਦ ਕੁਮਾਰ ਸਮੇਤ ਹੋਰ ਕਈ ਪ੍ਰਮੁੱਖ ਅਤੇ ਮਾਣਯੋਗ ਸ਼ਖਸੀਅਤਾਂ ਵਿਸ਼ੇਸ਼ ਤੌਰ 'ਤੇ ਮੌਜੂਦ ਰਹੀਆਂ। ਸਮਾਗਮ ਦਾ ਮਾਹੌਲ ਬਹੁਤ ਹੀ ਉਤਸ਼ਾਹਪੂਰਣ, ਪ੍ਰੇਰਨਾਦਾਇਕ ਅਤੇ ਯਾਦਗਾਰ ਰਿਹਾ। ਅੰਤ ਵਿੱਚ ਹਾਜ਼ਰ ਮਹਿਮਾਨਾਂ ਵੱਲੋਂ ਸ਼੍ਰੀ ਸੁੱਖੀ ਬਾਠ ਦੇ ਚੰਗੇ ਭਵਿੱਖ ਅਤੇ ਹੋਰ ਵੱਡੀਆਂ ਪ੍ਰਾਪਤੀਆਂ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ਇਹ ਸਮਾਗਮ ਪੰਜਾਬੀ ਭਾਈਚਾਰੇ ਲਈ ਮਾਣ ਅਤੇ ਖੁਸ਼ੀ ਦਾ ਵਿਸ਼ੇਸ਼ ਪਲ ਬਣਿਆ।



## ਸਾਂਸਦ ਸਤਨਾਮ ਸਿੰਘ ਸੰਧੂ ਨੇ ਦੋਆਬਾ ਵਿੱਚ ਕੁੜੀਆਂ ਦੀ ਸਿੱਖਿਆ ਨੂੰ ਹੁਲਾਰਾ ਦੇਣ ਵਿੱਚ ਵਡਮੁੱਲਾ ਯੋਗਦਾਨ ਦੇਣ ਲਈ ਬ੍ਰਹਮ ਸਰੂਪ ਧਾਮ ਪੋਜੇਵਾਲ ਦੀ ਕੀਤੀ ਸ਼ਲਾਘਾ

ਬਲਾਚੌਰ, 1 ਮਈ (ਚ.ਨ.ਸ.): ਸ੍ਰੀ ਬ੍ਰਹਮ ਸਰੂਪ ਪੋਜੇਵਾਲ ਧਾਮ ਵਿਖੇ ਸ੍ਰੀ ਸਤਿਗੁਰੂ ਬ੍ਰਹਮਾਨੰਦ ਜੀ ਮਹਾਰਾਜ ਭੂਰੀਵਾਲਿਆਂ ਦੀ 24ਵੀਂ ਬਰਸੀ ਨੂੰ ਸਮਰਪਿਤ ਤਿੰਨ ਰੋਜ਼ਾ ਨਿਰਵਾਣ ਦਿਵਸ ਸ਼ਰਧਾ ਅਤੇ ਉਤਸ਼ਾਹ ਨਾਲ ਸੰਪੰਨ ਹੋਇਆ। ਇਸ ਸਮਾਗਮ ਦੇ ਅੰਤਿਮ ਦਿਨ ਅੱਜ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਜਿਸ ਵਿੱਚ ਮੈਂਬਰ ਪਾਰਲੀਮੈਂਟ (ਰਾਜ ਸਭਾ) ਸਤਨਾਮ ਸਿੰਘ ਸੰਧੂ ਨੇ ਵਿਸ਼ੇਸ਼ ਤੌਰ @ਤੇ ਸ਼ਿਰਕਤ ਕੀਤੀ ਅਤੇ ਗੁਰੂ ਚਰਨਾਂ ਵਿੱਚ ਨਤਮਸਤਕ ਹੋਏ। ਇਸ ਮੌਕੇ ਉਨ੍ਹਾਂ ਨੇ ਵਰਤਮਾਨ ਗੁਰਗੱਦੀ ਨਸ਼ੀਨ ਵੇਦਾਂਤ ਆਚਾਰੀਆ ਸਵਾਮੀ ਚੇਤਨਾ ਨੰਦ ਜੀ ਮਹਾਰਾਜ ਤੋਂ ਅਸੀਸਾਂ ਪ੍ਰਾਪਤ ਕੀਤੀਆਂ ਅਤੇ ਸੰਸਥਾ ਵੱਲੋਂ ਕੀਤੇ ਜਾ ਰਹੇ ਮਨੁੱਖੀ ਭਲਾਈ ਦੇ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ। ਸਤਿਗੁਰੂ ਬ੍ਰਹਮਾਨੰਦ ਜੀ ਇੱਕ ਮਹਾਨ ਪਰਉਪਕਾਰੀ ਸਨ, ਜਿਨ੍ਹਾਂ ਨੂੰ ਪੇਂਡੂ ਪੰਜਾਬ, ਖਾਸ ਕਰਕੇ ਦੁਆਬਾ ਖੇਤਰ ਅਤੇ ਹਰਿਆਣਾ ਵਿੱਚ ਸਿੱਖਿਆ, ਸਿਹਤ ਸੰਭਾਲ, ਗਊਆਂ ਦੀ ਸੇਵਾ ਅਤੇ ਸਮਾਜ ਸੇਵਾ ਵਿੱਚ ਉਨ੍ਹਾਂ ਦੇ ਵੱਡੇ ਯੋਗਦਾਨ ਲਈ ਸਤਿਕਾਰਿਆ ਜਾਂਦਾ ਹੈ। ਸੰਸਦ ਮੈਂਬਰ ਸਤਨਾਮ ਸਿੰਘ ਸੰਧੂ ਨੇ 29 ਅਪ੍ਰੈਲ ਤੋਂ ਸ਼ੁਰੂ ਹੋਏ ਇਸ ਤਿੰਨ ਰੋਜ਼ਾ ਪਵਿੱਤਰ ਸਮਾਗਮ ਦੀ ਸਮਾਪਤੀ @ਤੇ ਸ੍ਰੀ ਸ੍ਰੀ 1008 ਬ੍ਰਹਮਲੀਨ ਸ੍ਰੀ ਸਤਿਗੁਰੂ ਬ੍ਰਹਮਾਨੰਦ ਜੀ ਮਹਾਰਾਜ ਭੂਰੀਵਾਲਿਆਂ ਨੂੰ



ਸ਼ਰਧਾਂਜਲੀ ਭੇਟ ਕੀਤੀ। ਇਹ ਸਮਾਗਮ ਮੌਜੂਦਾ ਗੁਰਗੱਦੀ ਨਸ਼ੀਨ ਸ੍ਰੀ ਸਤਿਗੁਰੂ ਵੇਦਾਂਤ ਅਚਾਰੀਆ ਸੁਆਮੀ ਸ੍ਰੀ ਚੇਤਨਾ ਨੰਦ ਜੀ ਮਹਾਰਾਜ ਭੂਰੀਵਾਲਿਆਂ ਦੀ ਸਰਪ੍ਰਸਤੀ ਹੇਠ ਕਰਵਾਇਆ ਗਿਆ। ਇਸ ਮੌਕੇ ਸ੍ਰੀ ਗਰੀਬਦਾਸੀਆ ਸਰਬ ਉੱਚ ਪੀਠ ਛੁਡਾਣੀ ਧਾਮ ਹਰਿਆਣਾ ਦੇ ਸ੍ਰੀ ਮਹੰਤ ਦਯਾ ਸਾਗਰ ਜੀ ਅਤੇ ਗਰੀਬਦਾਸੀਆ ਸੰਪਰਦਾਇ ਦੇ ਹੋਰ ਪ੍ਰਮੁੱਖ ਅਧਿਆਤਮਕ ਆਗੂਆਂ ਤੇ ਸੰਤਾਂ ਤੋਂ ਇਲਾਵਾ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਮੌਕੇ ਬੋਲਦਿਆਂ ਸੰਸਦ ਮੈਂਬਰ ਸਤਨਾਮ ਸਿੰਘ ਸੰਧੂ ਨੇ ਕਿਹਾ, ÷ਸ੍ਰੀ ਸ੍ਰੀ 1008 ਬ੍ਰਹਮਲੀਨ ਸ੍ਰੀ ਸਤਿਗੁਰੂ ਬ੍ਰਹਮਾਨੰਦ ਜੀ ਨੇ ਦੁਆਬੇ ਦੇ ਪਛੜੇ ਇਲਾਕੇ ਵਿੱਚ ਸਿੱਖਿਆ ਦੇ ਖੇਤਰ ਵਿੱਚ ਬੇਮਿਸਾਲ ਕੰਮ ਕੀਤਾ ਹੈ, ਕਿਉਂਕਿ ਸਿੱਖਿਆ ਹੀ ਉਹ ਚੀਜ਼ ਹੈ ਜੋ ਸਮਾਜ ਦਾ ਕਾਇਆ-ਕਲਪ ਕਰ ਸਕਦੀ ਹੈ। ਕਿਉਂਕਿ ਸਾਡੀ ਅੱਧੀ ਆਬਾਦੀ ਔਰਤਾਂ ਹਨ, ਇਸ ਲਈ ਧੀਆਂ ਦੀ ਸਿੱਖਿਆ ਲਈ ਕੀਤਾ ਗਿਆ ਕੰਮ ਸਮਾਜ ਦੀ ਬਹੁਤ ਵੱਡੀ ਸੇਵਾ ਹੈ। ਧੀਆਂ ਦੀ ਸਿੱਖਿਆ ਲਈ ਕੀਤੇ ਗਏ ਇਸ ਕਾਰਜ ਦੇ ਨਤੀਜੇ ਸਾਡੇ ਸਾਹਮਣੇ ਹਨ। ਅੱਜ ਇਸ ਪਛੜੇ ਇਲਾਕੇ ਦੀਆਂ ਧੀਆਂ ਆਈਏਐਸ ਅਤੇ ਆਈਪੀਐਸ ਦੀ ਤਿਆਰੀ ਕਰ ਰਹੀਆਂ ਹਨ। ਗੁਰੂ ਮਹਾਰਾਜ ਦੀ ਕਿਰਪਾ ਨਾਲ ਇਸ ਖੇਤਰ ਦੇ ਉਹ ਬੱਚੇ ਜੋ @ਮਹਾਰਾਜ ਭੂਰੀਵਾਲੇ ਗਰੀਬ ਦਾਸੀ ਐਜੂਕੇਸ਼ਨ ਟਰੱਸਟ@ ਵੱਲੋਂ ਚਲਾਏ ਜਾ ਰਹੇ ਵਿਦਿਅਕ ਅਦਾਰਿਆਂ ਵਿੱਚ ਸਿੱਖਿਆ ਪ੍ਰਾਪਤ ਕਰ ਰਹੇ ਹਨ, ਉਹ ਦੇਸ਼ ਦਾ ਨਾਂ ਰੌਸ਼ਨ ਕਰ ਰਹੇ ਹਨ। ਉਨ੍ਹਾਂ ਅੱਗੇ ਕਿਹਾ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਹਿਲੇ ਦਿਨ ਤੋਂ ਹੀ ਲੜਕੀਆਂ ਦੀ ਸਿੱਖਿਆ ਅਤੇ ਉਨ੍ਹਾਂ ਦੇ ਅਧਿਕਾਰਾਂ ਦੀ ਗੱਲ ਕੀਤੀ ਹੈ। ਜਦੋਂ ਉਹ 2014 ਵਿੱਚ ਦੇਸ਼ ਦੇ ਪ੍ਰਧਾਨ ਮੰਤਰੀ ਬਣੇ ਸਨ, ਤਾਂ ਉਨ੍ਹਾਂ ਨੇ @ਬੇਟੀ ਬਚਾਓ, ਬੇਟੀ ਪੜ੍ਹਾਓ@ ਮੁਹਿੰਮ ਰਾਹੀਂ ਦੇਸ਼ ਵਿੱਚ ਧੀ ਨੂੰ ਬਚਾਉਣ ਅਤੇ ਪੜ੍ਹਾਉਣ ਦਾ ਪਹਿਲਾ ਮਿਸ਼ਨ ਦਿੱਤਾ ਸੀ ਅਤੇ ਪਿਛਲੇ 12 ਸਾਲਾਂ ਵਿੱਚ ਇਸ ਕੰਮ ਦੇ ਨਤੀਜੇ ਸਾਡੇ ਸਾਹਮਣੇ ਹਨ। ਸਾਡੀਆਂ ਧੀਆਂ ਨੂੰ ਹੋਰ ਮੌਕੇ ਦੇਣ ਲਈ, ਸਾਨੂੰ ਸਕੂਲਾਂ ਅਤੇ ਕਾਲਜਾਂ ਵਿੱਚ ਉਨ੍ਹਾਂ ਦੇ ਹੁਨਰ ਲਈ ਵੀ ਕੰਮ ਕਰਨਾ ਚਾਹੀਦਾ ਹੈ। ਪੀਐਮ ਮੋਦੀ ਨੇ ਸਾਡੀਆਂ ਧੀਆਂ ਲਈ @ਲਖਪਤੀ ਦੀਦੀ@ ਦਾ ਇੱਕ ਹੋਰ ਬਹੁਤ ਵਧੀਆ ਪ੍ਰੋਗਰਾਮ ਸ਼ੁਰੂ ਕੀਤਾ ਹੈ, ਕਿਉਂਕਿ ਉਹ ਚਾਹੁੰਦੇ ਹਨ ਕਿ ਸਾਡੇ ਭਾਰਤ ਦੀ ਹਰ ਧੀ ਦੀ ਆਮਦਨ ਲੱਖਾਂ ਵਿੱਚ ਹੋਵੇ ਤਾਂ ਜੋ ਉਹ ਕਿਸੇ 'ਤੇ ਨਿਰਭਰ ਨਾ ਰਹੇ। ਸੰਸਦ ਮੈਂਬਰ ਸਤਨਾਮ ਸਿੰਘ ਸੰਧੂ ਨੇ ਆਪਣੇ ਐਮਪੀ ਲੈਡ ਫੰਡ ਵਿੱਚੋਂ 11 ਲੱਖ ਰੁਪਏ ਬ੍ਰਹਮ ਸਰੂਪ ਧਾਮ ਪੋਜੇਵਾਲ ਨੂੰ ਦੇਣ ਦਾ ਐਲਾਨ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਉਹ ਇਸ ਖੇਤਰ ਵਿੱਚ ਸਕਿੱਲ ਸੈਂਟਰ ਖੋਲ੍ਹ ਕੇ ਧੀਆਂ ਦੀ ਹੁਨਰ ਸਿਖਲਾਈ ਵਿੱਚ ਸਹਿਯੋਗ ਦੇਣਾ ਚਾਹੁੰਦੇ ਹਨ। ਉਨ੍ਹਾਂ ਕਿਹਾ, ÷ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਸਾਨੂੰ ਉਹ ਜਗ੍ਹਾ ਜਾਂ ਪਿੰਡ ਦੱਸੋ ਜਿੱਥੇ ਅਸੀਂ ਮਹਿਲਾਵਾਂ ਲਈ ਇਹ ਸੇਵਾ ਮੁਹੱਈਆ ਕਰਵਾ ਸਕੀਏ। ਜ਼ਿਕਰਯੋਗ ਹੈ ਕਿ ਸ੍ਰੀ ਸਤਿਗੁਰੂ ਬ੍ਰਹਮਾਨੰਦ ਜੀ ਭੂਰੀ ਵਾਲੇ (ਜਨਮ ਗਿਰਧਾਰੀ ਸਿੰਘ) ਭੂਰੀ ਵਾਲੇ (ਗ਼ਰੀਬ ਦਾਸੀ) ਸੰਪਰਦਾਇ ਦੇ ਇੱਕ ਪ੍ਰਮੁੱਖ ਅਧਿਆਤਮਿਕ ਆਗੂ ਅਤੇ ਸੰਤ ਸਨ, ਜਿਨ੍ਹਾਂ ਨੂੰ ਪੇਂਡੂ ਪੰਜਾਬ ਅਤੇ ਹਰਿਆਣਾ ਵਿੱਚ ਸਿੱਖਿਆ ਅਤੇ ਸਮਾਜ ਭਲਾਈ ਲਈ ਕੀਤੇ ਗਏ ਯੋਗਦਾਨ ਲਈ ਸਤਿਕਾਰਿਆ ਜਾਂਦਾ ਹੈ। ਉਨ੍ਹਾਂ ਨੇ ਰਵਾਇਤੀ ਧਾਰਮਿਕ ਢਾਂਚਿਆਂ ਨਾਲੋਂ ਗਿਆਨ ਦੇ ਮੰਦਰ (ਸਕੂਲ ਅਤੇ ਕਾਲਜ) ਬਣਾਉਣ ਨੂੰ ਹਮੇਸ਼ਾ ਪਹਿਲ ਦਿੱਤੀ। ਉਨ੍ਹਾਂ ਦਾ ਮਿਸ਼ਨ ÷ਗਊ, ਗ਼ਰੀਬ ਅਤੇ ਕੰਨਿਆ ਦੀ ਸੇਵਾ 'ਤੇ ਕੇਂਦਰਿਤ ਸੀ। ਸ੍ਰੀ ਬ੍ਰਹਮ ਸਰੂਪ ਧਾਮ, ਪੋਜੇਵਾਲ ਵੱਲੋਂ ਜਿੱਥੇ ਸ਼ਹੀਦ ਭਗਤ ਸਿੰਘ ਨਗਰ ਤੋਂ ਪੀਜੀਆਈਐਮਈਆਰ ਚੰਡੀਗੜ੍ਹ ਤੱਕ ਮਰੀਜ਼ਾਂ ਲਈ ਮੁਫ਼ਤ ਬੱਸ ਸੇਵਾ ਚਲਾਈ ਜਾਂਦੀ ਹੈ, ਉੱਥੇ ਹੀ ਪੀਜੀਆਈ ਚੰਡੀਗੜ੍ਹ ਅਤੇ ਜਲੰਧਰ ਤੇ ਅੰਮ੍ਰਿਤਸਰ ਦੇ ਗੁਰੂ ਨਾਨਕ ਮਿਸ਼ਨ ਹਸਪਤਾਲਾਂ ਵਿੱਚ ਵੀ ਮੁਫ਼ਤ ਲੰਗਰ ਭੇਜਿਆ ਜਾਂਦਾ ਹੈ।

## 'ਚਿੰਤਨ ਸ਼ਿਵਿਰ' ਪਤੰਜਲੀ ਯੂਨੀਵਰਸਿਟੀ, ਹਰਿਦੁਆਰ ਵਿਖੇ ਸਫਲਤਾਪੂਰਵਕ ਸਮਾਪਤ

ਹਰਿਦੁਆਰ, 1 ਮਈ (ਅੰਮ੍ਰਿਤਪਾਲ ਸਿੰਘ): ਭਾਰਤ ਸਰਕਾਰ ਦੇ ਕਬਾਇਲੀ ਮਾਮਲਿਆਂ ਦੇ ਮੰਤਰਾਲੇ ਦੇ ਅਧਿਕਾਰੀਆਂ ਲਈ ਦੋ ਦਿਨਾਂ @ਚਿੰਤਨ ਸ਼ਿਵਿਰ@ 30 ਅਪ੍ਰੈਲ ਤੋਂ 1 ਮਈ ਤੱਕ ਪਤੰਜਲੀ ਯੂਨੀਵਰਸਿਟੀ, ਹਰਿਦੁਆਰ ਵਿਖੇ ਸਮਾਪਤ ਹੋਇਆ। ਇਹ ਕੈਂਪ ਮੰਤਰਾਲੇ ਦੁਆਰਾ ਕਬਾਇਲੀ ਭਾਈਚਾਰਿਆਂ ਦੇ ਸੰਪੂਰਨ ਵਿਕਾਸ ਦੇ ਉਦੇਸ਼ ਨਾਲ ਆਯੋਜਿਤ ਕੀਤਾ ਗਿਆ ਸੀ, ਭਾਰਤ ਸਰਕਾਰ ਦੇ ਇੱਕ ਨੋਡਲ ਮੰਤਰਾਲੇ, ਕਬਾਇਲੀ ਮਾਮਲਿਆਂ ਦੇ ਮੰਤਰਾਲੇ ਦੇ ਅਧੀਨ, ਜੋ ਦੇਸ਼ ਵਿੱਚ ਸਮਾਜ ਦੇ ਵੱਖ-ਵੱਖ ਵਰਗਾਂ ਦੇ ਸਮਾਜਿਕ-ਆਰਥਿਕ ਵਿਕਾਸ, ਸਿਹਤ, ਸਿੱਖਿਆ ਅਤੇ ਸੱਭਿਆਚਾਰ ਦੀ ਸੰਭਾਲ ਲਈ ਨੀਤੀਆਂ ਬਣਾਉਣ ਅਤੇ ਲਾਗੂ ਕਰਨ ਲਈ ਜ਼ਿੰਮੇਵਾਰ ਹੈ। ਚਿੰਤਨ ਸ਼ਿਵਿਰ ਵਿੱਚ ਭਾਰਤ ਦੇ ਵੱਖ-ਵੱਖ ਰਾਜਾਂ ਦੇ ਮੁੱਖ ਸਕੱਤਰ, ਮੰਤਰਾਲੇ ਦੇ ਸੀਨੀਅਰ ਅਧਿਕਾਰੀ, ਮਾਹਿਰ ਅਤੇ ਹੋਰ ਪ੍ਰਤੀਨਿਧੀ ਸ਼ਾਮਲ ਹੋਏ। ਪ੍ਰੋਗਰਾਮ ਦੀ ਸ਼ੁਰੂਆਤ ਡਾ. ਅਰਚਨਾ ਤਿਵਾੜੀ ਅਤੇ ਉਨ੍ਹਾਂ ਦੀ ਟੀਮ ਦੇ ਸਮੂਹ ਗਾਇਨ ਨਾਲ ਹੋਈ। ਭਾਰਤ ਸਰਕਾਰ ਦੇ ਪ੍ਰਤੀਨਿਧੀ ਸ਼੍ਰੀ ਮਨੀਸ਼ ਤ੍ਰਿਪਾਠੀ ਨੇ ਪੇਂਡੂ ਭਾਈਚਾਰਿਆਂ ਵਿੱਚ ਰੋਜ਼ੀ-ਰੋਟੀ ਦੇ ਮਾਡਲਾਂ ਬਾਰੇ ਵਿਸਤ੍ਰਿਤ ਜਾਣਕਾਰੀ



ਪ੍ਰਦਾਨ ਕੀਤੀ। ਉਨ੍ਹਾਂ ਨੇ ਕਬਾਇਲੀ ਵਿਕਾਸ, ਆਰਥਿਕਤਾ ਅਤੇ ਟਿਕਾਊ ਰੋਜ਼ੀ-ਰੋਟੀ ਦੇ ਖੇਤਰਾਂ ਵਿੱਚ ਕੀਤੇ ਗਏ ਜ਼ਮੀਨੀ ਪੱਧਰ ਦੇ ਕੰਮ ਸਾਂਝੇ ਕੀਤੇ। ਇਸ ਮੌਕੇ @ਤੇ, ਕਬਾਇਲੀ ਭਾਈਚਾਰਿਆਂ ਲਈ ਲਾਗੂ ਕੀਤੀਆਂ ਗਈਆਂ ਯੋਜਨਾਵਾਂ ਦੀ ਸਮੀਖਿਆ ਕੀਤੀ ਗਈ ਅਤੇ ਭਵਿੱਖ ਦੀਆਂ ਯੋਜਨਾਵਾਂ ਨੂੰ ਮਜ਼ਬੂਤ ??ਕਰਨ ਲਈ ਰਣਨੀਤੀਆਂ @ਤੇ ਜ਼ੋਰ ਦਿੱਤਾ ਗਿਆ। ਇਸ ਸੰਦਰਭ ਵਿੱਚ, ਭਾਰਤ ਸਰਕਾਰ ਦੇ ਪ੍ਰਤੀਨਿਧੀਆਂ ਅਤੇ ਮਾਹਰਾਂ ਨੇ ਕਬਾਇਲੀ ਭਲਾਈ ਯੋਜਨਾਵਾਂ ਬਾਰੇ ਆਪਣੇ ਸਮੂਹਿਕ ਯਤਨਾਂ ਅਤੇ ਅਨੁਭਵ ਸਾਂਝੇ ਕੀਤੇ। ਇਸ ਮੌਕੇ, ਪ੍ਰਸਿੱਧ ਜੋਤਸ਼ੀ ਅਤੇ ਵਾਸਤੂ ਮਾਹਰ ਡਾ. ਜੈ ਮਦਨ ਨੇ ਵਾਸਤੂ ਰਾਹੀਂ ਜੀਵਨ ਵਿੱਚ ਸੰਤੁਲਨ ਅਤੇ ਸਕਾਰਾਤਮਕਤਾ ਬਣਾਈ ਰੱਖਣ ਦੇ ਸੁਝਾਅ ਸਾਂਝੇ ਕੀਤੇ। ਵੈਦਿਕ ਗ੍ਰੰਥ ਰਿਗਵੇਦ ਵਿੱਚ ਵਰਣਿਤ ਪਵਿੱਤਰ ਪੀਣ ਵਾਲੇ ਪਦਾਰਥ ÷ਸੋਮ÷ ਦਾ ਹਵਾਲਾ ਦਿੰਦੇ ਹੋਏ, ਉਨ੍ਹਾਂ ਦੱਸਿਆ ਕਿ ਇਹ ਸੋਮਲਤਾ ਦੇ ਰੁੱਖ ਤੋਂ ਬਣਿਆ ਇੱਕ ਔਸ਼ਧੀ ਰਸ ਸੀ, ਜੋ ਯੱਗਾਂ ਵਿੱਚ ਦੇਵਤਿਆਂ ਨੂੰ ਚੜ੍ਹਾਇਆ ਜਾਂਦਾ ਸੀ। ÷ਚੰਦਰਮਾ ਦਾ ਅੰਮ੍ਰਿਤ÷ ਸਰੀਰ ਨੂੰ ਠੰਢਾ ਕਰਨ ਅਤੇ ਅੰਦਰੂਨੀ ਖੁਸ਼ੀ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਉਨ੍ਹਾਂ ਨੇ ਅਧਿਆਤਮਿਕ ਯੋਗ ਨੂੰ ਸਰੀਰ, ਮਨ ਅਤੇ ਆਤਮਾ ਦੇ ਏਕੀਕਰਨ ਵਜੋਂ ਦੱਸਿਆ, ਜੋ ਸਾਧਕ ਨੂੰ ਬ੍ਰਹਮ ਨਾਲ ਜੋੜਦਾ ਹੈ। ÷ਲਕਸ਼ਮੀਵਾਨ÷ ਸ਼ਬਦ ਖੁਸ਼ਹਾਲੀ ਦਾ ਪ੍ਰਤੀਕ ਹੈ। ਉਨ੍ਹਾਂ ਨੇ ਤੀਜੀ ਅੱਖ (ਅਜਨਾ ਚੱਕਰ) ਨੂੰ ਜਗਾਉਣ ਲਈ ਤ੍ਰਤਕ ਅਤੇ ਓਮ ਜਾਪ ਵਰਗੇ ਸਧਾਰਨ ਅਭਿਆਸਾਂ @ਤੇ ਜ਼ੋਰ ਦਿੱਤਾ, ਜੋ ਇਕਾਗਰਤਾ ਅਤੇ ਮਾਨਸਿਕ ਸ਼ਾਂਤੀ ਨੂੰ ਵਧਾਉਂਦੇ ਹਨ। ਧਿਆਨ ਅਤੇ ਚਿੰਤਨ ਜੀਵਨ ਵਿੱਚ ਖੁਸ਼ੀ ਲਿਆਉਂਦੇ ਹਨ। ਉਨ੍ਹਾਂ ਨੇ ਆਪਣੇ ਬੱਚਿਆਂ ਨੂੰ ਨਾ ਸਿਰਫ਼ ਜੈਵਿਕ ਬੱਚਿਆਂ ਵਜੋਂ, ਸਗੋਂ ਭਵਿੱਖੀ ਪੀੜ੍ਹੀ ਵਜੋਂ ਵੀ ਪਰਿਭਾਸ਼ਿਤ ਕੀਤਾ। ਮੰਤਰਾਲੇ ਦੇ ਪ੍ਰਤੀਨਿਧੀ ਅਤੁਲ ਕੇ. ਸ਼ਾਹ ਨੇ ਕਿਹਾ ਕਿ ਸਾਨੂੰ ਬੇਲੋੜੀ ਚਿੰਤਾ ਤੋਂ ਬਚ ਕੇ ਆਤਮਵਿਸ਼ਵਾਸ ਨਾਲ ਜ਼ਿੰਦਗੀ ਜੀਣੀ ਚਾਹੀਦੀ ਹੈ। ਫਿਲਮ ÷ਮੁੰਨਾਭਾਈ÷ ਦੀ ਉਦਾਹਰਣ ਦਿੰਦੇ ਹੋਏ, ਉਨ੍ਹਾਂ ਨੇ ਸਮਝਾਇਆ ਕਿ ਸਿਰਫ਼ ਕਾਗਜ਼ੀ ਗਿਆਨ ਹੀ ਕਾਫ਼ੀ ਨਹੀਂ ਹੈ; ਹਮਦਰਦੀ ਅਤੇ ਸ਼ਾਂਤੀ ਨਾਲ ਸਮੱਸਿਆਵਾਂ ਨੂੰ ਹੱਲ ਕਰਨਾ ਵਧੇਰੇ ਪ੍ਰਭਾਵਸ਼ਾਲੀ ਹੈ। ਉਨ੍ਹਾਂ ਕਿਹਾ ਕਿ ਸੱਪਸ਼ਟ ਟੀਚੇ ਵਿਅਕਤੀ ਨੂੰ ਨਿੱਜੀ ਸਫਲਤਾ ਅਤੇ ਆਰਥਿਕ ਤਰੱਕੀ ਵੱਲ ਲੈ ਜਾਂਦੇ ਹਨ ਅਤੇ ਸਮਾਜ ਵਿੱਚ ਸਕਾਰਾਤਮਕ ਕਦਰਾਂ-ਕੀਮਤਾਂ ਪੈਦਾ ਕਰਦੇ ਹਨ। ਉਨ੍ਹਾਂ ਨੇ ਦਿਨ ਵਿੱਚ ਘੱਟੋ-ਘੱਟ ਇੱਕ ਵਾਰ ਉੱਚੀ ਆਵਾਜ਼ ਵਿੱਚ ਹੱਸਣ ਦੀ ਸਲਾਹ ਦਿੱਤੀ, ਇਸਨੂੰ ਸਰੀਰਕ ਅਤੇ ਮਾਨਸਿਕ ਸਿਹਤ ਲਈ ਬਹੁਤ ਲਾਭਦਾਇਕ ਦੱਸਦੇ ਹੋਏ ਕਿਹਾ ਕਿ ਇਹ ਤਣਾਅ ਦੇ ਹਾਰਮੋਨ ਨੂੰ ਘਟਾਉਂਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਸਿੱਖਣਾ, ਸਿਖਲਾਈ ਅਤੇ ਨਿਰੰਤਰ ਅਭਿਆਸ ਵਿਅਕਤੀ ਦੇ ਹੁਨਰ, ਗਿਆਨ ਅਤੇ ਰਵੱਈਏ ਵਿੱਚ ਸਕਾਰਾਤਮਕ ਬਦਲਾਅ ਲਿਆਉਂਦੇ ਹਨ, ਜਿਸ ਨਾਲ ਉਹ ਨਵੀਆਂ ਸਥਿਤੀਆਂ ਵਿੱਚ ਆਸਾਨੀ ਨਾਲ ਢਲ ਸਕਦੇ ਹਨ। ÷ਜਬ ਤੱਕ ਜੀਤੇਗਾ ਨਹੀਂ, ਰੁਕੇਗਾ ਨਹੀਂ÷ ਦੇ ਦਰਸ਼ਨ ਨੂੰ ਰੇਖਾਂਕਿਤ ਕਰਦੇ ਹੋਏ, ਉਨ੍ਹਾਂ ਨੇ ਹਮਦਰਦੀ ਵਾਲੇ ਭਾਗ ਅਤੇ ਭਾਵਨਾਤਮਕ ਬੁੱਧੀ ਦੀ ਮਹੱਤਤਾ @ਤੇ ਜ਼ੋਰ ਦਿੱਤਾ। ਪ੍ਰੋਗਰਾਮ ਦੌਰਾਨ, ਡਾ. ਵਰਨਾਲੀ ਨੇ ਸਿਹਤ, ਸੱਭਿਆਚਾਰ ਅਤੇ ਡਿਜੀਟਲ ਸਸ਼ਕਤੀਕਰਨ ਵਰਗੇ ਮੁੱਦਿਆਂ 'ਤੇ ਚਰਚਾ ਕੀਤੀ। ਇਸ ਤੋਂ ਇਲਾਵਾ, ਜ਼ਮੀਨੀ ਪੱਧਰ 'ਤੇ ਲਾਗੂ ਕੀਤੀਆਂ ਗਈਆਂ ਯੋਜਨਾਵਾਂ ਤੋਂ ਪ੍ਰਾਪਤ ਤਜ਼ਰਬਿਆਂ 'ਤੇ ਵਿਚਾਰ ਕੀਤਾ ਗਿਆ, ਅਤੇ ਵਿਹਾਰਕ ਹੱਲ ਪੇਸ਼ ਕੀਤੇ ਗਏ।

## ਕੇ. ਆਰ. ਮੰਗਲਮ ਯੂਨੀਵਰਸਿਟੀ ਵਿਖੇ ਏ.ਆਈ.-ਅਧਾਰਤ ਸਿਹਤ ਸੰਭਾਲ ਸੇਵਾਵਾਂ 'ਤੇ ਅੰਤਰਰਾਸ਼ਟਰੀ ਕਾਨਫਰੰਸ

ਗੁਰੂਗ੍ਰਾਮ, 1 ਮਈ (ਚ.ਨ.ਸ.) : ਕੇ. ਆਰ. ਮੰਗਲਮ ਯੂਨੀਵਰਸਿਟੀ ਦੇ ਮੈਡੀਕਲ ਅਤੇ ਸਹਾਇਕ ਵਿਗਿਆਨ ਸਕੂਲ ਨੇ 27-28 ਅਪ੍ਰੈਲ, 2026 ਨੂੰ ÷ਏ.ਆਈ. ਦੇ ਯੁੱਗ ਵਿੱਚ ਫਾਰਮਾ ਅਤੇ ਸਹਿਯੋਗੀ ਵਿਗਿਆਨ: ਨਵੀਨਤਾਵਾਂ ਅਤੇ ਆਈ.ਪੀ.ਆਰ. ਰਣਨੀਤੀਆਂ ਵਿਸ਼ੇ 'ਤੇ ਦੋ-ਰੋਜ਼ਾ ਅੰਤਰਰਾਸ਼ਟਰੀ ਕਾਨਫਰੰਸ ਦਾ ਸਫਲਤਾਪੂਰਵਕ ਆਯੋਜਨ ਕੀਤਾ। ਸਕੂਲ ਆਫ਼ ਮੈਡੀਕਲ ਅਤੇ ਸਹਿਯੋਗੀ ਵਿਗਿਆਨ ਦੀ ਡੀਨ ਅਤੇ ਕਾਨਫਰੰਸ ਦੀ ਕਨਵੀਨਰ, ਪ੍ਰੋਫੈਸਰ (ਡਾ.) ਹੇਮਾ ਚੌਧਰੀ ਨੇ ਕਿਹਾ ਕਿ ਇਸ ਅੰਤਰਰਾਸ਼ਟਰੀ ਕਾਨਫਰੰਸ ਨੂੰ ਵਿਗਿਆਨਕ ਅਤੇ ਉਦਯੋਗਿਕ ਖੋਜ ਵਿਭਾਗ ਅਤੇ ਨੈਸ਼ਨਲ ਰਿਸਰਚ ਫਾਊਂਡੇਸ਼ਨ ਫਾਰ ਰਿਸਰਚ ਦੁਆਰਾ ਸਮਰਥਨ ਪ੍ਰਾਪਤ ਸੀ। ਕਾਨਫਰੰਸ ਵਿੱਚ ਸਿੰਗਾਪੁਰ, ਆਇਰਲੈਂਡ, ਮਲੇਸ਼ੀਆ, ਆਈ.ਆਈ.ਟੀ., ਐਨ.ਆਈ.ਪੀ.ਈ.ਆਰ. ਅਤੇ 40 ਤੋਂ ਵੱਧ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਯੂਨੀਵਰਸਿਟੀਆਂ ਦੇ ਕੁੱਲ 535 ਡੈਲੀਗੇਟਾਂ ਨੇ ਹਿੱਸਾ ਲਿਆ। ਕੁੱਲ 227 ਖੋਜ ਪੇਸ਼ਕਾਰੀਆਂ ਪੇਸ਼ ਕੀਤੀਆਂ ਗਈਆਂ, ਜਿਨ੍ਹਾਂ ਵਿੱਚ 116 ਪੋਸਟਰ ਪੇਸ਼ਕਾਰੀਆਂ ਅਤੇ 111 ਮੌਖਿਕ ਪੇਸ਼ਕਾਰੀਆਂ ਸ਼ਾਮਲ ਹਨ। ਇਹਨਾਂ ਪੇਸ਼ਕਾਰੀਆਂ ਵਿੱਚ ਫਾਰਮਾਸਿਊਟੀਕਲ ਸੈਕਟਰ ਵਿੱਚ ਏਆਈ ਦੀ ਵਰਤੋਂ, ਨਿਊਰੋਫਾਰਮਾਕੋਲੋਜੀ, ਨੈਨੋਟੈਕਨਾਲੋਜੀ, ਬਾਇਓਟੈਕਨਾਲੋਜੀ, ਬੌਧਿਕ ਸੰਪਤੀ ਅਧਿਕਾਰ, ਰੈਗੂਲੇਟਰੀ ਮਾਮਲੇ ਅਤੇ ਵਾਤਾਵਰਣ ਵਿਗਿਆਨ ਵਰਗੇ ਵਿਸ਼ਿਆਂ ਨੂੰ ਸ਼ਾਮਲ ਕੀਤਾ ਗਿਆ। ਵਾਈਪਸੋਮਡ ਇੰਡੀਆ ਪ੍ਰਾਈਵੇਟ ਲਿਮਟਿਡ ਦੇ ਡਾ. ਅਨੂਪ ਸਿੰਘ ਅਤੇ ਪ੍ਰੋ. ਸੰਜੇ ਰਾਜਪਾਲ ਦੁਆਰਾ ਮੁੱਖ ਭਾਸ਼ਣ ਦਿੱਤੇ ਗਏ, ਜਿਸ ਵਿੱਚ ਫਾਰਮਾਸਿਊਟੀਕਲ ਉਦਯੋਗ ਵਿੱਚ ਏਆਈ-ਅਧਾਰਤ ਦਵਾਈ ਖੋਜ ਅਤੇ ਨਵੀਨਤਾਵਾਂ ਨੂੰ ਉਜਾਗਰ ਕੀਤਾ ਗਿਆ। ਕਾਨਫਰੰਸ ਨੇ ਏਆਈ-ਅਧਾਰਤ



ਸਿਹਤ ਸੰਭਾਲ, ਟਿਕਾਊ ਫਾਰਮਾਸਿਊਟੀਕਲ ਅਭਿਆਸਾਂ, ਅਤੇ ਖੋਜ ਅਤੇ ਨਵੀਨਤਾ 'ਤੇ ਅਰਥਪੂਰਨ ਸੰਵਾਦ ਲਈ ਇੱਕ ਮਹੱਤਵਪੂਰਨ ਪਲੇਟਫਾਰਮ ਵਜੋਂ ਕੰਮ ਕੀਤਾ। ਪ੍ਰੋ. (ਡਾ.) ਹੇਮਾ ਚੌਧਰੀ ਨੇ ਕਿਹਾ ਕਿ ਕਾਨਫਰੰਸ ਨੇ ਕੇ.ਆਰ. ਮੰਗਲਮ ਯੂਨੀਵਰਸਿਟੀ ਅਤੇ ਅਕਾਦਮਿਕ ਸੰਸਥਾਵਾਂ, ਉਦਯੋਗ ਅਤੇ ਨੀਤੀ ਨਿਰਮਾਤਾਵਾਂ ਵਿਚਕਾਰ ਸਹਿਯੋਗ ਨੂੰ ਹੋਰ ਮਜ਼ਬੂਤ ਕੀਤਾ, ਅਤੇ ਸਿਹਤ ਸੰਭਾਲ ਨਵੀਨਤਾ ਵਿੱਚ ਭਾਰਤ ਨੂੰ ਇੱਕ ਵਿਸ਼ਵਵਿਆਪੀ ਨੇਤਾ ਵਜੋਂ ਸਥਾਪਤ ਕਰਨ ਲਈ ਯੂਨੀਵਰਸਿਟੀ ਦੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕੀਤਾ।

## ਕੋਟਲੀ ਥਾਬਲਾਂ ਵਿਖੇ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਹੈਲਥ ਕਾਰਡ ਬਣਾਉਣ ਲਈ ਲੱਗਾ ਵਿਸ਼ੇਸ਼ ਕੈਂਪ

ਬਟਾਲਾ,1ਮਈ (ਸੁਖਦੇਵ ਸਿੰਘ ਰੰਧਾਵਾ ਬਲਬੀਰ ਸੋਹਲ)–ਪਿੰਡ ਕੋਟਲੀ ਥਾਬਲਾਂ ਵਿੱਚ ਪਿਛਲੇ ਪੰਜ ਦਿਨਾਂ ਤੋਂ ਮਾਨਯੋਗ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਦੁਆਰਾ ਜੋ ਪੰਜਾਬ ਦੇ ਸਮੂਹ ਵਸਨੀਕਾ ਦੀ ਮੁੱਖ ਸਹੂਲਤ ਨੂੰ ਮਦੇ ਨਜ਼ਰ ਰੱਖਦੇ ਹੋਏ ਪੰਜਾਬ ਦੇ ਲੋਕਾਂ ਦੀ ਸਿਹਤ ਸੰਭਾਲ ਦੀ ਦੇਖਭਾਲ ਸਬੰਧੀ 10 ਲੱਖ ਦਾ ਜੋ ਕਾਰਡ ਬਣਵਾਏ ਜਾ ਰਹੇ ਹਨ ਇਸ ਸਬੰਧੀ ਸਮੂਹ ਨਗਰ ਕੋਟਲੀ ਥਾਬਲਾਂ ਦੇ ਨਾਗਰਿਕਾਂ ਨੇ ਵੱਡੀ ਗਿਣਤੀ ਵਿੱਚ ਆਪਣੇ ਆਪਣੇ ਹੈਲਥ ਕਾਰਡ ਬਣਵਾਏ। ਇਸ ਸਬੰਧੀ ਪੰਚਾਇਤ ਕੋਟਲੀ ਥਾਬਲਾਂ ਅਤੇ ਸਮੂਹ ਨਗਰ ਨਿਵਾਸੀਆਂ ਨੇ ਵਿਸ਼ੇਸ਼ ਤੌਰ ਤੇ ਹਲਕਾ ਇੰਚਾਰਜ ਬਲਬੀਰ ਸਿੰਘ ਪੰਨੂ ਦਾ ਧੰਨਵਾਦ ਕੀਤਾ ਇਸ ਮੌਕੇ ਸਰਪੰਚ ਰਾਣਾ ਜਵੰਧਾ ਨੇ ਸੀਐਮ ਮਾਨ ਸਾਹਿਬ ਤੇ ਹਲਕਾ ਇੰਚਾਰਜ ਬਲਬੀਰ ਸਿੰਘ ਪੰਨੂ ਤੇ ਆਏ ਹੋਏ ਸਮੂਹ ਸਟਾਫ ਦਾ ਧੰਨਵਾਦ ਕੀਤਾ ਉੱਥੇ ਇਸ ਮੌਕੇ ਗੱਲ ਕਰਦਿਆਂ ਸਰਪੰਚ ਰਾਣਾ ਜਵੰਧਾ ਨੇ ਦੱਸਿਆ ਕਿ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਲੋਕਾਂ ਨੂੰ ਵੱਡੀ ਸਹੂਲਤ ਮੁਹੱਈਆ ਕਰਵਾਈ ਗਈ ਹੈ ਅਤੇ ਲੋੜ ਪੈਣ ਤੇ ਵਿਅਕਤੀ ਆਪਣੀ ਬਿਮਾਰੀ ਦਾ ਇਲਾਜ ਕਰਵਾ ਸਕਦਾ ਹੈ, ਜਿਸ ਲਈ 10 ਲੱਖ ਰੁਪਏ ਤੱਕ ਕੈਸ਼ਲੈੱਸ ਦੀ ਰਾਹਤ ਪ੍ਰਦਾਨ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਸਿਹਤ, ਸਿੱਖਿਆ, ਮੁਫ਼ਤ ਬਿਜਲੀ ਸਮੇਤ ਵੱਖ-ਵੱਖ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ ਹਨ ਅਤੇ ਲੋਕ ਭਲਾਈ ਸਕੀਮਾਂ ਦਾ ਲਾਭ ਪੁਜਦਾ ਕੀਤਾ ਗਿਆ ਹੈ।

## ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਨੇ ਮਜ਼ਦੂਰ ਦਿਵਸ ਤੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ



ਬਾਬਾ ਬਕਾਲਾ ਸਾਹਿਬ, 1 ਮਈ( ਬਲਰਾਜ ਸਿੰਘ ਰਾਜਾ) : ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਤਹਿਸੀਲ ਬਾਬਾ ਬਕਾਲਾ ਵੱਲੋਂ ਸਥਾਨਕ ਨਰਸਰੀ ਵਿਚ ਕੌਮਾਂਤਰੀ ਮਜ਼ਦੂਰ ਦਿਵਸ ਨੂੰ ਸਾਮਰਾਜ ਵਿਰੋਧੀ ਦਿਵਸ ਵਜੋਂ ਮਨਾਇਆਂ ਗਿਆ ਅਤੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ। ਇਸ ਮੌਕੇ ਸੂਬਾ ਪ੍ਰਧਾਨ ਜਰਮਨਜੀਤ ਸਿੰਘ ਵੱਲੋਂ ਜਥੇਬੰਦੀ ਦਾ ਝੰਡਾ ਝੁਲਾਇਆ ਗਿਆ ਜਿਸ ਵਿੱਚ ਤਹਿਸੀਲ ਬਾਬਾ ਬਕਾਲਾ ਦੇ ਮੁਲਾਜ਼ਮਾਂ ਅਤੇ ਮਾਨ ਭੱਤਾ ਵਰਕਰਾਂ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਗਈ।ਇਸ ਮੌਕੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਡੀ.ਟੀ.ਐੱਫ. ਦੇ ਆਗੂ ਚਰਨਜੀਤ ਸਿੰਘ ਰਜਧਾਨ, ਜੰਗਲਾਤ ਆਗੂ ਰਛਪਾਲ ਸਿੰਘ ਜੋਧਾ ਨਗਰੀ, ਆਸ਼ਾ ਵਰਕਰਾਂ ਦੀ ਆਗੂ ਪਰਮਜੀਤ ਕੌਰ ਮਾਨ, ਮਿਡ ਡੇ ਮੀਲ ਵਰਕਰਾਂ ਦੀ ਆਗੂ ਮਮਤਾ ਸ਼ਰਮਾ, ਜਲ ਸਰੋਤ ਆਗੂ ਸੁਖਦੇਵ ਸਿੰਘ ਉਮਰਾਨੰਗਲ ਅਤੇ ਜਲ ਸਪਲਾਈ ਆਗੂ ਅਜੀਤਪਾਲ ਸਿੰਘ ਨੇ ਕਿਹਾ ਕਿ ਮਜ਼ਦੂਰਾਂ ਦੇ ਅੰਦੋਲਨ ਨੂੰ ਦਿਸ਼ਾਬੱਧ ਕਰਨ ਵਿੱਚ ਸ਼ਿਕਾਗੋ (ਅਮਰੀਕਾ) ਦੇ ਸ਼ਹੀਦਾਂ ਦਾ ਦੁਨੀਆ ਭਰ ਵਿੱਚ ਵਿਸ਼ੇਸ਼ ਸਥਾਨ ਹੈ। ਜਿਨ੍ਹਾਂ ਕਰਕੇ ਕੰਮ ਦੇ 8 ਘੰਟੇ ਤੈਅ ਹੋਏ, ਘੱਟੋ ਘੱਟ ਉਜਰਤ ਤੈਅ ਹੋਈ ਅਤੇ ਹਫ਼ਤਾਵਾਰੀ ਛੁੱਟੀ ਮਿਲਣੀ ਸ਼ੁਰੂ ਹੋਈ ਸੀ।ਬੁਲਾਰਿਆਂ ਨੇ ਕਿਹਾ ਕਿ ਭਾਰਤ ਵਿੱਚ ਮੋਦੀ ਸਰਕਾਰ ਵੱਲੋਂ ਲਾਗੂ ਕੀਤੇ ਗਏ ਚਾਰ ਲੇਬਰ ਕੋਡ ਤਹਿਤ ਮਜ਼ਦੂਰਾਂ ਕੋਲੋਂ 8 ਘੰਟੇ ਦੀ ਬਜਾਏ 10-10 ਘੰਟੇ ਕੰਮ ਲੈਣਾ ਸ਼ੁਰੂ ਕੀਤਾ ਗਿਆ ਹੈ, ਘੱਟੋ ਘੱਟ ਉਜ਼ਰਤਾਂ ਬਿਲਕੁਲ ਨਿਗੂਣੀਆਂ ਹਨ ਅਤੇ ਮੁਲਾਜ਼ਮਾਂ ਨੂੰ 24 ਘੰਟੇ ਦੇ ਮੁਲਾਜ਼ਮ ਕਹਿ ਕੇ ਮਨਮਰਜ਼ੀ ਨਾਲ ਕੰਮ ਕਰਵਾਇਆ ਜਾਂਦਾ ਹੈ। ਜਿਸ ਦੇ ਖ਼ਿਲਾਫ਼ ਪਿਛਲੇ ਦਿਨੀਂ ਨੌਇਡਾ, ਪਾਣੀਪਤ, ਮਾਨੇਸਰ ਅਤੇ ਪੰਜਾਬ ਵਿੱਚ ਜੀਂਦਾ ਦੇ ਹਜ਼ਾਰਾਂ ਮਜ਼ਦੂਰਾਂ ਦੀ ਗਰਜ ਪੂਰੇ ਮੁਲਕ ਵਿੱਚ ਸੁਣਾਈ ਦਿੱਤੀ ਹੈ। ਜਿਸ ਨੂੰ ਦਬਾਉਣ ਲਈ ਸੂਬਾਈ ਸਰਕਾਰਾਂ ਨੇ ਜਬਰ ਦੇ ਹੱਦਾਂ ਬੰਨੇ ਤੋੜ ਦਿੱਤੇ ਹਨ।

## ਲੋਕ ਸੂਬੇ ਚ ਮੁੜ ਆਪ ਸਰਕਾਰ ਬਣਾਉਣ ਲਈ ਪਾਉਣਗੇ ਯੋਗਦਾਨ : ਤਲਬੀਰ ਗਿੱਲ

ਤਰਸਿੱਕਾ 1 ਮਈ (ਮਨਪ੍ਰੀਤ ਸਿੰਘ ਗਿੱਲ)–ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਪ ਸਰਕਾਰ ਦੇ ਰਾਜ ਅੰਦਰ ਹਲਕਾ ਮਜੀਠਾ ਦੇ ਪਿੰਡਾਂ ਵਿੱਚ ਕਰੋੜਾਂ ਰੁਪਏ ਦੇ ਕਰਵਾਏ ਗਏ ਵਿਕਾਸ ਕਾਰਜਾਂ ਦੀ ਬਦੌਲਤ ਆਪ ਪਾਰਟੀ ਦੀ ਚੜਤ ਪੂਰੀ ਤਰ੍ਹਾਂ ਬਰਕਰਾਰ ਹੈ ਅਤੇ ਹਲਕੇ ਦੇ ਲੋਕ ਇਸ ਵਾਰ ਸੂਬੇ ਵਿੱਚ ਮੁੜ ਆਮ ਪਾਰਟੀ ਦੀ ਸਰਕਾਰ ਬਣਾਉਣ ਲਈ ਆਪਣਾ ਵੱਡਾ ਯੋਗਦਾਨ ਪਾਉਣਗੇ ਅਤੇ ਇਹ ਸਪਸ਼ਟ ਕਰ ਦੇਣਗੇ ਕਿ ਲੋਕ ਆਪ ਪਾਰਟੀ ਨਾਲ ਚਟਾਨ ਵਾਂਗ ਖੜੇ ਹਨ ਉਕਤ ਸ਼ਬਦਾਂ ਦਾ ਪ੍ਰਗਟਾਵਾ ਆਪ ਪਾਰਟੀ ਦੇ ਹਲਕਾ ਮਜੀਠਾ ਦੇ ਇੰਚਾਰਜ ਸਰਦਾਰ ਤਲਬੀਰ ਸਿੰਘ ਗਿੱਲ ਨੇ ਗੱਲਬਾਤ ਦੌਰਾਨ ਕੀਤਾ ਗਿੱਲ ਨੇ ਕਿਹਾ ਕਿ ਆਪ ਪਾਰਟੀ ਸਰਕਾਰ ਵੱਲੋਂ ਆਪਣੇ ਹੁਣ ਤੱਕ ਦੇ ਚਾਰ ਸਾਲਾਂ ਦੇ ਕਾਰਜ ਕਾਲ ਦੌਰਾਨ ਪੰਜਾਬ ਦੇ ਹਿੱਤਾਂ ਤੇ ਲੋਕ ਭਲਾਈ ਲਈ ਅਜਿਹੇ ਕੰਮ ਕਰ ਵਿਖਾਏ ਜਿਸ ਨਾਲ ਵਿਰੋਧੀਆਂ ਨੂੰ ਆਉਣ ਵਾਲੀਆਂ ਚੋਣਾਂ



ਲਈ ਮੁੱਦਹੀਣ ਕਰਕੇ ਰੱਖ ਦਿੱਤਾ ਜੋ ਵਿਰੋਧੀ ਹੁਣ2027 ਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਦੇਖਦਿਆ ਹੋਇਆ ਸੱਤਾਂ ਹਾਸਲ ਕਰਨ ਲਈ ਲੋਕਾਂ ਨੂੰ ਭਰਮਾਉਣ ਵਾਸਤੇ ਝੂਠੀ ਬਿਆਨਬਾਜੀ ਦਾ ਸਹਾਰਾ ਲੈ ਰਹੀਆਂ ਪਰ ਲੋਕ ਹੋਣ ਇਨ੍ਹਾਂ ਦੇ ਝਾਂਸਿਆ ਵਿੱਚ ਨਹੀਂ ਆਉਣਗੇ ਅਤੇ ਹਲਕਾ ਮਜੀਠਾ ਦੇ ਪਿੰਡਾਂ ਵਿੱਚ ਇਸ ਵਕਤ ਆਪ ਪਾਰਟੀ ਨੂੰ ਮਿਲ ਰਹੇ ਭਰਵੇਂ ਹੁੰਗਾਰੇ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਇਸ ਵਾਰ ਹਲਕਾ ਮਜੀਠਾ ਦੇ ਲੋਕ ਆਪ ਪਾਰਟੀ ਦੇ ਉਮੀਦਵਾਰ ਨੂੰ ਜਿਤਾ ਕੇ ਵਿਧਾਨ ਸਭਾ ਵਿੱਚ ਭੇਜਣਗੇ

## ਬੀ.ਐੱਸ.ਸੀ. ਨਰਸਿੰਗ ਦੇ ਨਤੀਜਿਆਂ ਵਿੱਚ ਆਨੰਦ ਕਾਲਜ ਦੇ ਵਿਦਿਆਰਥੀਆਂ ਦਾ ਸ਼ਾਨਦਾਰ ਪ੍ਰਦਰਸ਼ਨ



ਤਰਸਿੱਕਾ 1 ਮਈ(ਮਨਪ੍ਰੀਤ ਸਿੰਘਗਿੱਲ)ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਵੱਲੋਂ ਬੀ.ਐੱਸ.ਸੀ. ਨਰਸਿੰਗ ਸਮੈਸਟਰ ਦੂਜੇ ਦੇ ਨਤੀਜੇ ਘੋਸ਼ਿਤ ਕੀਤੇ ਗਏ ਹਨ, ਜਿਨ੍ਹਾਂ ਵਿੱਚ ਆਨੰਦ ਕਾਲਜ ਆਫ ਨਰਸਿੰਗ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਯੂਨੀਵਰਸਿਟੀ ਵਿੱਚ ਵਧੀਆ ਸਥਾਨ ਹਾਸਲ ਕੀਤੇ ਹਨ। ਇਨ੍ਹਾਂ ਨਤੀਜਿਆਂ ਅਨੁਸਾਰ ਨਿਤਿਮਾ ਨੇ (9.68)ਸੀਜੀਪੀਏ ਨਾਲ ਪਹਿਲਾ ਸਥਾਨ ਹਾਸਲ , ਪਲਕਪ੍ਰੀਤ ਕੌਰ ਨੇ (9.29) ਸੀਜੀਪੀਏ ਨਾਲ ਦੂਜਾ ਸਥਾਨ ਅਤੇ ਪਲਕਦੀਪ ਵੜੈਚ ਨੇ (8.90 )ਸੀਜੀਪੀਏ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ। ਇੱਥੇ ਜਿਕਰਯੋਗ ਹੈ ਕਿ ਨਿਤਿਮਾ ਅਤੇ ਪਲਕਪ੍ਰੀਤ ਕੌਰ ਨੇ ਯੂਨੀਵਰਸਿਟੀ ਵਿੱਚ ਟਾਪ ਕਰਕੇ ਕਾਲਜ ਦਾ ਨਾਮ ਰੋਸ਼ਨ ਕੀਤਾ ਹੈ।ਕਾਲਜ ਦੇ ਚੇਅਰਮੈਨ ਡਾ. ਐੱਮ. ਐੱਮ. ਆਨੰਦ, ਵਾਇਸ ਚੇਅਰਮੈਨ ਡਾ. ਜੇ. ਐੱਸ. ਢਿੱਲੋਂ, ਮੈਨੇਜਿੰਗ ਡਾਇਰੈਕਟਰ ਸੂਰਿਆ ਪ੍ਰਕਾਸ਼ ਆਨੰਦ, ਕੈਂਪਸ ਡਾਇਰੈਕਟਰ ਮਿਸ ਰੇਨੂ ਠਾਕੁਰ, ਪ੍ਰਿੰਸੀਪਲ ਰਚਨਾ ਕੁਮਾਰੀ, ਵਾਇਸ ਪ੍ਰਿੰਸੀਪਲ ਰਮਨਦੀਪ ਕੌਰ ਸੋਹਲ ਅਤੇ ਨਰਸਿੰਗ ਐਡਵਾਈਜ਼ਰ ਊਸ਼ਾ ਸਰੀਨ ਨੇ ਵਿਦਿਆਰਥੀਆਂ ਦੀ ਇਸ ਉਪਲਬਧੀ 'ਤੇ ਖੁਸ਼ੀ ਜਤਾਉਂਦੇ ਹੋਏ ਓਹਨਾਂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਇਹ ਨਤੀਜੇ ਵਿਦਿਆਰਥੀਆਂ ਦੀ ਲਗਨ, ਮਿਹਨਤ ਅਤੇ ਅਧਿਆਪਕਾਂ ਦੀ ਸਮਰਪਿਤ ਸੇਵਾ ਦਾ ਪਰਿਣਾਮ ਹਨ।ਉਨ੍ਹਾਂ ਨੇ ਅੱਗੇ ਕਿਹਾ ਕਿ ਕਾਲਜ ਹਮੇਸ਼ਾ ਹੀ ਉੱਚ ਮਿਆਰੀ ਸਿੱਖਿਆ ਦੇਣ ਲਈ ਵਚਨਬੱਧ ਹੈ ਅਤੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਵੀ ਹੋਰ ਵਧੀਆ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕਰਦਾ ਰਹੇਗਾ।ਕਾਲਜ ਦੇ ਵਿਦਿਆਰਥੀਆਂ ਨੇ ਆਪਣੀ ਕਾਬਲੀਅਤ ਅਤੇ ਕਠੋਰ ਮਿਹਨਤ ਨਾਲ ਇਹ ਅਹਿਮ ਉਪਲਬਧੀਆਂ ਪ੍ਰਾਪਤ ਕਰਕੇ ਨਾ ਸਿਰਫ ਕਾਲਜ, ਸਗੋਂ ਆਪਣੇ ਮਾਪਿਆਂ ਦਾ ਨਾਮ ਵੀ ਰੋਸ਼ਨ ਕੀਤਾ ਹੈ।ਇਸ ਮੌਕੇ 'ਤੇ ਪ੍ਰੋਫੈਸਰ ਮਨਵਿੰਦਰ ਕੌਰ, ਸਾਕਸ਼ੀ ਸ਼ਰਮਾ, ਭਾਵਨਾ ਸ਼ਰਮਾ, ਪੂਨਮ, ਹਰਲੀਨ ਕੌਰ, ਪ੍ਰਿਯੰਕਾ, ਸੀਮਾ, ਪੁਨਰ, ਪਰਮੀਤ, ਰਮਨਦੀਪ ਕੌਰ, ਰਮਨ ਸੰਧੂ, ਕੋਮਲ ਢਿੱਲੋਂ, ਨਵਜੋਤ ਕੌਰ, ਸਰਨਦੀਪ ਕੌਰ, ਸਿਮਰਨ ਢਿੱਲੋਂ, ਸੁਖਸਰਨ, ਨਿਧੀ, ਰਿੱਪਨਦੀਪ ਕੌਰ, ਅੰਜਲੀ, ਪੱਲਵੀ, ਅਬਿਦਾਹ, ਸਮਰੀਨ, ਮਨਪ੍ਰੀਤ,ਜਸਲੀਨ, ਭਵਿਆ, ਆਇਮਨ, ਸਿਮਰਨਜੀਤ, ਵੰਸ਼ਿਕਾ, ਬੰਸ਼ੀਕਾ, ਬਲਜਿੰਦਰ, ਪ੍ਰਭਨੂਰ, ਰਮਨਦੀਪ ਚੌਹਾਨ ਸਮੇਤ ਹੋਰ ਸਟਾਫ਼ ਮੈਂਬਰ ਵੀ ਹਾਜ਼ਰ ਸਨ।

## ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦਾ 32ਵਾਂ ਸਥਾਪਨਾ ਦਿਵਸ ਮਨਾਇਆ ਗਿਆ

ਅੰਮ੍ਰਿਤਸਰ,1 ਮਈ (ਬਬਲੂ ਮਹਾਜਨ) ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ 32ਵੇਂ ਸਥਾਪਨਾ ਦਿਵਸ ਦੇ ਸਬੰਧ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਇਸ ਮੌਕੇ ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਪਾਰਟੀ ਦੇ ਇਤਿਹਾਸ ਅਤੇ ਸਾਲ 1994 ਦੇ 'ਅੰਮ੍ਰਿਤਸਰ ਐਲਾਨਨਾਮੇ' 'ਤੇ ਵਿਸਥਾਰ ਨਾਲ ਰੌਸ਼ਨੀ ਪਾਈ।ਮਾਨ ਨੇ ਕਿਹਾ ਕਿ ਉਸ ਸਮੇਂ ਦੇ ਕਈ ਪ੍ਰਮੁੱਖ ਆਗੂ, ਜਿਨ੍ਹਾਂ ਨੇ ਅਸਲ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਇਸ ਐਲਾਨਨਾਮੇ ਨੂੰ ਬਰਕਰਾਰ ਰੱਖਣ ਦੀ ਸਹੁੰ ਚੁੱਕੀ ਸੀ, ਬਾਅਦ ਵਿੱਚ ਕੇਂਦਰ ਸਰਕਾਰ ਦੇ ਦਬਾਅ ਕਾਰਨ ਕਾਂਗਰਸ, ਭਾਜਪਾ ਜਾਂ ਬਾਦਲ ਦਲ ਵਰਗੀਆਂ ਮੁੱਖ ਧਾਰਾ ਦੀਆਂ ਰਾਜਨੀਤਿਕ ਪਾਰਟੀਆਂ ਵਿੱਚ ਸ਼ਾਮਲ ਹੋ ਗਏ, ਜੋ ਕਿ ਦੁਖਦਾਈ ਹੈ।ਉਨ੍ਹਾਂ ਇਨ੍ਹਾਂ ਘਟਨਾਵਾਂ ਦੇ ਇਤਿਹਾਸਕ ਮਹੱਤਵ 'ਤੇ ਜ਼ੋਰ ਦਿੰਦਿਆਂ ਸੁਝਾਅ ਦਿੱਤਾ ਕਿ 'ਅੰਮ੍ਰਿਤਸਰ ਐਲਾਨਨਾਮੇ' ਦਾ ਅਸਲ ਦਸਤਾਵੇਜ਼, ਜੋ ਇਸ ਸਮੇਂ



ਉਸ ਵੇਲੇ ਦੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਭਾਈ ਮਨਜੀਤ ਸਿੰਘ ਕੋਲ ਵਿਦੇਸ਼ ਵਿੱਚ ਸੁਰੱਖਿਅਤ ਹੈ, ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਲਾਇਬ੍ਰੇਰੀ ਵਿੱਚ ਸੰਭਾਲ ਕੇ ਰੱਖਿਆ ਜਾਣਾ ਚਾਹੀਦਾ ਹੈ, ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਇਹ ਇਤਿਹਾਸਕ ਵਿਰਾਸਤ ਬਣੀ ਰਹੇ।ਮਾਨ ਨੇ ਸਿੱਖ ਆਗੂਆਂ ਦੇ ਕਤਲਾਂ ਸਬੰਧੀ ਕਥਿਤ ਅੰਤਰਰਾਸ਼ਟਰੀ ਸਾਜ਼ਿਸ਼ਾਂ ਦਾ ਵੀ ਜ਼ਿਕਰ ਕਰਦਿਆਂ ਕਿਹਾ ਕਿ ਇਨ੍ਹਾਂ ਘਟਨਾਵਾਂ ਵਿੱਚ ਭਾਰਤ ਸਰਕਾਰ ਦੀ ਸੰਭਾਵਿਤ ਭੂਮਿਕਾ ਦੀ ਨਿਰਪੱਖ ਅਤੇ ਉੱਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਅਮਰੀਕਾ ਵਿੱਚ ਵਸਦੇ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਸਰਕਾਰ 'ਤੇ ਦਬਾਅ ਪਾਉਣ ਤਾਂ ਜੋ ਜਿੰਮੇਵਾਰ ਅਧਿਕਾਰੀਆਂ ਦੀ ਜਵਾਬਦੇਹੀ ਤੈਅ ਕੀਤੀ ਜਾ ਸਕੇ।ਇਸ ਦੌਰਾਨ ਉਨ੍ਹਾਂ ਨੇ ਦੀਪ ਸਿੱਧੂ ਅਤੇ ਸਿੱਧੂ ਮੂਸੇਵਾਲਾ ਵਰਗੀਆਂ ਸਥਾਨਕ ਮੌਤਾਂ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਪਾਰਟੀ ਦੇ ਜਨਰਲ ਸਕੱਤਰ ਹਰਪਾਲ ਸਿੰਘ ਬਲੇਅਰ ਦੇ ਘਰ ਵੀ ਹਾਲ ਹੀ ਵਿੱਚ ਹਥਿਆਰਬੰਦ ਅਣਪਛਾਤੇ ਵਿਅਕਤੀ ਦਾਖਲ ਹੋਏ ਸੀ, ਜਿਸ ਨਾਲ ਸੁਰੱਖਿਆ ਸੰਬੰਧੀ ਚਿੰਤਾਵਾਂ ਵਧ ਗਈਆਂ ਹਨ।ਮਾਨ ਨੇ ਅੰਤ ਵਿੱਚ ਐਲਾਨ ਕੀਤਾ ਕਿ ਸਾਲ 2027 ਦੀਆਂ ਚੋਣਾਂ ਨੂੰ ਧਿਆਨ ਵਿੱਚ ਰੱਖਦਿਆਂ ਉਮੀਦਵਾਰਾਂ ਦੀ ਚੋਣ ਪ੍ਰਕਿਰਿਆ ਨੂੰ ਤੇਜ਼ ਕਰਨ ਲਈ ਪਾਰਟੀ ਵੱਲੋਂ ਇੱਕ ਪਾਰਲੀਮੈਂਟਰੀ ਕਮੇਟੀ ਦਾ ਗਠਨ ਕਰ ਦਿੱਤਾ ਗਿਆ ਹੈ।ਇਸ ਮੌਕੇ ਪਾਰਟੀ ਦੇ ਜਨਰਲ ਸਕੱਤਰ ਪ੍ਰੋ ਮਹਿੰਦਰਪਾਲ ਸਿੰਘ, ਪਾਰਟੀ ਦੇ ਕਾਰਜਕਾਰੀ ਪ੍ਰਧਾਨ ਇਮਾਨ ਸਿੰਘ ਮਾਨ, ਜਨਰਲ ਸਕੱਤਰ ਉਪਕਾਰ ਸਿੰਘ ਸੰਧੂ, ਜਰਨਲ ਸਕੱਤਰ ਹਰਪਾਲ ਸਿੰਘ ਬਲੇਰ, ਕੁਲਦੀਪ ਸਿੰਘ ਭਾਗੋਵਾਲ, ਜਸਵੀਰ ਸਿੰਘ ਬਚੜੇ, ਸ਼ਮਸ਼ੇਰ ਸਿੰਘ ਬਰਾੜ, ਹਰਜੀਤ ਸਿੰਘ ਮੀਆਪੁਰ, ਦਲਜੀਤ ਸਿੰਘ ਬਾਜਵਾ, ਬਲਜੀਤ ਸਿੰਘ ਬੁੱਟਰ, ਹਰਮਨਦੀਪ ਸਿੰਘ ਸੁਲਤਾਨਵਿੰਡ, ਅਮਰੀਕ ਸਿੰਘ ਨੰਗਲ, ਕੁਲਵੰਤ ਸਿੰਘ ਮਝੈਲ, ਕੁਲਵੰਤ ਸਿੰਘ ਮਜੀਠਾ, ਬੀਬੀ ਬਲਜਿੰਦਰ ਕੌਰ ਸੰਧੂ,ਬੀਬੀ ਮਨਦੀਪ ਕੌਰ, ਬੀਬੀ ਸੁਖਮਨ ਕੌਰ, ਗੁਰਬਚਨ ਸਿੰਘ ਪਵਾਰ, ਦਲਬੀਰ ਸਿੰਘ ਬੰਡਾਲਾ, ਅਮਰਿੰਦਰ ਸਿੰਘ ਜੋਰਾ, ਗੁਰਪ੍ਰੀਤ ਸਿੰਘ ਝਾਂਮਪੁਰ, ਤਰਲੋਕ ਸਿੰਘ ਬਿੱਟਾ, ਰਵੀ ਸ਼ੇਰ ਸਿੰਘ, ਮਨਕੀਰਤ ਸਿੰਘ ਤੇ ਹੋਰ ਹਾਜ਼ਰ ਸਨ।

## ਬਾਬਾ ਕੁੰਦਨ ਸਿੰਘ ਸੰਗਤ ਨਿਵਾਸ 'ਚ ਮਹੀਨਾਵਾਰੀ ਚੁਪਹਿਰਾ ਜਪ-ਤਪ ਸਮਾਗਮ ਆਯੋਜਿਤ

### ਭਾਈ ਗੁਰਇਕਬਾਲ ਸਿੰਘ ਦੀ ਅਗਵਾਈ ਹੇਠ ਸੰਗਤਾਂ ਨੇ ਨਾਮ ਸਿਮਰਨ ਕੀਤਾ



ਅਮ੍ਰਿਤਸਰ, 1 ਮਈ (ਬਬਲੂ ਮਹਾਜਨ) ਬਾਬਾ ਕੁੰਦਨ ਸਿੰਘ ਸੰਗਤ ਨਿਵਾਸ ਵਿਖੇ ਮੁੱਖ ਸੇਵਾਦਾਰ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਦੀ ਅਗਵਾਈ ਹੇਠ ਮਹੀਨਾਵਾਰੀ ਚੁਪਹਿਰਾ ਜਪ-ਤਪ ਸਮਾਗਮ ਸ਼ਰਧਾ ਅਤੇ ਭਾਵਨਾ ਨਾਲ ਆਯੋਜਿਤ ਕੀਤਾ ਗਿਆ। ਇਸ ਧਾਰਮਿਕ ਸਮਾਗਮ ਦੌਰਾਨ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਪਹੁੰਚ ਕਰਕੇ ਨਾਮ ਸਿਮਰਨ, ਜਪ-ਤਪ ਅਤੇ ਗੁਰਬਾਣੀ ਕੀਰਤਨ ਦਾ ਆਨੰਦ ਮਾਣਿਆ।ਸਮਾਗਮ ਦੀ ਸ਼ੁਰੂਆਤ ਗੁਰਬਾਣੀ ਦੇ ਪਾਠ ਨਾਲ ਹੋਈ, ਜਿਸ ਤੋਂ ਬਾਅਦ ਭਾਈ ਗੁਰਇਕਬਾਲ ਸਿੰਘ ਜੀ, ਭਾਈ ਬੁਲੰਦ ਪ੍ਰੀਤ ਸਿੰਘ, ਬੀਬੀ ਪਰਮਜੀਤ ਕੌਰ ਪੰਮਾ ਭੈਣ ਜੀ ਅਤੇ ਲੁਧਿਆਣਾ ਤੋਂ ਪਹੁੰਚੇ ਭਾਈ ਮਨਿੰਦਰ ਸਿੰਘ ਅਹੂਜਾ ਨੇ ਰਸਭਿੰਨੇ ਕਥਾ-ਕੀਰਤਨ ਰਾਹੀਂ ਸੰਗਤਾਂ ਨੂੰ ਗੁਰਮਤਿ ਵਿਚਾਰਾਂ ਨਾਲ ਜੋੜਿਆ। ਉਨ੍ਹਾਂ ਨੇ ਗੁਰਬਾਣੀ ਦੇ ਅਮੋਲਕ ਸੰਦੇਸ਼ਾਂ ਦੀ ਵਿਆਖਿਆ ਕਰਦਿਆਂ ਜੀਵਨ ਵਿੱਚ ਨਾਮ ਸਿਮਰਨ ਅਤੇ ਸੇਵਾ ਦੀ ਮਹੱਤਤਾ 'ਤੇ ਜ਼ੋਰ ਦਿੱਤਾ।ਇਸ ਮੌਕੇ ਬਾਲ ਫੁਲਵਾੜੀ ਦੇ ਬੱਚਿਆਂ ਨੇ ਵੀ ਕੀਰਤਨ ਰਾਹੀਂ ਆਪਣੀ ਹਾਜ਼ਰੀ ਲਗਵਾਈ,

## ਪੰਜਾਬ ਸਰਕਾਰ ਸਰਕਾਰੀ ਸਕੂਲਾਂ ਦੀ ਨੁਹਾਰ ਬਦਲ ਕੇ ਸਿੱਖਿਆ ਪੱਧਰ ਉੱਚਾ ਚੁੱਕਣ ਲਈ ਵਚਨਬੱਧ : ਜਸਕਰਨ ਸਿੰਘ ਬੰਦੇਸ਼ਾ

ਅੰਮ੍ਰਿਤਸਰ, 1 ਮਈ ਗੁਰਦਿਆਲ ਸਿੰਘ :ਪੰਜਾਬ ਵਿੱਚ ਚੱਲ ਰਹੀ ਸਿਖਿਆ ਕ੍ਰਾਂਤੀ ਤਹਿਤ ਸਰਕਾਰੀ ਐਲੀਮੈਂਟਰੀ ਸਕੂਲ ਚੁਗਾਵਾਂ ਸਾਧਪੁਰ ਜ਼ਿਲ੍ਹਾ ਅੰਮ੍ਰਿਤਸਰ ਦੇ ਨਵੇਂ ਬਣੇ ਕਮਰਿਆਂ ਦਾ ਉਦਘਾਟਨ ਪੰਜਾਬ ਸਮਾਲ ਇੰਡਸਟਰੀ ਐਂਡ ਐਕਸਪੋਰਟ ਕਾਰਪੋਰੇਸ਼ਨ ਦੇ ਵਾਈਸ ਚੇਅਰਮੈਨ ਜਸਕਰਨ ਸਿੰਘ ਬੰਦੇਸ਼ਾ ਨੇ ਕੀਤਾ । ਇਸ ਮੌਕੇ ਆਮ ਆਦਮੀ ਪਾਰਟੀ ਦੇ ਜ਼ੋਨਲ ਮੀਡੀਆ ਇੰਚਾਰਜ ਐਡਵੋਕੇਟ ਅਰਵਿੰਦਰ ਸਿੰਘ ਭੱਟੀ ਅਤੇ ਕਿਸਾਨ ਆਗੂ ਬਲਬੀਰ ਸਿੰਘ ਬੋਪਾਰਾਏ ,ਸੀ ਐਚ ਟੀ ਮੈਡਮ ਹਰਜਿੰਦਰ ਕੌਰ ਲਵਪ੍ਰੀਤ ਸਿੰਘ ਵੀ ਉਨ੍ਹਾਂ ਦੇ ਨਾਲ ਸਨ । ਸਕੂਲ ਦੇ ਹੈੱਡਮਾਸਟਰ ਸੁਖਵਿੰਦਰ ਕੌਰ ,ਸ਼ਿੰਗਾਰਾ ਸਿੰਘ ਅਤੇ ਸਟਾਫ ਮੈਂਬਰਾਂ ਨੇ ਮਹਿਮਾਨਾਂ ਦਾ ਸਵਾਗਤ ਕੀਤਾ । ਉਦਘਾਟਨ ਮਗਰੋਂ ਬੋਲਦਿਆਂ ਚੇਅਰਮੈਨ ਬੰਦੇਸ਼ਾ ਨੇ ਦੱਸਿਆ ਕਿ ਪੰਜਾਬ ਸਰਕਾਰ ਸਰਕਾਰੀ ਸਕੂਲਾਂ ਦੇ ਪੱਧਰ ਨੂੰ ਪ੍ਰਾਈਵੇਟ ਸਕੂਲਾਂ ਦੇ ਮੁਕਾਬਲੇ ਉੱਚਾ ਚੁੱਕਣ ਲਈ ਵਚਨਬੱਧ ਹੈ । ਉਨ੍ਹਾਂ ਕਿਹਾ ਕਿ ਹੁਣ ਸਰਕਾਰੀ ਸਕੂਲਾਂ ਵਿੱਚ ਵੀ ਬੱਚਿਆਂ ਨੂੰ ਆਧੁਨਿਕ



ਤਕਨੀਕ ਨਾਲ ਸਿੱਖਿਆ ਦਿੱਤੀ ਜਾ ਰਹੀ ਹੈ । ਇਸੇ ਲਈ ਹੁਣ ਲੋਕ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਪੜ੍ਹਾਉਣ ਨੂੰ ਤਰਜੀਹ ਦੇ ਰਹੇ ਹਨ । ਸਰਕਾਰ ਆਧੁਨਿਕ ਤਕਨੀਕ ਅਤੇ ਪ੍ਰੋਜੈਕਟਰ ,ਸਕਰੀਨ ਵਰਗੇ ਉਪਕਰਨ ਸਰਕਾਰੀ ਸਕੂਲਾਂ ਵਿੱਚ ਲਗਾ ਕੇ ਪਿੰਡਾਂ ਦੇ ਸਕੂਲਾਂ ਵਿੱਚ ਸਿੱਖਿਆ ਲਈ ਵਧੀਆ ਮਾਹੌਲ ਤਿਆਰ ਕਰ ਰਹੀ ਹੈ ਜਿਸ ਨਾਲ ਵਿਦਿਆਰਥੀ ਦੁਨੀਆ ਪੱਧਰ ਦੀ ਸਿੱਖਿਆ ਲੈ ਕੇ ਆਪਣੇ ਭਵਿੱਖ ਨੂੰ ਬਿਹਤਰ ਬਣਾ ਸਕਣਗੇ ।ਅਤੇ ਆਪਣੇ ਅਧਿਆਪਕਾਂ ਅਤੇ ਮਾਪਿਆਂ ਦੇ ਸੁਪਨੇ ਸਾਕਾਰ ਕਰਕੇ ਪੰਜਾਬ ਨੂੰ ਰੰਗਲਾ ਅਤੇ ਦੇਸ਼ ਨੂੰ ਵਿਕਸਤ ਬਣਾਉਣ ਵਿੱਚ ਆਪਣਾ ਯੋਗਦਾਨ ਦੇਣ ਯੋਗ ਹੋ ਸਕਣਗੇ ਇਸ ਮੌਕੇ ਉੱਘੇ ਫ਼ਿਲਮੀ ਕਲਾਕਾਰ ਅਤੇ ਆਪ ਦੇ ਮਾਝਾ ਜੋਨ ਦੇ ਮੀਡੀਆ ਇੰਚਾਰਜ ਸ ਅਰਵਿੰਦਰ ਭੱਟੀ ਨੇ ਬੋਲਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸਿੱਖਿਆ ਅਤੇ ਸਿਹਤ ਨੂੰ ਬਿਹਤਰ ਬਣਾਉਣ ਨੂੰ ਸਰਵਉੱਚ ਪਹਿਲ ਦੇ ਰਹੀ ਹੈ । ਸਰਕਾਰੀ ਸਕੂਲਾਂ ਦੀ ਬਦਲ ਰਹੀ ਨੁਹਾਰ ਅਤੇ ਮੁਹੱਲਾ ਕਲਿਨਿਕ ਇਸ ਗੱਲ ਦੀ ਗਵਾਹੀ ਭਰ ਰਹੇ ਹਨ । ਇਸ ਮੌਕੇ ਸਕੂਲ ਪ੍ਰਸ਼ਾਸਨ ਵੱਲੋਂ ਸਾਰੇ ਮਹਿਮਾਨਾਂ ਦਾ ਸਨਮਾਨ ਕੀਤਾ ਗਿਆ ।ਅਖੀਰ ਵਿੱਚ ਪਿੰਡ ਦੇ ਆਗੂਆਂ ਨੇ ਸਾਰਿਆਂ ਦਾ ਧੰਨਵਾਦ ਕੀਤਾ ।

## ਬਿਜਲੀ ਕੱਟਾਂ ਵਿਰੁੱਧ ਅਕਾਲੀ ਦਲ ਦਾ ਹੱਲਾ-ਬੋਲ: ਖਡੂਰ ਸਾਹਿਬ ਚ ਪਾਵਰਕਾਮ ਦਫ਼ਤਰ ਦਾ ਘਿਰਾਓ

ਸ੍ਰੀ ਖਡੂਰ ਸਾਹਿਬ 1 ਮਈ (ਸਰਬਜੀਤ ਸਿੰਘ ਮੀਆਂ ਵਿੰਡ): ਹਲਕਾ ਖਡੂਰ ਸਾਹਿਬ ਚ ਬਿਜਲੀ ਦੇ ਅਣ-ਐਲਾਨੇ ਤੇ ਲੰਮੇ ਕੱਟਾਂ ਤੋਂ ਅੱਕੇ ਲੋਕਾਂ ਦਾ ਗੁੱਸਾ ਅੱਜ ਸੜਕਾਂ ਤੇ ਫੁੱਟ ਪਿਆ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਅੱਜ ਹਲਕਾ ਇੰਚਾਰਜ ਬੀਬੀ ਰਮਨਦੀਪ ਕੌਰ ਅਤੇ ਸੀਨੀਅਰ ਆਗੂ ਸਰਪੰਚ ਅਵਤਾਰ ਸਿੰਘ ਬਿੱਲਾ ਸ਼ੇਰੋਂ ਦੀ ਸਾਂਝੀ ਅਗਵਾਈ ਹੇਠ ਐਸ.ਡੀ.ਓ. ਦਫ਼ਤਰ ਖਡੂਰ ਸਾਹਿਬ ਵਿਖੇ ਜ਼ੋਰਦਾਰ ਧਰਨਾ ਦਿੱਤਾ ਗਿਆ।ਇਸ ਮੌਕੇ ਬੀਬੀ ਰਮਨਦੀਪ ਕੌਰ ਅਤੇ ਸਰਪੰਚ ਅਵਤਾਰ ਸਿੰਘ ਬਿੱਲਾ ਸ਼ੇਰੋਂ ਵੱਲੋਂ ਐਸ.ਡੀ.ਓ. ਨੂੰ ਇੱਕ ਸਾਂਝਾ ਮੰਗ ਪੱਤਰ ਸੌਂਪਿਆ ਗਿਆ। ਇਸ ਮੰਗ ਪੱਤਰ ਰਾਹੀਂ ਦੱਸਿਆ ਗਿਆ ਕਿ ਬਿਜਲੀ ਦੇ ਲੰਮੇ ਕੱਟਾਂ ਕਾਰਨ ਜਿੱਥੇ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਹੋ ਰਿਹਾ ਹੈ, ਉੱਥੇ ਹੀ ਸਨਅਤਕਾਰ ਅਤੇ ਦਾਣਾ ਮੰਡੀਆਂ ਵਿੱਚ ਕਿਸਾਨ ਵੀ



ਬੇਹੱਦ ਪਰੇਸ਼ਾਨ ਹਨ। ਆਗੂਆਂ ਨੇ ਮੰਗ ਕੀਤੀ ਕਿ ਇਲਾਕੇ ਦੀਆਂ ਇਹਨਾਂ ਮੁਸ਼ਕਿਲਾਂ ਨੂੰ ਤੁਰੰਤ ਉੱਚ ਅਧਿਕਾਰੀਆਂ ਤੱਕ ਪਹੁੰਚਾ ਕੇ ਬਿਜਲੀ ਸਪਲਾਈ ਨੂੰ ਸੁਚਾਰੂ ਬਣਾਇਆ ਜਾਵੇ।ਧਰਨੇ ਚ ਸ਼ਾਮਲ ਪ੍ਰਮੁੱਖ ਸ਼ਖ਼ਸੀਅਤਾਂ:ਇਸ ਰੋਸ ਪ੍ਰਦਰਸ਼ਨ ਵਿੱਚ ਅਵਤਾਰ ਸਿੰਘ ਬਿੱਲਾ ਸਰਪੰਚ ਸ਼ੇਰੋਂ, ਕੁਲਦੀਪ ਸਿੰਘ ਔਲਖ, ਜਥੇਦਾਰ ਨਿਰਵੈਰ ਸਿੰਘ ਵੜਿੰਗ, ਸਰਪੰਚ ਕੁਲਦੀਪ ਸਿੰਘ ਲਾਹੌਰੀਆ ਅੰਮ੍ਰਿਤਸਰ ਸਾਹਿਬ, ਸਤਨਾਮ ਸਿੰਘ ਖੱਖ, ਸੁਖਰਾਜ ਸਿੰਘ ਕੰਗ, ਨਛੱਤਰ ਸਿੰਘ ਭੱਲ, ਦਲਵਿੰਦਰ ਸਿੰਘ ਟੋਨੀਪੁਰ ਮੈਂਬਰ , ਸਰਪੰਚ ਸਤਿੰਦਰ ਸਿੰਘ ਗੱਜਣ ਟੋਨੀਪੁਰ, ਅੰਮ੍ਰਿਤਪਾਲ ਸਿੰਘ ਚੱਕਵੜੇ, ਭਗਵਾਨ ਸਿੰਘ ਰਾਜੀਕੋਟ , ਹੀਰਾ ਭੁੱਲਰ ਹਰੀਕੇ ਠੇਕੇਦਾਰ, ਸੋਨੂੰ ਸਰਪੰਚ ਕਿਰਤੋਵਾਲ, ਗੁਰਪ੍ਰੀਤ ਸਿੰਘ ਸਮਰਾ ਪੱਖੋਪੁਰ, ਹਰਿੰਦਰ ਸਿੰਘ ਧੂੰਦਾ, ਭੁਪਿੰਦਰ ਸਿੰਘ ਸਰਪੰਚ ਵੈਰੋਵਾਲ, ਕਸ਼ਮੀਰ ਸਿੰਘ ਵੈਰੋਵਾਲ, ਸ਼ਮਸ਼ੇਰ ਸਿੰਘ ਵੈਰੋਵਾਲ ਪਹਿਲਵਾਨ, ਸੋਨੂੰ ਕੰਗ ਜੀਓਬਾਲਾ, ਪ੍ਰਤਾਪ ਸਿੰਘ ਜੀਓਬਾਲਾ ਅਤੇ ਹਰਿੰਦਰਪਾਲ ਸਿੰਘ ਜੀਓਬਾਲਾ ਸਮੇਤ ਵੱਡੀ ਗਿਣਤੀ ਵਿੱਚ ਅਕਾਲੀ ਵਰਕਰ ਹਾਜ਼ਰ ਸਨ

## ਤਕਨੀਕੀ ਟੀਮ ਨੇ ਸੰਤ ਨਾਮਦੇਵ ਮਹਾਰਾਸ਼ਟਰ ਸਦਨ ਅਤੇ ਏਕਨਾਥ ਭਗਤ ਨਿਵਾਸ ਦੇ ਨਿਰਮਾਣ ਦਾ ਨਿਰੀਖਣ ਕੀਤਾ

ਸ਼੍ਰੀ ਹਰਗੋਬਿੰਦਪੁਰ ਸਾਹਿਬ/ਘੁਮਾਣ/ਘੁਮਾਣ, 1 ਮਈ (ਡਾ ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਰਾਸ਼ਟਰੀ ਏਕਤਾ ਅਤੇ ਅਧਿਆਤਮਿਕ ਭਾਈਚਾਰੇ ਨੂੰ ਸਮਰਪਿਤ ਇੱਕ ਭਾਵੁਕ ਪਹਿਲਕਦਮੀ ਵਿੱਚ ਸਰਹੱਦ ਸੰਸਥਾ ਪੂਣੇ ਮਹਾਰਾਸ਼ਟਰ ਦੀ ਇੱਕ ਉੱਚ-ਪੱਧਰੀ ਤਕਨੀਕੀ ਟੀਮ ਨੇ ਮਹਾਰਾਸ਼ਟਰ ਦਿਵਸ ਦੇ ਮੌਕੇ 'ਤੇ ਪੰਜਾਬ ਦੇ ਘੁਮਾਣ ਵਿੱਚ ਸੰਤ ਨਾਮਦੇਵ ਮਹਾਰਾਸ਼ਟਰ ਸਦਨ ਅਤੇ ਏਕਨਾਥ ਭਗਤ ਨਿਵਾਸ ਦੇ ਨਿਰਮਾਣ ਸਥਾਨ ਦਾ ਦੌਰਾ ਕੀਤਾ। ਕਿਊਬਿਕਸ ਐਸੋਸੀਏਟਸ ਦੇ ਮੁੱਖ ਆਰਕੀਟੈਕਟ ਇਮਰਾਨ ਸ਼ੇਖ ਦੀ ਅਗਵਾਈ ਵਿੱਚ, ਵਫਦ ਵਿੱਚ ਅਜੇ ਭਿਲਾਰੇ ਐਂਡ ਐਸੋਸੀਏਟਸ ਦੇ ਇੰਜੀ. ਅਜੇ ਭਿਲਾਰੇ, ਸਟ੍ਰਕਚਰਲ ਇੰਜੀਨੀਅਰ ਨਰਿੰਦਰ ਚਵਾਨ , ਅਤੇ ਇੰਜੀਨੀਅਰ ਰਾਜੇਸ਼ ਜੁਜਾਰੇ ਸ਼ਾਮਲ ਸਨ। ਐਸ.ਜੀ.ਪੀ.ਸੀ ਦੇ ਕਾਰਜਕਾਰੀ ਇੰਜੀਨੀਅਰ ਸੁਖਜਿੰਦਰ ਸਿੰਘ ਨੇ ਉਸਾਰੀ ਕਾਰਜ ਦਾ ਨਿਰੀਖਣ ਕੀਤਾ ਅਤੇ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਅੰਮ੍ਰਿਤਸਰ ਪਹੁੰਚਣ ਤੋਂ ਤੁਰੰਤ ਬਾਅਦ, ਟੀਮ ਨੇ ਘੁਮਾਣ ਵਿੱਚ ਬਾਬਾ ਨਾਮਦੇਵ ਦਰਬਾਰ ਵਿੱਚ ਮੱਥਾ ਟੇਕਿਆ ਅਤੇ ਅਧਿਆਤਮਿਕ ਮਾਰਗਦਰਸ਼ਨ ਪ੍ਰਾਪਤ ਕੀਤਾ। ਉੱਥੇ, ਟੀਮ ਦਾ ਬਾਬਾ ਨਾਮਦੇਵ ਦਰਬਾਰ ਕਮੇਟੀ ਦੇ ਪ੍ਰਧਾਨ ਤਰਸੇਮ ਸਿੰਘ ਬਾਵਾ, ਸਰਪ੍ਰਸਤ ਹਰਜਿੰਦਰ ਸਿੰਘ ਬਾਵਾ, ਨਰਿੰਦਰ ਸਿੰਘ ਨਿੰਦੀ, ਜਨਰਲ ਸਕੱਤਰ ਸੁਖਜਿੰਦਰ ਸਿੰਘ ਬਾਵਾ, ਡਿਪਟੀ ਸਕੱਤਰ ਮਨਜਿੰਦਰ ਸਿੰਘ ਬਾਵਾ, ਸੰਯੁਕਤ ਸਕੱਤਰ



ਸਰਬਜੀਤ ਸਿੰਘ ਬਾਵਾ, ਸੇਵਾ ਮੁਕਤ ਪ੍ਰਿੰਸੀਪਲ ਗੁਰਮੁਖ ਸਿੰਘ ਬਾਵਾ ਅਤੇ ਸੁਖਬੀਰ ਸਿੰਘ ਬਾਵਾ ਨੇ ਨਿੱਘਾ ਸਵਾਗਤ ਕੀਤਾ। ਕਮੇਟੀ ਮੈਂਬਰਾਂ ਨੇ ਟੀਮ ਨੂੰ ਇਸ ਸਥਾਨ ਦੀ ਇਤਿਹਾਸਕ ਮਹੱਤਤਾ ਅਤੇ ਬਾਬਾ ਨਾਮਦੇਵ ਜੀ ਦੇ ਅੰਤਿਮ ਸਮਾਧੀ ਸਥਲ ਬਾਰੇ ਜਾਣਕਾਰੀ ਦਿੱਤੀ, ਜਿਸਨੂੰ ਮਹਾਰਾਸ਼ਟਰ ਅਤੇ ਪੰਜਾਬ ਦੀਆਂ ਸਭਿਆਚਾਰਾਂ ਵਿਚਕਾਰ ਇੱਕ ਅਟੁੱਟ ਅਧਿਆਤਮਿਕ ਪੁਲ ਵਜੋਂ ਸਤਿਕਾਰਿਆ ਜਾਂਦਾ ਹੈ। ਪ੍ਰੋਜੈਕਟ ਦੇ ਮੂਲ ਡਿਜ਼ਾਈਨਰਾਂ ਵਜੋਂ, ਟੀਮ ਨੇ ਉਸਾਰੀ ਵਾਲੀ ਥਾਂ ਦਾ ਵਿਆਪਕ ਨਿਰੀਖਣ ਕੀਤਾ ਅਤੇ ਠੇਕੇਦਾਰ ਨੂਰਦੀਨ ਦੁਆਰਾ ਕੀਤੇ ਗਏ ਕੰਮ ਦੀ ਪ੍ਰਗਤੀ ਅਤੇ ਗੁਣਵੱਤਾ ਦੀ ਸਮੀਖਿਆ ਕੀਤੀ। ਆਪਣੇ ਦੌਰੇ ਦੌਰਾਨ, ਉਨ੍ਹਾਂ ਨੇ ਬਾਬਾ ਨਾਮਦੇਵ ਯੂਨੀਵਰਸਿਟੀ ਕਾਲਜ ਦੇ ਪ੍ਰਿੰਸੀਪਲ ਵੀ.ਕੇ. ਸਿੰਘ ਅਤੇ ਗੁਰਭੇਜ ਸਿੰਘ ਰਾਣਾ ਨਾਲ ਵੀ ਅਰਥਪੂਰਨ ਗੱਲਬਾਤ ਕੀਤੀ, ਪ੍ਰੋਜੈਕਟ ਦੇ ਸਥਾਨਕ ਪ੍ਰਭਾਵ ਬਾਰੇ ਚਰਚਾ ਕੀਤੀ। ਪਿਛਲੇ ਚਾਰ ਦਹਾਕਿਆਂ ਤੋਂ, ਸਰਹੱਦ ਸੰਸਥਾ ਦੇ ਸੰਸਥਾਪਕ ਸੰਜੇ ਨਾਹਰ ਨੇ ਆਪਣੀ ਨਿਰਸਵਾਰਥ ਸੇਵਾ ਰਾਹੀਂ ਭਾਰਤ ਦੇ ਸੰਘਰਸ਼ ਪ੍ਰਭਾਵਿਤ ਸਰਹੱਦੀ ਖੇਤਰਾਂ, ਜਿਵੇਂ ਕਿ ਪੰਜਾਬ, ਜੰਮੂ ਅਤੇ ਕਸਮੀਰ, ਲੱਦਾਖ, ਅਸਾਮ, ਮਨੀਪੁਰ ਅਤੇ ਉੱਤਰ-ਪੂਰਬੀ ਭਾਰਤ ਦੇ ਲੋਕਾਂ ਦੇ ਜ਼ਖਮਾਂ ਨੂੰ ਭਰਨ ਲਈ ਅਣਥੱਕ ਮਿਹਨਤ ਕੀਤੀ ਹੈ। ਉਨ੍ਹਾਂ ਦਾ ਮਿਸ਼ਨ ਵਿਕਾਸ ਤੱਕ ਸੀਮਤ ਨਹੀਂ ਹੈ; ਉਹ ਸੱਭਿਆਚਾਰ ਅਤੇ ਸਾਹਿਤ ਰਾਹੀਂ ਵੱਖ-ਵੱਖ ਰਾਜਾਂ ਦੇ ਲੋਕਾਂ ਦੇ ਦਿਲਾਂ ਨੂੰ ਜੋੜ ਕੇ ਰਾਸ਼ਟਰੀ ਏਕਤਾ ਦਾ ਇੱਕ ਨਵਾਂ ਅਧਿਆਇ ਵੀ ਲਿਖ ਰਹੇ ਹਨ। ਸੰਤ ਨਾਮਦੇਵ ਮਹਾਰਾਜ ਅਤੇ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਦੇ ਅਧਾਰ ਤੇ, ਸੰਜੇ ਨਾਹਰ ਦੀ ਅਗਵਾਈ ਹੇਠ ਸਰਹੱਦ ਸੰਸਥਾ, ਮਹਾਰਾਸ਼ਟਰ ਅਤੇ ਪੰਜਾਬ ਰਾਜਾਂ ਵਿਚਕਾਰ ਪਿਆਰ ਅਤੇ ਭਾਈਚਾਰੇ ਦਾ ਸਭ ਤੋਂ ਮਜ਼ਬੂਤ ਅਧਿਆਤਮਿਕ ਪੁਲ ਬਣ ਗਈ ਹੈ। 1 ਮਈ ਨੂੰ ਮਹਾਰਾਸ਼ਟਰ ਦਿਵਸ ਦੇ ਨਾਲ ਮੇਲ ਖਾਂਦਾ, ਇਸ ਯਾਤਰਾ ਦਾ ਡੂੰਘਾ ਭਾਵਨਾਤਮਕ ਮਹੱਤਵ ਸੀ।

## ਆਸ਼ਾ ਵਰਕਰ ਹੇਠਲੇ ਪੱਧਰ ਤੱਕ ਪਹੁੰਚਾ ਰਹੀ ਸਿਹਤ ਸਹੂਲਤਾਂ : ਡਾ. ਮਨਪ੍ਰੀਤ ਕੌਰ

ਬੁਲ੍ਹੋਵਾਲ 30 ਅਪ੍ਰੈਲ ਕਮਲਜੀਤ ਪੀ.ਐਚ.ਸੀ. ਚੱਕੋਵਾਲ ਵਿਖੇ ਆਸ਼ਾ ਦਿਵਸ ਸੰਬੰਧੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਐੱਸ.ਐਮ.ਓ. ਡਾ. ਮਨਪ੍ਰੀਤ ਕੌਰ ਨੇ ਦੱਸਿਆ ਕਿ ਆਸ਼ਾ ਵਰਕਰ ਸਿਹਤ ਵਿਭਾਗ ਦੀ ਅਹਿਮ ਕੜੀ ਹੈ। ਸਰਕਾਰ ਵੱਲੋਂ 2005 ਤੋਂ ਪੰਜਾਬ ਵਿੱਚ ਆਸ਼ਾ ਵਰਕਰ ਰੱਖਣ ਦੀ ਸ਼ੁਰੂਆਤ ਕੀਤੀ ਗਈ ਸੀ। ਅੱਜ ਆਸ਼ਾ ਵਰਕਰ ਸਿਹਤ ਸੇਵਾਵਾਂ ਲੋਕਾਂ ਤੱਕ ਪਹੁੰਚਾਉਣ ਵਿੱਚ ਅਹਿਮ ਯੋਗਦਾਨ ਦੇ ਰਹੀਆਂ ਹਨ। ਡਾ. ਮਨਪ੍ਰੀਤ ਕੌਰ ਨੇ ਦੱਸਿਆ ਕਿ ਇੱਕ ਆਸ਼ਾ ਵਰਕਰ ਨੇ ਆਪਣੇ ਪਿੰਡ ਵਿੱਚ ਲੋਕਾਂ ਤੱਕ ਪਹੁੰਚ ਬਣਾਈ ਹੁੰਦੀ ਹੈ ਅਤੇ ਉਹ ਲੋਕਾਂ ਤੱਕ ਅਸਾਨੀ ਨਾਲ ਸਿਹਤ ਸੇਵਾਵਾਂ ਪਹੁੰਚਾ ਸਕਦੀ ਹੈ। ਉਹਨਾਂ ਦੱਸਿਆ ਕਿ ਆਸ਼ਾ ਵਰਕਰ ਅਤੇ ਆਸ਼ਾ ਫੈਸਿਲੀਟੇਟਰ ਜੱਚਾ ਬੱਚਾ ਸਿਹਤ ਸਹੂਲਤਾਂ ਵਧੀਆ ਕਰਨ ਲਈ ਰੱਖੀਆਂ ਗਈਆਂ ਸਨ ਪਰ ਅੱਜ ਉਹ ਹਰ ਇੱਕ ਸਿਹਤ ਪ੍ਰੋਗਰਾਮ ਵਿੱਚ ਵੱਧ ਚੜ੍ਹ ਕੇ ਭਾਗ ਲੈਂਦੀਆਂ ਹਨ। ਇਸ ਮੌਕੇ ਹਰਦੀਪ ਸਿੰਘ ਬੀ.ਈ.ਈ. ਨੇ ਦੱਸਿਆ ਕਿ ਆਸ਼ਾ ਫੈਸਿਲੀਟੇਟਰ ਅਤੇ ਆਸ਼ਾ ਵਰਕਰ ਹਰ ਸਿਹਤ ਪ੍ਰੋਗਰਾਮ ਵਿੱਚ ਵਧੀਆ ਤਰੀਕੇ ਨਾਲ ਡਿਊਟੀ ਨਿਭਾਅ ਰਹੀਆਂ ਹਨ। ਪੀ.ਐਚ.ਸੀ. ਚੱਕੋਵਾਲ ਦੀਆਂ ਤਿੰਨ ਆਸ਼ਾ ਵਰਕਰਾਂ ਜਿਹਨਾਂ ਨੇ ਸਭ ਤੋਂ ਵੱਧ ਇਨਸੇਂਟਿਵ ਲਏ ਸਨ ਉਹਨਾਂ ਨੂੰ ਸਨਮਾਨਿਤ ਕੀਤਾ ਗਿਆ। ਇਹਨਾਂ ਆਸ਼ਾ ਵਰਕਰਾਂ ਵਿੱਚ ਇੰਦਰਜੀਤ ਕੌਰ ਅੱਜੋਵਾਲ, ਕਮਲਜੀਤ ਕੌਰ ਅੱਜੋਵਾਲ, ਜਸਵਿੰਦਰ ਕੌਰ ਆਦਮਵਾਲ ਨੇ ਸਾਲ 2025-26 ਦੌਰਾਨ ਵਧੀਆ ਪ੍ਰਦਰਸ਼ਨ ਕੀਤਾ। ਉਹਨਾਂ ਆਸ਼ਾ ਵਰਕਰਾਂ ਨੂੰ ਕਿਹਾ ਕਿ ਇਸ ਸਮੇਂ ਲੋਕਾਂ ਨੂੰ ਐਚ.ਪੀ.ਵੀ. ਵੈਕਸੀਨ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਅਤੇ ਵੱਧ ਤੋਂ ਵੱਧ ਬੱਚੀਆਂ ਦਾ ਟੀਕਾਕਰਨ ਕਰਵਾਇਆ ਜਾਵੇ

## ਬਿਜਲੀ ਕੱਟਾਂ ਖ਼ਿਲਾਫ਼ ਸ਼੍ਰੋਮਣੀ ਅਕਾਲੀ ਦਲ ਬਾਦਲ ਦਾ ਅਲੀਵਾਲ ਬਿਜਲੀ ਘਰ ਸਾਹਮਣੇ ਰੋਸ ਧਰਨਾ



ਬਟਾਲਾ,1 ਮਾਈ (ਸੁਖਦੇਵ ਸਿੰਘ ਰੰਧਾਵਾ ਬਲਬੀਰ ਸੋਹਲ)- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਜੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਝਾੜੂ ਦੀ ਸੁੱਤੀ ਪਈ ਸਰਕਾਰ ਨੂੰ ਜਗਾਉਣ ਲਈ ਰੋਜ਼ਾਨਾ ਲੱਗ ਰਹੇ ਬਿਜਲੀ ਕੱਟਾਂ ਦੇ ਵਿਰੋਧ ਵਿੱਚ ਅੱਜ ਸ$ ਲਖਬੀਰ ਸਿੰਘ ਲੋਧੀਨੰਗਲ ਸਾਬਕਾ ਐਮ,ਐਲ, ਏ ਇੰਚਾਰਜ ਹਲਕਾ ਫਤਿਹਗੜ੍ਹ ਚੂੜੀਆਂ ਜੀ ਦੀ ਅਗਵਾਈ ਹੇਠ ਅਲੀਵਾਲ ਵਿਖੇ ਬਿਜਲੀ ਘਰ ਅੱਗੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਅਹੁਦੇਦਾਰਾਂ ਵਰਕਰਾਂ ਨਾਲ ਧਰਨਾ ਲਗਾਇਆ ਗਿਆ। ਜਿੱਥੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਅਤੇ ਵਰਕਰਾਂ ਨੇ ਪੰਜਾਬ ਸਰਕਾਰ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕਰਦੇ ਹੋਏ ਲੋਕਾਂ ਦੇ ਬੁਨਿਆਦੀ ਹੱਕਾਂ ਲਈ ਆਵਾਜ਼ ਬੁਲੰਦ ਕੀਤੀ। ਸ:ਲੋਧੀਨੰਗਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦਲ ਦੀ ਸਰਕਾਰ ਸਮੇਂ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਬੜਾ ਉਦਮ ਉਪਰਾਲਾ ਕਰਕੇ ਬਿਜਲੀ ਸਰਪਲਸ ਕੀਤੀ ਸੀ ਪਰ ਜਿਹੜੇ ਬੜੇ ਬੜੇ ਵੱਡੇ ਝੂਠ ਮਾਰ ਕੇ ਸਤ੍ਹਾ ਵਿੱਚ ਆਏ ਹਨ ਅੱਜ ਉਹਨਾਂ ਦੀ ਮਿਸ ਮੈਨੇਜਮੈਂਟ ਕਰਕੇ ਉਹਨਾਂ ਦੀਆਂ ਗਲਤੀਆਂ ਕਰਕੇ ਸਾਰਾ ਪੰਜਾਬ ਸੰਤਾਪ ਭੋਗ ਰਿਹਾ। ਅੱਗੇ ਝੋਨੇ ਦਾ ਸੀਜ਼ਨ ਆ ਰਿਹਾ ਹੈ ਜਿਸ ਤਰਾਂ ਕਿਸਾਨਾਂ ਨੂੰ ਬਿਜਲੀ ਪੱਖੋਂ ਬਹੁਤ ਕੱਜਲ ਖ਼ੁਆਰ ਹੋਣਾ ਪਵੇਗਾ ਤੇ ਝੋਨੇ ਦੀ ਫਸਲ ਵੀ ਲੇਟ ਹੋ ਸਕਦੀ ਹੈ।ਇਸ ਰੋਸ ਧਰਨੇ ਵਿੱਚ ਸੰਨੀ ਲੋਧੀਨੰਗਲ,ਰੋਜੀ ਬਲਪੁਰੀਆ, ਜਗਜੀਤ ਸਿੰਘ ਬਿਜਲੀਵਾਲ,ਅਮਰੀਕ ਸਿੰਘ ਬਾਲੇਵਾਲ, ਰਣਧੀਰ ਸਿੰਘ ਦਾਖਲਾ,ਜਰਨੈਲ ਸਿੰਘ ਲਾਡੀ, ਬਾਬਾ ਨਰਿੰਦਰ ਸਿੰਘ ਕਾਸਤੀਵਾਲ,ਸਰਪੰਚ ਹਰਦੇਵ ਸਿੰਘ ਬਾਜਪੁਰ,ਲਾਲੀ ਜੈਲਦਾਰ ਅਲੀਵਾਲ ਕੁਲਵਿੰਦਰ ਸਿੰਘ ਪੰਨੂੰ ਅਲੀਵਾਲ, ਰਜਵੰਤ ਸਿੰਘ ਕਾਲਾ ਅਫਗਾਨਾ, ਗੁਰਨਾਮ ਸਿੰਘ ਗਿੱਲ,ਸੁਖਜਿੰਦਰ ਸਿੰਘ ਐਸੀ ਪ੍ਰਧਾਨ, ਗੁਰਮੀਤ ਸਿੰਘ ਪੁਰੀਆ,ਮਨਜੀਤ ਸਿੰਘ ਤਲਵੰਡੀ, ਨੰਬਰਦਾਰ ਹਰਬੀਰ ਸਿੰਘ ਘਣੀਏ ਕੇ ਬਾਂਗਰ, ਗੁਰਿੰਦਰ ਸਿੰਘ ਮੰਜਿਆਂਵਾਲ, ਵਸਣ ਸਿੰਘ, ਰਵੇਲ ਸਿੰਘ,ਪਪੀ ਦਾਬਾਂਵਾਲ,ਗੁਰਨਾਮ ਸਿੰਘ ਤਲਵੰਡੀ ਭਰਥ, ਤਰਲੋਕ ਸਿੰਘ ਕਾਸਤੀਵਾਲ, ਸਾਬਕਾ ਸਰਪੰਚ ਗੁਰਨਿੰਦਰ ਸਿੰਘ,ਗੁਰਮੀਤ ਸਿੰਘ ਕਾਸਤੀਵਾਲ, ਸੋਨੀ ਉਮਰਵਾਲ,ਵਿਨੋਦ ਭਾਟੀਆ, ਮੁਖਤਾਰ ਸਿੰਘ ਡਾਲੇਚੱਕ, ਹਰਦਿਆਲ ਸਿੰਘ ਕਾਲੂਵਾਲ ਆਦਿ ਵੱਡੀ ਗਿਣਤੀ ਵਿੱਚ ਆਗੂ ਤੇ ਵਰਕਰ ਹਾਜ਼ਰ ਸਨ।

## ਵੱਖ-ਵੱਖ ਪਾਰਟੀਆਂ ਨੂੰ ਛੱਡਕੇ ਵੱਡੀ ਗਿਣਤੀ 'ਚ ਅਕਾਲੀ ਦਲ ਵਾਰਿਸ ਪੰਜਾਬ 'ਚ ਸ਼ਾਮਿਲ ਹੋਏ ਵਰਕਰ

ਅੰਮ੍ਰਿਤਸਰ, 1 ਮਈ (ਬਬਲੂ ਮਹਾਜਨ) ਪੰਜਾਬ ਭਰ ਵਿੱਚ ਵੱਧ ਰਹੇ ਪੰਥਕ ਪ੍ਰਭਾਵ ਦੇ ਚਲਦੇ ਅੱਜ ਅੰਮ੍ਰਿਤਸਰ ਹਲਕਾ ਪੂਰਬੀ ਅਤੇ ਰੱਈਆ ਤੋਂ ਵੱਡੀ ਗਿਣਤੀ ਵਿੱਚ ਵਰਕਰ ਵੱਖ-ਵੱਖ ਪਾਰਟੀਆਂ ਨੂੰ ਛੱਡਕੇ ਅਕਾਲੀ ਦਲ ਵਾਰਿਸ ਪੰਜਾਬ ਦੇ ਚ ਸ਼ਾਮਿਲ ਹੋਏ। ਪਾਰਟੀ ਦੇ ਸਿਧਾਂਤਾਂ ਅਤੇ ਪੰਥਕ ਏਜੰਡੇ ਨਾਲ ਪ੍ਰਭਾਵਿਤ ਹੋ ਕੇ ਸ਼ਾਮਿਲ ਹੋਏ ਲੋਕਾਂ ਨੇ ਭਰੋਸਾ ਦਿਵਾਇਆ ਕਿ ਉਹ ਪੰਥ ਅਤੇ ਪੰਜਾਬ ਦੇ ਹੱਕਾਂ ਦੀ ਲੜਾਈ ਵਿੱਚ ਪਾਰਟੀ ਨਾਲ ਕਦਮ-ਦਰ-ਕਦਮ ਚੱਲਣਗੇ। ਇਹ ਸ਼ਮੂਲੀਅਤ ਅਕਾਲੀ ਦਲ ਵਾਰਿਸ ਪੰਜਾਬ ਦੇ ਮੁੱਖ ਦਫ਼ਤਰ ਸਕੱਤਰ ਭਾਈ ਪ੍ਰਗਟ ਸਿੰਘ ਮੀਆਂਵਿੰਡ, ਭਾਈ ਸਰਬਜੀਤ ਸਿੰਘ ਖ਼ਾਨਪੁਰ ਹਲਕਾ ਇੰਚਾਰਜ ਬਾਬਾ ਬਕਾਲਾ ਅਤੇ ਮੀਡੀਆ ਇੰਚਾਰਜ ਭਾਈ ਸ਼ਮਸ਼ੇਰ ਸਿੰਘ ਪੱਧਰੀ ਦੀ ਅਗਵਾਈ ਹੇਠ ਕਰਵਾਈ ਗਈ। ਇਕ ਪ੍ਰੈਸ ਨੋਟ ਰਾਹੀਂ ਜਾਣਕਾਰੀ ਮਿਲੀ ਕਿ ਇਸ ਮੌਕੇ ਤਿੰਨਾਂ ਆਗੂਆਂ ਨੇ ਨਵੇਂ ਸਾਥੀਆਂ ਦਾ ਸਵਾਗਤ ਕਰਦਿਆਂ ਕਿਹਾ ਕਿ ਪਾਰਟੀ ਦਿਨੋਂ-ਦਿਨ ਮਜ਼ਬੂਤ



ਹੋ ਰਹੀ ਹੈ ਅਤੇ ਲੋਕਾਂ ਦਾ ਵੱਧਦਾ ਭਰੋਸਾ ਇਸ ਗੱਲ ਦਾ ਸਬੂਤ ਹੈ ਕਿ ਪੰਜਾਬ ਵਿੱਚ ਇਕ ਨਵਾਂ ਅਤੇ ਸੱਚਾ ਰਾਜਨੀਤਿਕ ਵਿਕਲਪ ਤਿਆਰ ਹੋ ਰਿਹਾ ਹੈ। ਇਸ ਮੌਕੇ ਪਾਰਟੀ ਵਿੱਚੋਂ ਭਾਈ ਦਯਾ ਸਿੰਘ ਜੀ, ਭਾਈ ਜੁਗਰਾਜ ਸਿੰਘ ਨਰਾਇਣਗੜ੍ਹ, ਭਾਈ ਹਰਕਮਲਪ੍ਰੀਤ ਸਿੰਘ, ਜਥੇਦਾਰ ਹਰਪ੍ਰੀਤ ਸਿੰਘ, ਭਾਈ ਗੁਰਪ੍ਰੀਤ ਸਿੰਘ ਕੰਮੋਕੇ, ਭਾਈ ਸਤਨਾਮ ਸਿੰਘ ਮੀਆਂਵਿੰਡ ਅਤੇ ਕੈਪਟਨ ਗੁਰਮੁੱਖ ਸਿੰਘ ਵੀ ਹਾਜਰ ਸਨ। ਭਾਈ ਖਾਨਪੁਰ, ਮੀਆਂਵਿੰਡ ਅਤੇ ਪੱਧਰੀ ਨੇ ਸਾਂਝੇ ਤੌਰ ਤੇ ਕਿਹਾ ਕਿ ਸੰਗਤ ਵਿੱਚ ਅਕਾਲੀ ਦਲ ਵਾਰਿਸ ਪੰਜਾਬ ਦੇ ਲਈ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ, ਜੋ ਸਾਫ ਦਰਸਾਉਂਦਾ ਹੈ ਕਿ ਲੋਕ ਹੁਣ ਰਵਾਇਤੀ ਪਾਰਟੀਆਂ ਤੋਂ ਨਿਰਾਸ਼ ਹੋ ਚੁੱਕੇ ਹਨ ਅਤੇ ਇਕ ਪੰਥਕ ਤੇ ਲੋਕਹਿੱਤ ਦੀ ਸਿਆਸਤ ਵੱਲ ਵਧ ਰਹੇ ਹਨ। ਉਨ੍ਹਾਂ ਕਿਹਾ ਕਿ ਪਾਰਟੀ ਨੌਜਵਾਨਾਂ ਦੇ ਭਵਿੱਖ, ਪੰਜਾਬ ਦੇ ਹੱਕਾਂ ਅਤੇ ਸਿੱਖ ਕੌਮ ਦੀ ਅਸਲੀ ਨੁਮਾਇੰਦਗੀ ਲਈ ਸੰਘਰਸ਼ ਕਰ ਰਹੀ ਹੈ। ਅੰਤ ਵਿੱਚ ਆਗੂਆਂ ਨੇ ਕਿਹਾ ਕਿ ਇਹ ਸ਼ਮੂਲੀਅਤ ਦਾ ਸਿਲਸਿਲਾ ਲਗਾਤਾਰ ਜਾਰੀ ਰਹੇਗਾ ਅਤੇ ਆਉਣ ਵਾਲੇ ਸਮੇਂ ਵਿੱਚ ਅਕਾਲੀ ਦਲ ਵਾਰਿਸ ਪੰਜਾਬ ਦੇ ਪੰਜਾਬ ਦੀ ਮਜ਼ਬੂਤ ਆਵਾਜ਼ ਵਜੋਂ ਉਭਰੇਗੀ। ਸ਼ਾਮਿਲ ਹੋਣ ਵਾਲੇ ਪ੍ਰਮੁੱਖ ਵਿਅਕਤੀ ਭਾਈ ਕਰਨਦੀਪ ਸਿੰਘ, ਗੁਰਪ੍ਰੀਤ ਸਿੰਘ, ਕ੍ਰਿਸ਼ਨ ਸਿੰਘ, ਤੇਜਿੰਦਰ ਸਿੰਘ, ਤੇਜਿੰਦਰ ਸਿੰਘ ਬਾਊ, ਰਣਬੀਰ ਸਿੰਘ, ਬਿਕਰਮ ਸਿੰਘ, ਇੰਦਰਵੀਰ ਸਿੰਘ, ਰਾਹੁਲ, ਅਰਜੁਨ ਸਿੰਘ, ਪ੍ਰਭ ਸਿਮਰਨ ਸਿੰਘ, ਮਨਪ੍ਰੀਤ ਸਿੰਘ, ਗੁਰਪ੍ਰੀਤ ਸਿੰਘ, ਆਰਵ, ਅਮਰਜੀਤ ਸਿੰਘ, ਅਮਨਦੀਪ ਸਿੰਘ, ਆਰਵ, ਪ੍ਰਭਦੀਪ ਸਿੰਘ, ਅਮਨਦੀਪ ਸਿੰਘ, ਦਰਸ਼ਨ ਸਿੰਘ, ਸੁਖਦੇਵ ਸਿੰਘ, ਅੰਸ਼ਜੋਤ ਸਿੰਘ, ਅਜੇਪਾਲ ਸਿੰਘ, ਜਸਵਿੰਦਰ ਸਿੰਘ, ਪ੍ਰਿੰਸ, ਦਿਲਪ੍ਰੀਤ ਸਿੰਘ ਅੰਮ੍ਰਿਤਸਰ ਹਲਕਾ ਪੂਰਬੀ ਤੋਂ ਅਤੇ ਡਾਕਟਰ ਸੁਰਜੀਤ ਸਿੰਘ ਜੋਇੰਟ ਜਰਨਲ ਸਕੱਤਰ, ਲਾਲ ਬਹਾਦਰ ਸਿੰਘ, ਡਾ: ਮਨਜੀਤ ਸਿੰਘ, ਮਲਕੀਤ ਸਿੰਘ, ਫਲਪ੍ਰੀਤ ਸਿੰਘ, ਸ਼ਮਸ਼ੇਰ ਸਿੰਘ, ਪਰਮਜੀਤ ਸਿੰਘ, ਸਰਵਣ ਸਿੰਘ ਅਤੇ ਬੂਟਾ ਸਿੰਘ ਸਾਰੇ ਰੱਈਆ ਤੋਂ ਹਾਜ਼ਰ ਸਨ।

## ਨਵੇਂ ਬਣੇ ਸਮਾਰਟ ਕਲਾਸ ਰੂਮਾ ਦਾ ਉਦਘਾਟਨ ਸੋਨੀਆ ਮਾਨ ਵੱਲੋਂ ਕੀਤਾ ਗਿਆ

ਚੋਗਾਵਾਂ, 1 ਮਈ (ਸੁਬੇਗ ਸਿੰਘ ਸੋਨਾ) ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਯਤਨਾਂ ਸਦਕਾ ਸਿੱਖਿਆ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਸਿੱਖਿਆ ਕ੍ਰਾਂਤੀ ਦੇ ਤਹਿਤ ਸਰਕਾਰੀ ਸਕੂਲਾਂ ਵਿੱਚ ਸਮਾਰਟ ਕਲਾਸ ਰੂਮ ਸਥਾਪਿਤ ਕੀਤੇ ਜਾ ਰਹੇ ਹਨ। ਜਿਸ ਤਹਿਤ ਅੱਜ ਪਿੰਡ ਸਹਿਬਾਜਪੁਰ ਅਤੇ ਪਿੰਡ ਉੱਚਾ ਕਿਲਾ ਦੇ ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਵਿਖੇ ਲੱਖਾ ਰੁਪਏ ਦੀ ਲਾਗਤ ਨਾਲ ਬਣੇ ਸਮਾਰਟ ਕਲਾਸ ਰੂਮ ਦਾ ਉਦਘਾਟਨ ਹਲਕਾ ਰਾਜਾਸਾਂਸੀ ਦੀ ਇੰਚਾਰਜ ਮੈਡਮ ਸੋਨੀਆ ਮਾਨ ਜੀ ਦੇ ਵੱਲੋਂ ਰੀਬਨ ਕੱਟ ਕੇ ਨੇ ਕੀਤਾ। ਉਨ੍ਹਾਂ ਦਾ ਇੱਥੇ ਆਉਣ ਤੇ ਸਕੂਲਾ ਦੇ ਪ੍ਰਿੰਸੀਪਲ ਸਾਹਿਬਾਨਾ ਤੇ ਸਮੂਹ ਸਕੂਲ ਸਟਾਫ ਵਲੋਂ ਗੁਲਦਸਤੇ ਦੇ ਕੇ ਤੇ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮੈਡਮ ਸੋਨੀਆ ਮਾਨ ਜੀ ਨੇ ਕਿਹਾ ਕਿ ਹਲਕਾ ਰਾਜਾਸਾਂਸੀ ਦੇ ਅਧੀਨ ਆਉਂਦੇ ਸਾਰੇ ਸਰਕਾਰੀ ਸਕੂਲਾਂ ਨੂੰ ਵਧੀਆ ਸੁੰਦਰਗਰਾਮ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ ਦੇ ਖੇਤਰ ਵਿੱਚ ਵੱਡੀਆਂ ਤਬਦੀਲੀਆਂ ਲਿਆ ਰਹੀ ਹੈ। ਸਿੱਖਿਆ ਕ੍ਰਾਂਤੀ ਦੀ ਇਹ ਲਹਿਰ ਨਿਰੰਤਰ ਜਾਰੀ ਰਹੇਗੀ। ਇਹ ਸਮਾਰਟ ਕਲਾਸ ਰੂਮ ਕੱਲ ਦੇ ਸੁਨਹਿਰੀ ਪੰਜਾਬ ਦੀ ਨੀਹ ਰੱਖਣਗੇ, ਇਸ ਮੌਕੇ ਤੇ ਸੁਖਦੀਪ ਸਿੰਘ ਛੀਨਾ, ਚੇਅਰਮੈਨ ਲਖਵਿੰਦਰ ਸਿੰਘ ਲੱਖਾ, ਸਹਿਬਾਜਪੁਰਾ ਸਕੂਲ ਦੇ ਬਲਾਕ ਨੋਡਲ ਇੰਚਾਰਜ ਯਾਦਮਨਿੰਦਰ ਸਿੰਘ, 38" ਕਵਰ ਸਰਤਾਜ ਸਿੰਘ , ਬਲਾਕ ਮੀਡੀਆ ਇੰਚਾਰਜ ਬਲਜੀਤ ਸਿੰਘ ਮੱਲੀ, ਹੈਡ ਟੀਚਰ ਮੈਡਮ ਨਰਿੰਦਰ ਕੌਰ, ਸਕੂਲ ਸਟਾਫ ਰਘਬੀਰ ਸਿੰਘ, ਮਨਦੀਪ ਕੌਰ, ਸਤਪਾਲ, ਰਮਨਪ੍ਰੀਤ ਕੌਰ, ਪ੍ਰਭਜੋਤ ਕੌਰ ਪ੍ਰਭਜੋਤ ਕੌਰ ਮਹਾਰ, ਪਿੰਡ ਉੱਚਾ ਕਿਲਾ ਸਕੂਲ ਦੇ ਮੁੱਖ ਅਧਿਆਪਕ ਮੈਡਮ ਸੀਮਾ, ਬਲਾਕ ਸੰਮਤੀ ਚੇਅਰਮੈਨ ਸਰਦਾਰ ਕਰਮਜੀਤ ਸਿੰਘ, ਸਰਪੰਚ ਬਿਕਰਮਜੀਤ ਸਿੰਘ ਉੱਚਾ ਕਿਲਾ ਆਦਿ ਮੌਜੂਦ ਸਨ।

# ਮਿਊਂਸਪਲ ਮੁਲਾਜ਼ਮਾਂ ਨੇ ਮਨਾਇਆ ਕੌਮਾਂਤਰੀ ਮਜ਼ਦੂਰ ਦਿਵਸ

ਬਠਿੰਡਾ, 1 ਮਈ (ਦੀਪਕ ਸ਼ਰਮਾ): ਦੁਨੀਆ ਭਰ ਦੇ ਕਿਰਤੀਆਂ ਦੇ ਹੱਕਾਂ ਦੀ ਗਵਾਹੀ ਭਰਦਾ 'ਮਈ ਦਿਵਸ' ਅੱਜ ਬਠਿੰਡਾ ਦੇ ਰੋਜ਼ ਗਾਰਡਨ ਵਿੱਚ ਨਿਗਮ ਮੁਲਾਜ਼ਮਾਂ ਵੱਲੋਂ ਪੂਰੇ ਜੋਸ਼ ਅਤੇ ਜਜ਼ਬੇ ਨਾਲ ਮਨਾਇਆ ਗਿਆ। ਇਸ ਮੌਕੇ ਜਿੱਥੇ ਸ਼ਿਕਾਗੋ ਦੇ ਸ਼ਹੀਦਾਂ ਦੀ ਕੁਰਬਾਨੀ ਨੂੰ ਯਾਦ ਕੀਤਾ ਗਿਆ, ਉੱਥੇ ਹੀ ਮੌਜੂਦਾ ਦੌਰ ਵਿੱਚ ਮਜ਼ਦੂਰਾਂ ਦੇ ਕਮਜ਼ੋਰ ਹੋ ਰਹੇ ਅਧਿਕਾਰਾਂ 'ਤੇ ਡੂੰਘੀ ਚਿੰਤਾ ਵੀ ਪ੍ਰਗਟਾਈ ਗਈ। ਸਮਾਗਮ ਦੀ ਸ਼ੁਰੂਆਤ ਦੋ ਮਿੰਟ ਦਾ ਮੌਨ ਰੱਖ ਕੇ ਕੀਤੀ ਗਈ, ਜਿਸ ਤੋਂ ਬਾਅਦ ਪੰਜਾਬ ਮਿਊਂਸਪਲ ਵਰਕਰਜ਼ ਯੂਨੀਅਨ ਦੇ ਪ੍ਰਧਾਨ ਰਵਿੰਦਰ ਸਿੰਘ ਚੀਮਾ ਅਤੇ ਅਸ਼ੋਕ ਕੁਮਾਰ ਨੇ ਲਾਲ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ। ਮੁੱਖ ਬੁਲਾਰੇ ਜਗਮੇਲ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਕਾਰਪੋਰੇਟ ਘਰਾਣਿਆਂ ਅਤੇ ਬਹੁ-ਰਾਸ਼ਟਰੀ ਕੰਪਨੀਆਂ ਦੇ ਦਬਾਅ ਕਾਰਨ ਮਜ਼ਦੂਰਾਂ ਨੇ ਲੰਬੇ ਸੰਘਰਸ਼ਾਂ ਮਗਰੋਂ ਜੋ ਹੱਕ ਹਾਸਲ ਕੀਤੇ ਸਨ, ਅੱਜ ਉਹ ਖ਼ਤਰੇ ਵਿੱਚ ਹਨ। ਉਨ੍ਹਾਂ ਜ਼ੋਰ ਦਿੱਤਾ ਕਿ ਕੇਵਲ ਚਿਹਰੇ ਬਦਲਣ ਨਾਲ ਨਹੀਂ, ਸਗੋਂ ਨਿਜ਼ਾਮ ਬਦਲਣ ਨਾਲ ਹੀ ਕਿਰਤੀਆਂ ਦੀ



ਤਕਦੀਰ ਬਦਲੇਗੀ।

ਇਸ ਦੌਰਾਨ ਆਊਟਸੋਰਸ ਮੁਲਾਜ਼ਮਾਂ ਨੂੰ ਜਥੇਬੰਦਕ ਢਾਂਚੇ ਵਿੱਚ ਮਜ਼ਬੂਤ ਹੋਣ ਦੀ ਅਪੀਲ ਕੀਤੀ ਗਈ। ਸਮਾਗਮ ਦੇ ਅਖੀਰ ਵਿੱਚ 60 ਸਾਲ ਦੀ ਸੇਵਾ ਪੂਰੀ ਕਰ ਚੁੱਕੇ ਸੇਵਾਮੁਕਤ ਮੁਲਾਜ਼ਮਾਂ ਸੰਗੀਰ ਸਿੰਘ, ਕ੍ਰਿਸ਼ਨ ਕੁਮਾਰ ਅਤੇ ਕੀਮਤੀ ਲਾਲ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਦੂਜੇ ਪਾਸੇ, ਨੇਪਾਲੀ ਸਮਾਜ ਭਾਰਤ ਜ਼ਿਲ੍ਹਾ ਕਮੇਟੀ ਬਠਿੰਡਾ ਵੱਲੋਂ ਵੀ ਮਈ ਦਿਵਸ 'ਤੇ ਵਿਸ਼ੇਸ਼ ਪ੍ਰੋਗਰਾਮ ਉਲੀਕਿਆ ਗਿਆ। ਬੁੱਧੀ ਪ੍ਰਸਾਦ ਦੀ ਪ੍ਰਧਾਨਗੀ ਹੇਠ ਹੋਏ ਇਸ ਸਮਾਗਮ ਵਿੱਚ ਨੇਪਾਲੀ ਭਾਈਚਾਰੇ ਦੇ ਆਗੂਆਂ ਨੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਬੁਲਾਰਿਆਂ ਨੇ ਮਜ਼ਦੂਰ ਜਮਾਤ ਦੀ ਇੱਕਜੁੱਟਤਾ 'ਤੇ ਜ਼ੋਰ ਦਿੰਦਿਆਂ ਸ਼ਹੀਦਾਂ ਦੇ ਪਾਏ ਪੂਰਨਿਆਂ 'ਤੇ ਚੱਲਣ ਦਾ ਪ੍ਰਣ ਲਿਆ।

# ਉੱਘੇ ਕਾਰੋਬਾਰੀ ਤੇ ਸਮਾਜ ਸੇਵੀ ਗਰਮੀਤ ਸਿੰਘ ਮਾਨ ਨੇ ਬੱਲ੍ਹੋ ਦੇ ਥਾਪਰ ਮਾਡਲ ਛੱਪੜ ਦੇ ਨਿਰਮਾਣ ਕਾਰਜਾਂ ਦਾ ਲਿਆ ਜਾਇਜ਼ਾ

ਬਠਿੰਡਾ, 1 ਮਈ (ਜਗਸੀਰ ਭੁੱਲਰ): ਤਰਨਜੋਤ ਵੈਲਫੇਅਰ ਸੁਸਾਇਟੀ ਬੱਲ੍ਹੋ ਦੇ ਸਰਪ੍ਰਸਤ ਤੇ ਉੱਘੇ ਕਾਰੋਬਾਰੀ ਗੁਰਮੀਤ ਸਿੰਘ ਮਾਨ ਨੇ ਪਿੰਡ ਦੇ ਥਾਪਰ ਮਾਡਲ ਛੱਪੜ ਦੇ ਚੱਲੇ ਰਹੇ ਲਾਈਨਿੰਗ ਕਾਰਜਾਂ ਦਾ ਜਾਇਜ਼ਾ ਲਿਆ। ਇਸ ਦੌਰਾਨ ਉਨਾਂ ਵਿਕਾਸ ਕਾਰਜਾਂ ਦੀ ਗੁਣਵੱਤਾ ਨੂੰ ਪਰਖਿਆ ਅਤੇ ਇਸ ਨੂੰ ਪਿੰਡ ਦੀ ਨੁਹਾਰ ਬਦਲਣ ਵਾਲਾ ਅਹਿਮ ਪ੍ਰੋਜੈਕਟ ਦੱਸਿਆ। ਗੁਰਮੀਤ ਸਿੰਘ ਮਾਨ ਨੇ ਕਿਹਾ ਕਿ ਵਾਤਾਵਰਣ ਦੀ ਸ਼ੁੱਧਤਾ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਵੱਡੇ ਉਪਰਾਲੇ ਕਰ ਰਹੀ ਹੈ । ਉਨਾਂ ਕਿਹਾ ਕਿ ਪਿੰਡ ਦੇ ਗੰਦੇ ਪਾਣੀ ਦੇ ਨਿਕਾਸ ਦਾ ਪੱਕਾ ਹੱਲ ਕਰਨਾ ਸਰਕਾਰ ਦੀ ਪ੍ਰਾਥਮਿਕਤਾ ਹੈ , ਤਾਂ ਜ਼ੋ ਪੇਡੂ ਖੇਤਰ ਨੂੰ ਪ੍ਰਦੂਸ਼ਣ ਮੁਕਤ ਅਤੇ ਸਾਫ ਸੁਥਰਾ ਬਣਾਇਆ ਜਾ ਸਕੇ । ਪੰਜਾਬ ਸਰਕਾਰ ਦੇ ਉਦਮ ਸਦਕਾ ਪਿੰਡ ਦੇ ਛੱਪੜਾਂ ਦੀ ਕਾਇਆ ਕਲਪ ਹੋ ਰਹੀ ਹੈ ।ਗੁਰਮੀਤ ਸਿੰਘ ਮਾਨ ਨੇ ਪੰਚਾਇਤ ਦੇ ਕੰਮਾਂ ਦੀ ਸਲਾਘਾ ਕਰਦਿਆ ਕਿਹਾ



ਕਿ ਥਾਪਰ ਮਾਡਲ ਤਕਨੀਕ ਨਾਲ ਛੱਪੜ ਦਾ ਪਾਣੀ ਸਾਫ ਹੋ ਕੇ ਕਿਸਾਨਾਂ ਦੇ ਖੇਤਾਂ ਨੂੰ ਸਿੰਚਾਈ ਲਈ ਵਰਤਿਆ ਜਾ ਸਕੇਗਾ ਅਤੇ ਗੰਦੀ ਬੁਦਬੂ ਤੋ ਲੋਕਾ ਨੂੰ ਛੁਟਕਾਰਾ ਮਿਲੇਗਾ ਤੇ ਬਿਮਾਰੀਆ ਫੈਲਣ ਦਾ ਖਤਰਾਂ ਘਟੇਗਾ।

ਸਰਪੰਚ ਅਮਰਜੀਤ ਕੌਰ ਕਿਹਾ ਕਿ ਪੰਜਾਬ ਸਰਕਾਰ ਤੇ ਤਰਨਜੋਤ ਵੈਲਫੇਅਰ ਸੁਸਾਇਟੀ ਵੱਲੋ ਵਿਕਾਸ ਕਾਰਜਾਂ ਦੇ ਕੰਮਾ ਵਿੱਚ ਵੱਡਾ ਯੋਗਦਾਨ ਪਾਇਆ ਜਾ ਰਿਹਾ ਹੈ ,ਜਿਸ ਸਦਕਾ ਪਿੰਡ ਦੇ ਥਾਪਰ ਮਾਡਲ ਛੱਪੜ ਦੇ ਨਿਰਮਾਣ ਕੀਤਾ ਜਾ ਰਿਹਾ ਹੈ। ਉਨਾ ਕਿਹਾ ਕਿ ਛੱਪੜ ਦੇ ਚਾਰੇ ਪਾਸੇ ਇੰਟਰਲੋਕਿੰਗ ਟਾਇਲਾਂ ਲਗਾਕੇ ਇੱਕ ਆਧੁਨਿਕ ਸੈਰਗਾਹ ਬਣਾਈ ਜਾ ਰਹੀ ਹੈ ਅਤੇ ਇਸ ਦੇ ਨਾਲ ਹੀ ਬੈਠਣ ਲਈ ਸੁੰਦਰ ਹੱਟ ਦਾ ਨਿਰਮਾਣ ਕੀਤਾ ਜਾਵੇਗਾ ,ਜ਼ੋ ਪਿੰਡ ਦੇ ਲੋਕਾਂ ਲਈ ਇੱਕ ਵਧੀਆ ਮੰਨੋਰੰਜਨ ਦਾ ਸਾਧਨ ਹੋਵੇਗਾ । ਇਸ ਮੌਕੇ ਸੰਸਥਾ ਦਾ ਪ੍ਰਧਾਨ ਕਰਮਜੀਤ ਸਿੰਘ ,ਸਰਪੰਚ ਅਮਰਜੀਤ ਕੌਰ ,ਭੁਪਿੰਦਰ ਸਿੰਘ ਜਟਾਣਾ , ਪਰਮਜੀਤ ਸਿੰਘ ਭੁੱਲਰ, ਕਰਮਜੀਤ ਸਿੰਘ ਪੰਚ ਅਤੇ ਰੇਸਮ ਸਿੰਘ ਹਾਜਰ ਸਨ ।

# ਡਾ. ਸਾਕਸ਼ੀ ਗਰਗ ਦਾ ਇੰਡੀਆ ਬੁੱਕ ਆਫ ਰਿਕਾਰਡ 'ਚ ਨਾਮ ਦਰਜ

ਭਗਤਾ ਭਾਈ ਕਾ, 1 ਮਈ (ਸਵਰਨ ਸਿੰਘ ਭਗਤਾ): ਸਥਾਨਕ ਸ਼ਹਿਰ ਦੇ ਉੱਘੇ ਦੁਕਾਨਦਾਰ ਸੁਨੀਲ ਕੁਮਾਰ (ਗੋਗੀ ਭਦੌੜੀਆ)ਦੀ ਬੇਟੀ ਡਾਕਟਰ ਸਾਕਸ਼ੀ ਗਰਗ ਜੋ ਕਿ ਸ੍ਰੀ ਗੰਗਾਨਗਰ ਵਿਖੇ ਐਮਡੀਐਸ ਦੀ ਪੜ੍ਹਾਈ ਪੂਰੀ ਕਰ ਰਹੀ ਹੈ ਵੱਲੋਂ "ਇੰਡੀਆ ਬੁੱਕ ਆਫ ਰਿਕਾਰਡ" ਵਿੱਚ ਨਾਮ ਦਰਜ਼ ਕਰਵਾ ਕੇ ਆਪਣਾ,ਆਪਣੇ ਮਾਪਿਆਂ ਦਾ



ਅਤੇ ਆਪਣੇ ਸ਼ਹਿਰ ਦਾ ਨਾਮ ਚਮਕਾਇਆ ਗਿਆ ਹੈ। ਡਾ. ਸਾਕਸ਼ੀ ਗਰਗ ਵੱਲੋਂ ਜਿੱਥੇ ਆਪਣੇ ਕਾਲਜ ਦੇ ਸਮੂਹ ਸਟਾਫ ਦਾ ਉਹਨਾਂ ਦੀ ਇਸ ਪ੍ਰਾਪਤੀ ਨੂੰ ਲੈ ਕੇ ਸਹਿਯੋਗ ਅਤੇ ਹੌਂਸਲਾ ਦੇਣ ਲਈ ਧੰਨਵਾਦ ਕੀਤਾ ਗਿਆ ਹੈ,ਉੱਥੇ ਹੀ ਉਹਨਾਂ ਵੱਲੋਂ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਉਹਨਾਂ ਵੱਲੋਂ ਮਰੀਜਾਂ ਦੀ ਸਹੂਲਤ ਲਈ ਇੱਕ ਡਿਵਾਇਸ ਦੀ ਖੋਜ਼ ਕੀਤੀ ਗਈ ਸੀ ਤੇ ਉਹ ਡਿਵਾਇਸ ਦੰਦਾਂ ਅੰਦਰ ਤਾਰ ਪਵਾਉਣ ਵਾਲੇ ਮਰੀਜ਼ਾਂ ਲਈ ਲਾਭਦਾਇਕ ਸਹਾਈ ਹੋਇਆ ਹੈ,ਜਿਸਨੂੰ ਲੈ ਕੇ ਕੇਂਦਰ ਸਰਕਾਰ ਵੱਲੋਂ ਉਹਨਾਂ ਦਾ ਨਾਮ "ਇੰਡੀਆ ਬੁੱਕ ਆਫ ਰਿਕਾਰਡ" ਵਿੱਚ ਦਰਜ਼ ਕੀਤਾ ਗਿਆ ਹੈ। ਇਸ ਮੌਕੇ ਸਮੂਹ ਭਦੌੜੀਆ ਪਰਿਵਾਰ ਵਿੱਚ ਖੁਸ਼ੀ ਦਾ ਮਾਹੌਲ ਹੈ ਅਤੇ ਲੋਕ ਵਧਾਈਆਂ ਦੇ ਰਹੇ ਹਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾਕਟਰ ਸਾਕਸ਼ੀ ਗਰਗ ਦੇ ਪਿਤਾ ਸੁਨੀਲ ਕੁਮਾਰ ਨੇ ਕਿਹਾ ਕਿ ਉਹਨਾਂ ਨੂੰ ਆਪਣੀ ਬੇਟੀ 'ਤੇ ਮਾਣ ਹੈ,ਜਿਸ ਵੱਲੋਂ ਆਪਣੀ ਪੜ੍ਹਾਈ ਦੇ ਨਾਲ-ਨਾਲ ਮਰੀਜਾਂ ਦੀ ਸਹੂਲਤ ਲਈ ਕੋਈ ਵੱਖਰੀ ਖੋਜ ਕੀਤੀ ਗਈ ਹੈ,ਜਿਸ ਨਾਲ ਉਹਨਾਂ ਦੀ ਬੇਟੀ ਅੰਦਰ ਆਪਣੇ ਕੰਮ ਪ੍ਰਤੀ ਜਜਬਾ ਬੇਨਕਾਬ ਹੋਇਆ ਹੈ। ਉਹਨਾਂ ਆਮ ਲੋਕਾਂ ਨੂੰ ਸੰਦੇਸ਼ ਦਿੰਦੇ ਕਿਹਾ ਕਿ "ਬੇਟੀਆਂ ਕਦੇ ਵੀ ਬੋਝ ਨਹੀਂ ਹੁੰਦੀਆਂ" ਤੇ ਜਿਹੜੇ ਲੋਕ ਬੇਟੀਆਂ ਨੂੰ ਬੋਝ ਸਮਝਦੇ ਹਨ ਉਹਨਾਂ ਨੂੰ ਆਪਣੀ ਸੋਚ ਬਦਲਣੀ ਚਾਹੀਦੀ ਹੈ।ਇਸ ਮੌਕੇ ਉਹਨਾਂ ਨਾਲ ਅਸ਼ਵਨੀ ਕੁਮਾਰ, ਹਰਸ਼ ਕੁਮਾਰ ਆਦਿ ਹਾਜਰ ਸਨ।

# ਮਜ਼ਦੂਰ ਦਿਵਸ ਮੌਕੇ ਝੰਡਾ ਲਹਿਰਾਇਆ



ਭਵਾਨੀਗੜ੍ਹ, 1 ਮਈ (ਅਮਨਦੀਪ ਸਿੰਘ ਮਾਝਾ): ਮਜ਼ਦੂਰ ਦਿਵਸ ਮੌਕੇ ਹਰ ਸਾਲ ਦੀ ਤਰ੍ਹਾਂ ਰਾਮ ਸਿੰਘ ਮੱਟਰਾਂ ਪੰਜਾਬ ਪੱਲੇਦਾਰ ਮਜ਼ਦੂਰ ਦਲ ਪੰਜਾਬ ਦੀ ਅਗਵਾਈ ਵਿੱਚ ਝੰਡੇ ਦੀ ਰਸਮ ਤੇ ਸਿਕਾਗੋ ਦੇ ਸ਼ਹੀਦਾਂ ਨੂੰ ਲਾਲ ਸਲਾਮ ਸ਼ਰਧਾਜਲੀ ਭੇਟ ਕੀਤੀ ਗਈ। ਇਸ ਮੌਕੇ ਗੁਰਤੇਜ ਸਿੰਘ ਝਨੇੜੀ ਕਨਵੀਨਰ ਟਰਾਂਸਪੋਰਟ ਸੈੱਲ ਬੀਜੇਪੀ ਤੇ ਡਾਇਰੈਕਟਰ ਐਫ ਸੀ ਆਈ ਪੰਜਾਬ ਜੋ ਕਿ ਤਕਰੀਬਨ 20 ਸਾਲਾਂ ਤੋ ਬਤੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋ ਰਹੇ ਹਣ। ਉਹਨਾਂ ਭਾਰਤੀ ਜਨਤਾ ਪਾਰਟੀ ਦਾ ਵਰਕਰ ਹੋਣ ਦੇ ਨਾਤੇ ਸਿਕਾਗੋਂ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ। ਉਹਨਾਂ ਸਰਕਾਰਾਂ ਨੂੰ ਤੇ ਵਿਪਾਰੀ ਭਰਾਵਾਂ ਨੂੰ ਬੇਨਤੀ ਕੀਤੀ ਕਿ ਮਜ਼ਦੂਰਾਂ ਦੀ ਮਿਹਨਤ ਮਜ਼ਦੂਰ ਦੀ ਗਰਮੀ ਸੁੱਕਣ ਤੋ ਪਹਿਲਾਂ ਦਿੱਤੀ ਜਾਵੇ। ਇਸ ਮੌਕੇ ਜਸਦੀਪ ਸਿੰਘ ਭਵਾਨੀਗੜ੍ਹ ਓ ਐਸ ਡੀ ਅਰਵਿੰਦ ਖੰਨਾ, ਮੇਜਰ ਸਿੰਘ ਮੱਟਰਾਂ, ਜਗਤਾਰ ਸਿੰਘ ਸੈਕਟਰੀ ਮਜ਼ਦੂਰ ਦਲ ਕਾਲਾ ਸਿੰਘ ਭੱਟੀਵਾਲ ਤੇ ਮਜ਼ਦੂਰ ਸਾਥੀ ਹਾਜ਼ਰ ਸਨ।

# ਬਲਬੀਰ ਸਿੰਘ ਸਕੂਲ ਆਫ ਐਕਸੀਲੈਂਸ ਦਾ ਦਸਵੀਂ ਦਾ ਨਤੀਜਾ ਰਿਹਾ ਸੌ ਫ਼ੀਸਦੀ

ਭਗਤਾ ਭਾਈ ਕਾ, 1 ਮਈ (ਸਵਰਨ ਸਿੰਘ ਭਗਤਾ): ਡਾ. ਬਲਬੀਰ ਸਿੰਘ ਸਕੂਲ ਆਫ ਐਕਸੀਲੈਂਸ, ਭਗਤਾ ਭਾਈ ਕਾ ਨੇ ਸਿੱਖਿਆ ਦੇ ਖੇਤਰ ਵਿੱਚ ਇੱਕ ਵੱਡੀ ਉਪਲਬਧੀ ਹਾਸਲ ਕਰਦਿਆਂ ਆਈ.ਸੀ. ਐਸ.ਈ. ਬੋਰਡ ਦੀ ਦਸਵੀਂ ਜਮਾਤ ਦਾ ਨਤੀਜਾ 100 ਫੀਸਦੀ ਪ੍ਰਾਪਤ ਕੀਤਾ ਹੈ। ਸਕੂਲ ਦੇ ਸਾਰੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਪ੍ਰੀਖਿਆ ਵਿੱਚ ਕਾਮਯਾਬੀ ਹਾਸਲ ਕੀਤੀ, ਜਿਸ ਨਾਲ ਸਕੂਲ ਦਾ ਨਾਮ ਪੂਰੇ ਇਲਾਕੇ ਵਿੱਚ ਰੌਸ਼ਨ ਹੋਇਆ ਹੈ। ਇਸ ਪ੍ਰੀਖਿਆ ਵਿੱਚ ਨਵਜੋਤ ਕੌਰ ਨੇ ਪਹਿਲਾ ਸਥਾਨ ਹਾਸਲ ਕੀਤਾ, ਜਦਕਿ ਪਵਨਦੀਪ ਸਿੰਘ ਨੇ ਦੂਜਾ ਅਤੇ ਹਰਮਨਦੀਪ ਕੌਰ ਕਲੇਰ ਨੇ ਤੀਜਾ ਸਥਾਨ ਪ੍ਰਾਪਤ ਕਰਕੇ ਆਪਣੀ ਯੋਗਤਾ ਦਾ ਲੋਹਾ ਮਨਵਾਇਆ। ਵਿਸ਼ਿਆਂ ਵਿੱਚੋਂ ਵਧੀਆ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਵਿੱਚ ਪੰਜਾਬੀ ਵਿਸ਼ੇ ਵਿੱਚ ਗਗਨਦੀਪ ਕੌਰ, ਜੈਸਮੀਨ ਕੌਰ, ਗੁਰਅੰਸ਼ਦੀਪ ਕੌਰ ਤੇ ਅਨਮੋਲਪ੍ਰੀਤ ਸਿੰਘ ਨੇ ਸਭ ਤੋਂ ਵੱਧ ਅੰਕ ਪ੍ਰਾਪਤ ਕੀਤੇ। ਅੰਗਰੇਜ਼ੀ ਵਿਸ਼ੇ ਵਿੱਚ ਨਵਜੋਤ ਕੌਰ, ਹਰਮਨਦੀਪ ਕੌਰ



ਕਲੇਰ ਤੇ ਪਵਨਦੀਪ ਸਿੰਘ ਨੇ ਉਤਕ੍ਰਿਸ਼ਟ ਨਤੀਜੇ ਦਿੱਤੇ। ਸਰੀਰਕ ਸਿੱਖਿਆ ਵਿੱਚ ਨਵਜੋਤ ਕੌਰ, ਪਵਨਦੀਪ ਸਿੰਘ, ਅਨਮੋਲਪ੍ਰੀਤ ਸਿੰਘ ਤੇ ਮਨਰੀਤ ਕੌਰ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਮੈਥ ਵਿਸ਼ੇ ਵਿੱਚ ਨਵਜੋਤ ਕੌਰ, ਜੈਸਮੀਨ ਕੌਰ ਅਤੇ ਪਵਨਦੀਪ ਸਿੰਘ ਅੱਗੇ ਰਹੇ, ਜਦਕਿ ਸਾਇੰਸ ਵਿੱਚ ਨਵਜੋਤ ਕੌਰ, ਪਵਨਦੀਪ ਸਿੰਘ, ਹਰਮਨਦੀਪ ਕੌਰ ਕਲੇਰ ਅਤੇ ਮਨਰੀਤ ਕੌਰ ਨੇ ਵਧੀਆ ਅੰਕ ਪ੍ਰਾਪਤ ਕੀਤੇ। ਸਮਾਜਿਕ ਸਿੱਖਿਆ ਵਿੱਚ ਨਵਜੋਤ ਕੌਰ, ਪਵਨਦੀਪ ਸਿੰਘ ਅਤੇ ਮਨਰੀਤ ਕੌਰ ਨੇ ਉੱਚ ਪ੍ਰਦਰਸ਼ਨ ਕੀਤਾ।

ਇਹ ਨਤੀਜਾ ਵਿਦਿਆਰਥੀਆਂ ਦੀ ਦਿਨ-ਰਾਤ ਦੀ ਮਿਹਨਤ, ਅਧਿਆਪਕਾਂ ਦੇ ਸਹੀ ਮਾਰਗਦਰਸ਼ਨ ਅਤੇ ਮਾਪਿਆਂ ਦੇ ਸਹਿਯੋਗ ਦਾ ਨਤੀਜਾ ਹੈ। ਸਕੂਲ ਦੇ ਚੇਅਰਪਰਸਨ ਡਾ. ਪ੍ਰਨੀਤ ਕੌਰ ਦਿਓਲ ਅਤੇ ਗੁਰਦਿਆਲ ਸਿੰਘ ਬੁੱਟਰ ਨੇ ਇਸ ਮੌਕੇ 'ਤੇ ਪ੍ਰਿੰਸੀਪਲ ਸੁਖਜੀਤ ਕੌਰ ਬਰਾੜ, ਸਮੂਹ ਸਟਾਫ ਅਤੇ ਸਾਰੇ ਵਿਦਿਆਰਥੀਆਂ ਨੂੰ ਦਿਲੋਂ ਵਧਾਈ ਦਿੱਤੀ। ਉਨ੍ਹਾਂ ਨੇ ਕਿਹਾ ਕਿ ਇਹ ਸਫਲਤਾ ਸਮੂਹ ਸਟਾਫ ਅਤੇ ਵਿਦਿਆਰਥੀਆਂ ਦੀ ਮਿਹਨਤ ਦਾ ਨਤੀਜਾ ਹੈ ਅਤੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਮਿਹਨਤ ਕਰਦੇ ਰਹਿਣਾ ਚਾਹੀਦਾ ਹੈ। ਇਸ ਦੇ ਨਾਲ ਹੀ ਸਕੂਲ ਦੀ ਪ੍ਰਿੰਸੀਪਲ ਸੁਖਜੀਤ ਕੌਰ ਬਰਾੜ ਵੱਲੋਂ ਵੀ ਸਾਰੇ ਵਿਦਿਆਰਥੀਆਂ ਨੂੰ ਹਾਰਦਿਕ ਵਧਾਈਆਂ ਦਿੱਤੀਆਂ ਗਈਆਂ। ਉਨ੍ਹਾਂ ਨੇ ਕਿਹਾ ਕਿ ਇਹ ਉਪਲਬਧੀ ਵਿਦਿਆਰਥੀਆਂ ਦੇ ਅਨੁਸ਼ਾਸਨ, ਲਗਨ ਅਤੇ ਸਮਰਪਣ ਦਾ ਨਤੀਜਾ ਹੈ। ਉਨ੍ਹਾਂ ਨੇ ਵਿਦਿਆਰਥੀਆਂ ਦੇ ਚੰਗੇ ਭਵਿੱਖ ਲਈ ਸ਼ੁਭ ਕਾਮਨਾਵਾਂ ਦਿੰਦਿਆਂ ਕਿਹਾ ਕਿ ਸਕੂਲ ਅੱਗੇ ਵੀ ਉੱਚ ਸਿੱਖਿਆ ਲਈ ਹਰ ਸੰਭਵ ਸਹਾਇਤਾ ਪ੍ਰਦਾਨ ਕਰਦਾ ਰਹੇਗਾ। ਸਕੂਲ ਦੇ ਅਧਿਆਪਕਾਂ ਅਤੇ ਮਾਪਿਆਂ ਨੇ ਵੀ ਇਸ ਸ਼ਾਨਦਾਰ ਨਤੀਜੇ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ। ਇਹ ਨਤੀਜਾ ਨਾ ਸਿਰਫ਼ ਸਕੂਲ ਲਈ, ਸਗੋਂ ਪੂਰੇ ਇਲਾਕੇ ਲਈ ਮਾਣ ਦੀ ਗੱਲ ਹੈ ਅਤੇ ਭਵਿੱਖ ਵਿੱਚ ਵੀ ਇਨ੍ਹਾਂ ਜਿਹੀਆਂ ਕਾਮਯਾਬੀਆਂ ਦੀ ਉਮੀਦ ਜਤਾਈ ਜਾ ਰਹੀ ਹੈ।

# ਲਵਿਤ ਗੋਇਲ ਲਾਇਨਜ਼ ਕਲੱਬ ਦੇ ਪ੍ਰਧਾਨ ਬਣੇ

ਸੁਨਾਮ ਊਧਮ ਸਿੰਘ ਵਾਲਾ, 1 ਮਈ (ਮੋਹਣ ਸ਼ਰਮਾ/ਰਾਊਵਰਿੰਦਰ ਮਠਾੜੂ): ਲਾਇਨਜ਼ ਕਲੱਬ ਸੁਨਾਮ ਲਈ ਇਹ ਬਹੁਤ ਖੁਸ਼ੀ ਤੇ ਮਾਣ ਵਾਲੀ ਗੱਲ ਹੈ ਕਿ ਲਾਇਨ ਲਵਿਤ ਗੋਇਲ ਨੂੰ ਲਾਇਨਿਸਟਿਕ ਸਾਲ 2026-27 ਲਈ ਕਲੱਬ ਦਾ ਪ੍ਰਧਾਨ ਚੁਣਿਆ ਗਿਆ ਹੈ। ਲਾਇਨ



ਲਵਿਤ ਗੋਇਲ ਜੀ ਲੰਮੇ ਸਮੇਂ ਤੋਂ ਸਮਾਜ ਸੇਵਾ ਨਾਲ ਜੁੜੇ ਹੋਏ ਹਨ ਤੇ ਕਲੱਬ ਦੀਆਂ ਗਤੀਵਿਧੀਆਂ ਵਿੱਚ ਹਮੇਸ਼ਾਂ ਅੱਗੇ ਰਹੇ ਹਨ। ਉਨ੍ਹਾਂ ਦੀ ਮਿਹਨਤ, ਇਮਾਨਦਾਰੀ ਅਤੇ ਨੇਤ੍ਰਿਤਵ ਯੋਗਤਾ ਨੂੰ ਦੇਖਦੇ ਹੋਏ ਮੈਂਬਰਾਂ ਵੱਲੋਂ ਉਨ੍ਹਾਂ 'ਤੇ ਭਰੋਸਾ ਜਤਾਇਆ ਗਿਆ ਹੈ।

ਉਮੀਦ ਹੈ ਕਿ ਉਨ੍ਹਾਂ ਦੀ ਅਗਵਾਈ ਹੇਠ ਕਲੱਬ ਹੋਰ ਵਧੀਆ ਸੇਵਾ ਪ੍ਰੋਜੈਕਟ ਕਰੇਗਾ ਅਤੇ ਸਮਾਜ ਵਿੱਚ ਨਵੀਆਂ ਮਿਸਾਲਾਂ ਕਾਇਮ ਕਰੇਗਾ। ਲਾਇਨਜ਼ ਕਲੱਬ ਸੁਨਾਮ ਦੇ ਸਾਰੇ ਮੈਂਬਰਾਂ ਵੱਲੋਂ ਲਾਇਨ ਲਵਿਤ ਗੋਇਲ ਨੇ ਨੂੰ ਦਿਲੋਂ ਵਧਾਈਆਂ ਤੇ ਉਨ੍ਹਾਂ ਦੇ ਸਫਲ ਕਾਰਜਕਾਲ ਲਈ ਸ਼ੁਭਕਾਮਨਾਵਾਂ। ਇਸ ਮੌਕੇ ਤੇ ਪ੍ਰੋਪਰਟੀ ਡੀਲਰ ਐਸੋਸੀਏਸ਼ਨ ਦੇ ਪ੍ਰਧਾਨ ਰਿੰਕੂ ਬਾਂਸਲ ਨੇ ਵੀ ਲਵਿਤ ਗੋਇਲ ਨੂੰ ਵਧਾਈ ਦਿੱਤੀ ਅਤੇ ਕਲੱਬ ਨੂੰ ਹੋਰ ਤਰੱਕੀਆਂ ਵੱਲ ਲਿਜਾਣ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ।

# ਚੱਠਾ ਨੇ ਮਜ਼ਦੂਰਾਂ ਨਾਲ ਮਈ ਦਿਹਾੜੇ ਦੀਆਂ ਖੁਸ਼ੀਆਂ ਕੀਤੀਆਂ ਸਾਂਝੀਆਂ

ਧੂਰੀ, 1 ਮਈ (ਰਾਜੇਸ਼ਵਰ ਪਿੰਟੂ, ਅਮਨ ਗਰਗ): ਧੂਰੀ ਵਿਖੇ ਕੌਮਾਂਤਰੀ ਮਜ਼ਦੂਰ ਦਿਵਸ ਦੇ ਮੌਕੇ 'ਤੇ ਆਲ ਇੰਡੀਆ ਐੱਫ.ਸੀ.ਆਈ ਐਗਜੀਕਿਊਟਵ ਸਟਾਫ਼ ਯੂਨੀਅਨ ਦੇ ਕੌਮੀ ਪ੍ਰਧਾਨ ਸਤਿੰਦਰ



ਸਿੰਘ ਚੱਠਾ ਨੇ ਕਿਰਤੀਆਂ ਅਤੇ ਮਜ਼ਦੂਰ ਸਾਥੀਆਂ ਨਾਲ ਮਿਲ ਕੇ ਇਸ ਦਿਹਾੜੇ ਦੀ ਮਹੱਤਤਾ ਨੂੰ ਸਾਂਝਾ ਕੀਤਾ ਤੇ ਸਮੂਹ ਮਿਹਨਤਕਸ਼ ਵਰਗ ਨੂੰ ਇਸ ਇਤਿਹਾਸਕ ਦਿਨ ਦੀਆਂ ਲੱਖ-ਲੱਖ ਮੁਬਾਰਕਾਂ ਦਿੱਤੀਆਂ। ਇਸ ਮੌਕੇ ਮਜ਼ਦੂਰਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਚੱਠਾ ਨੇ ਕਿਹਾ ਕਿ ਸਮਾਜ ਦੀ ਤਰੱਕੀ ਅਤੇ ਦੇਸ਼ ਦੀ ਆਰਥਿਕਤਾ ਦੀ ਮਜ਼ਬੂਤ ਨੀਂਹ ਹਮੇਸ਼ਾ ਮਜ਼ਦੂਰਾਂ ਦੇ ਮੁੜ੍ਹਕੇ ਨਾਲ ਹੀ ਰੱਖੀ ਜਾਂਦੀ ਹੈ। ਸਤਿੰਦਰ ਸਿੰਘ ਚੱਠਾ ਨੇ ਆਪਣੇ ਪ੍ਰਭਾਵਸ਼ਾਲੀ ਭਾਸ਼ਣ ਦੌਰਾਨ ਮਜ਼ਦੂਰਾਂ ਦੇ ਸੰਘਰਸ਼ਮਈ ਇਤਿਹਾਸ ਨੂੰ ਯਾਦ ਕਰਦਿਆਂ ਕਿਹਾ ਕਿ 1 ਮਈ ਸਿਰਫ਼ ਇੱਕ ਦਿਨ ਨਹੀਂ, ਸਗੋਂ ਕਿਰਤੀਆਂ ਦੇ ਹੱਕਾਂ, ਮਾਨ-ਸਨਮਾਨ ਤੇ ਉਨ੍ਹਾਂ ਦੀ ਅਣਥੱਕ ਮਿਹਨਤ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ "ਕਿਰਤ ਦਾ ਸਤਿਕਾਰ" ਕਰਨਾ ਹੀ ਸਭ ਤੋਂ ਵੱਡੀ ਇਨਸਾਨੀਅਤ ਹੈ। ਉਨ੍ਹਾਂ ਨੇ ਮਜ਼ਦੂਰ ਸਾਥੀਆਂ ਦੇ ਜਜ਼ਬੇ ਨੂੰ ਸਲਾਮ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਉਹ ਹਮੇਸ਼ਾ ਉਨ੍ਹਾਂ ਦੇ ਹੱਕਾਂ ਦੀ ਰਾਖੀ ਲਈ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਰਹਿਣਗੇ।

ਉਨ੍ਹਾਂ ਕਿਹਾ ਕਿ ਅੱਜ ਦੇ ਦੌਰ ਵਿੱਚ ਜਿੱਥੇ ਮਹਿੰਗਾਈ ਲਗਾਤਾਰ ਵਧ ਰਹੀ ਹੈ, ਉੱਥੇ ਮਜ਼ਦੂਰ ਜਮਾਤ ਦੀਆਂ ਸਹੂਲਤਾਂ ਤੇ ਸੁਰੱਖਿਆ ਵੱਲ ਖਾਸ ਧਿਆਨ ਦੇਣਾ ਸਮੇਂ ਦੀ ਮੁੱਖ ਲੋੜ ਹੈ। ਉਨ੍ਹਾਂ ਐੱਫ.ਸੀ.ਆਈ ਤੇ ਹੋਰ ਅਦਾਰਿਆਂ ਵਿੱਚ ਕੰਮ ਕਰਦੇ ਮਜ਼ਦੂਰਾਂ ਦੀ ਭਲਾਈ ਲਈ ਹਰ ਸੰਭਵ ਯਤਨ ਕਰਨ ਦਾ ਅਹਿਦ ਲਿਆ। ਸਮਾਗਮ ਦੇ ਅੰਤ ਵਿੱਚ ਮਜ਼ਦੂਰ ਸਾਥੀਆਂ ਵੱਲੋਂ ਸਤਿੰਦਰ ਸਿੰਘ ਚੱਠਾ ਦਾ ਨਿੱਘਾ ਸਵਾਗਤ ਕੀਤਾ ਗਿਆ। ਇਕੱਠ ਵਿੱਚ ਹਾਜ਼ਰ ਮਜ਼ਦੂਰਾਂ ਨੇ ਚੱਠਾ ਦੀ ਅਗਵਾਈ ਵਿੱਚ ਭਰੋਸਾ ਜਤਾਉਂਦਿਆਂ ਕਿਹਾ ਕਿ ਅਜਿਹੀਆਂ ਸ਼ਖ਼ਸੀਅਤਾਂ ਦਾ ਸਾਥ ਉਨ੍ਹਾਂ ਦੇ ਮਨੋਬਲ ਨੂੰ ਹੋਰ ਉੱਚਾ ਕਰਦਾ ਹੈ। ਇਹ ਦਿਹਾੜਾ ਸਿਰਫ਼ ਜਸ਼ਨ ਤੱਕ ਸੀਮਤ ਨਹੀਂ ਰਿਹਾ, ਸਗੋਂ ਇਹ ਮਜ਼ਦੂਰ ਏਕਤਾ ਅਤੇ ਆਪਸੀ ਭਾਈਚਾਰਕ ਸਾਂਝ ਨੂੰ ਹੋਰ ਮਜ਼ਬੂਤ ਕਰਨ ਦਾ ਜ਼ਰੀਆ ਬਣਿਆ।

# 'ਮਜ਼ਦੂਰ ਦਿਵਸ' ਮੌਕੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਕੀਤਾ ਸਿਜਦਾ

ਭੁੱਚੋ ਮੰਡੀ ਨਥਾਣਾ, 1 ਮਈ (ਹਰਬੰਸ ਸਿੰਘ ਭੋਲਾ): ਜੀ.ਐੱਚ.ਟੀ.ਪੀ. ਠੇਕਾ ਮੁਲਾਜ਼ਮ ਯੂਨੀਅਨ (ਆਜ਼ਾਦ) ਦੇ ਬੈਨਰ ਹੇਠ ਗੁਰੂ ਹਰਗੋਬਿੰਦ ਥਰਮਲ ਪਲਾਂਟ ਦੇ ਆਊਟਸੋਰਸ਼ਡ ਠੇਕਾ ਮੁਲਾਜ਼ਮਾਂ ਨੇ 'ਮਜ਼ਦੂਰ ਦਿਵਸ' ਮੌਕੇ ਪਲਾਂਟ ਦੇ ਮੁੱਖ ਗੇਟ ਤੇ ਜਥੇਬੰਦੀ ਦਾ ਝੰਡਾ ਬੁਲੰਦ ਕਰਨ ਉਪਰੰਤ ਸ਼ਿਕਾਗੋ ਦੇ ਸ਼ਹੀਦਾਂ ਨੂੰ ਸਿਜਦਾ ਕੀਤਾ,ਇਸ ਸਮੇਂ ਹਾਜ਼ਿਰ ਪ੍ਰਧਾਨ ਜਗਰੂਪ ਸਿੰਘ, ਜਰਨਲ ਸਕੱਤਰ ਜਗਸੀਰ ਸਿੰਘ ਭੰਗੂ, ਮੀਤ ਪ੍ਰਧਾਨ ਹਰਦੀਪ ਸਿੰਘ ਤੱਗੜ ਅਤੇ ਲਛਮਣ ਸਿੰਘ ਰਾਮਪੁਰਾ ਨੇ ਕਿਹਾ ਕਿ ਅੱਠ ਘੰਟੇ ਕੰਮ-ਦਿਹਾੜੀ ਦੀ ਮੰਗ ਨੂੰ ਲੈਕੇ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਵਿੱਚ ਮਜ਼ਦੂਰਾਂ ਵੱਲੋਂ ਸੰਘਰਸ਼ ਵਿੱਚ ਦਿੱਤੀਆਂ ਅਨੇਕਾਂ ਸ਼ਹੀਦੀਆਂ ਤੇ ਕੁਰਬਾਨੀਆਂ ਸਦਕਾ ਪੂਰੇ ਵਿਸ਼ਵ ਵਿੱਚ ਕੰਮ ਦੇ ਅੱਠ ਘੰਟੇ-ਦਿਹਾੜੀ ਦਾ ਕਾਨੂੰਨ ਬਣਿਆ ਅਤੇ ਬਾਅਦ ਵਿੱਚ ਲਗਾਤਾਰ ਸੰਘਰਸ਼ਾਂ ਸਦਕਾ ਮਜ਼ਦੂਰਾਂ ਦੇ ਹੱਕਾਂ ਦੀ ਰਾਖੀ ਲਈ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਬ੍ਰਿਟਿਸ਼ ਹਕੂਮਤ ਦੇ ਸਮੇਂ ਅਨੇਕਾਂ ਮਜ਼ਦੂਰ ਪੱਖੀ ਕਾਨੂੰਨ ਬਣਵਾਏ ਗਏ, ਪਰ ਅੱਜ ਸਦੀਆਂ ਤੋਂ ਬਾਅਦ ਭਾਰਤ ਦੇਸ਼ ਦੇ ਹੁਕਮਰਾਨ ਵਿਸ਼ਵ ਵਪਾਰ ਸੰਸਥਾ ਅਤੇ ਕਾਰਪੋਰੇਟ ਘਰਾਣਿਆਂ ਦੀ ਸ਼ਹਿ ਤੇ 44 ਕਿਰਤ ਕਾਨੂੰਨਾਂ ਨੂੰ ਖਤਮ ਕਰਕੇ 4 ਲੇਬਰ ਕੋਡਾਂ ਵਿੱਚ ਤਬਦੀਲ ਕਰ ਦਿੱਤਾ ਹੈ,ਇਨ੍ਹਾਂ ਨਵੇਂ ਲੇਬਰ ਕਾਨੂੰਨਾਂ ਦੇ ਲਾਗੂ ਹੋਣ ਨਾਲ ਮਜ਼ਦੂਰ ਅੱਠ-ਘੰਟੇ ਕੰਮ ਦਿਹਾੜੀ ਅਤੇ ਯੂਨੀਅਨ ਬਣਾਉਣ ਦੇ ਹੱਕ ਤੋਂ ਵਾਂਝੇ ਹੋ ਜਾਣਗੇ,ਜਿਸ ਨਾਲ ਕਿਰਤੀ ਵਰਗ ਦੀ ਹਾਲਤ ਹੋਰ ਵੀ ਤਰਸਯੋਗ ਹੋ ਗਈ ਹੈ, ਅੱਜ ਕੇਂਦਰ ਦੀ ਭਾਜਪਾ ਹਕੂਮਤ ਦੀਆਂ ਕਿਸਾਨ-



ਮਜ਼ਦੂਰ-ਮੁਲਾਜ਼ਮ ਅਤੇ ਪੂੰਜੀਵਾਦ ਪੱਖੀ ਨੀਤੀਆਂ ਕਾਰਨ ਅੱਜ ਦੇ ਸਮੇਂ ਵਿੱਚ ਆਮ ਲੋਕਾਂ ਦੀ ਹਾਲਤ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ ਲਗਾਤਾਰ ਵੱਧ ਰਹੀ ਮਹਿੰਗਾਈ ਕਾਰਨ ਰੋਜ਼ਾਨਾ ਵਰਤੋਂ ਦੀਆਂ ਵਸਤਾਂ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੁੰਦੀਆਂ ਜਾ ਰਹੀਆਂ ਹਨ,ਦੇਸ ਦੇ ਹੁਕਮਰਾਨਾਂ ਵੱਲੋਂ ਪਬਲਿਕ ਸੈਕਟਰ ਵਿੱਚ ਅੰਨ੍ਹੇਵਾਹ ਨਿੱਜੀਕਰਨ ਕਰਨ ਕਰਕੇ ਅੱਜ ਕਰੋੜਾਂ ਲੋਕ ਬੇਰੁਜ਼ਗਾਰ ਹੋ ਗਏ ਹਨ ਅੱਜ ਦੇਸ਼ ਦੀ ਆਬਾਦੀ ਦਾ ਲਗਭਗ ਅੱਧ ਤੋਂ ਵੱਧ ਹਿੱਸਾ ਗਰੀਬੀ ਰੇਖਾਂ ਤੋਂ ਹੇਠਾਂ ਜੀਵਨ ਬਤੀਤ ਕਰਨ ਲਈ ਮਜਬੂਰ ਹੈ ਜਦੋਂ ਕਿ ਇਸਦੇ ਉਲਟ ਇਸ ਸਮੇਂ ਕਾਰਪੋਰੇਟ ਪੂੰਜੀਪਤੀਆਂ ਦੀਆਂ ਜਾਇਦਾਦਾਂ ਵਿੱਚ ਕਈ ਗੁਣਾ ਜ਼ਿਆਦਾ ਵਾਧਾ ਹੋਇਆ ਹੈ ਅਤੇ ਗਰੀਬੀ-ਅਮੀਰੀ ਦਾ ਇਹ ਪਾੜਾ ਦੇਸ਼ ਨੂੰ ਹੋਰ ਕੰਗਾਲੀ ਅਤੇ ਬਰਬਾਦੀ ਵੱਲ ਲੈਕੇ ਜਾ ਰਿਹਾ ਹੈ ਅਤੇ ਦੇਸ ਦੀ ਭਾਜਪਾ ਹਕੂਮਤ ਭਾਰਤੀ ਲੋਕਾਂ ਨੂੰ ਜਾਤਾਂ-ਧਰਮਾਂ-ਨਸਲਾਂ ਵਿੱਚ ਵੰਡਕੇ ਦੇਸ ਦੇ ਪੈਦਾਵਾਰੀ ਦੇਸ ਦੇ ਸਮੁੱਚੇ ਕਿਰਤੀਆਂ ਲੋਕਾਂ ਨੂੰ ਆਪਣੇ ਹੱਕਾਂ ਦੀ ਰਾਖੀ,ਪੈਦਾਵਾਰੀ ਵਸੀਲਿਆਂ ਅਤੇ ਲੋਕ ਸੇਵਾ ਦੇ ਸਰਕਾਰੀ ਅਦਾਰਿਆਂ ਨੂੰ ਬਚਾਉਣ ਲਈ ਜਥੇਬੰਦ ਹੋਕੇ ਇੱਕ ਸਾਂਝਾ ਥੜ੍ਹਾ ਉਸਾਰਨ ਦੀ ਲੋੜ ਹੈ,ਇਸ ਸਮੇਂ ਹਾਜ਼ਿਰ ਆਗੂਆਂ ਨੇ ਸੂਬਾ ਅਤੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਸਮੂਹ ਸਰਕਾਰੀ ਵਿਭਾਗਾਂ ਦੇ ਨਿੱਜੀਕਰਨ ਦੀ ਨੀਤੀ ਨੂੰ ਰੱਦ ਕੀਤਾ ਜਾਵੇ,ਕਿਰਤ ਵਿਰੋਧੀ ਚਾਰ ਲੇਬਰ ਕੋਡਾਂ ਨੂੰ ਤੁਰੰਤ ਰੱਦ ਕੀਤਾ ਜਾਵੇ,ਸਮੂਹ ਸਰਕਾਰੀ ਵਿਭਾਗਾਂ ਦੇ ਠੇਕਾ ਮੁਲਾਜ਼ਮਾਂ ਨੂੰ ਵਿਭਾਗਾਂ ਵਿੱਚ ਪਹਿਲ ਅਤੇ ਤਰਜ਼ਬੇ ਆਧਾਰ ਤੇ ਪੱਕਾ ਕੀਤਾ ਜਾਵੇ,ਪੰਦਰਵੀਂ ਲੇਬਰ ਕਾਨਫਰੰਸ ਦੇ ਫਾਰਮੂਲੇ ਅਤੇ ਮਹਿੰਗਾਈ ਦਰ ਮੁਤਾਬਿਕ ਠੇਕਾ ਮੁਲਾਜ਼ਮਾਂ ਦੀ ਤਨਖ਼ਾਹ ਨਿਸਚਿਤ ਕੀਤੀ ਜਾਵੇ,ਨਵੇਂ ਬਿਜਲੀ ਕਾਨੂੰਨ,ਕਿਰਤ ਕਾਨੂੰਨ,ਜੀ ਰਾਮ ਜੀ ਮਨਰੇਗਾ ਕਾਨੂੰਨ ਅਤੇ ਬੀਜ ਕਾਨੂੰਨਾਂ ਸਮੇਤ ਸਮੂਹ ਕਾਲੇ ਕਾਨੂੰਨਾਂ ਨੂੰ ਰੱਦ ਕਰਕੇ ਪੁਰਾਣੇ ਕਾਨੂੰਨ ਬਹਾਲ ਕੀਤੇ ਜਾਣ,ਸਮੂਹ ਕਿਸਾਨਾਂ,ਮਜ਼ਦੂਰਾਂ,ਰੈਗੂਲਰ/ਪੈਨਸ਼ਨਰਜ਼ ਮੁਲਾਜ਼ਮਾਂ, ਵਿਦਿਆਰਥੀਆਂ, ਬੇਰੁਜ਼ਗਾਰ ਨੌਜਵਾਨਾਂ ਦੀਆਂ ਸਮੂਹ ਮੰਗਾਂ ਨੂੰ ਜਲਦ ਪ੍ਰਵਾਨ ਕੀਤਾ ਜਾਵੇ।

# ਧੂਰੀ 'ਚ 54.76 ਕਰੋੜ ਦੀ ਲਾਗਤ ਨਾਲ ਬਣਨ ਵਾਲੇ ਰੇਲਵੇ ਓਵਰਬ੍ਰਿਜ ਦਾ ਕੰਮ ਸ਼ੁਰੂ

ਧੂਰੀ, 1 ਮਈ (ਰਾਜੇਸ਼ਵਰ ਪਿੰਟੂ, ਅਮਨ ਗਰਗ): ਧੂਰੀ ਸ਼ਹਿਰ ਵਾਸੀਆਂ ਦੀ ਸਭ ਤੋਂ ਵੱਡੀ ਮੰਗ ਨੂੰ ਪੂਰਾ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਧੂਰੀ 'ਚ 54.76 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਰੇਲਵੇ ਓਵਰਬ੍ਰਿਜ (ਆਰ.ਓ.ਬੀ.) ਦਾ ਕੰਮ ਸ਼ੁਰੂ ਕਰਵਾ ਦਿੱਤਾ ਹੈ। ਟੈਂਡਰ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ ਹੁਣ ਇਸ ਪ੍ਰੋਜੈਕਟ ਦੇ ਨਿਰਮਾਣ ਕਾਰਜਾਂ ਦੀ ਸ਼ੁਰੂਆਤ ਹੋ ਗਈ ਹੈ। ਇਹ ਰੇਲਵੇ ਓਵਰਬ੍ਰਿਜ ਬਾਗੜੀਆਂ ਚੌਂਕ ਨੇੜੇ ਮਹਾਂਵੀਰ ਮੰਦਰ ਕੋਲੋਂ ਸ਼ੁਰੂ ਹੋ ਕੇ ਧੂਰੀ ਬਾਈਪਾਸ 'ਤੇ ਜਾ ਕੇ ਉਤਰੇਗਾ। ਇਹ ਪੁਲ ਸ਼ੇਰੋਂ ਡਿਸਟ੍ਰੀਬਿਊਟਰੀ ਡਰੇਨ ਤੋਂ ਲੰਘਦਾ ਹੋਇਆ



ਰਾਜਪੁਰਾ "ਬਠਿੰਡਾ ਤੇ ਧੂਰੀ" ਲੁਧਿਆਣਾ ਰੇਲਵੇ ਲਾਈਨਾਂ ਨੂੰ ਕਵਰ ਕਰੇਗਾ। ਇਸ ਦੇ ਨਿਰਮਾਣ ਨਾਲ ਧੂਰੀ ਬਾਈਪਾਸ ਤੇ ਸ਼ਹਿਰ ਅੰਦਰ ਟਰੈਫਿਕ ਦੀ ਸਮੱਸਿਆ ਨੂੰ ਵੱਡੀ ਰਾਹਤ ਮਿਲੇਗੀ।

ਸ਼ਹਿਰ ਵਾਸੀਆਂ ਨੇ ਇਸ ਪ੍ਰੋਜੈਕਟ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਪੁਲ ਦੇ ਬਣਨ ਨਾਲ ਧੂਰੀ ਦੇ ਲੋਕਾਂ ਨੂੰ ਰੋਜ਼ਾਨਾ ਆਉਣ-ਜਾਣ ਦੌਰਾਨ ਵੱਡੀ ਸਹੂਲਤ ਮਿਲੇਗੀ ਅਤੇ ਰੇਲਵੇ ਫਾਟਕਾਂ 'ਤੇ ਲੱਗਣ ਵਾਲੇ ਲੰਮੇ ਜਾਮ ਤੋਂ ਛੁਟਕਾਰਾ ਮਿਲੇਗਾ। ਧੂਰੀ ਵਾਸੀਆਂ ਨੇ ਕਿਹਾ ਕਿ ਇਸ ਪੁਲ ਦਾ ਨਿਰਮਾਣ ਪੂਰਾ ਹੋਣ ਨਾਲ ਸ਼ਹਿਰ ਦੀ ਤਕਦੀਰ ਬਦਲ ਜਾਵੇਗੀ। ਵਪਾਰਕ, ਉਦਯੋਗਿਕ ਅਤੇ ਸਮਾਜਿਕ ਵਿਕਾਸ ਨੂੰ ਨਵਾਂ ਹੁੰਗਾਰਾ ਮਿਲੇਗਾ ਅਤੇ ਧੂਰੀ ਨੂੰ ਇੱਕ ਆਧੁਨਿਕ ਅਤੇ ਸੁਚੱਜੇ ਸ਼ਹਿਰ ਵਜੋਂ ਨਵੀਂ ਪਛਾਣ ਮਿਲੇਗੀ।

# ਬੁੱਧ ਪੂਰਨਿਮਾ ਦੇ ਸ਼ੁਭ ਮੌਕੇ ਸੀਮਾ ਗੋਇਲ ਨੇ ਨਵੇਂ ਸੈਂਟਰ ਧਿਆਨ ਕੇਂਦਰ ਦਾ ਉਦਘਾਟਨ

ਲਹਿਰਾਗਾਗਾ, 1 ਮਈ (ਰਾਮੇਸ਼ਵਰ ਸ਼ਰਮਾ/ਖੁਸਵਿੰਦਰ ਸ਼ਰਮਾ): ਬੁੱਧ ਪੂਰਨਿਮਾ ਦੇ ਸ਼ੁਭ ਮੌਕੇ ਤੇ ਆਤਮ ਬੌਧ ਧਿਆਨ ਪਿਰਾਮਿਡ ਵੈਲਫੇਅਰ ਸੋਸਾਇਟੀ ਲਹਿਰਾਗਾਗਾ ਵੱਲੋਂ ਧਿਆਨ ਦੀਆਂ ਕਲਾਸਾਂ ਲਗਾਉਣ ਲਈ ਨਵੇਂ ਸੈਂਟਰ ਦਾ ਸ਼ੁਭ ਆਰੰਭ ਸੀਮਾ ਗੋਇਲ ਪਤਨੀ ਵਰਿੰਦਰ ਗੋਇਲ ਕੈਬਨਿਟ ਮੰਤਰੀ ਪੰਜਾਬ ਜੀ ਦੁਆਰਾ ਕੀਤਾ। ਇਸ ਮੌਕੇ ਤੇ ਲਗਭਗ 40 ਦੇ ਕਰੀਬ ਧਿਆਨੀ ਇਕੱਠੇ ਹੋਏ ਜਿਨਾਂ ਵੱਲੋਂ ਧਿਆਨ ਕੀਤਾ ਗਿਆ। ਇਸ ਮੌਕੇ ਤੇ ਹਾਜ਼ਰ ਮਾਸਟਰ ਮਨੀਸ਼ਾ ਪਰਾਸ਼ਰ, ਮਾਸਟਰ ਸ਼ਿਲਪਾ, ਮਾ. ਨੀਸ਼ਾ ਗੋਇਲ, ਮਾਸਟਰ ਮੀਨੂ ਜਿੰਦਲ, ਮਾਸਟਰ ਨਿਤਿਨ ਗਰਗ ਮਾਸਟਰ ਮਹੇਸ਼ ਗੋਇਲ ਤੇ ਮਾਸਟਰ ਹਰੀ ਰਾਮ ਵੱਲੋਂ ਧਿਆਨ ਦੇ ਲਾਭਾਂ ਦੇ ਸਬੰਧ ਵਿੱਚ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ ਤੇ ਲੋਕਾਂ ਨੂੰ ਧਿਆਨ ਕਰਨ ਲਈ ਪ੍ਰੇਰਿਤ ਕੀਤਾ ਸੀਮਾ ਗੋਇਲ ਵੱਲੋਂ ਆਏ ਹੋਏ ਸਾਰੇ ਧਿਆਨੀਆਂ ਦਾ ਧੰਨਵਾਦ ਕੀਤਾ ਤੇ ਲੋਕਾਂ ਨੂੰ ਦੱਸਿਆ ਕਿ ਇਸ ਸੈਂਟਰ ਵਿੱਚ ਹਰ ਰੋਜ਼ ਸ਼ਾਮ ਨੂੰ 4.30 ਤੋਂ 5.30 ਵਜੇ ਤੱਕ ਬਿਲਕੁਲ ਮੁਫਤ ਧਿਆਨ ਦੀਆਂ ਕਲਾਸਾਂ ਹੋਇਆ ਕਰਨਗੀਆਂ ਸੋ ਕੋਈ ਵੀ ਆ ਕੇ ਇਥੇ ਧਿਆਨ ਕਰ ਸਕਦਾ ਹੈ।

# ਮਈ ਦਿਹਾੜੇ ਤੇ ਦੇਸ਼ ਦੇ ਮੌਜੂਦਾ ਸ਼ਾਸਕਾਂ ਵੱਲੋਂ ਲੋਕਤੰਤਰ ਦੇ ਘਾਣ ਤੇ ਫਿਰਕਾ ਪ੍ਰਸਤੀ ਵਾਲੀ ਸੋਚ ਨੂੰ ਭੰਡਿਆ

ਸੁਨਾਮ ਊਧਮ ਸਿੰਘ ਵਾਲਾ, 1 ਮਈ (ਮੋਹਣ ਸ਼ਰਮਾ/ਰਾਊਵਰਿੰਦਰ ਮਠਾੜੂ): ਦੀ ਪੈਨਸ਼ਨਰ ਵੈਲਫ਼ੇਅਰ ਐਸੋਸੀਏਸ਼ਨ ਸੁਨਾਮ ਵਲੋਂ ਮਈ ਦਿਵਸ ਪੈਨਸ਼ਨਰ ਭਵਨ ਸੁਨਾਮ ਵਿਖੇ ਮਨਾਇਆ ਗਿਆ। ਐਸੋਸੀਏਸ਼ਨ ਨੇ ਮਈ ਦਿਵਸ ਨੂੰ ਕੇਂਦਰ ਤੇ ਪੰਜਾਬ ਸਰਕਾਰ ਵਿਰੋਧੀ ਦਿਵਸ ਵਜੋਂ ਮਨਾਇਆ ਗਿਆ।ਸਾਥੀ ਰਾਮ ਸਰੂਪ ਢੈਪਈ ਨੇ ਐਸੋਸੀਏਸ਼ਨ ਦਾ ਝੰਡਾ ਲਹਿਰਾਇਆ। ਅਤੇ ਇਕੱਠੇ ਹੋਏ ਪੈਨਸ਼ਨਰਾਂ ਨੇ ਸ਼ਰਧਾਂਜਲੀ ਭੇਂਟ ਕੀਤੀ। ਬੁਲਾਰਿਆਂ ਨੇ ਮੁੱਖ ਤੌਰ ਤੇ ਕੇਂਦਰ ਦੇ ਮਜ਼ਦੂਰ ਮਾਰੂ ਫ਼ੈਸਲਿਆਂ ਦੀ ਨੁਕਤਾਚੀਨੀ ਕੀਤੀ। ਦੇਸ਼ ਦੇ ਮੌਜੂਦਾ ਸ਼ਾਸਕਾਂ ਵਲੋਂ ਲੋਕਤੰਤਰ ਦੇ ਕੀਤੇ ਜਾ ਰਹੇ ਘਾਣ ਅਤੇ ਉਨ੍ਹਾਂ ਦੀਆਂ ਫਿਰਕਾਪ੍ਰਸਤੀ ਵਾਲੀ ਸੋਚ ਨੂੰ ਭੰਡਿਆ। ਪੰਜਾਬ ਸਰਕਾਰ ਵੱਲੋਂ ਪੈਨਸ਼ਨਰਾਂ ਅਤੇ ਮੁਲਾਜ਼ਮਾਂ ਦੇ ਮਹਿੰਗਾਈ ਭੱਤੇ ਦੀ ਅਦਾਇਗੀ ਸਬੰਧੀ ਮਾਨਯੋਗ ਹਾਈਕੋਰਟ ਦੇ ਹੁਕਮਾਂ ਨੂੰ ਲਾਗੂ ਨਾ ਦੀ ਸੋਚ ਅਤੇ ਸੁਪਨਿਆਂ ਨੂੰ ਸਾਕਾਰ



ਕਰਨ ਦੀ ਬੁਲਾਰਿਆਂ ਨੇ ਜ਼ੋਰਦਾਰ ਨਿਖੇਧੀ ਕਰਦਿਆਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਪਿਛਲੀਆਂ ਸਰਕਾਰਾਂ ਵਾਂਗ ਮੌਜੂਦਾ ਭਗਵੰਤ ਮਾਨ ਸਰਕਾਰ ਨੂੰ ਵੀ ਸਬਕ ਸਿਖਾਉਣ ਤੇ ਜ਼ੋਰ ਦਿੱਤਾ। ਅਤੇ ਸ਼ਿਕਾਗੋ ਦੇ ਸ਼ਹੀਦਾ ਕਰਨ ਕਰਨ ਲਈ ਅੱਗੇ ਪ੍ਰੋਗਰਾਮ ਬਣਾਉਣ ਦਾ ਫ਼ੈਸਲਾ ਲਿਆ ਤੇ ਭਵਿੱਖ ਵਿੱਚ ਸਰਕਾਰ ਵਿਰੋਧੀ ਸੰਘਰਸ਼ਾਂ ਦੀਆਂ ਤਿਆਰੀਆਂ ਕਰਨ ਦਾ ਫੈਸਲਾ ਲਿਆ।

ਇਸ ਸ਼ਹੀਦੀ ਸਮਾਗਮ ਨੂੰ ਬਲਵਿੰਦਰ ਸਿੰਘ ਜਿਲੇਦਾਰ, ਅੰਗਰੇਜ਼ ਸਿੰਘ ਚੀਮਾਂ, ਭੁਪਿੰਦਰ ਸਿੰਘ ਛਾਜਲੀ, ਤਰਕਸ਼ੀਲ ਸੁਸਾਇਟੀ ਦੇ ਵਿਸਵਕਾਂਤ ਸ਼ਰਮਾ, ਹਜ਼ੂਰਾ ਸਿੰਘ ਬਿਰਛ ਲਾਲ ਧੀਮਾਨ,ਪਵਨ ਕੁਮਾਰ ਸ਼ਰਮਾ, ਰਣਜੀਤ ਸਿੰਘ ਛਾਜਲਾ, ਨਰਿੰਦਰ ਸ਼ਰਮਾਂ ਜਸਵੰਤ ਸਿੰਘ ਅਸਮਾਨੀ, ਹਰਜਸ ਸਿੰਘ ਅੰਬੇਦਕਰ ਸਭਾ, ਸ੍ਰੀ ਰਾਮ ਗਰਗ, ਲਾਭ ਸਿੰਘ ਛਾਜਲਾ, ਕਾਮਰੇਡ ਹਰਦੇਵ ਸਿੰਘ ਕਿਸਾਨ ਸਭਾ, ਐਡ. ਕਾਮਰੇਡ ਸੰਪੂਰਨ ਸਿੰਘ ਛਾਜਲੀ, ਦਰਸ਼ਨ ਸਿੰਘ ਮੱਟੂ ਭਰੂਰ, ਉਜਾਗਰ ਸਿੰਘ ਜੱਗਾ ਮੁਲਾਜ਼ਮ ਆਗੂ, ਨੇ ਸੰਬੋਧਨ ਕੀਤਾ ਤੇ ਮੰਚ ਸੰਚਾਲਨ ਜੀਤ ਸਿੰਘ ਬੰਗਾ ਜਰਨਲ ਸਕੱਤਰ ਨੇ ਕੀਤਾ। ਪ੍ਰੋਗਰਾਮ ਦੇ ਆਖਿਰ ਵਿੱਚ ਰਾਮ ਸਰੂਪ ਢੈਪਈ ਪ੍ਰਧਾਨ ਨੇ ਭਵਿੱਖ ਵਿੱਚ ਹੋਣ ਵਾਲੇ ਸੰਘਰਸ਼ਾਂ ਦੀ ਜ਼ੋਰਦਾਰ ਤਿਆਰੀ ਕਰਨ ਅਤੇ ਸੰਘਰਸ਼ਾਂ ਵਿੱਚ ਸ਼ਾਮਲ ਹੋਣ ਦਿ ਸੱਦਾ ਦਿੰਦਿਆਂ ਸਾਰੇ ਪੈਨਸ਼ਨਰਾਂ ਤੇ ਭਰਾਤਰੀ ਜਥੇਬੰਦੀਆਂ ਦਾ ਧੰਨਵਾਦ ਕੀਤਾ।

# ਸੰਗਤਪੁਰਾ ਤੋਂ ਖਨੌਰੀ ਸੜਕ ਨੂੰ ਬਣਾਉਣ ਦਾ ਕੰਮ ਸ਼ੁਰੂ ਹੋਇਆ

ਅਰਨੋ, 1 ਮਈ (ਕਰਮਵੀਰ ਸਿੰਘ): ਪੰਜਾਬ ਹਰਿਆਣਾ ਨੂੰ ਜੋੜਨ ਵਾਲੀ ਕੈਥਲ



-ਖਨੌਰੀ ਮੁੱਖ ਸੜਕ ਜੋ ਕੀ ਪਿੱਛਲੇ ਕਈ ਸਾਲਾਂ ਤੋਂ ਇੰਨੀ ਜਿਆਦਾ ਖਰਾਬ ਹੋ ਚੁੱਕੀ ਸੀ ਕੀ ਇਸ ਸੜਕ ਤੇ ਰਾਤ ਸਮੇਂ ਨੂੰ ਛੱਡੋ ਦਿਨ ਦੇ ਵਿਚ ਵੀ ਚਲਣਾ ਮੌਤ ਨੂੰ ਸੱਦਾ ਦੇਣ ਵਾਲੀ ਗਲ ਸੀ ਜਿਸ ਕਾਰਨ ਆਏ ਦਿੰਨੀ ਇਸ ਸੜਕ ਤੇ ਕੋਈ ਨਾ ਕੋਈ ਹਾਦਸਾ ਵਾਪਰਦਾ ਰਹਿੰਦਾ ਸੀ ਤੇ ਸੜਕ ਦੀ ਮਾੜੀ ਹਾਲਤ ਹੋਣ ਕਰਕੇ ਤਾਂ ਪੰਜਾਬ ਰੋਡਵੇਜ ਦੇ ਡਰਵਰਾਂ ਅਤੇ ਕੰਡਕਟਰਾਂ ਨੇ ਪਿੱਛਲੇ ਕਈ ਮਹਿਨਿਆਂ ਤੋਂ ਸਾਫ ਤੌਰ ਤੇ ਇਸ ਸੜਕ ਤੇ ਬੱਸਾਂ ਚਲਾਉਣ ਤੇ ਰੋਕ ਲਗਾ ਰਖੀਂ ਸੀ ਉਹ ਰੂਟ ਬਦਲ ਕੇ ਬੱਸਾਂ ਚਲਾ ਰਹੇ ਸੀ ਜਿਸ ਨੂੰ ਲੈ ਕੇ ਇਲਾਕੇ ਦੇ ਲੋਕਾਂ ਵਲੋਂ ਕਈ ਬਾਰ ਸਰਕਾਰੇ ਦਰਬਾਰੇ ਫਰੀਆਦ ਰਖੀ ਗਈ ਪਰ ਇਸ ਦਾ ਕੋਈ ਹਲ ਨਹੀ ਹੋ ਸਕਿਆ ਜਿਸ ਕਰਕੇ ਪੰਜਾਬ ਦੇ ਨਾਲ ਹਰਿਆਣਾ ਦੇ ਦਰਜਨਾਂ ਪਿੰਡਾਂ ਦੇ ਆਮ ਲੋਕਾਂ ਦੇ ਨਾਲ ਸਭ ਤੋਂ ਜਿਆਦਾ ਸਕੂਲ ਕਾਲਜਾਂ ਵਿਚ ਪੜ੍ਹਨ ਵਾਲੇ ਬੱਚਿਆਂ ਨੂੰ ਭਾਰੀ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਪ੍ਰੈਸ ਵਾਲਿਆਂ ਨੇ ਵੀ ਇਸ ਰੋੜ ਦੀ ਕਈ ਖ਼ਬਰਾ ਲਗਾਈਆਂ ਜਿਸ ਦਾ ਅਸਰ ਵੇਖਿਆ ਜਾ ਰਿਹਾ ਹੈ,ਜਿਕਰਯੋਗ ਹੈ ਕੇ ਇਹ ਸੜਕ ਪੰਜਾਬ ਤੇ ਹਰਿਆਣਾ ਦੇ ਕੈਥਲ, ਕਰਨਾਲ, ਕੁਰਕਸ਼ੇਤਰ, ਹਰਿਦੁਆਰ, ਪਟਿਆਲਾ, ਸੰਗਰੂਰ, ਲੁਧਿਆਣਾ, ਅਮ੍ਰਿਤਸਰ ਤੋਂ ਇਲਾਵਾ ਬਹੁਤ ਸਾਰੇ ਸਹਿਰਾਂ ਆਉਣ ਜਾਉਣ ਲਈ ਸਿਧਾ ਰਸਤਾ ਹੈ ਜਿਸ ਕਰਕੇ ਭਾਰੀ ਮਾਤਰਾ ਵਿਚ ਆਮ ਲੋਕ ਇਸ ਸੜਕ ਨੂੰ ਆਪਣੀ ਯਾਤਰਾ ਤੇ ਸੁੱਖ ਸੁਵਿਧਾ ਲਈ ਵਰਤਦੇ ਹਨ ।ਹੁਣ ਇਲਾਕੇ ਦੇ ਲੋਕਾਂ ਦੀ ਸਰਕਾਰ ਤੋਂ ਇਕ ਹੀ ਮੰਗ ਹੈ ਕੇ ਇਸ ਸੜਕ ਦਾ ਨਿਰਮਾਣ ਸਹੀ ਤਰੀਕੇ ਨਾਲ ਕਰਵਾਇਆ ਜਾਵੇ ਕਿਉਂਕਿ ਇਸ ਸੜਕ ਤੇ ਡੇਰਾ ਬਾਜ਼ੀਗਰ ਥੇਹ (ਅਰਨੋ) ਵਿਖੇ ਪਿੰਡ ਦੀ ਗਲੀਆਂ ਨਾਲੀਆਂ ਦੇ ਪਾਣੀ ਦਾ ਸਹੀ ਨਿਕਾਸ ਨਾ ਹੋਣ ਕਰਕੇ ਅਕਸਰ ਪਿੰਡ ਦੀ ਨਾਲੀਆਂ ਦਾ ਪਾਣੀ ਸੜਕ ਤੇ ਖੜ੍ਹਾ ਰਹਿੰਦਾ ਹੈ ਜਿਸ ਨਾਲ ਸੜਕ ਦੀ ਮਾੜੀ ਹਾਲਤ ਹੋ ਜਾਂਦੀ ਹੈ ਇਸ ਲਈ ਇਥੋਂ ਸੜਕ ਦੇ ਨਾਲ ਪਾਣੀ ਦੇ ਨਿਕਾਸ ਦਾ ਕੰਮ ਵੀ ਸਹੀ ਤਰੀਕੇ ਨਾਲ ਕਰਵਾਇਆ ਜਾਵੇ ਤਾਂ ਜੋ ਇਕਾਕੇ ਦੇ ਲੋਕਾਂ ਦੇ ਨਾਲ ਆਮ ਲੋਕਾਂ ਨੂੰ ਕਿਸੇ ਕਿਸਮ ਦਿਆਂ ਪਰੇਸ਼ਾਨੀਆਂ ਦਾ ਸਾਹਮਣਾ ਨਾ ਜਲਦੀ ਹੀ ਮੁੜ ਤੋਂ ਨਾਂ ਕਰਨਾ ਪਵੇ।

# ਅਕੈਡਮਿਕ ਵਰਲਡ ਸਕੂਲ ਵਿਖੇ ਮਜ਼ਦੂਰ ਦਿਵਸ ਮਨਾਇਆ



ਲਹਿਰਾਗਾਗਾ, 1 ਮਈ (ਰਾਮੇਸ਼ਵਰ ਸ਼ਰਮਾ/ਖੁਸਵਿੰਦਰ ਸ਼ਰਮਾ): ਅਕੈਡਮਿਕ ਵਰਲਡ ਸਕੂਲ ਵਿਖੇ 1 ਮਈ ਨੂੰ ਮਜ਼ਦੂਰ ਦਿਵਸ ਬੜੀ ਸ਼ਰਧਾ ਤੇ ਆਦਰ ਨਾਲ ਮਨਾਇਆ ਗਿਆ। ਇਹ ਦਿਨ ਸਾਰੇ ਮਜ਼ਦੂਰ ਵਰਗ ਦੀ ਮਿਹਨਤ, ਸਮਰਪਣ ਤੇ ਯੋਗਦਾਨ ਨੂੰ ਯਾਦ ਕਰਨ ਲਈ ਮਨਾਇਆ ਜਾਂਦਾ ਹੈ। ਮਜ਼ਦੂਰ ਸਾਡੇ ਸਮਾਜ ਦੀ ਰੀੜ੍ਹ ਦੀ ਹੱਡੀ ਹਨ, ਜੋ ਆਪਣੇ ਕਠਿਨ ਪਰਿਸ਼੍ਰਮ ਨਾਲ ਦੇਸ਼ ਦੀ ਤਰੱਕੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਸਕੂਲ ਦੇ ਪ੍ਰਿੰਸੀਪਲ ਕੇਸਰੀ ਦੇਵੀ ਨੇ ਵਿਦਿਆਰਥੀਆਂ ਨੂੰ ਮਜ਼ਦੂਰਾਂ ਦੀ ਮਹੱਤਤਾ ਬਾਰੇ ਦੱਸਿਆ ਗਿਆ ਤੇ ਉਨ੍ਹਾਂ ਦੀ ਮਿਹਨਤ ਦਾ ਸਤਿਕਾਰ ਕਰਨ ਦੀ ਪ੍ਰੇਰਣਾ ਦਿੱਤੀ ਗਈ। ਇਸ ਮੌਕੇ ਤੇ ਸਕੂਲ ਵਿੱਚ ਵੱਖ-ਵੱਖ ਮੁਕਾਬਲੇ ਕਰਾਏ ਗਏ ਤੇ ਵੱਖ-ਵੱਖ ਕਿਰਿਆਵਾਂ ਰਾਹੀ ਵਿਦਿਆਰਥੀਆਂ ਨੂੰ ਇਸ ਦਿਨ ਦੀ ਮਹੱਤਾ ਬਾਰੇ ਸਮਝਾਇਆ ਗਿਆ। ਇਸ ਮੌਕੇ ਸਕੂਲ ਦੇ ਚੇਅਰਮੈਨ ਸੰਜੇ ਸਿੰਗਲਾ ਨੇ ਦੱਸਿਆ ਕਿ ਮਜ਼ਦੂਰ ਦਿਵਸ ਸਾਨੂੰ ਇਹ ਸਿੱਖਾਉਂਦਾ ਹੈ ਕਿ ਹਰ ਕਿਸੇ ਦੇ ਕੰਮ ਦੀ ਕਦਰ ਕਰਨੀ ਚਾਹੀਦੀ ਹੈ ਤੇ ਸਮਾਜ ਵਿੱਚ ਸਮਾਨਤਾ ਤੇ ਨਿਆਂ ਨੂੰ ਬਣਾਈ ਰੱਖਣਾ ਚਾਹੀਦਾ ਹੈ। ਆਓ ਅਸੀਂ ਸਭ ਮਿਲ ਕੇ ਮਜ਼ਦੂਰਾਂ ਦਾ ਸਤਿਕਾਰ ਕਰੀਏ ਤੇ ਉਨ੍ਹਾਂ ਦੇ ਹੱਕਾਂ ਦੀ ਰੱਖਿਆ ਲਈ ਸਹਿਯੋਗ ਦੇਈਏ। ਇਸ ਮੌਕੇ ਮਨਪ੍ਰੀਤ, ਸੀਮਾ, ਵਿਦੁਸੀ, ਨੇਵੀ, ਹਰਪ੍ਰੀਤ, ਸੀਮਾ, ਮਨਪ੍ਰੀਤ, ਲਵਦੀਪ, ਰੋਜੀ, ਸੁਖਦੀਪ, ਹਰਮਨ, ਯੋਗੀਤਾ, ਅਨੂ, ਅਨੀਤਾ, ਅਮਨ, ਰਮਨਦੀਪ ਹਾਜ਼ਰ ਸਨ।

# ਪੰਜਾਬ ਦੀ ਸਿਆਸਤ 'ਚ ਅਕਾਲੀ ਸੋਚ ਦੀ ਅਹਿਮੀਅਤ : ਬੱਲਮ ਸਿੰਘ ਕਲੀਪੁਰ

ਬੁਢਲਾਡਾ, 1 ਮਈ (ਦਵਿੰਦਰ ਸਿੰਘ ਕੋਹਲੀ, ਜੀਵਨ ਕੁਮਾਰ): ਪੰਜਾਬ ਦੀ ਰਾਜਨੀਤੀ ਵਿੱਚ ਸ਼੍ਰੋਮਣੀ ਅਕਾਲੀ ਦਲ ਦਾ ਇਤਿਹਾਸ ਸਿਰਫ਼ ਇੱਕ ਸਿਆਸੀ ਪਾਰਟੀ ਦਾ ਇਤਿਹਾਸ ਨਹੀਂ, ਸਗੋਂ ਇਹ ਪੰਜਾਬ ਦੀ ਆਤਮਕ, ਸਾਂਸਕ੍ਰਿਤਿਕ ਤੇ ਪੰਥਕ ਪਛਾਣ ਨਾਲ ਡੂੰਘੇ ਤੌਰ 'ਤੇ ਜੁੜਿਆ ਹੋਇਆ ਅੰਦੋਲਨ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਬੱਲਮ ਸਿੰਘ ਕਲੀਪੁਰ ਨੇ ਕਰਦਿਆਂ



ਕਿਹਾ ਕਿ ਅਕਾਲੀ ਦਲ ਨੇ ਆਪਣੇ ਜਨਮ ਤੋਂ ਹੀ ਪੰਜਾਬ,ਪੰਜਾਬੀਅਤ, ਸਿੱਖ ਮਰਯਾਦਾ ਤੇ ਲੋਕ ਹੱਕਾਂ ਦੀ ਰੱਖਿਆ ਲਈ ਸੰਘਰਸ਼ ਕੀਤਾ ਹੈ। ਇਹ ਪਾਰਟੀ ਸਿਰਫ਼ ਚੋਣੀ ਰਾਜਨੀਤੀ ਤੱਕ ਸੀਮਿਤ ਨਹੀਂ ਰਹੀ, ਬਲਕਿ ਇਸਨੇ ਪੰਜਾਬ ਦੇ ਲੋਕਾਂ ਦੀ ਆਵਾਜ਼ ਬਣ ਕੇ ਹਰ ਮੁਸ਼ਕਲ ਵੇਲੇ ਅਗਵਾਈ ਕੀਤੀ ਹੈ। ਅਜੋਕੇ ਸਮੇਂ ਵਿੱਚ, ਜਦੋਂ ਰਾਜਨੀਤੀ ਅਕਸਰ ਨਿੱਜੀ ਲਾਭ, ਛੋਟੇ ਸਮੇਂ ਦੀ ਲੋਕਪ੍ਰਿਯਤਾ ਅਤੇ ਸੱਤਾ ਦੀ ਦੌੜ ਤੱਕ ਸੀਮਿਤ ਹੋ ਰਹੀ ਹੈ, ਅਕਾਲੀ ਸੋਚ ਪੰਜਾਬ ਲਈ ਇੱਕ ਵਿਸ਼ਾਲ ਦਰਸ਼ਨ ਪੇਸ਼ ਕਰਦੀ ਹੈ। ਇਹ ਸੋਚ ਸੇਵਾ, ਤਿਆਗ, ਸਾਂਝੀਵਾਲਤਾ, ਧਾਰਮਿਕ ਅਜ਼ਾਦੀ ਅਤੇ ਪੰਜਾਬ ਦੇ ਹੱਕਾਂ ਦੀ ਰੱਖਿਆ 'ਤੇ ਅਧਾਰਿਤ ਹੈ। ਸੁਖਬੀਰ ਸਿੰਘ ਬਾਦਲ ਦੇ ਨੇਤ੍ਰਿਤਵ ਹੇਠ ਪਾਰਟੀ ਨੇ ਵਿਕਾਸ ਦੇ ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ।ਸੜਕਾਂ, ਪੁਲਾਂ, ਆਵਾਜਾਈ ਪ੍ਰਣਾਲੀ, ਉਦਯੋਗਿਕ ਨਿਵੇਸ਼, ਬਿਜਲੀ ਉਤਪਾਦਨ ਤੇ ਸ਼ਹਿਰੀ ਵਿਕਾਸ ਵਰਗੇ ਕਈ ਖੇਤਰਾਂ 'ਚ ਅਕਾਲੀ ਦਲ ਸਰਕਾਰ ਦੇ ਕੰਮ ਪੰਜਾਬ ਦੀ ਤਰੱਕੀ ਦੇ ਪ੍ਰਤੀਕ ਬਣੇ। ਪੰਜਾਬ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਕੇ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਤੇ ਆਰਥਿਕਤਾ ਨੂੰ ਗਤੀ ਦੇਣ ਵਿੱਚ ਇਸ ਦੌਰ ਦੀ ਮਹੱਤਵਪੂਰਨ ਭੂਮਿਕਾ ਰਹੀ।

ਇਸਦੇ ਨਾਲ ਹੀ, ਅਕਾਲੀ ਦਲ ਨੇ ਪੰਜਾਬ ਦੀ ਸਾਂਝੀਵਾਲਤਾ ਨੂੰ ਕਾਇਮ ਰੱਖਣ ਲਈ ਹਰ ਧਰਮ ਤੇ ਵਰਗ ਨੂੰ ਨਾਲ ਲੈ ਕੇ ਚੱਲਣ ਦੀ ਰਾਜਨੀਤੀ ਕੀਤੀ। ਪੰਜਾਬ ਦੀ ਗੰਗਾ-ਜਮੁਨੀ ਸੱਭਿਆਚਾਰਕ ਵਿਰਾਸਤ ਨੂੰ ਮਜ਼ਬੂਤ ਕਰਨ ਵਿੱਚ ਵੀ ਇਸਦਾ ਯੋਗਦਾਨ ਮਹੱਤਵਪੂਰਨ ਰਿਹਾ ਹੈ। ਅਕਾਲੀ ਦਲ ਅਜੇ ਵੀ ਪੰਜਾਬ ਦੇ ਲੋਕਾਂ ਦੇ ਮੁੱਦਿਆਂ- ਕਿਸਾਨੀ ਸੰਕਟ, ਬੇਰੁਜ਼ਗਾਰੀ, ਨਸ਼ਿਆਂ ਤੇ ਸਮਾਜਿਕ ਅਸੁਰੱਖਿਆ ਨੂੰ ਮਜ਼ਬੂਤੀ ਨਾਲ ਉਠਾ ਰਿਹਾ ਹੈ। ਅੱਜ ਪੰਜਾਬ ਨੂੰ ਇੱਕ ਅਜਿਹੇ ਨੇਤ੍ਰਿਤਵ ਦੀ ਲੋੜ ਹੈ ਜੋ ਤਜਰਬੇਕਾਰ ਹੋਵੇ, ਪੰਜਾਬ ਦੇ ਇਤਿਹਾਸ ਨੂੰ ਸਮਝਦਾ ਹੋਵੇ ਤੇ ਲੋਕ-ਹਿਤ ਨੂੰ ਪਹਿਲ ਦੇਵੇ। ਅਕਾਲੀ ਸੋਚ ਵਿੱਚ ਉਹ ਸਮਰੱਥਾ ਹੈ ਜੋ ਪੰਜਾਬ ਨੂੰ ਦੁਬਾਰਾ ਮਜ਼ਬੂਤ, ਖੁਸ਼ਹਾਲ ਤੇ ਪੰਥਕ ਤੌਰ 'ਤੇ ਮਜ਼ਬੂਤ ਬਣਾ ਸਕਦੀ ਹੈ। ਅੰਤ ਵਿੱਚ, ਇਹ ਕਹਿਣਾ ਉਚਿਤ ਹੋਵੇਗਾ ਕਿ ਸ਼੍ਰੋਮਣੀ ਅਕਾਲੀ ਦਲ ਸਿਰਫ਼ ਇੱਕ ਰਾਜਨੀਤਿਕ ਪਾਰਟੀ ਨਹੀਂ,ਸਗੋਂ ਪੰਜਾਬ ਦੀ ਅਸਲੀ ਰੂਹ, ਸੇਵਾ ਦੀ ਪਰੰਪਰਾ ਤੇ ਸਾਂਝੀਵਾਲਤਾ ਦੀ ਵਿਚਾਰਧਾਰਾ ਹੈ। ਪੰਜਾਬ ਦੇ ਸੁਨਹਿਰੇ ਭਵਿੱਖ ਲਈ ਇਸ ਸੋਚ ਨੂੰ ਸਮਝਣਾ, ਮਜ਼ਬੂਤ ਕਰਨਾ ਤੇ ਅੱਗੇ ਵਧਾਉਣਾ ਬਹੁਤ ਜ਼ਰੂਰੀ ਹੈ

# ਬਾਬਾ ਫ਼ਰੀਦ ਮੈਮੋਰੀਅਲ ਐਂਡ ਐਜੂਕੇਸ਼ਨ ਵੈਲਫੇਅਰ ਸੋਸਾਇਟੀ ਨੇ ਮਜ਼ਦੂਰ ਦਿਵਸ ਮਨਾਇਆ




ਲੌਂਗੋਵਾਲ, 1 ਮਈ (ਭਗਵੰਤ ਸ਼ਰਮਾ): ਬਾਬਾ ਫ਼ਰੀਦ ਮੈਮੋਰੀਅਲ ਐਜੂਕੇਸ਼ਨ ਐਂਡ ਵੈਲਫੇਅਰ ਸੋਸਾਇਟੀ ਲੌਂਗੋਵਾਲ ਵਿੱਚ ਮਜ਼ਦੂਰ ਦਿਵਸ ਮਨਾਇਆ ਗਿਆ। ਸੰਸਥਾ ਦੇ ਪ੍ਰਧਾਨ ਕਮਲਜੀਤ ਸਿੰਘ ਵਿੱਕੀ ਨੇ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕੀ ਅੱਜ ਮਜ਼ਦੂਰ ਦਿਵਸ ਮੌਕੇ ਕਮਲਦੀਪ ਕੌਰ ਬਾਗਾ ਪੁਰਾਣਾ ਜ਼ਿਲ੍ਹਾ ਪ੍ਰਧਾਨ ਪੰਜਾਬ ਸਟੂਡੈਂਟ ਯੂਨੀਅਨ ਨੇ ਮਜ਼ਦੂਰਾਂ ਦੀ ਹੋ ਰਹੀ ਲੁੱਟ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਕਿਰਤ ਕਰਨ ਵਾਲੇ ਲੋਕਾਂ ਨੂੰ ਇਕੱਠੇ ਹੋਣ ਦੀ ਲੋੜ ਹੈ।ਇਸ ਨਾਲ ਸੂਬਾ ਆਗੂ ਕਿਰਤੀ ਕਿਸਾਨ ਯੂਨੀਅਨ ਭੁਪਿੰਦਰ ਸਿੰਘ ਨੇ ਮਜ਼ਦੂਰਾਂ ਨੂੰ ਜਾਗਰੂਕ ਹੋਣ ਦਾ ਹੋਕਾ ਦਿੱਤਾ। ਇਸ ਨਾਲ ਸੰਸਥਾ ਦੇ ਮੈਂਬਰ ਬਲਵੰਤ ਸਿੰਘ ਬੀਟਾ, ਭੋਲਾ ਸਿੰਘ ਸੰਗਰਾਮੀ ਸ਼ਹੀਦ ਊਧਮ ਸਿੰਘ ਵਾਲਾ, ਤਰਸੇਮ ਸਿੰਘ ਜੀ.ਈ, ਹਰਦੀਪ ਸਿੰਘ ਸਿੱਧੀ, ਗੁਰਪ੍ਰੀਤ ਕੌਰ, ਰਾਜਵੰਤ ਕੌਰ, ਕਮਲਜੀਤ ਕੌਰ, ਗੁਰਪ੍ਰੀਤ ਕੌਰ ਸ਼ਾਮਲ ਹੋਏ। ਇੱਥੇ ਕੁੜੀਆਂ ਨੂੰ ਮਜ਼ਦੂਰ ਦਿਵਸ ਬਾਰੇ ਜਾਣਕਾਰੀ ਦਿੱਤੀ ਗਈ ਜਿਸ ਵਿੱਚ ਦੱਸਿਆ ਗਿਆ ਕਿ ਮਜ਼ਦੂਰ ਦਿਵਸ ਹਰ ਸਾਲ । ਮਈ ਨੂੰ ਮਨਾਇਆ ਜਾਂਦਾ ਹੈ। ਇਹ ਦਿਨ ਮਜ਼ਦੂਰਾਂ ਦੇ ਹੱਕਾਂ, ਸੁਰੱਖਿਆ ਤੇ ਇਜ਼ਤ ਲਈ ਲੜਾਈ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ। । 800ਵੀਂ ਸਦੀ ਵਿੱਚ ਫੈਕਟਰੀਆਂ ਵਿੱਚ ਮਜ਼ਦੂਰਾਂ ਤੋਂ 12-16 ਘੰਟੇ ਕੰਮ ਲਿਆ ਜਾਂਦਾ ਸੀ।ਮਜ਼ਦੂਰਾਂ ਨੇ 8 ਘੰਟੇ ਕੰਮ ਦੇ ਹੱਕ ਲਈ ਅੰਦੋਲਨ ਸ਼ੁਰੂ ਕੀਤਾ। 886 ਵਿੱਚ ਅਮਰੀਕਾ ਦੇ ਸ਼ਹਿਰ Chicago ਵਿੱਚ ਵੱਡਾ ਪ੍ਰਦਰਸ਼ਨ ਹੋਇਆ,।ਇਸ ਘਟਨਾ ਨੇ ਦੁਨੀਆ ਭਰ ਵਿੱਚ ਮਜ਼ਦੂਰ ਅੰਦੋਲਨਾਂ ਨੂੰ ਮਜ਼ਬੂਤੀ ਦਿੱਤੀ ।ਭਾਰਤ ਵਿੱਚ ਪਹਿਲੀ ਵਾਰ ਲੇਬਰ ਡੇ 1923 ਵਿੱਚ ਮਨਾਇਆ ਗਿਆ। ਸਾਨੂੰ ਮਜ਼ਦੂਰਾਂ ਦੀ ਇੱਜ਼ਤ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਦੇ ਹੱਕਾਂ ਦੀ ਰੱਖਿਆ ਲਈ ਹਮੇਸ਼ਾ ਖੜ੍ਹੇ ਰਹਿਣਾ ਚਾਹੀਦਾ ਹੈ।

# ਦੇਹ ਵਪਾਰ ਦੇ ਅੱਡੇ 'ਤੇ ਛਾਪੇਮਾਰੀ ਦੌਰਾਨ 5 ਕਾਬੂ, ਇੱਕ ਫ਼ਰਾਰ

ਬਠਿੰਡਾ, 1 ਮਈ (ਦੀਪਕ ਸ਼ਰਮਾ): ਥਾਣਾ ਤਲਵੰਡੀ ਸਾਬੋ ਦੀ ਪੁਲਿਸ ਨੇ ਇੱਕ ਘਰ ਵਿੱਚ ਚੱਲ ਰਹੇ ਦੇਹ ਵਪਾਰ ਦੇ ਅੱਡੇ ਦਾ ਪਰਦਾਫ਼ਾਸ਼ ਕੀਤਾ ਹੈ। ਇਸ ਕਾਰਵਾਈ ਦੌਰਾਨ ਪੁਲਿਸ ਨੇ 5 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਦਕਿ ਇੱਕ ਮੁਲਜ਼ਮ ਮੌਕੇ ਤੋਂ ਫ਼ਰਾਰ ਹੋਣ ਵਿੱਚ ਸਫ਼ਲ ਰਿਹਾ। ਪੁਲਿਸ ਮੁਤਾਬਕ ਇਹ ਗ਼ੈਰ-ਕਾਨੂੰਨੀ ਧੰਦਾ ਲੰਬੇ ਸਮੇਂ ਤੋਂ ਚੱਲ ਰਿਹਾ ਸੀ, ਜਿਸ ਵਿੱਚ ਗਰੀਬ ਅਤੇ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਨੂੰ ਲਾਲਚ ਦੇ ਕੇ ਇਸ ਦਲਦਲ ਵਿੱਚ ਧੱਕਿਆ ਜਾਂਦਾ ਸੀ।

ਸਬ-ਇੰਸਪੈਕਟਰ ਜਗਸੀਰ ਸਿੰਘ ਅਨੁਸਾਰ ਪੁਲਿਸ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਹਰਜਿੰਦਰ ਸਿੰਘ ਵਾਸੀ ਗੁਰੂਸਰ ਜੱਗਾ ਆਪਣੀ ਕੋਠੀ ਵਿੱਚ ਲੜਕੀਆਂ ਤੋਂ ਜਬਰਨ ਦੇਹ ਵਪਾਰ ਕਰਵਾ ਰਿਹਾ ਹੈ। ਪੁਲਿਸ ਨੇ ਮੌਕੇ 'ਤੇ ਛਾਪੇਮਾਰੀ ਕਰਕੇ ਹਰਜਿੰਦਰ ਸਿੰਘ ਸਮੇਤ ਰਾਜਵੀਰ ਸਿੰਘ ਵਾਸੀ ਮਾਨਸਾ, ਅਮਰਜੀਤ ਸਿੰਘ ਵਾਸੀ ਤਲਵੰਡੀ ਸਾਬੋ, ਬਸ਼ੀਰ ਖਾਨ ਵਾਸੀ ਜੱਗਾ ਰਾਮ ਤੀਰਥ ਅਤੇ ਸਤਵੀਰ ਸਿੰਘ ਵਾਸੀ ਪੱਕਾ ਸ਼ਹੀਦਾਂ ਵਾਲਾ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਕਥਿਤ ਦੋਸ਼ੀ ਸੀਪਾ ਵਾਸੀ ਝੱਜਲ ਦੀ ਭਾਲ ਜਾਰੀ ਹੈ।

# ਸਿਲਵਰ ਓਕਸ ਸਕੂਲ 'ਚ ਇਨਵੈਸਟਿਚਰ ਸਮਾਰੋਹ ਕਰਵਾਇਆ

ਭੁੱਚੋ ਮੰਡੀ/ਨਥਾਣਾ, 1 ਮਈ (ਹਰਬੰਸ ਸਿੰਘ ਭੋਲਾ): "ਸਿੱਖਿਆ ਸਿਰਫ਼ ਗਿਆਨ ਪ੍ਰਾਪਤ ਕਰਨ ਤੱਕ ਸੀਮਿਤ ਨਹੀਂ ਹੁੰਦੀ, ਬਲਕਿ ਇਹ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ, ਨੈਤਿਕ ਸਮਰੱਥਾ ਦੇ ਨਿਰਮਾਣ ਤੇ ਸ਼੍ਰੇਸ਼ਠਤਾ ਦੀ ਭਾਵਨਾ ਨੂੰ ਉਤਸ਼ਾਹਿਤ ਕਰਨ ਦਾ ਸਾਧਨ ਵੀ ਹੈ।" ਇਸ ਉਦੇਸ਼ ਨੂੰ ਧਿਆਨ ਵਿੱਚ ਰੱਖਦਿਆਂ ਸਿਲਵਰ ਓਕਸ ਸਕੂਲ, ਰਾਮਪੁਰਾ ਰੋਡ, ਬਠਿੰਡਾ 'ਚ 29 ਅਪ੍ਰੈਲ ਨੂੰ ਇਨਵੈਸਟਿਚਰ ਸਮਾਰੋਹ ਦਾ ਸ਼ਾਨਦਾਰ ਆਯੋਜਨ ਕੀਤਾ ਗਿਆ। ਇਸ ਸਮਾਰੋਹ ਵਿੱਚ ਸਕੂਲ ਦੀ ਡਾਇਰੈਕਟਰ ਬਰਨਿੰਦਰ ਪਾਲ ਸੇਖੋਂ, ਜੋ ਇਸ ਮੌਕੇ ਦੀ ਵਿਸ਼ੇਸ਼ ਮਹਿਮਾਨ ਸਨ ਤੇ ਪ੍ਰਿੰਸੀਪਲ ਛਾਇਆ ਵਿਨੋਚਾ ਦੀ ਗਰਿਮਾਮਈ ਹਾਜ਼ਰੀ ਰਹੀ। ਇਸ ਸਮਾਰੋਹ ਦਾ ਮੁੱਖ ਉਦੇਸ਼ ਵਿਦਿਆਰਥੀਆਂ ਵਿੱਚ ਨੈਤਿਕ ਸਮਰੱਥਾ ਵਿਕਸਿਤ ਕਰਨਾ ਤੇ ਉਨ੍ਹਾਂ ਵਿੱਚ ਜ਼ਿੰਮੇਵਾਰੀ ਤੇ ਕਰਤੱਵ ਦੀ ਭਾਵਨਾ ਨੂੰ ਉਤਸ਼ਾਹਿਤ ਕਰਨਾ ਸੀ। ਇਸ ਮੌਕੇ ਤੱਕ ਪਹੁੰਚਣ ਲਈ ਵਿਦਿਆਰਥੀਆਂ ਨੇ ਇੱਕ ਸੁਚਾਰੂ ਚੋਣ ਪ੍ਰਕਿਰਿਆ 'ਚੋਂ ਲੰਘਦਿਆਂ ਆਪਣੀ ਯੋਗਤਾ ਦਾ ਪ੍ਰਦਰਸ਼ਨ ਕੀਤਾ। ਵਿਦਿਆਰਥੀ ਕੌਂਸਲ ਦੇ ਅਹੁਦਿਆਂ ਲਈ ਇੱਛੁਕ ਵਿਦਿਆਰਥੀਆਂ ਨੇ ਨੋਮੀਨੇਸ਼ਨ ਰਾਊਂਡ, ਸਕ੍ਰੀਨਿੰਗ ਰਾਊਂਡ, ਮੈਨੀਫੈਸਟੋ ਰਾਊਂਡ ਤੇ ਵੋਟਿੰਗ ਰਾਊਂਡ ਵਿੱਚ ਭਾਗ ਲਿਆ। ਇਨ੍ਹਾਂ ਸਾਰੇ ਚਰਨਾਂ ਨੂੰ ਸਫਲਤਾਪੂਰਵਕ ਪੂਰਾ ਕਰਨ ਤੋਂ ਬਾਅਦ ਯੋਗ ਵਿਦਿਆਰਥੀਆਂ ਨੂੰ ਵਿਦਿਆਰਥੀ ਕੌਂਸਲ



ਲਈ ਚੁਣਿਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਸਕੂਲ ਦੀ ਡਾਇਰੈਕਟਰ ਬਰਨਿੰਦਰ ਪਾਲ ਸੇਖੋਂ ਤੇ ਪ੍ਰਿੰਸੀਪਲ ਛਾਇਆ ਵਿਨੋਚਾ ਵੱਲੋਂ ਦੀਪ ਜਗ੍ਹਾ ਕੇ ਅਤੇ ਸਰਸਵਤੀ ਵੰਦਨਾ ਨਾਲ ਕੀਤੀ ਗਈ। ਇਸ ਤੋਂ ਬਾਅਦ ਨਵ-ਚੁਣੇ ਸਕੂਲ ਕੈਬਿਨੇਟ ਦੇ ਮੈਂਬਰਾਂ ਨੇ ਪੂਰੇ ਆਤਮਵਿਸ਼ਵਾਸ ਅਤੇ ਅਨੁਸ਼ਾਸਨ ਨਾਲ ਮਾਰਚ ਪਾਸਟ ਪੇਸ਼ ਕੀਤਾ। ਇਸ ਉਪਰੰਤ ਪ੍ਰਿੰਸੀਪਲ ਛਾਇਆ ਵਿਨੋਚਾ ਦੀ ਅਗਵਾਈ ਵਿੱਚ ਸਕੂਲ ਕੈਬਿਨੇਟ ਨੇ ਆਪਣੇ ਕਰਤੱਵਾਂ ਨੂੰ ਪੂਰੀ ਨਿਸ਼ਠਾ, ਇਮਾਨਦਾਰੀ ਅਤੇ ਜ਼ਿੰਮੇਵਾਰੀ ਨਾਲ ਨਿਭਾਉਣ ਦੀ ਸਹੁੰ ਚੁੱਕੀ। ਇਸ ਤੋਂ ਬਾਅਦ ਇਨਵੈਸਟਿਚਰ ਸੈਰੇਮਨੀ ਦੇ ਤਹਿਤ ਵਿਦਿਆਰਥੀ ਕੌਂਸਲ ਦੇ 10 ਅਹੁਦੇਦਾਰਾਂ-ਹੈੱਡ ਬੁਆਏ, ਹੈੱਡ ਗਰਲ, ਆਜ਼ਾਦ ਹਾਊਸ ਪ੍ਰੀਫੈਕਟ, ਭਗਤ ਹਾਊਸ ਪ੍ਰੀਫੈਕਟ, ਸੁਭਾਸ਼ ਹਾਊਸ ਪ੍ਰੀਫੈਕਟ, ਊਧਮ ਹਾਊਸ ਪ੍ਰੀਫੈਕਟ, ਸਪੋਰਟਸ ਕੈਪਟਨ, ਐਸ.ਕੇ.ਓ. ਕੋਆਰਡੀਨੇਟਰ, ਐਸ.ਈ.ਏ. ਕੋਆਰਡੀਨੇਟਰ ਤੇ ਡਿਸਿਪਲੀਨ ਇੰਚਾਰਜ ਨੂੰ ਉਨ੍ਹਾਂ ਦੀਆਂ ਭੂਮਿਕਾਵਾਂ ਦੇ ਪ੍ਰਤੀਕ ਵਜੋਂ ਬੈਜ ਤੇ ਸ਼ੈਸ਼ੇ ਪ੍ਰਦਾਨ ਕੀਤੇ ਗਏ। ਵਿਦਿਆਰਥੀ ਕੌਂਸਲ ਦੇ ਮੈਂਬਰਾਂ ਦਾ ਆਤਮਵਿਸ਼ਵਾਸ ਤੇ ਉਤਸ਼ਾਹ ਦੇਖਣ ਯੋਗ ਸੀ। ਇਸ ਮੌਕੇ ਨਵ-ਚੁਣੇ ਹੈੱਡ ਬੁਆਏ ਤੇ ਹੈੱਡ ਗਰਲ ਨੇ ਆਪਣੇ ਪ੍ਰੇਰਣਾਦਾਇਕ ਭਾਸ਼ਣ ਪੇਸ਼ ਕੀਤੇ। ਇਸ ਮੌਕੇ ਪਿਛਲੀ ਸਕੂਲ ਕੈਬਿਨੇਟ ਨੂੰ ਵੀ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਤੇ ਆਪਣੇ ਕਰਤਵਾਂ ਨੂੰ ਸਫਲਤਾਪੂਰਵਕ ਢੰਗ ਨਾਲ ਨਿਭਾਉਣ ਲਈ ਗਵਰਨਿੰਗ ਬਾਡੀ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਕਲਾਸ ਛੇਵੀਂ ਦੀ ਵਿਦਿਆਰਥਣ ਜਪਜੀਤ ਪਾਲ ਕੌਰ ਤੇ ਕਲਾਸ ਅੱਠਵੀਂ ਦੀ ਵਿਦਿਆਰਥਣ ਜਸਕਰਨ ਕੌਰ ਨੂੰ ਉਨ੍ਹਾਂ ਦੀ ਸਾਲ ਭਰ ਦੀ 100% ਹਾਜ਼ਰੀ ਲਈ ਵਿਸ਼ੇਸ਼ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਉਨ੍ਹਾਂ ਦੀ ਨਿਯਮਿਤਤਾ, ਅਨੁਸ਼ਾਸਨ ਤੇ ਸਮਰਪਣ ਹੋਰ ਵਿਦਿਆਰਥੀਆਂ ਲਈ ਪ੍ਰੇਰਨਾ ਬਣੇ। ਇਸ ਮੌਕੇ ਸਕੂਲ ਦੀ ਡਾਇਰੈਕਟਰ ਬਰਨਿੰਦਰ ਪਾਲ ਸੇਖੋਂ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦੇ ਹੋਏ ਕਿਹਾ ਕਿ ਹਰ ਵਿਦਿਆਰਥੀ ਵਿੱਚ ਵਿਸ਼ੇਸ਼ ਯੋਗਤਾ ਹੁੰਦੀ ਹੈ, ਜਿਸ ਨੂੰ ਸਹੀ ਦਿਸ਼ਾ, ਅਨੁਸ਼ਾਸਨ ਤੇ ਲਗਾਤਾਰ ਮਿਹਨਤ ਨਾਲ ਨਿਖਾਰਿਆ ਜਾ ਸਕਦਾ ਹੈ। ਉਨ੍ਹਾਂ ਨੇ ਸਾਰੇ ਵਿਦਿਆਰਥੀਆਂ, ਅਧਿਆਪਕਾਂ ਤੇ ਮਾਪਿਆਂ ਦੇ ਸਹਿਯੋਗ ਲਈ ਧੰਨਵਾਦ ਪ੍ਰਗਟ ਕੀਤਾ। ਇਸ ਪ੍ਰੇਰਣਾਦਾਇਕ ਸਮਾਰੋਹ ਦੀ ਸਮਾਪਤੀ ਧੰਨਵਾਦ ਭਾਸ਼ਣ ਤੇ ਰਾਸ਼ਟਰਗਾਨ ਨਾਲ ਹੋਈ।

# ਕੌਮਾਂਤਰੀ ਮਜ਼ਦੂਰ ਦਿਵਸ ਮੌਕੇ ਪਾਵਰਕਾਮ ਪੈਨਸ਼ਨਰਜ਼ ਵੱਲੋਂ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ, ਕੱਢਿਆ ਜੋਸ਼ੀਲਾ ਮਾਰਚ




ਬਰਨਾਲਾ, 1 ਮਈ ( ਬਘੇਲ ਸਿੰਘ ਧਾਲੀਵਾਲ) : ਪਾਵਰਕੌਮ ਪੈਨਸ਼ਨਰਜ਼ ਸ਼ਹਿਰੀ ਅਤੇ ਦਿਹਾਤੀ ਮੰਡਲ ਬਰਨਾਲਾ ਵੱਲੋਂ ਧਨੌਲਾ ਰੋਡ ਮੁੱਖ ਦਫਤਰ ਵਿੱਚ ਮਹਾਨ ਕੌਮਾਂਤਰੀ ਮਜ਼ਦੂਰ ਦਿਵਸ ਮਨਾਇਆ ਗਿਆ। ਜਥੇਬੰਦੀ ਦਾ ਝੰਡਾ ਲਹਿਰਾਉਣ ਦੀ ਰਸਮ ਸਾਥੀ ਸ਼ਿੰਦਰ ਧੌਲਾ, ਦਰਸ਼ਨ ਸਿੰਘ ਦਸੌਂਦਾ ਸਿੰਘ ਵਾਲਾ, ਗੌਰੀ ਸ਼ੰਕਰ, ਬਲਵੰਤ ਸਿੰਘ, ਰੂਪ ਚੰਦ ਤਪਾ ਅਤੇ ਜੱਗਾ ਸਿੰਘ ਧਨੌਲਾ ਨੇ ਅਕਾਸ਼ ਗੁੰਜਾਊ ਨਾਹਰਿਆਂ ਨਾਲ ਸਾਂਝੇ ਤੌਰ 'ਤੇ ਅਦਾ ਕੀਤੀ। ਇਸ ਸਮੇਂ ਬੁਲਾਰਿਆਂ ਨੇ ਮਹਾਨ ਕੌਮਾਂਤਰੀ ਮਜ਼ਦੂਰ ਦਿਵਸ ਦੀ ਮਹੱਤਤਾ ਤੋਂ ਜਾਣੂ ਕਰਵਾਉਂਦਿਆਂ ਕਿ 1 ਮਈ ਅਤੇ 4 ਮਈ 1886 ਦੀਆਂ ਘਟਨਾਵਾਂ ਵਿੱਚ ਸ਼ਹੀਦ ਹੋਏ ਸਾਥੀਆਂ ਅਡੋਲਫ ਫਿਸ਼ਰ ਵੱਲੋਂ ਸ਼ਿਕਾਗੋ ਦੀ ਸੈਸ਼ਨ ਜੱਜ ਜੋਸਫ਼ ਗੈਰੀ ਦੀ ਅਦਾਲਤ ਵਿੱਚ ਬਿਆਨ ਦਿੰਦਿਆਂ ਕਿਹਾ ਸੀ ਕਿ ਤੁਸੀਂ ਮੈਨੂੰ ਨੂੰ ਕਤਲ ਦੇ ਦੋਸ਼ ਵਿੱਚ ਫਾਂਸੀ ਦੇਣਾ ਚਾਹੁੰਦੇ ਹੋ। ਮੈਂ ਇਸਦਾ ਵਿਰੋਧ ਕਰਦਾ ਹਾਂ ਕਿਉਂਕਿ ਮੈਂ ਕਿਸੇ ਨੂੰ ਨਹੀਂ ਮਾਰਿਆ। ਅਡੋਲਫ਼ ਫਿਸ਼ਰ ਨੇ ਅੱਗੇ ਜਾਂਦਿਆਂ ਕਿਹਾ ਕਿ ਮੰਨਿਆ ਸੀ ਕਿ 4 ਮਈ 1886 ਨੂੰ ਹੇਅ ਮਾਰਕੀਟ ਵਿੱਚ ਹੋਈ ਮਜ਼ਦੂਰਾਂ ਦੀ ਮੀਟਿੰਗ ਦੇ ਪ੍ਰਬੰਧਕਾਂ ਵਿੱਚੋਂ ਉਹ ਵੀ ਇੱਕ ਸੀ, ਮੀਟਿੰਗ ਵਿੱਚ ਮੌਜੂਦ ਸੀ ਅਤੇ ਆਪਣੇ ਮਜ਼ਦੂਰ ਜਮਾਤ ਦੇ ਸਾਥੀਆਂ ਦੇ ਹੱਕਾਂ ਲਈ ਭਾਸ਼ਣ ਵੀ ਦਿੱਤਾ ਸੀ। ਮੈਂ ਬੰਬ ਨਹੀਂ ਸੁੱਟਿਆ। ਅਸੀਂ ਆਪਣੇ ਸਾਥੀਆਂ ਦੀ ਪੁਲਿਸ ਵੱਲੋਂ ਕੀਤੀ ਹੱਤਿਆ ਦੇ ਵਿਰੋਧ ਵਿੱਚ ਇੱਕ ਮੀਟਿੰਗ ਦਾ ਆਯੋਜਨ ਕੀਤਾ ਸੀ। ਅਸੀਂ ਕਿਸੇ ਨੂੰ ਮਾਰਨ ਲਈ ਉੱਥੇ ਨਹੀਂ ਸੀ। ਕਤਲ ਨੂੰ ਭੁੱਲ ਜਾਓ, ਮੈਂ ਆਪਣੀ ਜ਼ਿੰਦਗੀ ਵਿੱਚ ਕਦੇ ਕੋਈ ਅਪਰਾਧ ਨਹੀਂ ਕੀਤਾ। ਜੇ ਤੁਸੀਂ ਜਾਣਨਾ ਚਾਹੁੰਦੇ ਹੋ ਕਿ ਕਾਤਲ ਕੌਣ ਹੈ, ਤਾਂ ਮੈਂ ਤੁਹਾਨੂੰ ਦੱਸਾਂਗਾ, ਅਸਲੀ ਕਾਤਲ ਗ੍ਰਿਨਲ (ਸਰਕਾਰੀ ਵਕੀਲ) ਹੈ। ਗ੍ਰਿਨਲ ਹੀ ਇਨ੍ਹਾਂ ਸਾਰੇ ਝੂਠੇ ਗਵਾਹਾਂ ਨੂੰ ਸਾਹਮਣੇ ਲਿਆ ਰਿਹਾ ਹੈ। ਉਹ ਸਾਰੇ ਸਹੁੰ ਖਾ ਕੇ ਝੂਠ ਬੋਲ ਰਹੇ ਹਨ ਅਤੇ ਝੂਠੇ ਬਿਆਨ ਦੇ ਰਹੇ ਹਨ, ਜਿਸਦੇ ਨਤੀਜੇ ਵਜੋਂ ਸਾਡੇ ਸਾਰਿਆਂ ਦਾ ਕਤਲ ਹੋਵੇਗਾ। ਅਡੋਲਫ਼ ਫਿਸ਼ਰ ਅਤੇ ਅਗਸਤ ਸਪਾਈਸ ਨੇ ਕਿਹਾ ਸੀ ਕਿ ਜੇਕਰ ਹਾਕਮ ਜਮਾਤ ਇਹ ਸੋਚਦੀ ਹੈ ਕਿ ਸਾਨੂੰ ਮਾਰ ਕੇ ਤੁਸੀਂ ਸਾਡੇ ਵਿਚਾਰਾਂ ਨੂੰ ਮਾਰ ਸਕਦੇ ਹੋ, ਤਾਂ ਤੁਸੀਂ ਗਲਤ ਹੋ। ਅਸੀਂ ਅਜਿਹੇ ਲੋਕ ਹਾਂ ਜੋ ਆਪਣੇ ਵਿਚਾਰਾਂ ਨੂੰ ਆਪਣੀ ਜਾਨ ਤੋਂ ਵੱਧ ਮਹੱਤਵ ਦਿੰਦੇ ਹਾਂ। ਵਿਚਾਰਾਂ ਨੂੰ ਫਾਂਸੀ ਲਟਕਾਇਆ ਨਹੀਂ ਜਾ ਸਕਦਾ। ਉਨ੍ਹਾਂ ਨੂੰ ਦਬਾਉਣ ਨਾਲ ਉਨ੍ਹਾਂ ਦਾ ਸੰਘਰਸ਼ ਹੋਰ ਵੀ ਫੈਲੇਗਾ। ਉਨਾਂ ਸ਼ਹੀਦਾਂ ਨੇ ਇਨਕਲਾਬ-ਜ਼ਿੰਦਾਬਾਦ ਦਾ ਨਾਹਰਾ ਬੁਲੰਦ ਕੀਤਾ ਸੀ। ਬੁਲਾਰਿਆਂ ਕਿਹਾ ਕਿ ਜਦ ਵੀ ਆਰਥਿਕ ਸੰਕਟ ਵਿੱਚ ਘਿਰਦੇ ਹਨ ਤਾਂ ਇਹ ਬੋਝ ਆਮ ਲੋਕਾਈ ਉੱਤੇ ਪਾਉਂਦੇ ਹਨ। ਸਾਡੇ ਮੁਲਕ ਦੀਆਂ ਸਰਕਾਰਾਂ ਵੀ ਉਦਾਰੀਕਰਨ, ਨਿੱਜੀਕਰਨ ਅਤੇ ਵਿਸ਼ਵੀਕਰਨ ਦੀਆਂ ਨੀਤੀਆਂ ਰਾਹੀਂ 39 ਕਿਰਤ ਕਾਨੂੰਨਾਂ ਦਾ ਭੋਗ ਪਾਕੇ 4 ਕਿਰਤ ਕੋਡ ਲਾਗੂ ਕਰ ਰਹੀਆਂ ਹਨ। ਭਰਾਤਰੀ ਜਥੇਬੰਦੀਆਂ ਵੱਲੋਂ ਮਹਿੰਦਰ ਸਿੰਘ ਰੂੜੇਕੇ, ਸਤਿੰਦਰਪਾਲ ਸਿੰਘ ਜੱਸੜ, ਕੁਲਵੀਰ ਸਿੰਘ ਔਲਖ ਆਦਿ ਆਗੂਆਂ ਨੇ ਆਰਥਿਕ ਸੁਧਾਰਾਂ ਦੀ ਪ੍ਰਕਿਰਿਆ ਤਹਿਤ ਠੇਕੇਦਾਰੀ, ਆਊਟਸੋਰਸ ਪ੍ਰਬੰਧ ਲਾਗੂ ਕਰਕੇ ਇਨ੍ਹਾਂ ਕਿਰਤ ਕੋਡਾਂ ਰਾਹੀਂ ਕਿਰਤੀਆਂ ਦੀ ਤਿੱਖੀ ਰੱਤ ਨਿਚੋੜੀ ਜਾ ਰਹੀ ਹੈ। 11 ਹਜ਼ਾਰ ਦੀ ਨਿਗੂਣੀ ਉਜਰਤ ਤੇ 12-12 ਘੰਟੇ ਕੰਮ ਕਰਨ ਲਈ ਮਜ਼ਬੂਰ ਕੀਤਾ ਰਿਹਾ ਹੈ। ਨੋਇਡਾ, ਫਰੀਦਾਬਾਦ, ਮਨੇਸਰ, ਬਠਿੰਡਾ ਆਦਿ ਥਾਵਾਂ ਤੇ ਉੱਠੇ ਸੰਘਰਸ਼ ਦੇ ਲਾਵਿਆਂ ਨੂੰ ਜ਼ਬਰ ਨਾਲ ਦਬਾਉਣ ਦੀ ਮਨਸ਼ਾ ਪਾਲਦਿਆਂ ਦੇ ਜੇਲ੍ਹਾਂ ਵਿੱਚ ਡੱਕਿਆ ਜਾ ਰਿਹਾ ਹੈ। ਇਸੇ ਹੀ ਤਰ੍ਹਾਂ ਪਾਵਰਕੌਮ ਵਿੱਚ ਦਹਾਕਿਆਂ ਬੱਧੀ ਸਮੇਂ ਤੋਂ ਸੀਐਚਵੀ ਕਾਮੇ ਨਿਗੂਣੀਆਂ ਤਨਖਾਹਾਂ ਤੇ ਕੰਮ ਕਰ ਰਹੇ ਹਨ। ਉਹ ਅਨੇਕਾਂ ਵਾਰ ਆਪਣੇ ਪੱਕੇ ਰੁਜ਼ਗਾਰ ਦੀ ਮੰਗ ਨੂੰ ਹੜਤਾਲਾਂ ਕਰ ਚੁੱਕੇ ਹਨ। ਪੰਜਾਬ ਸਰਕਾਰ ਅਤੇ ਪਾਵਰਕੌਮ ਦੀ ਮੈਨੇਜਮੈਂਟ ਇਨ੍ਹਾਂ ਕਾਮਿਆਂ ਦੇ ਸੰਘਰਸ਼ ਪ੍ਰਤੀ ਟਾਲਮਟੋਲ ਦੀ ਨੀਤੀ ਅਪਣਾ ਰਹੇ ਹਨ। ਬੁਲਾਰੇ ਆਗੂਆਂ ਹਰਨੇਕ ਸਿੰਘ ਸੰਘੇੜਾ, ਮੇਲਾ ਸਿੰਘ ਕੱਟੂ, ਸ਼ੇਰ ਸਿੰਘ ਚੱਠਾ ਝਲੂਰ, ਸਿਕੰਦਰ ਸਿੰਘ ਤਪਾ, ਗੋਬਿੰਦਰ ਸਿੰਘ, ਕੁਲਦੀਪ ਸਿੰਘ, ਜਗਦੀਸ਼ ਸਿੰਘ ਨਾਈਵਾਲਾ, ਸ਼ਿੰਗਾਰਾ ਸਿੰਘ, ਰੁਲਦੂ ਸਿੰਘ ਗੁੰਮਟੀ, ਬਹਾਦਰ ਸਿੰਘ ਸੇਖਾ, ਤੀਰਥ ਦਾਸ, ਰਾਜ ਪਤੀ, ਰਾਮਪਾਲ ਸਿੰਘ ਆਦਿ ਆਗੂਆਂ ਨੇ ਕਿਹਾ ਕਿ ਮੁਲਾਜ਼ਮ/ਪੈਨਸ਼ਨਰ ਹੱਕੀ ਅਤੇ ਜਾਇਜ਼ ਮੰਗਾਂ ਮਨਵਾਉਣ ਲਈ ਸੰਘਰਸ਼ ਨੂੰ ਜਾਰੀ ਰੱਖਦੇ ਹੋਏ ਇੱਕ ਸ਼ੋਸ਼ਣ-ਮੁਕਤ ਸਮਾਜ ਲਈ ਅੱਗੇ ਵਧਣ ਦੀ ਲੋੜ ਤੇ ਜ਼ੋਰ ਦਿੱਤਾ। ਇੱਕ ਮਤੇ ਰਾਹੀਂ ਸੀਐਚਵੀ ਕਾਮਿਆਂ ਦੇ ਹੱਕੀ ਸੰਘਰਸ਼ ਦੀ ਪੁਰਜ਼ੋਰ ਹਮਾਇਤ ਕਰਨ ਦਾ ਐਲਾਨ ਕਰਦਿਆਂ, ਉਨ੍ਹਾਂ ਦੀਆਂ ਮੰਗਾਂ ਮੰਨਣ ਦੀ ਅਪੀਲ ਕੀਤੀ। ਉਪਰੰਤ ਸ਼ਹਿਰ ਵਿੱਚ ਮਹਾਨ ਕੌਮਾਂਤਰੀ ਮਜ਼ਦੂਰ ਦਿਵਸ ਮੌਕੇ ਪਾਵਰਕੌਮ ਪੈਨਸ਼ਨਰਜ਼ ਨੇ 'ਮਈ ਦਿਵਸ ਦੇ ਸ਼ਹੀਦਾਂ ਨੂੰ ਲਾਲ ਸਲਾਮ, ਅਮਰ ਸ਼ਹੀਦਾਂ ਦਾ ਪੈਗ਼ਾਮ-ਜਾਰੀ ਰੱਖਣਾ ਹੈ ਸੰਗਰਾਮ, ਇਨਕਲਾਬ-ਜ਼ਿੰਦਾਬਾਦ, ਸਾਮਰਾਜਵਾਦ-ਮੁਰਦਾਬਾਦ' ਆਦਿ ਅਕਾਸ਼ ਗੁੰਜਾਊ ਨਾਹਰਿਆਂ ਨਾਲ ਜੋਸ਼ੀਲਾ ਮਾਰਚ ਕੀਤਾ।

# ਕਾਂਗਰਸ ਆਪਣੇ ਕਾਲੇ ਇਤਿਹਾਸ ਤੋਂ ਧਿਆਨ ਹਟਾਉਣ ਲਈ ਸਿੱਖ ਨੌਜਵਾਨੀ ਨੂੰ ਨਿਸ਼ਾਨਾ ਬਣਾ ਰਹੀ ਹੈ, 1984 ਦੇ ਜ਼ਖ਼ਮ ਅਜੇ ਵੀ ਤਾਜ਼ਾ : ਕੁਲਵਿੰਦਰ ਸਿੰਘ ਸਿੱਧੂ



ਸਰਦੂਲਗੜ੍ਹ 1 ਮਈ (ਲਛਮਣ ਸਿੱਧੂ ) ਅਕਾਲੀ ਦਲ ਵਾਰਿਸ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਕੁਲਵਿੰਦਰ ਸਿੰਘ ਸਿੱਧੂ ਜੀ ਵੱਲੋਂ ਕਾਂਗਰਸ ਦੇ ਸੀਨੀਅਰ ਆਗੂ ਸੁਖਜਿੰਦਰ ਸਿੰਘ ਰੰਧਾਵਾ ਵੱਲੋਂ ਕੀਤੇ ਗਏ ਹਾਲੀਆ ਬਿਆਨਾਂ 'ਤੇ ਤਿੱਖੀ ਪ੍ਰਤੀਕਿਰਿਆ ਜਤਾਈ ਗਈ ਹੈ। ਪ੍ਰੈਸ ਨੋਟ ਰਾਹੀ ਕੁਲਵਿੰਦਰ ਸਿੰਘ ਸਿੱਧੂ ਜੀ ਨੇ ਕਿਹਾ ਕਿ ਸਾਬਕਾ ਕਾਂਗਰਸ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਵੱਲੋਂ ਭਾਈ ਅੰਮ੍ਰਿਤਪਾਲ ਸਿੰਘ ਉੱਤੇ ਲਗਾਏ ਜਾ ਰਹੇ ਦੋਸ਼ ਨਾਂ ਸਿਰਫ਼ ਬਿਨਾਂ ਕਿਸੇ ਢੁੱਕਵੇਂ ਸਬੂਤ ਦੇ ਹਨ, ਸਗੋਂ ਇਹ ਸਿੱਧੇ ਤੌਰ 'ਤੇ ਸਿਆਸੀ ਲਾਭ ਲਈ ਲੋਕਾਂ ਵਿੱਚ ਡਰ ਅਤੇ ਭਰਮ ਪੈਦਾ ਕਰਨ ਦੀ ਕੋਸ਼ਿਸ਼ ਹੈ। ਕੁਲਵਿੰਦਰ ਸਿੰਘ ਸਿੱਧੂ ਨੇ ਸਪੱਸ਼ਟ ਕੀਤਾ ਕਿ ਭਾਈ ਅੰਮ੍ਰਿਤਪਾਲ ਸਿੰਘ ਇਸ ਵੇਲੇ ਵੀ ਆਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਸਖ਼ਤ ਸੁਰੱਖਿਆ ਘੇਰੇ ਹੇਠ ਨਜ਼ਰਬੰਦ ਹਨ। ਅਜਿਹੇ ਹਾਲਾਤਾਂ ਵਿੱਚ ਉਹਨਾਂ ਨੂੰ ਕਿਸੇ ਵੀ ਤਾਜ਼ਾ ਘਟਨਾਂ ਨਾਲ ਜੋੜਨਾ ਸਿਰਫ਼ ਅਤੇ ਸਿਰਫ਼ ਝੂਠਾ ਪ੍ਰਚਾਰ ਹੈ। ਉਨ੍ਹਾਂ ਕਿਹਾ ਕਿ ਜੇ ਕਿਸੇ ਕੋਲ ਸੱਚਮੁੱਚ ਕੋਈ ਸਬੂਤ ਹੈ ਤਾਂ ਉਹ ਅਦਾਲਤਾਂ ਵਿੱਚ ਪੇਸ਼ ਕੀਤਾ ਜਾਵੇ, ਮੀਡੀਆ ਰਾਹੀਂ ਬੇਬੁਨਿਆਦ ਦੋਸ਼ ਲਗਾ ਕੇ ਲੋਕਾਂ ਨੂੰ ਗੁੰਮਰਾਹ ਕਰਨਾ ਲੋਕਤੰਤਰਕ ਮਰਿਆਦਾਵਾਂ ਦੇ ਖਿਲਾਫ਼ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਦਾ ਇਤਿਹਾਸ ਸਿੱਖ ਕੌਮ ਨਾਲ ਕੀਤੀਆਂ ਬੇਇਨਸਾਫੀਆਂ ਨਾਲ ਭਰਿਆ ਪਿਆ ਹੈ। 1984 ਦਾ ਦਿੱਲੀ ਕਤਲੇਆਮ, ਪੰਜਾਬ ਵਿੱਚ ਹੋਈਆਂ ਝੂਠੀਆਂ ਮੁਠਭੇੜਾਂ ਅਤੇ ਬੇਗੁਨਾਹ ਨੌਜਵਾਨਾਂ 'ਤੇ ਕੀਤੇ ਜ਼ੁਲਮ ਅਜੇ ਵੀ ਇਤਿਹਾਸ ਦੇ ਕਾਲੇ ਅਧਿਆਇ ਹਨ। ਅੱਜ ਤੱਕ ਉਹਨਾਂ ਘਟਨਾਵਾਂ ਲਈ ਪੂਰਾ ਨਿਆਂ ਨਹੀਂ ਮਿਲਿਆ, ਜਿਸ ਕਰਕੇ ਸਿੱਖ ਕੌਮ ਦੇ ਦਿਲਾਂ ਵਿੱਚ ਗਹਿਰੇ ਜ਼ਖ਼ਮ ਮੌਜੂਦ ਹਨ।

ਕੁਲਵਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਜਿਹੜੀ ਪਾਰਟੀ ਆਪਣੇ ਭੂਤਕਾਲ ਦੇ ਇਨ੍ਹਾਂ ਗੰਭੀਰ ਮਸਲਿਆਂ 'ਤੇ ਸਪੱਸ਼ਟੀਕਰਨ ਦੇਣ ਤੋਂ ਕੱਤਰਉਂਦੀ ਰਹੀ ਹੈ, ਉਹ ਅੱਜ ਸਿੱਖ ਨੌਜਵਾਨੀ ਨੂੰ ਕਟਹਿਰੇ ਵਿੱਚ ਖੜ੍ਹਾ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਇਹ ਸਿਰਫ਼ ਦੋਹਰੇ ਮਾਪਦੰਡਾਂ ਅਤੇ ਸਿਆਸੀ ਨਾਟਕਬਾਜ਼ੀ ਦੀ ਨਿਸ਼ਾਨੀ ਹੈ। ਉਨ੍ਹਾਂ ਨੇ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਹਮੇਸ਼ਾਂ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਤੋਂ ਦੂਰ ਕਰਨ, ਸਿੱਖੀ ਦੇ ਮੂਲ ਸਿਧਾਂਤਾਂ ਨੂੰ ਮਜ਼ਬੂਤ ਕਰਨ ਅਤੇ ਸਮਾਜ ਵਿੱਚ ਸਕਾਰਾਤਮਕ ਬਦਲਾਅ ਲਿਆਉਣ ਲਈ ਕੰਮ ਕਰਦੇ ਆਏ ਹਨ। ਕੁਲਵਿੰਦਰ ਸਿੰਘ ਸਿੱਧੂ ਨੇ ਕਾਂਗਰਸ ਆਗੂਆਂ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਉਹ ਬੇਬੁਨਿਆਦ ਅਤੇ ਭੜਕਾਊ ਬਿਆਨ ਦੇਣ ਤੋਂ ਗੁਰੇਜ਼ ਕਰਨ। ਪੰਜਾਬ ਦੇ ਲੋਕ ਹੁਣ ਜਾਗਰੂਕ ਹਨ ਅਤੇ ਉਹ ਹਰ ਉਸ ਸਿਆਸੀ ਤਾਕਤ ਨੂੰ ਕਰਾਰਾ ਜਵਾਬ ਦੇਣ ਲਈ ਤਿਆਰ ਹਨ ਜੋ ਸੂਬੇ ਦੇ ਮਾਹੌਲ ਨੂੰ ਖ਼ਰਾਬ ਕਰਨ ਦੀ ਕੋਸ਼ਿਸ਼ ਕਰਦੀ ਹੈ। ਉਨ੍ਹਾਂ ਅੰਤ ਵਿੱਚ ਕਿਹਾ ਕਿ ਸੱਚਾਈ ਨੂੰ ਕਦੇ ਵੀ ਝੂਠ ਨਾਲ ਦਬਾਇਆ ਨਹੀਂ ਜਾ ਸਕਦਾ ਅਤੇ ਸਮਾਂ ਆਉਣ 'ਤੇ ਹਰ ਗੱਲ ਸਪੱਸ਼ਟ ਹੋ ਜਾਂਦੀ ਹੈ। ਅਕਾਲੀ ਦਲ ਵਾਰਿਸ ਪੰਜਾਬ ਦੇ ਹਮੇਸ਼ਾਂ ਸੱਚ, ਇਨਸਾਫ ਅਤੇ ਪੰਜਾਬ ਦੇ ਹੱਕਾਂ ਲਈ ਡੱਟ ਕੇ ਖੜ੍ਹਾ ਰਹੇਗਾ ਅਤੇ ਰਹੇਗਾ।

# ਅਕਾਲੀ ਦਲ ਪੁਨਰ ਸੁਰਜੀਤ ਦੀ ਮੀਟਿੰਗ



ਮੂਨਕ, 1ਮਈ (ਸਮਸ਼ੇਰ ਸਿੰਘ ਭੁਟਾਲ) : ਗੁਰਦੁਆਰਾ ਪਾਤਸ਼ਾਹੀ ਨੌਵੀਂ ਮੂਨਕ ਵਿਖੇ ਅੱਜ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੀ ਇੱਕ ਵਿਸ਼ੇਸ਼ ਮੀਟਿੰਗ ਜ਼ਿਲ੍ਹਾ ਪ੍ਰਧਾਨ ਰਿਪੁਦਮਨ ਸਿੰਘ ਢਿੱਲੋਂ, ਪਾਰਟੀ ਦੇ ਦਿਹਾਤੀ ਜ਼ਿਲਾ ਪ੍ਰਧਾਨ ਰਾਮਪਾਲ ਸਿੰਘ ਬਹਿਨੀਵਾਲ ਅਤੇ ਵਰਿੰਦਰ ਪਾਲ ਟੀਟੂ ਨੇ ਪਾਰਟੀ ਦੇ ਸੀਨੀਅਰ ਆਗੂਆਂ ਨੇ ਸੈਕੜੋਂ ਵਰਕਰਾਂ ਨਾਲ ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਮਜ਼ਬੂਤ ਕਰਨ ਸਬੰਧੀ ਵਿਸਥਾਰ ਨਾਲ ਵਿਚਾਰ ਵਟਾਂਦਰਾ ਕੀਤਾ। ਮੀਟਿੰਗ ਦੌਰਾਨ ਆਗੂਆਂ ਨੇ ਕਿਹਾ ਕਿ ਪਾਰਟੀ ਨੌਜਵਾਨਾਂ ਨੂੰ ਨਾਲ ਜੋੜਨ ਲਈ ਵਿਸ਼ੇਸ਼ ਕੋਸ਼ਿਸ਼ ਕਰ ਰਹੀ ਹੈ। ÷ਯੂਥ ਹੀ ਇਸ ਪਾਰਟੀ ਦੀ ਪੰਜਾਬ ਦੀ ਸਿਆਸਤ ਨੂੰ ਨਵੀਂ ਦਿਸ਼ਾ ਮਿਲ ਸਕੇ। ਪਾਰਟੀ ਆਗੂਆਂ ਨੇ ਐਲਾਨ ਕੀਤਾ ਕਿ ਅਕਾਲੀ ਦਲ ਪੁਨਰ ਸੁਰਜੀਤ 2027 ਦੀਆਂ ਵਿਧਾਨ ਸਭਾ ਚੋਣਾਂ ਪੂਰੇ ਜੋਸ਼ ਨਾਲ ਲੜੇਗੀ ਅਤੇ ਸੂਬੇ ਦੀਆਂ ਸਾਰੀਆਂ ਸੀਟਾਂ 'ਤੇ ਆਪਣੇ ਉਮੀਦਵਾਰ ਖੜ੍ਹੇ ਕਰੇਗੀ। ਆਗੂਆਂ ਨੇ ਦਾਅਵਾ ਕੀਤਾ ਕਿ ਪਾਰਟੀ 2027 'ਚ ਵੱਡੀ ਪੱਧਰ 'ਤੇ ਜਿੱਤ ਪ੍ਰਾਪਤ ਕਰਕੇ ਸਰਕਾਰ ਬਣਾਏਗੀ। ਆਗੂਆਂ ਨੇ ਸਪੱਸ਼ਟ ਕੀਤਾ ਕਿ ਚੋਣ ਮੈਨੀਫੈਸਟੋ ਬੰਦ ਕਮਰਿਆਂ 'ਚ ਨਹੀਂ ਬਣੇਗਾ। ਪਾਰਟੀ ਵਰਕਰ ਅਤੇ ਨੌਜਵਾਨ ਆਗੂ ਪਿੰਡ-ਪਿੰਡ ਜਾ ਕੇ ਕਿਸਾਨਾਂ, ਮਜ਼ਦੂਰਾਂ, ਬੇਰੁਜ਼ਗਾਰ ਨੌਜਵਾਨਾਂ ਅਤੇ ਔਰਤਾਂ ਨਾਲ ਮੁਲਾਕਾਤ ਕਰਨਗੇ ਅਤੇ ਉਨ੍ਹਾਂ ਦੀ ਸਲਾਹ ਮੁਤਾਬਕ ਹੀ ਚੋਣ ਮੈਨੀਫੈਸਟੋ ਤਿਆਰ ਕੀਤਾ ਜਾਵੇਗਾ। ਆਗੂਆਂ ਨੇ ਕਿਹਾ ਕਿ ਇਹ ਪੰਥਕ ਪਾਰਟੀ ਹੈ ।ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਅਨੁਸਾਰ ਚੱਲ ਰਹੀ ਹੈ। ਪਾਰਟੀ ਦਾ ਸੰਵਿਧਾਨ ਅਤੇ ਹਰ ਫੈਸਲਾ ਅਕਾਲ ਤਖ਼ਤ ਤੋਂ ਹੋਏ ਹੁਕਮਾਂ ਮੁਤਾਬਕ ਹੀ ਲਿਆ ਜਾ ਰਿਹਾ ਹੈ। ਮੀਟਿੰਗ ਦੌਰਾਨ ਵਰਕਰਾਂ ਅਤੇ ਖਾਸ ਕਰ ਨੌਜਵਾਨਾਂ 'ਚ ਭਾਰੀ ਉਤਸ਼ਾਹ ਵੇਖਣ ਨੂੰ ਮਿਲਿਆ। ਹਲਕਾ ਲਹਿਰਾ-ਮੂਨਕ ਨੂੰ ਪਾਰਟੀ ਦਾ ਗੜ੍ਹ ਬਣਾਉਣ ਦੀ ਰਣਨੀਤੀ ਘੜੀ ਗਈ। ਮਜੂਦ ਵਰਕਰਾਂ ਅਤੇ ਅਹੁਦੇਦਾਰਾਂ ਨੇ ਵਿਸ਼ਵਾਸ ਦਿਵਾਇਆ ਕੀ ਪਾਰਟੀ ਲਈ ਦਿਨ ਰਾਤ ਇੱਕ ਕਰ ਬੁਲੰਦੀਆਂ ਤੇ ਲੈ ਕੇ ਜਾਣਗੇ। ਇਸ ਦੌਰਾਨ ਕਾਬਲ ਸਿੰਘ ਸੇਖੋਂ, ਨੌਜਵਾਨ ਆਗੂ ਕਸ਼ਿਸ਼ ਅਰੋੜਾ, ਸਲੀਮ ਖਾਨ, ਬਲਜੀਤ ਸਿੰਘ ਤੂਰ, ਗੋਪਾਲ ਸਿੰਘ ਸੈਣੀ, ਬਿੱਟੂ ਵਿਰਕ, ਬੱਬੀ ਚੀਮਾ, ਨਿਸ਼ਾਨ ਸਿੰਘ ਵਿਰਕ, ਪ੍ਰੇਮ ਦਾਸ, ਸੁਰਜਨ ਸਿੰਘ, ਸੁਖਵਿੰਦਰ ਸਿੰਘ ਸੰਧੂ, ਬਿੱਟੂ ਵੜੈਚ, ਬਲਕਾਰ ਸਿੰਘ ਨੰਬਰਦਾਰ, ਰਜੇਸ਼ ਡਫਲੀ, ਦੇਵਾ ਸੈਣੀ, ਕਿਰਨ ਦੇਵੀ, ਜਸਵਿੰਦਰ ਚੀਮਾ, ਬਿਮਲ ਜੈਨ ਛੱਜੂ ਧਾਲੀਵਾਲ, ਵਿਜੇ, ਸੰਦੀਪ ਬੂਸੈਹਰਾ ਹਰਪ੍ਰੀਤ ਸਿੰਘ ਤੇ ਹੋਰ ਵਰਕਰ ਮੌਜੂਦ ਸਨ ।

# ਅਧਿਆਪਕ ਸਸ਼ਕਤੀਕਰਨ ਵੱਲ ਮਜ਼ਬੂਤ ਕਦਮ: MTS ਬਰਨਾਲਾ ਵਿੱਚ CBSE ਵਰਕਸ਼ਾਪ



ਬਰਨਾਲਾ, 1 ਮਈ (ਹਮੀਰ ਸਿੰਘ) : MTS ਬਰਨਾਲਾ ਵਿੱਚ ਪ੍ਰਾਇਮਰੀ ਵਿਭਾਗ (ਕਲਾਸ ਪਹਿਲੀ ਤੋਂ ਪੰਜਵੀਂ) ਦੇ ਅਧਿਆਪਕਾਂ ਲਈ ਇੱਕ ਦਿਨ ਦੀ ਵਿਸ਼ੇਸ਼ CBSE ਵਰਕਸ਼ਾਪ ਆਯੋਜਿਤ ਕੀਤੀ ਗਈ। ਇਸ ਵਰਕਸ਼ਾਪ ਦਾ ਮੁੱਖ ਉਦੇਸ਼ ਨਵੇਂ NCF ਨਿਯਮਾਂ ਅਨੁਸਾਰ EVS ਵਿਸ਼ੇ ਨੂੰ ਹੋਰ ਪ੍ਰਭਾਵਸ਼ਾਲੀ ਅਤੇ ਰੁਚਿਕਰ ਢੰਗ ਨਾਲ ਪੜ੍ਹਾਉਣ ਦੇ ਤਰੀਕਿਆਂ ਨਾਲ ਅਧਿਆਪਕਾਂ ਨੂੰ ਜਾਣੂ ਕਰਵਾਉਣਾ ਸੀ।ਇਸ ਮੌਕੇ 'ਤੇ ਪ੍ਰਸਿੱਧ CBSE ਰਿਸੋਰਸ ਪਰਸਨ ਡਾ. ਰਹਾਨਾ ਸਲੀਮ ਅਤੇ ਡਾ. ਨਿਧੀ ਬ੍ਰਾਰ ਨੇ ਵਰਕਸ਼ਾਪ ਦਾ ਸੰਚਾਲਨ ਕੀਤਾ। ਉਨ੍ਹਾਂ ਨੇ ਅਧਿਆਪਕਾਂ ਨੂੰ ਅਨੁਭਵਾਤਮਕ, ਗਤੀਵਿਧੀ-ਆਧਾਰਿਤ ਅਤੇ ਵਿਦਿਆਰਥੀ-ਕੇਂਦਰਿਤ ਸਿੱਖਣ ਪ੍ਰਣਾਲੀਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ।ਸੈਸ਼ਨ ਦੌਰਾਨ ਰੱਟੂ ਪ੍ਰਣਾਲੀ ਤੋਂ ਹਟ ਕੇ ਬੱਚਿਆਂ ਨੂੰ ਆਪਣੇ ਆਸ-ਪਾਸ ਦੇ ਵਾਤਾਵਰਨ ਨਾਲ ਜੋੜ ਕੇ ਸਿਖਲਾਈ ਦੇਣ 'ਤੇ ਖ਼ਾਸ ਜ਼ੋਰ ਦਿੱਤਾ ਗਿਆ। ਗਰੁੱਪ ਚਰਚਾਵਾਂ, ਵਿਭਿੰਨ ਗਤੀਵਿਧੀਆਂ ਅਤੇ ਪ੍ਰਯੋਗਾਤਮਕ ਡੈਮੋਜ਼ ਰਾਹੀਂ ਵਰਕਸ਼ਾਪ ਨੂੰ ਬਹੁਤ ਹੀ ਰੁਚਿਕਰ ਅਤੇ ਪ੍ਰਯੋਗਸ਼ੀਲ ਬਣਾਇਆ ਗਿਆ ਅਧਿਆਪਕਾਂ ਨੇ ਪੂਰੇ ਉਤਸ਼ਾਹ ਨਾਲ ਹਿੱਸਾ ਲੈਂਦੇ ਹੋਏ ਨਵੇਂ ਸਿੱਖਣ ਤਰੀਕਿਆਂ ਬਾਰੇ ਕੀਮਤੀ ਜਾਣਕਾਰੀ ਹਾਸਲ ਕੀਤੀ। ਵਰਕਸ਼ਾਪ ਨੇ ਅਧਿਆਪਕਾਂ ਵਿੱਚ ਨਵੀਂ ਸੋਚ ਅਤੇ ਉਤਸ਼ਾਹ ਪੈਦਾ ਕੀਤਾ, ਜਿਸ ਨਾਲ ਭਵਿੱਖ ਵਿੱਚ ਵਿਦਿਆਰਥੀਆਂ ਨੂੰ ਹੋਰ ਬਿਹਤਰ ਸਿੱਖਿਆ ਪ੍ਰਦਾਨ ਕਰਨ ਵਿੱਚ ਮਦਦ ਮਿਲੇਗੀ।

ਸਕੂਲ ਪ੍ਰਬੰਧਕਾਂ ਨੇ ਕਿਹਾ ਕਿ ਇਸ ਤਰ੍ਹਾਂ ਦੇ ਉਪਰਾਲੇ ਅਧਿਆਪਕਾਂ ਦੇ ਪੇਸ਼ੇਵਰ ਵਿਕਾਸ ਨੂੰ ਮਜ਼ਬੂਤ ਕਰਦੇ ਹਨ ਅਤੇ ਗੁਣਵੱਤਾ ਵਾਲੀ ਸਿੱਖਿਆ ਪ੍ਰਦਾਨ ਕਰਨ ਦੀ ਸਕੂਲ ਦੀ ਵਚਨਬੱਧਤਾ ਨੂੰ ਦਰਸਾਉਂਦੇ ਹਨ।

# ਮਾਤਾ ਸ੍ਰੀ ਚਿੰਤਪੁਰਨੀ ਦਾ ਜਨਮ ਦਿਨ (ਪ੍ਰਗਟ ਦਿਵਸ) ਮਨਾਇਆ



ਤਪਾ ਮੰਡੀ 1 ਮਈ (ਭੂਸ਼ਨ ਘੜੈਲਾ) : ਆਦਿ ਸ਼ਕਤੀ ਮਾਂ ਚਿੰਤਪੁਰਨੀ ਜੀ ਦੇ ਜਨਮ ਦਿਹਾੜੇ ਨੂੰ ਮੁੱਖ ਰੱਖਦਿਆਂ ਹੋਇਆਂ ਮਾਂ ਚਿੰਤਪੁਰਨੀ ਜਾਣ ਵਾਲੇ ਮਾਤਾ ਦੇ ਭਗਤਾਂ ਵੱਲੋਂ ਮਾਤਾ ਸ਼੍ਰੀ ਚਿੰਤਪੁਰਨੀ ਜੀ ਦਾ ਜਨਮ ਦਿਨ ਸ਼੍ਰੀ ਕੇਵਲ ਕ੍ਰਿਸ਼ਨ ਮਿੱਤਲ ਦੇ ਦਫਤਰ ਵਿੱਚ ਬੜੇ ਉਤਸ਼ਾਹ ਅਤੇ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਸਭ ਤੋਂ ਪਹਿਲਾਂ ਕੇਕ ਕੱਟਿਆ ਗਿਆ, ਮਾਂ ਚਿੰਤਪੁਰਨੀ ਨੂੰ ਭੋਗ ਲਗਵਾਉਂਦਿਆਂ ਗੁਣਗਾਨ ਕੀਤਾ ਗਿਆ ਅਤੇ ਸ਼ਹਿਰ ਵਿਖੇ ਸੁੱਖ ਸ਼ਾਂਤੀ ਦੀ ਕਾਮਨਾ ਕੀਤੀ ਗਈ ! ਇਸ ਮੌਕੇ ਮਾਤਾ ਰਾਣੀ ਦੇ ਭਗਤ ਸ਼੍ਰੀ ਅਸ਼ੋਕ ਪੱਖੋਂ, ਰਾਜ ਪੱਖੋਂ, ਮੇਵਾ ਸਿੰਘ, ਰਾਕੇਸ਼ ਸਿੰਗਲਾ, ਮੱਖਣ ਲਾਲ, ਡਾਕਟਰ ਸੰਦੀਪ ਵਿੱਕੀ, ਓਮ ਪ੍ਰਕਾਸ਼, ਨਰਿੰਦਰ ਕੁਮਾਰ, ਬਨਾਰਸੀ ਦਾਸ, ਭੂਸ਼ਣ ਜਨਤਾ ਵਿਕਰੀ ਵਾਲਾ ਕੇਵਲ ਕ੍ਰਿਸ਼ਨ ਮਿੱਤਲ ਆਦੀ ਹਾਜ਼ਰ ਸਨ!

# ਥਾਣਾ ਮੁਖੀ ਟੱਲੇਵਾਲ ਵੱਲੋਂ ਕਣਕ ਦੇ ਨਾੜ ਨੂੰ ਅੱਗ ਨਾ ਲਾਉਣ ਸਬੰਧੀ ਕਿਸਾਨਾਂ ਨਾਲ ਮੀਟਿੰਗ



ਭਦੌੜ, 1 ਮਈ (ਸੁਖਵਿੰਦਰ ਪਲਾਹਾ) : ਪੰਜਾਬ ਸਰਕਾਰ ਅਤੇ ਐਸਐਸਪੀ ਬਰਨਾਲਾ ਸਰਫ਼ਰਾਜ਼ ਆਲਮ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਥਾਣਾ ਮੁਖੀ ਟੱਲੇਵਾਲ ਇੰਸਪੈਕਟਰ ਸਰਬਜੀਤ ਸਿੰਘ ਨੇ ਕਣਕ ਦੇ ਨਾੜ ਨੂੰ ਅੱਗ ਨਾ ਲਾਉਣ ਸਬੰਧੀ ਥਾਣਾ ਟੱਲੇਵਾਲ ਦੇ ਨਾਲ ਸੰਬੰਧਿਤ ਪਿੰਡਾਂ ਵਿੱਚ ਪਹੁੰਚ ਕੇ ਕਿਸਾਨਾਂ ਨਾਲ ਮੀਟਿੰਗਾਂ ਕੀਤੀਆਂ। ਇਹ ਮੀਟਿੰਗਾਂ ਪਿੰਡ ਗਹਿਲ, ਨਰਾਇਣਗੜ੍ਹ ਸੋਹੀਆਂ ,ਦੀਵਾਨੇ, ਬੀਹਲਾ ਆਦਿ ਪਿੰਡਾਂ ਵਿੱਚ ਕੀਤੀਆਂ ਗਈਆਂ। ਇਸ ਮੌਕੇ ਇੰਸਪੈਕਟਰ ਸਰਬਜੀਤ ਸਿੰਘ ਨੇ ਕਿਸਾਨਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਗ ਲਾਉਣ ਨਾਲ ਹਵਾ ਵਿੱਚ ਜੋ ਪ੍ਰਦੂਸ਼ਣ ਫੈਲਦਾ ਹੈ, ਉਸ ਨਾਲ ਫੇਫੜਿਆਂ ਨਾਲ ਸੰਬੰਧਿਤ ਬਿਮਾਰੀਆਂ ਜਿਵੇਂ ਕਿ ਸਾਹ ,ਦਮਾ ਫੇਫੜਿਆਂ ਦੇ ਕੈਂਸਰ , ਅੱਖਾਂ ਦੀਆਂ ਬਿਮਾਰੀਆਂ ਆਦਿ ਹੋ ਜਾਂਦੇ ਹਨ ।ਉਹਨਾਂ ਕਿਸਾਨਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਤੋਂ ਇਲਾਵਾ ਜ਼ਮੀਨ ਦੀ ਉਪਜਾਊ ਸ਼ਕਤੀ ਵੀ ਘਟ ਜਾਂਦੀ ਹੈ, ਕਿਉਂਕਿ ਜਮੀਨ ਵਿੱਚ ਮੌਜੂਦ ਤੱਤ ਅੱਗ ਲੱਗਣ ਨਾਲ ਨਸ਼ਟ ਹੋ ਜਾਂਦੇ ਹਨ। ਉਹਨਾਂ ਕਿਹਾ ਕਿ ਇਸ ਤੋਂ ਇਲਾਵਾ ਕਣਕ ਦੇ ਨਾੜ ਵਿੱਚ ਮੌਜੂਦ ਕਿਸਾਨ ਦੇ ਮਿੱਤਰ ਕੀੜੇ ਉਹ ਵੀ ਮਰ ਜਾਂਦੇ ਹਨ, ਜਿਸ ਕਾਰਨ ਵਾਤਾਵਰਨ ਉੱਤੇ ਬਹੁਤ ਬੁਰਾ ਅਸਰ ਪੈਂਦਾ ਹੈ। ਇੰਸਪੈਕਟਰ ਸਰਬਜੀਤ ਸਿੰਘ ਨੇ ਦੱਸਿਆ ਕਿ ਕਣਕ ਦੀ ਅੱਗ ਨੂੰ ਨਾੜ ਨੂੰ ਅੱਗ ਲਾਉਣ ਕਾਰਨ ਇਸਦਾ ਪ੍ਰਭਾਵ ਰੁੱਖਾਂ ਤੇ ਵੀ ਬਹੁਤ ਮਾੜਾ ਪੈਂਦਾ ਹੈ ,ਜਿਸ ਕਾਰਨ ਖੇਤ ਦੇ ਨਾਲ ਖੜੇ ਰੁੱਖ ਵੀ ਸੜ ਕੇ ਸੁਆਹ ਹੋ ਜਾਂਦੇ ਹਨ ਜੋ ਕਿ ਇਨਸਾਨਾਂ ਨੂੰ ਆਕਸੀਜਨ ਦੇਣ ਦਾ ਕੰਮ ਕਰਦੇ ਹਨ ।ਉਹਨਾਂ ਕਿਹਾ ਕਿ ਕਣਕ ਦੇ ਨਾੜ ਅਤੇ ਪਰਾਲੀ ਨੂੰ ਅੱਗ ਨਹੀਂ ਲਗਾਉਣੀ ਚਾਹੀਦੀ ਸਗੋਂ ਇਸ ਨੂੰ ਜਮੀਨ ਵਿੱਚ ਹੀ ਖਤਮ ਕਰਨਾ ਚਾਹੀਦਾ ਹੈ ਅਤੇ ਇਸ ਨਾਲ ਆਰਗੈਨਿਕ ਖਾਦ ਵੀ ਖੇਤ ਅੰਦਰ ਆਪਣੇ ਆਪ ਹੀ ਤਿਆਰ ਹੋ ਜਾਂਦੀ ਹੈ।

# ਐਨ.ਐਮ.ਐਮ.ਐਸ. ਸਕਾਲਰਸ਼ਿਪ ਵਿੱਚ ਕਾਮਯਾਬੀ; ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜਲੂਰ ਦੀ ਵਿਦਿਆਰਥਣ ਦਾ ਸਨਮਾਨ




ਬਰਨਾਲਾ, 1 ਮਈ (ਬਘੇਲ ਸਿੰਘ ਧਾਲੀਵਾਲ) : ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜਲੂਰ ਦੀ ਹੋਣਹਾਰ ਵਿਦਿਆਰਥਣ ਏਕਮਜੋਤ ਕੌਰ ਨੇ ਐਨ ਐਮ ਐਮ ਐਸ ਪ੍ਰੀਖਿਆ 'ਚੋਂ ਕਾਮਯਾਬੀ ਹਾਸਲ ਕਰਕੇ ਸਕੂਲ ਅਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ। ਇਸ ਮਹੱਤਵਪੂਰਨ ਉਪਲਬਧੀ ਨਾਲ ਉਸਨੂੰ ਸਰਕਾਰ ਵੱਲੋਂ ਸਕਾਲਰਸ਼ਿਪ ਵੀ ਪ੍ਰਾਪਤ ਹੋਵੇਗੀ।ਇਸ ਸਫ਼ਲਤਾ ਦੇ ਮੌਕੇ 'ਤੇ ਅੱਜ ਸਕੂਲ ਵਿੱਚ ਇੱਕ ਸਨਮਾਨ ਸਮਾਰੋਹ ਕਰਵਾਇਆ ਗਿਆ। ਇਸ ਦੌਰਾਨ ਸਕੂਲ ਦੇ ਇੰਚਾਰਜ ਮੈਡਮ ਗੁਰਵਿੰਦਰ ਕੌਰ, ਅਧਿਆਪਕਾਂ, ਏਕਮਜੋਤ ਕੌਰ ਦੇ ਮਾਤਾ-ਪਿਤਾ ਜੋਧਾ ਸਿੰਘ ਅਤੇ ਗੁਰਦੀਪ ਕੌਰ ਦੀ ਹਾਜ਼ਰੀ ਵਿੱਚ ਉਸਨੂੰ ਸਨਮਾਨਿਤ ਕੀਤਾ ਗਿਆ।

ਸਕੂਲ ਇੰਚਾਰਜ ਗੁਰਵਿੰਦਰ ਕੌਰ ਨੇ ਕਿਹਾ ਕਿ ਏਕਮਜੋਤ ਕੌਰ ਦੀ ਮਿਹਨਤ, ਲਗਨ ਅਤੇ ਦ੍ਰਿੜ ਨਿਸ਼ਚਾ ਹੋਰ ਵਿਦਿਆਰਥੀਆਂ ਲਈ ਪ੍ਰੇਰਨਾ ਦਾ ਸਰੋਤ ਹੈ। ਪ੍ਰਿੰਸੀਪਲ ਸੁਖਪਾਲ ਕੌਰ ਅਤੇ ਮਾਪਿਆਂ ਨੇ ਵੀ ਬੇਟੀ ਏਕਮਜੋਤ ਕੌਰ ਦੀ ਕਾਮਯਾਬੀ 'ਤੇ ਖੁਸ਼ੀ ਜਤਾਈ ਅਤੇ ਸਕੂਲ ਦੇ ਸਮੂਹ ਸਟਾਫ਼ ਖ਼ਾਸ ਤੌਰ ਤੇ ਸ਼ਬੀਰ ਅਹਿਮਦ ਵੱਲੋਂ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦੀ ਤਿਆਰੀ ਕਰਵਾਉਣ ਲਈ ਪ੍ਰਸੰਸਾ ਕੀਤੀ। ਇਸ ਮੌਕੇ ਸਰਪੰਚ ਪ੍ਰਗਟ ਸਿੰਘ ਲਾਡੀ, ਐਸਐਮਸੀ ਚੇਅਰਮੈਨ ਬੂਟਾ ਸਿੰਘ, ਬੀਆਰਸੀ ਸੁਖਪਾਲ ਸਿੰਘ, ਲੈਕਚਰਾਰ ਨਰੇਸ਼ ਰਾਣੀ, ਚਰਨਜੀਤ ਕੌਰ,ਅਧਿਆਪਕ ਗੁਰਬਰਿੰਦਰ ਸਿੰਘ, ਗੁਰਵੀਰ ਚੀਮਾ, ਮੁਖਤਿਆਰ ਸਿੰਘ, ਮੁੰਹਮਦ ਸ਼ਬੀਰ, ਹਰਵਿੰਦਰ ਰੋਮੀ,ਹਰਮੇਲ ਸਿੰਘ,ਕਲਰਕ ਜਗਮੀਤ ਸਿੰਘ, ਲਖਵੀਰ ਸਿੰਘ, ਕੈਂਪਸ ਮੈਨੇਜਰ ਸੂਬੇਦਾਰ ਜਗਮੇਲ ਸਿੰਘ, ਮੈਡਮ ਬਿੰਦੀਆ ਰਾਣੀ, ਨੀਰੂ ਬਾਂਸਲ, ਸਲੋਨੀ ਰਾਣੀ, ਨੈਂਨਸੀ, ਮਨਪ੍ਰੀਤ ਕੌਰ ਅਤੇ ਮੈਡਮ ਨੀਲਮ ਵੱਲੋਂ ਬੇਟੀ ਏਕਮਜੋਤ ਕੌਰ ਨੂੰ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ ਅਤੇ ਹੋਰ ਵਿਦਿਆਰਥੀਆਂ ਨੂੰ ਵੀ ਉਸ ਤੋਂ ਪ੍ਰੇਰਨਾ ਲੈਣ ਲਈ ਉਤਸ਼ਾਹਿਤ ਕੀਤਾ ਗਿਆ।

# ਗੁਰਲੀਨ ਕੌਰ ਨੇ ਬਾਰ੍ਹਵੀਂ 'ਚ ਇਲਾਕੇ ਦਾ ਨਾਮ ਕੀਤਾ ਰੌਸ਼ਨ



ਭਦੌੜ, 1 ਮਈ (ਸੁਖਵਿੰਦਰ ਪਲਾਹਾ) : ਗੋਬਿੰਦ ਇੰਟਰਨੈਸ਼ਨਲ ਪਬਲਿਕ ਸਕੂਲ ਭਦੌੜ ਦੀ ਹੋਣਹਾਰ ਵਿਦਿਆਰਥਣ ਗੁਰਲੀਨ ਕੌਰ ਨੇ ਬਾਰ੍ਹਵੀਂ ਜਮਾਤ ਦੇ ਨਤੀਜੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਇਲਾਕੇ ਦਾ ਨਾਂ ਰੌਸ਼ਨ ਕੀਤਾ ਹੈ। ਤਕਵਿੰਦਰ ਸਿੰਘ ਸਾਬਕਾ ਸਰਪੰਚ ਦੀਪਗੜ੍ਹ ਦੀ ਸਪੁੱਤਰੀ ਗੁਰਲੀਨ ਕੌਰ ਨੇ ਕਾਮਰਸ ਗਰੁੱਪ ਵਿੱਚ 96.75% ਅੰਕ ਹਾਸਲ ਕਰਕੇ ਸਕੂਲ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਇਸ ਵੱਡੀ ਪ੍ਰਾਪਤੀ ਦੀ ਖ਼ਬਰ ਮਿਲਦਿਆਂ ਹੀ ਪਿੰਡ ਦੀਪਗੜ੍ਹ ਅਤੇ ਪੂਰੇ ਖੇਤਰ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਗਈ ਹੈ। ਸਕੂਲ ਪਹੁੰਚਣ 'ਤੇ ਸਕੂਲ ਪ੍ਰਬੰਧਕਾਂ ਅਤੇ ਅਧਿਆਪਕਾਂ ਵੱਲੋਂ ਗੁਰਲੀਨ ਕੌਰ ਦਾ ਮੂੰਹ ਮਿੱਠਾ ਕਰਵਾ ਕੇ ਉਸ ਨੂੰ ਵਧਾਈ ਦਿੱਤੀ ਗਈ। ਸਕੂਲ ਦੇ ਅਧਿਆਪਕਾਂ ਨੇ ਦੱਸਿਆ ਕਿ ਗੁਰਲੀਨ ਕੌਰ ਸ਼ੁਰੂ ਤੋਂ ਹੀ ਪੜ੍ਹਾਈ ਵਿੱਚ ਬਹੁਤ ਮਿਹਨਤੀ ਅਤੇ ਅਨੁਸ਼ਾਸਿਤ ਵਿਦਿਆਰਥਣ ਰਹੀ ਹੈ ਅਤੇ ਉਸ ਦੀ ਇਸ ਸਫ਼ਲਤਾ ਨੇ ਦੂਜੇ ਵਿਦਿਆਰਥੀਆਂ ਲਈ ਵੀ ਇਕ ਮਿਸਾਲ ਪੈਦਾ ਕੀਤੀ ਹੈ। ਆਪਣੀ ਇਸ ਕਾਮਯਾਬੀ ਦਾ ਸਿਹਰਾ ਗੁਰਲੀਨ ਕੌਰ ਨੇ ਆਪਣੇ ਮਾਤਾ ਪਿਤਾ ਦੇ ਆਸ਼ੀਰਵਾਦ ਅਤੇ ਅਧਿਆਪਕਾਂ ਦੀ ਸਹੀ ਰਹਿਨੁਮਾਈ ਨੂੰ ਦਿੱਤਾ ਹੈ। ਗੁਰਲੀਨ ਕੌਰ ਨੇ ਦੱਸਿਆ ਕਿ ਉਹ ਭਵਿੱਖ ਵਿੱਚ ਹੋਰ ਵੀ ਸਖ਼ਤ ਮਿਹਨਤ ਕਰਕੇ ਆਪਣੇ ਪਰਿਵਾਰ ਅਤੇ ਪਿੰਡ ਦਾ ਨਾਂ ਹੋਰ ਉੱਚਾ ਕਰਨਾ ਚਾਹੁੰਦੀ ਹੈ। ਤਕਵਿੰਦਰ ਸਿੰਘ ਸਾਬਕਾ ਸਰਪੰਚ ਦੀਪਗੜ੍ਹ ਨੇ ਆਪਣੀ ਬੇਟੀ ਦੀ ਇਸ ਵੱਡੀ ਸਫ਼ਲਤਾ @ਤੇ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਬੇਟੀਆਂ ਨੇ ਅੱਜ ਹਰ ਖੇਤਰ ਵਿੱਚ ਆਪਣੀ ਯੋਗਤਾ ਦਾ ਲੋਹਾ ਮਨਵਾਇਆ ਹੈ ਅਤੇ ਉਨ੍ਹਾਂ ਦੀ ਬੇਟੀ ਨੇ ਵੀ ਸਖ਼ਤ ਮਿਹਨਤ ਸਦਕਾ ਇਹ ਮੁਕਾਮ ਹਾਸਲ ਕੀਤਾ ਹੈ। ਇਸ ਮੌਕੇ ਸਕੂਲ ਸਟਾਫ਼ ਨੇ ਗੁਰਲੀਨ ਕੌਰ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ ਅਤੇ ਉਸ ਨੂੰ ਸਨਮਾਨਿਤ ਵੀ ਕੀਤਾ।

# ਕਿਰਤੀ ਦਿਵਸ ਮੌਕੇ ਸਹਾਇਕ ਕਰਮਚਾਰੀਆਂ ਦਾ ਸਨਮਾਨ, ਸਕੂਲ ਵਿੱਚ ਮਨਾਇਆ ਭਾਵਪੂਰਨ ਸਮਾਗਮ



ਬਰਨਾਲਾ, 1 ਮਈ (ਹਮੀਰ ਸਿੰਘ) : ਸਕੂਲ ਵਿੱਚ ਕਿਰਤੀ ਦਿਵਸ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਵਿੱਚ ਇੱਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਸਕੂਲ ਦੇ ਸਾਰੇ ਸਹਾਇਕ ਕਰਮਚਾਰੀਆਂ ਦਾ ਸਨਮਾਨ ਕੀਤਾ ਗਿਆ। ਪ੍ਰਿੰਸੀਪਲ ਜੀ ਨੇ ਕਿਰਤੀਆਂ ਦੀ ਮਹੱਤਤਾ ਬਾਰੇ ਦੱਸਦਿਆਂ ਕਿਹਾ ਕਿ ਉਹਨਾਂ ਦੀ ਮਿਹਨਤ ਨਾਲ ਹੀ ਸਕੂਲ ਦੀ ਸੁਚੱਜੀ ਵਿਵਸਥਾ ਬਣੀ ਰਹਿੰਦੀ ਹੈ।ਵਿਦਿਆਰਥੀਆਂ ਨੇ ਕਰਮਚਾਰੀਆਂ ਦਾ ਧੰਨਵਾਦ ਕੀਤਾ। ਸਕੂਲ ਵੱਲੋਂ ਉਹਨਾਂ ਨੂੰ ਸਨਮਾਨ ਚਿੰਨ੍ਹ ਵੀ ਦਿੱਤੇ ਗਏ। ਇਸ ਤੋਂ ਇਲਾਵਾ ਬੱਚਿਆਂ ਨੇ ਉਹਨਾਂ ਲਈ ਡਾਂਸ, ਗੀਤ ਅਤੇ ਨਾਟਕ ਵੀ ਪੇਸ਼ ਕੀਤੇ, ਜਿਸ ਨਾਲ ਸਮਾਗਮ ਹੋਰ ਵੀ ਰੌਣਕਦਾਰ ਬਣ ਗਿਆ।ਇਸ ਮੌਕੇ ਸਭ ਨੇ ਕਿਰਤੀਆਂ ਦੀ ਮਿਹਨਤ ਅਤੇ ਯੋਗਦਾਨ ਦੀ ਪ੍ਰਸ਼ੰਸਾ ਕੀਤੀ। ਇਹ ਸਮਾਗਮ ਸਾਨੂੰ ਸਿਖਾਉਂਦਾ ਹੈ ਕਿ ਹਰ ਮਿਹਨਤੀ ਵਿਅਕਤੀ ਦਾ ਸਤਿਕਾਰ ਕਰਨਾ ਚਾਹੀਦਾ ਹੈ।

ਸਹਾਇਤਾ ਕਰਮਚਾਰੀਆਂ ਦਾ ਧੰਨਵਾਦ ਕਰਦੇ ਹੋਏ ਬੱਚਿਆਂ ਦੀ ਇੱਕ ਵੀਡਿਓ ਪੇਸ਼ ਕੀਤੀ ਗਈ ਇਸ ਵਿੱਚ ਵਿਦਿਆਰਥੀਆਂ ਨੇ ਛੋਟੇ-ਛੋਟੇ ਭਾਸ਼ਣਾਂ ਜਰੀਏ ਉਹਨਾਂ ਦੀ ਸਾਡੇ ਜੀਵਨ ਵਿੱਚ ਥਾਂ ਅਤੇ ਸਹਾਇਤਾ ਨੂੰ ਬਹੁਤ ਸੋਹਣੇ ਰੂਪ ਵਿੱਚ ਵਿਅਕਤ ਕੀਤਾ । ਵਿਦਿਆਰਥੀਆਂ ਨੇ ਆਪਣੇ ਅਨੁਭਵ ਸਾਂਝੇ ਕਰਦੇ ਹੋਏ ਦੱਸਿਆ ਕਿ ਕਿਵੇਂ ਸਹਾਇਕ ਕਰਮਚਾਰੀ ਸਾਡੀ ਦਿਨਚਰੀ ਨੂੰ ਆਸਾਨ ਬਣਾਉਂਦੇ ਹਨ। ਜੋ ਸਿੱਧੇ ਰੂਪ ਵਿੱਚ ਕਿਰਤ ਦੀ ਮਹੱਤਤਾ ਨੂੰ ਦਰਸਾ ਰਹੇ ਸੀ ।ਸਾਡੇ ਬੜੇ ਹੀ ਸਤਿਕਾਰਯੋਗ ਪ੍ਰਿੰ: ਦਰਸ਼ਨ ਕੁਮਾਰ ਜੀ ਦੁਆਰਾ ਸਹਾਇਕ ਕਰਮਚਾਰੀਆਂ ਦੇ ਸਤਿਕਾਰ ਅਤੇ ਸਹਿਯੋਗ ਲਈ ਬੋਲਦੇ ਹੋਏ ਉਹਨਾਂ ਦਾ ਦਿਲੋਂ ਧੰਨਵਾਦ ਕੀਤਾ । ਸਮਾਗਮ ਦੇ ਅੰਤ ਵਿੱਚ ਸਭ ਨੇ ਮਿਲ ਕੇ ਏਕਤਾ ਅਤੇ ਸਤਿਕਾਰ ਦਾ ਸੰਦੇਸ਼ ਦਿੱਤਾ।ਇਹ ਦਿਵਸ ਸਾਨੂੰ ਯਾਦ ਦਿਵਾਉਂਦਾ ਹੈ ਕਿ ਹਰ ਛੋਟੀ ਤੋਂ ਛੋਟੀ ਸੇਵਾ ਵੀ ਮਹੱਤਵਪੂਰਨ ਹੁੰਦੀ ਹੈ ਅਤੇ ਸਾਨੂੰ ਹਰ ਇੱਕ ਦੇ ਯੋਗਦਾਨ ਦੀ ਕਦਰ ਕਰਨੀ ਚਾਹੀਦੀ ਹੈ।

# ਹਾਈ ਸਕੂਲ ਨਾਈਵਾਲਾ 'ਚ ਕੰਪਿਊਟਰ ਲੈਬ ਅਤੇ ਪ੍ਰਾਇਮਰੀ ਸਕੂਲ ਵਿੱਚ ਕਲਾਸ ਰੂਮ ਦਾ ਉਦਘਾਟਨ




ਬਰਨਾਲਾ, 1 ਮਈ (ਸੁਖਵਿੰਦਰ ਸਿੰਘ ਭੰਡਾਰੀ) : ਪੰਜਾਬ ਸਰਕਾਰ ਦੀ @ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਅੱਜ ਸਰਕਾਰੀ ਹਾਈ ਸਕੂਲ ਨਾਈਵਾਲਾ ਵਿਖੇ ਇੱਕ ਵਿਸ਼ੇਸ਼ ਉਦਘਾਟਨ ਸਮਾਰੋਹ ਕਰਵਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮਹਿੰਦਰ ਪਾਲ ਕੰਪਿਊਟਰ ਫੈਕਲਟੀ ਨੇ ਦੱਸਿਆ ਕਿ ਇਸ ਸਮਾਗਮ ਵਿੱਚ ਹਲਕਾ ਮਹਿਲ ਕਲਾਂ ਦੇ ਐੱਮ.ਐੱਲ.ਏ. ਅਤੇ ਪੰਜਾਬ ਵਿਧਾਨ ਸਭਾ ਦੀ ਵਿਸ਼ੇਸ਼ ਅਧਿਕਾਰ ਕਮੇਟੀ ਦੇ ਚੇਅਰਮੈਨ ਕੁਲਵੰਤ ਸਿੰਘ ਪੰਡੋਰੀ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਸਮਾਰੋਹ ਦੌਰਾਨ ਵਿਧਾਇਕ ਪੰਡੋਰੀ ਵੱਲੋਂ ਸਕੂਲ ਵਿੱਚ ਲਗਭਗ 9.48 ਲੱਖ ਰੁਪਏ ਦੀ ਲਾਗਤ ਨਾਲ ਉਸਾਰੀ ਗਈ ਕੰਪਿਊਟਰ ਲੈਬ ਦਾ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਨਾਈਵਾਲਾ ਵਿਖੇ 7.48 ਲੱਖ ਦੀ ਲਾਗਤ ਨਾਲ ਬਣੇ ਐਡੀਸ਼ਨਲ ਕਲਾਸ ਰੂਮ ਦਾ ਰਸਮੀ ਤੌਰ 'ਤੇ ਉਦਘਾਟਨ ਕੀਤਾ ਗਿਆ। ਇਸ ਮੌਕੇ ਉਨ੍ਹਾਂ ਸਕੂਲ ਦੇ ਵਿਕਾਸ ਕਾਰਜਾਂ ਦਾ ਵੇਰਵਾ ਸਾਂਝਾ ਕਰਦਿਆਂ ਦੱਸਿਆ ਕਿ ਸਾਲ 2022 ਤੋਂ ਮਾਰਚ 2026 ਤੱਕ ਸਕੂਲ ਦੇ ਵਿਕਾਸ ਲਈ ਲਗਭਗ 40 ਲੱਖ ਰੁਪਏ ਦੀਆਂ ਗ੍ਰਾਂਟਾਂ ਪ੍ਰਾਪਤ ਹੋ ਚੁੱਕੀਆਂ ਹਨ । ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿੱਖਿਆ ਅਤੇ ਸਿਹਤ ਸਹੂਲਤਾਂ ਵੱਲ ਜ਼ਿਆਦਾ ਧਿਆਨ ਦਿੱਤਾ ਜਾ ਰਿਹਾ ਹੈ। ਉੱਪ-ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਬਰਨਾਲਾ ਡਾ. ਬਰਜਿੰਦਰਪਾਲ ਸਿੰਘ ਨੇ ਕਿਹਾ ਕਿ ਸਿੱਖਿਆ ਕ੍ਰਾਂਤੀ ਸਿੱਖਿਆ ਦੇ ਖੇਤਰ ਵਿੱਚ ਮੀਲ ਪੱਥਰ ਸਾਬਿਤ ਹੋ ਰਹੀ ਹੈ। ਲੋਕਾਂ ਦਾ ਰੁਝਾਨ ਸਰਕਾਰੀ ਸਕੂਲਾਂ ਵੱਲ ਵੱਧ ਰਿਹਾ ਹੈ। ਸਰਕਾਰੀ ਸਕੂਲ ਆਧੁਨਿਕ ਬਣ ਗਏ ਹਨ, ਜਿੱਥੇ ਵਿਦਿਆਰਥੀਆਂ ਨੂੰ ਉੱਚ ਪੱਧਰੀ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ।

ਇਸ ਮੌਕੇ 'ਤੇ ਕਰਮਜੀਤ ਸਿੰਘ ਚੇਅਰਮੈਨ ਬਲਾਕ ਸੰਮਤੀ ਮਹਿਲ ਕਲਾਂ, ਜਤਿੰਦਰ ਸਿੰਘ ਸਾਬਕਾ ਸਰਪੰਚ ਨੇ ਵੀ ਸੰਬੋਧਨ ਕੀਤਾ । ਇਸ ਮੌਕੇ ਤੇ ਜਸਵਿੰਦਰ ਸਿੰਘ ਬੀ ਐਨ ਓ, ਬਲਵੀਰ ਸਿੰਘ ਬੀ ਪੀ ਈ ਓ ਮਹਿਲ ਕਲਾਂ, ਚਰਨਜੀਤ ਸਿੰਘ ਸਿੱਖਿਆ ਕੋਆਰਡੀਨੇਟਰ ਮਹਿਲ ਕਲਾਂ, ਸੀ ਐਚ ਟੀ ਜਸਵੀਰ ਕੌਰ, ਸਕੂਲ ਮੁੱਖੀ ਮਧੂ ਬਾਲਾ, ਜਤਿੰਦਰ ਸਿੰਘ ਐਚ ਟੀ, ਸਕੂਲ ਮੈਨੇਜਮੈਂਟ ਕਮੇਟੀ, ਸਕੂਲ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।

# ਸ.ਸ.ਸ. ਸਕੂਲ (ਕ) ਦੀ ਵਿਦਿਆਰਥਣ ਆਲੀਆ ਨਾਜ਼ ਨੇ ਐਨ.ਐਮ. ਐਮ.ਐਸ. ਪ੍ਰੀਖਿਆ 'ਚ ਜ਼ਿਲ੍ਹੇ 'ਚੋਂ ਕੀਤਾ ਟਾਪ



ਬਰਨਾਲਾ, 1 ਮਈ (ਸੁਖਵਿੰਦਰ ਸਿੰਘ ਭੰਡਾਰੀ) : ਪਿਛਲੇ ਦਿਨੀਂ ਸਿੱਖਿਆ ਵਿਭਾਗ ਐਸ ਸੀ ਈ ਆਰ ਟੀ ਪੰਜਾਬ ਵੱਲੋਂ ਐਨ ਐਮ ਐਮ ਐਸ ਪ੍ਰੀਖਿਆ 2025 ਦਾ ਨਤੀਜਾ ਘੋਸ਼ਿਤ ਕੀਤਾ ਗਿਆ 9 ਆਪਣੀ ਪੁਰਾਣੀ ਪਰੰਪਰਾ ਨੂੰ ਕਾਇਮ ਰੱਖਦੇ ਹੋਏ ਸਥਾਨਕ ਸ ਸ ਸ ਸ ਲੜਕੀਆਂ ਬਰਨਾਲਾ ਦੀ ਵਿਦਿਆਰਥਣ ' ਆਲੀਆ ਨਾਜ਼ ' ਨੇ ਜ਼ਿਲ੍ਹਾ ਬਰਨਾਲਾ ਵਿੱਚੋਂ ਪਹਿਲਾ ਸਥਾਨ ਹਾਸਿਲ ਕੀਤਾ 9 ਸਕੂਲ ਪ੍ਰਿੰਸੀਪਲ ਵਿਨਸੀ ਜਿੰਦਲ ਨੇ ਜਾਣਕਾਰੀ ਦਿੱਤੀ ਕਿ ਸਕੂਲ ਦੀਆਂ 12 ਲੜਕੀਆਂ ਆਲੀਆ ਨਾਜ਼, ਦਿਸ਼ਾ ਨੇਗੀ, ਦਿਆ ਨੇਗੀ, ਵੀਰਪਾਲ ਕੌਰ, ਸਿਮਰਨ ਕੌਰ, ਯਮੀਨੀ, ਦਮਨਪ੍ਰੀਤ ਕੌਰ, ਸਿਮਰਨ ਕੌਰ, ਨੰਦਨੀ, ਪਰੀ, ਆਰੀਆ, ਮਨਮੀਤ ਕੌਰ ਨੇ ਇਸ ਪ੍ਰੀਖਿਆ ਨੂੰ ਪਾਸ ਕੀਤਾ ਹੈ । ਆਲੀਆ ਨਾਜ਼ ਨੇ ਜ਼ਿਲ੍ਹਾ ਬਰਨਾਲਾ ਵਿੱਚੋਂ ਪਹਿਲਾ ਸਥਾਨ ਹਾਸਿਲ ਕਰ ਸਕੂਲ ਦੀ ਪੁਰਾਣੀ ਪਰੰਪਰਾ ਨੂੰ ਅੱਗੇ ਵਧਾਇਆ 9 ਇਸ ਤਰ੍ਹਾਂ ਸ ਸ ਸ ਸ (ਲੜਕੀਆਂ) ਬਰਨਾਲਾ ਲਗਾਤਾਰ 5ਵੀਂ ਵਾਰ ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ ਹਾਸਿਲ ਕਰਨ ਵਾਲਾ ਇਕਲੌਤਾ ਸਕੂਲ ਬਣਿਆ ਹੈ, ਜਿਸ ਵਿੱਚ ਲਗਾਤਾਰ ਦੋ ਵਾਰ ਸਟੇਟ ਟਾਪਰ ਸਕੂਲ ਵੀ ਰਿਹਾ ਹੈ । ਸਕੂਲ ਮੁੱਖੀ ਨੇ ਦੱਸਿਆ ਕਿ ਇਸ ਪ੍ਰੀਖਿਆ ਲਈ ਹਰ ਸਾਲ ਬੱਚਿਆਂ ਨੂੰ ਸਤੰਬਰ ਮਹੀਨੇ ਤੋਂ ਵਿਸ਼ੇਸ ਤਿਆਰੀ ਸ਼ੁਰੂ ਕਾਰਵਾਈ ਜਾਂਦੀ ਹੈ, ਸਕੂਲ ਦੇ ਨੈਸ਼ਨਲ ਐਵਾਰਡੀ ਅਧਿਆਪਕ ਪੰਕਜ ਗੋਇਲ ਦੁਆਰਾ ਬੱਚਿਆਂ ਨੂੰ ਸਰਦੀ ਦੀਆਂ ਸਾਰੀਆ ਛੁੱਟੀਆਂ ਅਤੇ ਸਕੂਲ ਸਮੇਂ ਤੋਂ ਪਹਿਲਾ ਸਪੈਸ਼ਲ ਕਲਾਸ ਲਗਾ ਕੇ ਕੋਚਿੰਗ ਦਿੱਤੀ ਜਾਂਦੀ ਹੈ ।ਪ੍ਰੀਖਿਆ ਦੀ ਤਿਆਰੀ ਲਈ ਸਾਰਾ ਮੈਟੀਰੀਅਲ ਸਕੂਲ ਦੁਆਰਾ ਮੁਹੱਈਆ ਕਰਵਾਇਆ ਜਾਂਦਾ ਹੈ । ਪ੍ਰਿੰਸੀਪਲ ਮੈਡਮ ਦੁਆਰਾ ਪਾਸ ਹੋਏ ਸਾਰੇ ਬੱਚਿਆਂ, ਉਹਨਾਂ ਦੇ ਮਾਪਿਆਂ ਨੂੰ ਮੁਬਾਰਕਬਾਦ ਦਿੱਤੀ, ਅਤੇ ਸਫ਼ਲਤਾ ਲਈ ਅਧਿਆਪਕਾਂ ਦੀ ਮਿਹਨਤ ਦੀ ਤਾਰੀਫ਼ ਕੀਤੀ । ਮੌਕੇ 'ਤੇ ਮੌਜੂਦ ਬੱਚਿਆਂ ਦੇ ਮਾਪਿਆਂ ਨੇ ਉਹਨਾਂ ਦੇ ਬੱਚਿਆਂ ਦੀ ਇਸ ਸਫ਼ਲਤਾ ਲਈ ਸਕੂਲ ਪ੍ਰਿੰਸੀਪਲ ਮੈਡਮ ਦੀ ਯੋਗ ਅਗਵਾਈ, ਅਧਿਆਪਕਾਂ ਦੀ ਮਿਹਨਤ ਅਤੇ ਪੰਕਜ ਸਰ ਦੇ ਵਿਸ਼ੇਸ ਯੋਗਦਾਨ ਲਈ ਧੰਨਵਾਦ ਕੀਤਾ । ਉਹਨਾਂ ਹੋਰ ਮਾਪਿਆਂ ਨੂੰ ਅਪੀਲ ਵੀ ਕੀਤੀ ਕਿ ਉਹ ਆਪਣੀਆਂ ਲੜਕੀਆਂ ਦੇ ਉੱਤਮ ਭਵਿੱਖ ਲਈ ਉਹਨਾਂ ਦਾ ਦਾਖਲਾ ਕੰਨਿਆ ਸਕੂਲ ਵਿਖੇ ਕਰਵਾਉਣ9 ਇਸ ਸਮੇਂ ਸਫ਼ਲਤਾ ਪ੍ਰਾਪਤ ਬੱਚੇ ਅਤੇ ਸਕੂਲ ਸਟਾਫ ਹਾਜ਼ਰ ਸਨ ।



# ਪਟਿਆਲਾ-ਆਸ/ਪਾਸ



## ਮਜ਼ਦੂਰ ਵਰਗ ਸਮਾਜ ਦੀ ਰੀੜ੍ਹ ਦੀ ਹੱਡੀ, ਇਨ੍ਹਾਂ ਦਾ ਸਤਿਕਾਰ ਕਰਨਾ ਸਾਡਾ ਫ਼ਰਜ਼ : ਹਰਚੰਦ ਸਿੰਘ ਬਰਸਟ

### ➢ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਵੱਲੋਂ ਮਜ਼ਦੂਰ ਦਿਵਸ ਮੌਕੇ ਸਮਾਣਾ ਵਿਖੇ ਵਿਸ਼ੇਸ਼ ਸਮਾਗਮ

ਸਮਾਣਾ, 1 ਮਈ (ਵਿਜੇ ਕੁਮਾਰ/ਜਵੰਦਾ/ਸੁਖਜਿੰਦਰ) : ਆਮ ਆਦਮੀ ਪਾਰਟੀ, ਪੰਜਾਬ ਦੇ ਸੂਬਾ ਜਨਰਲ ਸਕੱਤਰ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਵੱਲੋਂ ਅੱਜ ਮਜ਼ਦੂਰ ਦਿਵਸ ਦੇ ਮੌਕੇ 'ਤੇ ਹਲਕਾ ਸਮਾਣਾ ਸਥਿਤ ਦਫ਼ਤਰ ਵਿਖੇ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ ਗਿਆ। ਸਮਾਗਮ ਦੌਰਾਨ ਸ. ਬਰਸਟ ਨੇ ਦੇਸ਼ ਅਤੇ ਸਮਾਜ ਦੀ ਤਰੱਕੀ ਵਿੱਚ ਮਜ਼ਦੂਰ ਵਰਗ ਦੇ ਯੋਗਦਾਨ ਦੀ ਸ਼ਲਾਘਾ ਕਰਦਿਆਂ ਵੱਖ-ਵੱਖ ਮਜ਼ਦੂਰ ਯੂਨੀਅਨਾਂ ਦੇ ਨੁਮਾਇੰਦਿਆਂ ਨੂੰ ਸਨਮਾਨਿਤ ਕੀਤਾ। ਸਮਾਗਮ ਨੂੰ ਸੰਬੋਧਨ ਕਰਦਿਆਂ ਸ. ਹਰਚੰਦ ਸਿੰਘ ਬਰਸਟ ਨੇ ਮਜ਼ਦੂਰ ਦਿਵਸ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਇਹ ਦਿਨ ਉਨ੍ਹਾਂ ਮਜ਼ਦੂਰਾਂ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ, ਜਿਨ੍ਹਾਂ ਨੇ ਆਪਣੇ ਹੱਕਾਂ ਲਈ ਅਤੇ ਕੰਮ ਦੇ ਘੰਟੇ ਨਿਸ਼ਚਿਤ ਕਰਵਾਉਣ ਲਈ ਵੱਡਾ ਸੰਘਰਸ਼ ਕੀਤਾ ਸੀ। ਸ. ਬਰਸਟ ਨੇ ਕਿਹਾ ਕਿ ਮਜ਼ਦੂਰ ਵਰਗ ਸਮਾਜ ਦੀ ਰੀੜ੍ਹ ਦੀ ਹੱਡੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਕਿਰਤੀ ਵਰਗ ਦੀ ਭਲਾਈ ਲਈ ਲਗਾਤਾਰ ਯਤਨਸ਼ੀਲ ਹੈ ਅਤੇ ਉਨ੍ਹਾਂ ਦੇ ਹੱਕਾਂ ਦੀ ਰਾਖੀ ਕਰਨਾ ਸਰਕਾਰ ਦੀ ਮੁੱਖ ਤਰਜੀਹ ਹੈ। ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਨੇ ਵਿਸ਼ਵਾਸ ਦਿਵਾਇਆ ਕਿ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਵੱਲੋਂ ਮਜ਼ਦੂਰ ਵਰਗ ਦੀ ਭਲਾਈ ਲਈ ਲਗਾਤਾਰ ਕਾਰਜ ਕੀਤੇ ਜਾ ਰਹੇ ਹਨ। ਇਸ ਮੌਕੇ ਸ. ਬਰਸਟ ਵੱਲੋਂ ਅਮਰਜੀਤ ਸਿੰਘ ਪ੍ਰਧਾਨ ਪੱਲੇਦਾਰ ਯੂਨੀਅਨ ਸਮਾਣਾ, ਮਦਨ ਲਾਲ ਪ੍ਰਧਾਨ ਈ ਰਿਕਸ਼ਾ ਅਜਾਦ ਯੂਨੀਅਨ ਸਮਾਣਾ, ਜੁਗਰਾਜ ਸਿੰਘ ਪ੍ਰਧਾਨ ਆਟੋ ਯੂਨੀਅਨ ਸਮਾਣਾ, ਦਰਸ਼ਨ ਸਿੰਘ ਪ੍ਰਧਾਨ ਰੇੜੀ ਯੂਨੀਅਨ ਸਮਾਣਾ, ਜੀਤ ਸਿੰਘ ਵਾਈਸ ਪ੍ਰਧਾਨ ਈ ਰਿਕਸ਼ਾ ਯੂਨੀਅਨ ਸਮਾਣਾ, ਪ੍ਰਿੰਸ ਕੁਮਾਰ ਖਜ਼ਾਨਚੀ ਈ-ਰਿਕਸ਼ਾ ਯੂਨੀਅਨ ਸਮਾਣਾ, ਨਿਰਭੈ ਸਿੰਘ ਖਾਲਸਾ ਰਾਜ ਮਿਸਤਰੀ ਯੂਨੀਅਨ, ਗੁਰਮੇਲ ਸਿੰਘ ਰਾਜ ਮਿਸਤਰੀ ਮਜਦੂਰ ਯੂਨੀਅਨ, ਰੂਪ ਸਿੰਘ ਪ੍ਰਧਾਨ ਕਮੇਟੀ ਸਟੈਂਡ ਯੂਨੀਅਨ, ਸੋਨੂੰ ਪ੍ਰਧਾਨ ਆਟੋ ਯੂਨੀਅਨ ਦਾਣਾ ਮੰਡੀ, ਸੁਰੇਸ਼ ਪ੍ਰਧਾਨ ਮਜਦੂਰ ਯੂਨੀਅਨ ਤੇ ਕਮੇਟੀ, ਗੁਰਮੀਤ ਸਿੰਘ ਨਾਮਧਾਰੀ ਟਰੱਕ ਯੂਨੀਅਨ ਨੂੰ ਸਨਮਾਨਿਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਹ ਸਨਮਾਨ ਕੇਵਲ ਇੱਕ ਰਸਮ ਨਹੀਂ, ਸਗੋਂ ਮਜਦੂਰਾਂ ਦੀ ਸਖ਼ਤ ਮਿਹਨਤ ਅਤੇ ਸਮਰਪਣ ਦੀ ਸੱਚੀ ਪਹਿਚਾਣ ਹੈ। ਸਮਾਗਮ ਵਿੱਚ ਕੁਲਦੀਪ ਸਿੰਘ ਵਿਰਕ ਹਲਕਾ ਸਮਾਣਾ ਕੁਆਰਡੀਨੇਟਰ ਯੁੱਧ ਨਸ਼ਿਆ ਵਿਰੁੱਧ, ਜਸਬੀਰ ਸਿੰਘ ਤਰੈਂ ਮੈਂਬਰ ਜ਼ਿਲ੍ਹਾ ਪਰਿਸ਼ਦ, ਦਰਬਾਰਾ ਸਿੰਘ ਤੁੱਲੇਵਾਲ ਬਲਾਕ ਸਮੰਤੀ ਮੈਂਬਰ, ਸ਼ਾਮ ਲਾਲ ਦੱਤ ਮੈਂਬਰ ਮੰਡੀ ਬੋਰਡ, ਬਲਕਾਰ ਡਕਾਲਾ ਮੈਂਬਰ ਮੰਡੀ ਬੋਰਡ, ਗਿਨੀ ਖੰਗੂੜਾ, ਹਰਸ਼ਵੀਰ ਵਿਰਕ, ਸੋਮ ਚੰਦ ਸੰਮੀ ਸਰਪੰਚ ਤਰਖਾਣ ਮਾਜਰਾ, ਅੰਗ੍ਰੇਜ ਭੁੱਲਰ, ਰਵਿੰਦਰ ਬੱਲੀ, ਬਿੰਦਰ ਨਾਗਰ, ਜੈਕੀ ਮਹਿਰਾ, ਸੰਕਰ ਜਿੰਦਲ, ਹਜਾਰੀ ਲਾਲ ਜੌਹਰੀ, ਬਲਵਿੰਦਰ ਸਿੰਘ ਗਾਜੀਪੁਰ, ਡਾ. ਹਰਮੇਸ਼, ਗੁਰਪਿਆਰ ਨਵਾਂ ਗਾਓ ਸਮੇਤ ਸੈਂਕੜਾਂ ਦੀ ਗਿਣਤੀ ਵਿੱਚ ਪਾਰਟੀ ਵਲੰਟੀਅਰ, ਵੱਖ-ਵੱਖ ਜਥੇਬੰਦੀਆਂ ਦੇ ਅਹੁਦੇਦਾਰ ਅਤੇ ਮਜ਼ਦੂਰ ਭਰਾ ਮੌਜੂਦ ਰਹੇ।



### ਮਈ ਦਿਵਸ 'ਤੇ ਝੰਡਾ ਲਹਿਰਾਇਆ

ਪਟਿਆਲਾ, 1 ਮਈ (ਚ.ਨ.ਸ) : ਟੈਕਨੀਕਲ ਸਰਵਿਸ ਯੂਨੀਅਨ ਸਰਕਲ ਪਟਿਆਲਾ ਦੇ ਪ੍ਰਧਾਨ ਹਰਜੀਤ ਸਿੰਘ ਸੇਖੋਂ ਅਤੇ ਸਰਕਲ ਸਕੱਤਰ ਬਿਰੇਸ਼ ਕੁਮਾਰ ਨੇ ਸਾਂਝੇ ਬਿਆਨ ਰਾਹੀਂ ਦੱਸਿਆ ਕਿ ਸ਼ਿਕਾਗੋ ਦੇ ਸ਼ਹੀਦਾਂ ਦੀ ਯਾਦ ਵਿੱਚ ਪਟਿਆਲਾ ਸਰਕਲ ਅੱਗੇ 200 ਤੋਂ ਵੱਧ ਬਿਜਲੀ ਕਾਮਿਆਂ ਨੇ ਝੰਡਾ ਲਹਿਰਾਇਆ। ਇਹ ਝੰਡਾ ਸਰਕਲ ਪਟਿਆਲਾ ਸਬ ਅਰਬਨ ਮੰਡਲ ਪਟਿਆਲਾ ਅਤੇ ਪੂਰਬ ਮੰਡਲ ਪਟਿਆਲਾ ਵਿੱਚ ਇਕੱਠੇ ਹੋ ਕੇ ਲਹਿਰਾਇਆ ਗਿਆ। ਝੰਡਾ ਲਹਿਰਾਉਣ ਲੱਗਿਆ ਵਿਜੇ ਦੇਵ ਸਾਬਕਾ ਮੀਤ ਪ੍ਰਧਾਨ, ਗੁਰਦੀਪ ਸਿੰਘ, ਜਤਿੰਦਰ ਸਿੰਘ ਚੱਢਾ, ਕਰਮਜੀਤ ਸਿੰਘ, ਦਰਸ਼ਨ ਕੁਮਾਰ, ਬਰੇਸ਼ ਕੁਮਾਰ, ਇੰਦਰਜੀਤ ਸਿੰਘ, ਹਰਜੀਤ ਸਿੰਘ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਸੰਬੋਧਨ ਕਰਦਿਆਂ ਮੰਗ ਕੀਤੀ ਕਿ ਬਿਜਲੀ ਬੋਰਡ ਦਾ ਨਿਜੀਕਰਨ ਬੰਦ ਕੀਤਾ ਜਾਵੇ, ਬਿਜਲੀ ਬਿੱਲ 2025 ਰੱਦ ਕੀਤਾ ਜਾਵੇ, ਬੀਜ ਬਿੱਲ 2025 ਰੱਦ ਕੀਤਾ ਜਾਵੇ, ਲੇਬਰ ਕਾਨੂੰਨਾਂ ਵਿੱਚ ਕੀਤੀ ਸੋਧ ਨੂੰ ਰੱਦ ਕੀਤਾ ਜਾਵੇ, ਮਨਰੇਗਾ ਲੇਬਰ ਕਾਨੂੰਨਾਂ ਨੂੰ ਰੱਦ ਕੀਤਾ ਜਾਵੇ।

## ਡੀ.ਸੀ. ਨੇ ਇੰਡਸਟਰੀ ਵਿਭਾਗ ਨਾਲ ਸਮੀਖਿਆ ਮੀਟਿੰਗ ਕੀਤੀ

### ਫੋਕਲ ਪੁਆਇੰਟ ਤੇ ਹੋਰ ਇੰਡਸਟਰੀ ਨਾਲ ਜੁੜਦੇ ਵਿਭਾਗਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕੀਤਾ ਜਾਵੇਗਾ : ਡਾ. ਹਿਮਾਂਸ਼ੂ ਅਗਰਵਾਲ

ਪਟਿਆਲਾ, 1 ਮਈ (ਰੁਪਾਣਾ/ਅਮਰਜੀਤ): ਜ਼ਿਲ੍ਹਾ ਪਟਿਆਲਾ ਵਿੱਚ ਉਦਯੋਗਿਕ ਵਿਕਾਸ ਨੂੰ ਹੋਰ ਤੇਜ਼ ਕਰਨ ਅਤੇ ਇੰਡਸਟ੍ਰੀ ਵਿਭਾਗ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਦੇ ਤੁਰੰਤ ਹੱਲ ਲਈ ਅੱਜ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਇੱਕ ਮਹੱਤਵਪੂਰਨ ਸਮੀਖਿਆ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਜ਼ਿਲ੍ਹੇ ਦੇ ਵੱਖ-ਵੱਖ ਉਦਯੋਗਿਕ ਸੰਸਥਾਵਾਂ ਦੇ ਨੁਮਾਇੰਦੇ, ਇੰਡੀਸਟ੍ਰੀ ਵਿਭਾਗ ਅਤੇ ਸਬੰਧਤ ਸਰਕਾਰੀ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੀਟਿੰਗ ਦਾ ਮੁੱਖ ਉਦੇਸ਼ ਇੰਡਸਟ੍ਰੀ ਵਿਭਾਗ ਵੱਲੋਂ ਪਟਿਆਲਾ ਫੋਕਲ ਪੁਆਇੰਟ ਵਿੱਚ ਦਰਪੇਸ਼ ਆ ਰਹੀਆਂ ਪ੍ਰਸ਼ਾਸਨਿਕ, ਬਿਜਲੀ, ਪਾਣੀ, ਟੈਕਸੇਸ਼ਨ, ਲਾਇਸੈਂਸਿੰਗ ਅਤੇ ਬੁਨਿਆਦੀ ਢਾਂਚੇ ਨਾਲ ਜੁੜੀਆਂ ਮੁਸ਼ਕਲਾਂ ਦੀ ਪਹਿਚਾਣ ਕਰਕੇ ਉਨ੍ਹਾਂ ਦਾ ਹਲ ਕਰਨਾ ਹੈ । ਡਿਪਟੀ ਕਮਿਸ਼ਨਰ ਨੇ ਇਹ ਵੀ ਸਪਸ਼ਟ ਕੀਤਾ ਕਿ ਜ਼ਿਲ੍ਹਾ ਪ੍ਰਸ਼ਾਸਨ ਉਦਯੋਗਿਕ ਵਿਕਾਸ ਨੂੰ ਪ੍ਰਾਥਮਿਕਤਾ ਦੇ ਰਿਹਾ ਹੈ ਅਤੇ ਕਿਸੇ ਵੀ ਇੰਡਸਟ੍ਰੀ ਨੂੰ ਬੇਵਜ੍ਹਾ ਪ੍ਰੇਸ਼ਾਨੀ ਨਹੀਂ ਹੋਣ ਦਿੱਤੀ ਜਾਵੇਗੀ। ਮੀਟਿੰਗ ਦੌਰਾਨ ਇੰਡਸਟ੍ਰੀ ਵਿਭਾਗ ਦੇ ਅਧਿਕਾਰੀਆਂ ਨੇ ਆਪਣੀਆਂ ਸਮੱਸਿਆਵਾਂ ਵਿਸਥਾਰ ਨਾਲ ਰੱਖੀਆਂ। ਉਨ੍ਹਾਂ ਨੇ ਖਾਸ ਤੌਰ 'ਤੇ ਉਦਯੋਗਿਕ ਖੇਤਰਾਂ ਵਿੱਚ ਸੜਕਾਂ ਦੀ ਹਾਲਤ, ਡਰੇਨੇਜ ਪ੍ਰਨਾਲੀ, ਬਿਜਲੀ ਸਪਲਾਈ ਦੀ ਅਸਥਿਰਤਾ ਅਤੇ ਵੱਖ-ਵੱਖ ਵਿਭਾਗਾਂ ਵਿੱਚ ਤਾਲਮੇਲ ਦੀ ਕਮੀ ਵਰਗੇ ਮੁੱਦਿਆਂ ਨੂੰ ਪੇਸ਼ ਕੀਤਾ । ਡਾ. ਹਿਮਾਂਸ਼ੂ ਅਗਰਵਾਲ ਨੇ ਸਾਰੇ ਮੁੱਦਿਆਂ ਨੂੰ ਧਿਆਨ ਨਾਲ ਸੁਣਿਆ ਅਤੇ ਸਬੰਧਤ ਵਿਭਾਗਾਂ ਨੂੰ ਤੁਰੰਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਦਾ ਮੁੱਖ ਉਦੇਸ਼ ਵਪਾਰਕ ਕਾਰਜਾਂ ਦੀ ਸੁਚਾਰੂ ਅਤੇ ਸੁਗਮ ਪ੍ਰਕਿਰਿਆ ਨੂੰ ਮਜ਼ਬੂਤ ਕਰਨਾ ਹੈ।ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇੰਡਸਟ੍ਰੀ ਵਿਭਾਗ ਦੇ ਕੇਸਾਂ ਨੂੰ ਪਹਿਲ ਦੇ ਆਧਾਰ 'ਤੇ ਨਿਪਟਾਇਆ ਜਾਵੇ ਅਤੇ ਕਿਸੇ ਵੀ ਪੱਧਰ 'ਤੇ ਲੰਬਿਤ ਫਾਈਲਾਂ ਨੂੰ ਤੁਰੰਤ ਹੱਲ ਕੀਤਾ ਜਾਵੇ। ਇਸਦੇ ਨਾਲ ਹੀ ਹਰ ਮਹੀਨੇ ਨਿਯਮਤ ਸਮੀਖਿਆ ਮੀਟਿੰਗਾਂ ਕਰਕੇ ਉਦਯੋਗਿਕ ਮਾਹੌਲ ਨੂੰ ਸੁਧਾਰਨ ਦੀ ਯੋਜਨਾ ਵੀ ਤਿਆਰ ਕੀਤੀ ਜਾ ਰਹੀ ਹੈ। ਡਿਪਟੀ ਕਮਿਸ਼ਨਰ ਨੇ ਇੰਡਸਟ੍ਰੀ ਵਿਭਾਗ ਨੂੰ ਭਰੋਸਾ ਦਿਵਾਇਆ ਕਿ ਜ਼ਿਲ੍ਹਾ ਪ੍ਰਸ਼ਾਸਨ ਉਨ੍ਹਾਂ ਦੇ ਨਾਲ ਮਜ਼ਬੂਤੀ ਨਾਲ ਖੜ੍ਹਾ ਹੈ ਅਤੇ ਉਦਯੋਗਿਕ ਵਿਕਾਸ ਲਈ ਹਰ ਸੰਭਵ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਉਨ੍ਹਾਂ ਇੰਡਸਟ੍ਰੀ ਵਿਭਾਗ ਦੇ ਅਧਿਕਾਰੀਆਂ ਨੂੰ ਵੀ ਕਿਹਾ ਕਿ ਉਹ ਆਪਣੇ ਸੁਝਾਅ ਅਤੇ ਸਮੱਸਿਆਵਾਂ ਨਿਰੰਤਰ ਪ੍ਰਸ਼ਾਸਨ ਨਾਲ ਸਾਂਝੀਆਂ ਕਰਦੇ ਰਹਿਣ, ਤਾਂ ਜੋ ਉਨ੍ਹਾਂ ਦਾ ਸਮੇਂ ਸਿਰ ਹੱਲ ਕੀਤਾ ਜਾ ਸਕੇ।



## ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਵੱਲੋਂ ਬੇਸਹਾਰਾ ਗਊਆਂ ਦੀ ਸਾਂਭ-ਸੰਭਾਲ ਲਈ ਡੀ.ਸੀ. ਨਾਲ ਉੱਚ ਪੱਧਰੀ ਬੈਠਕ



ਪਟਿਆਲਾ , 1 ਮਈ (ਰੁਪਾਣਾ) : ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪੰਜਾਬ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਸ਼੍ਰੀ ਅਸ਼ੋਕ ਲੱਖਾ ਦੀ ਅਗਵਾਈ ਹੇਠ ਇਕ ਮਹੱਤਵਪੂਰਨ ਬੈਠਕ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨਾਲ ਕੀਤੀ ਗਈ। ਬੈਠਕ ਦੌਰਾਨ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਨੇ ਵੱਖ-ਵੱਖ ਵਿਭਾਗਾਂ ਵੱਲੋਂ ਪਸ਼ੂਆਂ ਦੀ ਸਾਂਭ ਸੰਭਾਲ ਸਬੰਧੀ ਕੀਤੀਆਂ ਜਾ ਰਹੀਆਂ ਕਾਰਵਾਈਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਲਈ । ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਪਸ਼ੂਆਂ ਦੀ ਸਾਂਭ ਸੰਭਾਲ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਵੱਧ ਤੋਂ ਵੱਧ ਲੋਕਾਂ ਨੂੰ ਐਸ.ਪੀ.ਸੀ.ਏ. (ਸੋਸਾਇਟੀ ਫਾਰ ਪ੍ਰਿਵੈਂਨਸ਼ਨ ਆਫ ਕਰੂਏਲਟੀ ਟੂ ਐਨੀਮਲਜ਼) ਦੇ ਮੈਂਬਰ ਬਣਨ ਲਈ ਪ੍ਰੇਰਿਤ ਕੀਤਾ ਜਾਵੇ ਤਾਂ ਜੋ ਗਊਸ਼ਾਲਾਵਾਂ ਵਿੱਚ ਰਹਿੰਦੇ ਪਸ਼ੂਆਂ ਲਈ ਸਾਫ਼-ਸੁਥਰਾ ਵਾਤਾਵਰਨ, ਪੀਣ ਵਾਲਾ ਸਾਫ ਪਾਣੀ, ਹਰਾ ਚਾਰਾ ਅਤੇ ਸਮੇਂ-ਸਿਰ ਦਵਾਈਆਂ ਉਪਲੱਬਧ ਕਰਵਾਈਆਂ ਜਾ ਸਕਨ। ਡਿਪਟੀ ਕਮਿਸ਼ਨਰ ਡਾ ਹਿਮਾਂਸ਼ੂ ਅਗਰਵਾਲ ਨੇ ਇਹ ਵੀ ਕਿਹਾ ਕਿ ਬੇਸਹਾਰਾ ਪਸ਼ੂਆਂ ਦੀ ਸੰਭਾਲ ਬਿਹਤਰ ਢੰਗ ਨਾਲ ਕੀਤੀ ਜਾਵੇ। ਉਹਨਾਂ ਕਿਹਾ ਕਿ ਪਟਿਆਲਾ ਸ਼ਹਿਰ ਵਿੱਚ ਬੇਸਹਾਰਾ ਪਸ਼ੂਆਂ ਨੂੰ ਸੜਕਾਂ ਤੋਂ ਹਟਾ ਕੇ ਸਰਕਾਰੀ ਗਊਸ਼ਾਲਾ ਤੱਕ ਪਹੁੰਚਾਇਆ ਜਾਵੇਗਾ । ਉਨ੍ਹਾਂ ਨੇ ਆਮ ਜਨਤਾ ਨੂੰ ਵੀ ਅਪੀਲ ਕੀਤੀ ਕਿ ਪਸ਼ੂਆਂ ਦੀ ਸੁਰੱਖਿਆ ਅਤੇ ਸੰਭਾਲ ਲਈ ਸਰਕਾਰ ਦਾ ਸਾਥ ਦੇਣ ਅਤੇ ਇਸ ਮਹੱਤਵਪੂਰਨ ਕੰਮ ਵਿੱਚ ਆਪਣਾ ਯੋਗਦਾਨ ਪਾਉਣ। ਇਸ ਮੌਕੇ ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ ਮੈਡਮ ਸੋਨਮ, ਵਧੀਕ ਡਿਪਟੀ ਕਮਿਸ਼ਨਰ ਦਮਨਜੀਤ ਸਿੰਘ ਮਾਨ, ਵਧੀਕ ਡਿਪਟੀ ਕਮਿਸ਼ਨਰ ਨਵਰੀਤ ਕੌਰ ਸੇਖੋਂ, ਐਸ.ਡੀ.ਐਮ. ਸਮਾਣਾ ਰਿਚਾ ਗੋਇਲ, ਪਸ਼ੂ ਪਾਲਣ ਵਿਭਾਗ ਤੋਂ ਸਹਾਇਕ ਡਾਇਰੈਕਟਰ ਸੋਨਿੰਦਰ ਕੌਰ, ਸਹਾਇਕ ਡਾਇਰੈਕਟਰ ਰਾਜਨੀਕ ਭੌਰਾ ਸਮੇਤ ਹੋਰ ਅਧਿਕਾਰੀ ਜਿਵੇਂ ਦੀਪਇੰਦਰ ਸਿੰਘ, ਜਤਿੰਦਰ ਸਿੰਘ, ਅਮਨਦੀਪ ਸਿੰਘ ਅਤੇ ਜਗਪ੍ਰੀਤ ਸਿੰਘ ਵੀ ਮੌਜੂਦ ਸਨ।

## ਜਲਾਲਪੁਰ 'ਚ ਮਜ਼ਦੂਰ ਦਿਵਸ ਮੌਕੇ ਮਜ਼ਦੂਰਾਂ ਨੂੰ ਮਠਿਆਈ ਵੰਡੀ



ਘਨੌਰ, 1 ਮਈ ( ਰਾਜਿੰਦਰ ਸਿੰਘ ਕੰਬੋਜ): ਪਿੰਡ ਜਲਾਲਪੁਰ ਵਿੱਚ ਪੰਜਾਬ ਪ੍ਰਦੇਸ਼ ਮਹਿਲਾ ਕਾਂਗਰਸ ਦੀ ਸੂਬਾ ਕਮੇਟੀ ਮੈਂਬਰ ਰੁਪਿੰਦਰ ਕੌਰ ਜਲਾਲਪੁਰ ਦੀ ਅਗਵਾਈ ਹੇਠ ਮਜ਼ਦੂਰ ਦਿਵਸ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਟਕਸਾਲੀ ਕਾਂਗਰਸੀ ਆਗੂ ਰੁਪਿੰਦਰ ਕੌਰ ਜਲਾਲਪੁਰ ਨੇ ਮਜ਼ਦੂਰ ਦਿਹਾੜੇ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਇਸ ਦਿਹਾੜੇ ਤੇ ਸੰਕਲਪ ਲੈਣਾ ਚਾਹੀਦਾ ਹੈ ਕਿ ਹਰ ਵਿਅਕਤੀ ਨੂੰ ਮਾਨ ਸਨਮਾਨ ਦਿੱਤਾ ਜਾਵੇ ਅਤੇ ਵੱਡਿਆਂ ਨੂੰ ਸਤਿਕਾਰ ਅਤੇ ਛੋਟਿਆਂ ਨਾਲ ਪਿਆਰ ਨਾਲ ਪੇਸ਼ ਆਇਆ ਜਾਵੇ। ਉਨ੍ਹਾਂ ਕਿਹਾ ਕਿ ਜਿਨ੍ਹਾਂ ਹਾਲਾਤਾਂ ਵਿੱਚ ਸਰਮਾਏਦਾਰਾਂ ਦੀ ਲੁੱਟ ਖਿਲਾਫ ਮਈ ਦਿਵਸ ਦੇ ਸ਼ਹੀਦਾਂ ਨੇ ਝੰਡਾ ਚੁੱਕਿਆ ਸੀ। ਉਹਨਾਂ ਹਾਲਾਤਾਂ ਵਿੱਚ ਹੀ ਅੱਜ ਸਾਡੇ ਦੇਸ਼ ਦੀ ਮਜ਼ਦੂਰ ਜਮਾਤ ਪਿਸ ਰਹੀ ਹੈ, 12 ਤੋਂ 14 ਘੰਟੇ ਕੰਮ ਕਰਕੇ ਵੀ ਵੱਡੀ ਮਜ਼ਦੂਰ ਆਬਾਦੀ ਆਪਣੇ ਰੋਜਾਨਾ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਤੋਂ ਅਸਮਰਥ ਹਨ। ਇਸ ਮੌਕੇ ਮਨਰੇਗਾ ਕਾਮਿਆਂ ਨੂੰ ਲੱਡੂ ਵੰਡੇ ਗਏ।

## ਭਾਰਤ ਵਿਕਾਸ ਪ੍ਰੀਸ਼ਦ ਦਾ ਸਹੁੰ ਚੁੱਕ ਸਮਾਗਮ



ਸਮਾਣਾ, 1 ਮਈ (ਵਿਜੇ ਕੁਮਾਰ) : ਭਾਰਤ ਵਿਕਾਸ ਪ੍ਰੀਸ਼ਦ ਸਮਾਣਾ ਵੱਲੋਂ ਨਵੀ ਬਣੀ ਟੀਮ ਦਾ ਸਹੁੰ ਚੁੱਕ ਸਮਾਗਮ ਸਥਾਨਕ ਸ੍ਰੀ ਅਗਰਵਾਲ ਧਰਮਸ਼ਾਲਾ 'ਚ ਕਰਵਾਇਆ ਗਿਆ। ਜਿਸ ਵਿਚ ਜਿਥੇ ਉਚੇਚੇ ਤੌਰ 'ਤੇ ਭਾਰਤ ਵਿਕਾਸ ਪ੍ਰੀਸ਼ਦ ਪੰਜਾਬ ਪੂਰਬ ਦੇ ਵਾਇਸ ਪ੍ਰਧਾਨ ਵਿਜੇ ਡਾਵਰ ਨੇ ਸ਼ਿਰਕਤ ਕੀਤੀ, ਉੱਥੇ ਹੀ ਮੁੱਖ ਮਹਿਮਾਨ ਵਜੋਂ ਸ੍ਰੀ ਅਗਰਵਾਲ ਧਰਮਸ਼ਾਲਾ ਕਮੇਟੀ ਦੇ ਪ੍ਰਧਾਨ ਦਰਸ਼ਨ ਮਿੱਤਲ ਅਤੇ ਵਿਸ਼ੇਸ਼ ਮਹਿਮਾਨ ਵਜੋਂ ਸਾਬਕਾ ਪ੍ਰਧਾਨ ਜੀਵਨ ਗਰਗ ਵੀ ਸ਼ਾਮਲ ਹੋਏ। ਇਸ ਮੌਕੇ ਉਨਾਂ ਪ੍ਰੀਸ਼ਦ ਦੇ ਨਵੇਂ ਬਣੇ ਪ੍ਰਧਾਨ ਰਾਜਿੰਦਰ ਪ੍ਰਸ਼ਾਦ, ਸੈਕਟਰੀ ਬ੍ਰਿਸ਼ਭਾਨ ਕਾਂਸਲ, ਕੈਸ਼ੀਅਰ ਸੁਮਿਤ ਸਿੰਗਲਾ ਨੂੰ ਆਪਣੇ-ਆਪਣੇ ਅਹੁਦੇ ਦੀ ਸਹੁੰ ਚੁਕਾਈ। ਇਸ ਮੌਕੇ ਵਿਜੇ ਡਾਵਰ ਨੇ ਨਵੀ ਟੀਮ ਨੂੰ ਵਧਾਈ ਦਿੰਦਿਆਂ ਅਪੀਲ ਕੀਤੀ ਕਿ ਉਹ ਪ੍ਰੀਸ਼ਦ ਦੇ ਸਮੂਹ ਮੈਂਬਰਾਂ ਨੂੰ ਨਾਲ ਲੈ ਕੇ ਸਮੇਂ-ਸਮੇਂ ਤੇ ਕੀਤੇ ਜਾਂਦੇ ਸਮਾਜ ਸੇਵੀ ਕਾਰਜਾਂ ਨੂੰ ਨੇਪਰੇ ਚਾੜਣ। ਉਨਾਂ ਕਿਹਾ ਕਿ ਪ੍ਰੀਸ਼ਦ ਦਾ ਮੁੱਖ ਮੰਤਵ ਸਮਾਜ ਸੇਵਾ ਕਰਨਾ ਹੈ। ਇਸ ਮੌਕੇ ਜਿਨਾਂ 10 ਮੈਂਬਰਾਂ ਦਾ ਜਨਮ ਦਿਨ ਅਪ੍ਰੈਲ ਮਹੀਨੇ 'ਚ ਆਉਂਦਾ ਹੈ ਉਨਾਂ ਨੂੰ ਸਨਮਾਨ ਚਿੰਨ ਭੇਟ ਕਰਕੇ ਸਨਮਾਨਿਤ ਵੀ ਕੀਤਾ ਗਿਆ। ਇਸ ਤੋਂ ਇਲਾਵਾ ਸ੍ਰੀ ਅਗਰਵਾਲ ਧਰਮਸ਼ਾਲਾ ਤੇ ਸਕੂਲ ਪ੍ਰਬੰਧਕ ਕਮੇਟੀ ਦੇ ਨਵੇਂ ਬਣੇ ਪ੍ਰਧਾਨ ਦਰਸ਼ਨ ਮਿੱਤਲ, ਸੈਕਟਰੀ ਬ੍ਰਿਸ਼ਭਾਨ ਕਾਂਸਲ, ਸਾਬਕਾ ਪ੍ਰਧਾਨ ਜੀਵਨ ਗਰਗ ਨੂੰ ਵੀ ਸਨਮਾਨ ਚਿੰਨ ਭੇਟ ਕਰਕੇ ਸਨਮਾਨਿਆ।

## ਫੀਲਖਾਨਾ ਸਕੂਲ 'ਚ ਜਲ ਚੇਤਨਾ ਵਰਕਸ਼ਾਪ ਕਰਵਾਈ



ਪਟਿਆਲਾ, 1 ਮਈ (ਰੁਪਾਣਾ) : ਸਕੂਲ ਆਫ ਐਮੀਨੈਂਸ, ਫੀਲ ਖਾਨਾ ਵਿੱਚ ਵੀਰਵਾਰ ਨੂੰ ਜਲ ਚੇਤਨਾ ਵਰਕਸ਼ਾਪ ਦਾ ਸਫਲ ਆਯੋਜਨ ਕੀਤਾ ਗਿਆ। ਇਹ ਪ੍ਰੋਗਰਾਮ ਆਈ ਜੇ ਡੋਡਾ ਫਾਊਂਡੇਸ਼ਨ ਵੱਲੋਂ ਜੋਨਿਤਾ ਡੋਡਾ ਦੀ ਅਗਵਾਈ ਹੇਠ ਕਰਵਾਇਆ ਗਿਆ। ਇਸ ਨੂੰ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨੋਲੋਜੀ ਅਤੇ ਡਾਇਰੈਕਟੋਰੇਟ ਆਫ ਇਨਵਾਇਰਨਮੈਂਟ ਐਂਡ ਕਲਾਈਮੇਟ ਚੇਂਜ ਦੇ ਸਹਿਯੋਗ ਨਾਲ, ਇਨਵਾਇਰਨਮੈਂਟਲ ਕਮਪਨਸੇਸ਼ਨ ਫੰਡ ਹੇਠ ਆਯੋਜਿਤ ਕੀਤਾ ਗਿਆ।ਵਰਕਸ਼ਾਪ ਦੌਰਾਨ ਪਾਣੀ ਦੇ ਸੰਰੱਖਣ, ਪ੍ਰਦੂਸ਼ਨ ਅਤੇ ਭੂ-ਜਲ ਦੇ ਤੇਜ਼ੀ ਨਾਲ ਘਟ ਰਹੇ ਪੱਧਰ ਵਰਗੇ ਗੰਭੀਰ ਮਸਲਿਆਂ 'ਤੇ ਚਰਚਾ ਕੀਤੀ ਗਈ। ਸੰਬੋਧਨ ਕਰਦੇ ਹੋਏ ਜੋਨਿਤਾ ਡੋਡਾ ਨੇ ਐਲ ਨੀਨੋ ਦੇ ਵੱਧਦੇ ਪ੍ਰਭਾਵ ਬਾਰੇ ਵੀ ਗੱਲ ਕੀਤੀ। ਉਨ੍ਹਾਂ ਕਿਹਾ ਕਿ ਬਦਲਦੇ ਮੌਸਮੀ ਪੈਟਰਨ ਭਾਰਤ ਵਿੱਚ ਪਾਣੀ ਦੀ ਕਮੀ ਨੂੰ ਹੋਰ ਗੰਭੀਰ ਬਣਾ ਸਕਦੇ ਹਨ। ਉਨ੍ਹਾਂ ਕਿਹਾ, ਪਾਣੀ ਦਾ ਸੰਰੱਖਣ ਹੁਣ ਚੋਣ ਨਹੀਂ, ਲੋੜ ਬਣ ਚੁੱਕਾ ਹੈ। 'ਜਲ ਚੇਤਨਾ' ਰਾਹੀਂ ਅਸੀਂ ਨੌਜਵਾਨ ਮਨਾਂ ਨੂੰ ਪ੍ਰੇਰਿਤ ਕਰਨਾ ਚਾਹੁੰਦੇ ਹਾਂ ਕਿ ਉਹ ਜ਼ਿੰਮੇਵਾਰ ਆਦਤਾਂ ਅਪਣਾਉਣ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਇਸ ਕੀਮਤੀ ਸੰਸਾਧਨ ਦੀ ਰੱਖਿਆ ਕਰਨ। ਇਸ ਸਮਾਗਮ ਦੇ ਸਮਨਵਯ ਵਿੱਚ ਜ਼ਿਲ੍ਹਾ ਸਿੱਖਿਆ ਦਫ਼ਤਰ, ਪਟਿਆਲਾ ਨੇ ਮਹੱਤਵਪੂਰਨ ਭੂਮਿਕਾ ਨਿਭਾਈ।

## ਪੀਪੀਐਸ ਨਾਭਾ ਦੇ ਵਿਦਿਆਰਥੀਆਂ ਨੇ 10ਵੀਂ ਤੇ 12ਵੀਂ ਦੇ ਨਤੀਜਿਆਂ 'ਚ ਮਾਰੀ ਬਾਜ਼ੀ

ਨਾਭਾ, 1 ਮਈ (ਗੁਰਚਰਨ ਸਿੰਘ ਚੌਧਰੀਮਾਜਰਾ/ਬਲਜਿੰਦਰ ਮਾਨ) : ਪੀਪੀਐਸ, ਨਾਭਾ ਦੇ ਵਿਦਿਆਰਥੀਆਂ ਨੇ ਆਈਸੀਐਸਈ (10ਵੀਂ) ਅਤੇ ਆਈਐਸਸੀ (12ਵੀਂ) ਦੇ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ, ਜਿਸ ਦੇ ਨਤੀਜੇ ਅੱਜ ਕੌਂਸਲ ਫਾਰ ਦ ਇੰਡੀਅਨ ਸਕੂਲ ਸਰਟੀਫਿਕੇਟ ਐਗਜ਼ਾਮੀਨੇਸ਼ਨ (ਸੀਆਈਐਸਸੀਈ), ਨਵੀਂ ਦਿੱਲੀ ਦੁਆਰਾ ਐਲਾਨੇ ਗਏ। ਆਈਸੀਐਸਈ (10ਵੀਂ) ਵਿੱਚ, ਤਨਮਯ ਸਿੰਗਲ ਨੇ 97.4% ਅੰਕਾਂ ਨਾਲ ਪਹਿਲਾ ਸਥਾਨ ਪ੍ਰਾਪਤ ਕੀਤਾ ਜਦੋਂਕਿ ਜਸ਼ਨਪ੍ਰੀਤ ਕੌਰ 97.2% ਅੰਕਾਂ ਨਾਲ ਦੂਜੇ ਸਥਾਨ 'ਤੇ ਰਹੀ। ਤੇਜਸਵੀਰ ਬਡਿਆਲ ਅਤੇ ਹਰਵਰਿਸ ਸਿੰਘ 96.2% ਅੰਕਾਂ ਨਾਲ ਤੀਜੇ ਸਥਾਨ 'ਤੇ ਰਹੇ। ਪ੍ਰੀਖਿਆ ਦੇਣ ਵਾਲੇ 103 ਵਿਦਿਆਰਥੀਆਂ ਵਿੱਚੋਂ 68 ਡਿਸਟਿੰਕਸ਼ਨ ਨਾਲ ਪਾਸ ਹੋਏ। 31 ਵਿਦਿਆਰਥੀ ਫਸਟ ਡਿਵੀਜ਼ਨ ਨਾਲ ਪਾਸ ਹੋਏ, ਜਦੋਂਕਿ 4 ਵਿਦਿਆਰਥੀ ਸੈਕਿੰਡ ਡਿਵੀਜ਼ਨ ਨਾਲ ਪਾਸ ਹੋਏ। 22 ਵਿਦਿਆਰਥੀਆਂ ਨੇ ਪੰਜਾਬੀ, ਬਾਇਓਲੋਜੀ, ਕੰਪਿਊਟਰ ਐਪਲੀਕੇਸ਼ਨ ਅਤੇ ਭੂਗੋਲ ਵਿੱਚ 100 ਦਾ ਸੰਪੂਰਨ ਸਕੋਰ ਬਣਾਇਆ। ਬੈਚ ਦੀ ਔਸਤ 80.3% ਹੈ।ਆਈਐਸਸੀ ਵਿੱਚ, ਅਨਾਹਤਜੋਤ ਕੌਰ ਹਰੀ (ਸਾਇੰਸ) 99.8% ਅੰਕਾਂ ਨਾਲ ਪਹਿਲੇ ਸਥਾਨ 'ਤੇ ਰਹੀ। ਅਨਿਆ ਬਾਠ ਅਤੇ ਅਕਾਸ਼ਵੀਰ ਸਿੰਘ (ਹਿਊਮੈਨਿਟੀਜ਼) ਅਤੇ ਇਸ਼ਮੀਤ ਕੌਰ ਅਤੇ ਨਮਨ ਗੋਇਲ (ਸਾਇੰਸ) 99% ਅੰਕਾਂ ਨਾਲ ਦੂਜੇ ਸਥਾਨ 'ਤੇ ਰਹੇ। ਮਨਤੇਸ਼ਵਰ ਸਿੰਘ ਰਾਣੂ (ਹਿਊਮੈਨਿਟੀਜ਼) 98.5% ਅੰਕਾਂ ਨਾਲ ਤੀਜੇ ਸਥਾਨ 'ਤੇ ਰਹੇ। ਹਿਊਮੈਨਿਟੀਜ਼ ਸਟ੍ਰੀਮ ਵਿੱਚ, ਅਨਿਆ ਬਾਠ ਅਤੇ ਅਕਾਸ਼ਵੀਰ ਸਿੰਘ 99% ਅੰਕਾਂ ਨਾਲ ਪਹਿਲੇ ਸਥਾਨ 'ਤੇ ਰਹੇ। ਮਨਤੇਸ਼ਵਰ ਸਿੰਘ ਰਾਣੂ 98.5% ਅੰਕਾਂ ਨਾਲ ਤੀਜੇ ਸਥਾਨ 'ਤੇ ਰਹੇ। ਕਾਮਰਸ ਸਟ੍ਰੀਮ ਵਿੱਚ, ਚਰਨਪ੍ਰੀਤ ਕੌਰ ਸੌਂਦ 97.8% ਅੰਕਾਂ ਨਾਲ ਪਹਿਲੇ ਸਥਾਨ 'ਤੇ ਰਹੀ । ਨਵਰਾਜ ਸਿੰਘ 96.5% ਅੰਕਾਂ ਨਾਲ ਦੂਜੇ ਸਥਾਨ 'ਤੇ ਰਹੇ ਜਦੋਂਕਿ ਜਪਤੇਸ਼ ਸਿੰਘ 96.3% ਅੰਕਾਂ ਨਾਲ ਤੀਜੇ ਸਥਾਨ 'ਤੇ ਰਹੇ।ਸਾਇੰਸ ਸਟ੍ਰੀਮ ਵਿੱਚ, ਅਨਾਹਤਜੋਤ ਕੌਰ ਹਰੀ 99.8% ਅੰਕਾਂ ਨਾਲ ਪਹਿਲੇ ਸਥਾਨ 'ਤੇ ਰਹੇ। ਇਸ਼ਮੀਤ ਕੌਰ ਅਤੇ ਨਮਨ ਗੋਇਲ 99% ਅੰਕਾਂ ਨਾਲ ਦੂਜੇ ਸਥਾਨ 'ਤੇ ਰਹੇ। ਹੈੱਡਮਾਸਟਰ ਡਾ. ਡੀ.ਸੀ. ਸ਼ਰਮਾ ਨੇ ਮੈਨੇਜਮੈਂਟ ਵੱਲੋਂ ਸਟਾਫ਼, ਵਿਦਿਆਰਥੀਆਂ, ਮਾਪਿਆਂ ਅਤੇ ਸਾਰੇ ਸਬੰਧਤਾਂ ਨੂੰ 10ਵੀਂ ਅਤੇ 12ਵੀਂ ਦੋਵਾਂ ਜਮਾਤਾਂ ਵਿੱਚ ਸ਼ਾਨਦਾਰ ਨਤੀਜਿਆਂ ਲਈ ਸਾਰਿਆਂ ਨੂੰ ਵਧਾਈ ਦਿੱਤੀ।



## ਕਪੂਰੀ ਸਕੂਲ ਦੀ ਵਿਦਿਆਰਥਣ ਪਰਵਿੰਦਰ ਕੌਰ ਨੇ ਪੰਜਵੀਂ ਜਮਾਤ ਦੀ ਪ੍ਰੀਖਿਆ 'ਚ 500 'ਚੋਂ 500 ਅੰਕ ਪ੍ਰਾਪਤ ਕੀਤੇ

ਦੇਵੀਗੜ੍ਹ, 1 ਮਈ (ਗੁਰਜੀਤ ਸਿੰਘ ਢੋਟ) : ਐਸ.ਸੀ.ਈ.ਆਰ.ਟੀ ਪੰਜਾਬ ਵੱਲੋਂ ਪੰਜਵੀਂ ਜਮਾਤ ਦੇ ਨਤੀਜੇ ਬੀਤੇ 30 ਮਾਰਚ ਨੂੰ ਐਲਾਨੇ ਗਏ ਸੀ। ਜਿਸ ਤਹਿਤ ਸਰਕਾਰੀ ਪ੍ਰਾਇਮਰੀ ਸਕੂਲ ਕਪੂਰੀ ਬਲਾਕ ਦੇਵੀਗੜ੍ਹ ਦੀ ਵਿਦਿਆਰਥਣ ਪਰਵਿੰਦਰ ਕੌਰ ਨੇ 500/500 ਨੰਬਰ ਲੈ ਕੇ ਪੰਜਾਬ ਭਰ ਵਿੱਚ ਆਪਣੇ ਸਕੂਲ ਅਧਿਆਪਕਾਂ ਤੇ ਮਾਪਿਆਂ ਦਾ ਨਾਮ ਰੋਸ਼ਨ ਕੀਤਾ ਸੀ। ਉਸੇ ਕੜੀ ਤਹਿਤ ਉਪ ਜਿਲਾ ਸਿੱਖਿਆ ਅਫਸਰ ਮੈਡਮ ਮਨਵਿੰਦਰ ਕੌਰ ਭੁੱਲਰ ਵੱਲੋਂ ਜ਼ਿਲ੍ਹਾ ਪੱਧਰੀ ਪ੍ਰੋਗਰਾਮ ਵਿੱਚ ਸਕੂਲ ਦੀ ਵਿਦਿਆਰਥਨ ਪਰਵਿੰਦਰ ਕੌਰ ਨੂੰ 500/500 ਨੰਬਰ ਲੈਣ ਤੇ ਸਨਮਾਨਿਤ ਕੀਤਾ ਗਿਆ। ਸਕੂਲ ਮੁਖੀ ਜਗਜੀਤ ਸਿੰਘ ਵਾਲੀਆ ਵੱਲੋਂ ਵੀ ਬੱਚੇ ਦੀ ਇਸ ਪ੍ਰਾਪਤੀ ਦਾ ਸਿਹਰਾ ਉਹਨਾਂ ਨੇ ਆਪਣੇ ਸਾਥੀ ਅਧਿਆਪਕਾਂ ਜਿਸ ਵਿੱਚ ਹਰਪ੍ਰੀਤ ਸਿੰਘ ਉੱਪਲ ਅਤੇ ਮੈਡਮ ਸਤਵਿੰਦਰ ਕੌਰ ਵੱਲੋਂ ਲਗਾਤਾਰ ਕਰਵਾਈ ਅਣਥੱਕ ਮਿਹਨਤ ਨੂੰ ਦੱਸਿਆ। ਇਸ ਸਮੇਂ ਨਗਰ ਪੰਚਾਇਤ ਦੇਵੀਗੜ੍ਹ ਦੇ ਸੀਨੀਅਰ ਮੀਤ ਪ੍ਰਧਾਨ ਲਖਵੀਰ ਸਿੰਘ ਨੇ ਵੀ ਕਪੂਰੀ ਸਕੂਲ ਦੀ ਬੱਚੀ ਦੇ ਇਸ ਜ਼ਿਲ੍ਹਾ ਪੱਧਰੀ ਸਨਮਾਨ ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਜ਼ਿਲ੍ਹਾ ਕੋਆਰਡੀਨੇਟਰ ਅਕਾਦਮਿਕ ਸਪੋਰਟ ਰਾਜਵੰਤ ਸਿੰਘ ਤੇ ਸਮਾਰਟ ਸਕੂਲ ਕਬੱਡੀਨੇਟਰ ਲਖਵਿੰਦਰ ਸਿੰਘ ਕੋਲੀ ਵੀ ਮੌਜੂਦ ਸਨ।



## ਟੈਗੋਰ ਇੰਟਰਨੈਸ਼ਨਲ ਸਕੂਲ 'ਚ ਲੇਬਰ-ਡੇ ਮਨਾਇਆ

ਦੇਵੀਗੜ੍ਹ, 1 ਮਈ (ਗੁਰਜੀਤ ਸਿੰਘ ਢੋਟ) : ਟੈਗੋਰ ਇੰਟਰਨੈਸ਼ਨਲ ਸਕੂਲ ਵਿੱਚ ਲੇਬਰ ਡੇ ਬੜੀ ਸ਼ਰਧਾ, ਉਤਸ਼ਾਹ ਅਤੇ ਸਨਮਾਨ ਨਾਲ ਮਨਾਇਆ ਗਿਆ। ਇਸ ਮੌਕੇ 'ਤੇ ਸਕੂਲ ਦੇ ਵਿਦਿਆਰਥੀਆਂ ਨੇ ਮਿਹਨਤਕਸ਼ ਵਰਗ ਪ੍ਰਤੀ ਆਪਣਾ ਪਿਆਰ ਅਤੇ ਆਭਾਰ ਵਿਲੱਖਣ ਢੰਗ ਨਾਲ ਪ੍ਰਗਟ ਕੀਤਾ। ਸਮਾਰੋਹ ਦੌਰਾਨ ਵਿਦਿਆਰਥੀਆਂ ਵੱਲੋਂ ਮਿਹਨਤ ਕਰਨ ਵਾਲਿਆਂ ਦੀ ਮਹੱਤਤਾ ਦਰਸਾਉਂਦਾ ਸੁੰਦਰ ਗੀਤ ਦਿਨ ਰਾਤ ਕੀ ਬਾਤ ਨਾ ਸੋਚੇ ਪੇਸ਼ ਕੀਤਾ ਗਿਆ, ਜਿਸ ਨੇ ਸਭ ਦਾ ਮਨ ਮੋਹ ਲਿਆ। ਇਸ ਤੋਂ ਇਲਾਵਾ ਬੱਚਿਆਂ ਨੇ ਭਾਸ਼ਣਾਂ ਰਾਹੀਂ ਮਜ਼ਦੂਰਾਂ ਦੀ ਕਠਿਨ ਮਿਹਨਤ, ਸੰਘਰਸ਼ ਅਤੇ ਸਮਾਜ ਵਿੱਚ ਉਨ੍ਹਾਂ ਦੇ ਅਹਿਮ ਯੋਗਦਾਨ ਨੂੰ ਉਜਾਗਰ ਕੀਤਾ। ਸਕੂਲ ਵਿੱਚ ਮਿਹਨਤ ਕਰਨ ਵਾਲੇ ਸਾਰੇ ਕਰਮਚਾਰੀਆਂ ਲਈ ਖਾਸ ਤੌਰ 'ਤੇ ਮਿਊਜ਼ਿਕਲ ਚੇਅਰ ਵਰਗੀਆਂ ਮਨੋਰੰਜਕ ਗਤੀਵਿਧੀਆਂ ਕਰਵਾਈਆਂ ਗਈਆਂ ਅਤੇ ਉਨ੍ਹਾਂ ਨੂੰ ਰਿਫਰੈਸ਼ਮੈਂਟ ਵੀ ਪ੍ਰਦਾਨ ਕੀਤੀ ਗਈ। ਇਸ ਮੌਕੇ 'ਤੇ ਸਕੂਲ ਡਾਇਰੈਕਟਰ ਗੌਰਵ ਗੁਲਾਟੀ, ਪ੍ਰੈਜ਼ੀਡੈਂਟ ਸਲੋਨੀ ਗੁਲਾਟੀ, ਮੈਨੇਜਰ ਸ਼੍ਰੀ ਸੁਸ਼ੀਲ ਮਿਸ਼ਰਾ ਅਤੇ ਪ੍ਰਿੰਸੀਪਲ ਡਾ. ਮੀਨਾਕਸ਼ੀ ਸੂਦ ਨੇ ਆਪਣੇ ਸੰਦੇਸ਼ਾਂ ਰਾਹੀਂ ਮਿਹਨਤਕਸ਼ ਵਰਗ ਦੀ ਅਹਿਮੀਅਤ 'ਤੇ ਜ਼ੋਰ ਦਿੱਤਾ ਅਤੇ ਕਿਹਾ ਕਿ ਹਰ ਇਕ ਮਿਹਨਤੀ ਹੱਥ ਸਾਡੇ ਸਮਾਜ ਦੀ ਤਰੱਕੀ ਦੀ ਮਜ਼ਬੂਤ ਨੀਂਹ ਹੈ।ਇਹ ਸਮਾਰੋਹ ਨਾ ਸਿਰਫ ਮਜ਼ਦੂਰਾਂ ਲਈ ਸਨਮਾਨ ਦਾ ਪ੍ਰਤੀਕ ਬਣਿਆ, ਬਲਕਿ ਵਿਦਿਆਰਥੀਆਂ ਲਈ ਵੀ ਮਿਹਨਤ ਦੀ ਮਹੱਤਤਾ ਨੂੰ ਸਮਝਣ ਅਤੇ ਹਰ ਵਰਗ ਦੀ ਇੱਜ਼ਤ ਕਰਨ ਦੀ ਪ੍ਰੇਰਣਾ ਬਣਿਆ।

## ਵਿਧਾਇਕ ਕੋਹਲੀ ਦੀ ਅਗਵਾਈ 'ਚ ਵਾਰਡ ਨੰਬਰ 41 ਤੋਂ ਤੀਰਥ ਯਾਤਰਾ ਲਈ ਬੱਸ ਰਵਾਨਾ

### ➢ਤੀਰਥ ਯਾਤਰਾ ਸਕੀਮ ਦਾ ਲੋਕਾਂ 'ਚ ਭਾਰੀ ਉਤਸ਼ਾਹ : ਅੰਮ੍ਰਿਤਪਾਲ ਸਿੰਘ ਪਾਲੀ



ਪਟਿਆਲਾ, 1 ਮਈ (ਰੁਪਾਣਾ) : ਆਮ ਆਦਮੀ ਪਾਰਟੀ ਦੇ ਪਟਿਆਲਾ ਸ਼ਹਿਰੀ ਦੇ ਵਿਧਾਇਕ ਸ. ਅਜੀਤਪਾਲ ਸਿੰਘ ਕੋਹਲੀ ਦੀ ਅਗਵਾਈ 'ਚ ਵਾਰਡ ਨੰਬਰ 41 ਤੋਂ 'ਆਪ' ਆਗੂ ਅੰਮ੍ਰਿਤਪਾਲ ਸਿੰਘ ਪਾਲੀ ਵੱਲੋਂ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਅਧੀਨ ਯਾਤਰੀਆਂ ਨਾਲ ਭਰੀ ਬੱਸ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ । ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ 'ਆਪ' ਆਗੂ ਅੰਮ੍ਰਿਤਪਾਲ ਸਿੰਘ ਪਾਲੀ ਨੇ ਦਸਿਆ ਕਿ ਇਹ ਬੱਸ ਵੱਖ-ਵੱਖ ਧਾਰਮਿਕ ਅਸਥਾਨਾਂ 'ਤੇ ਜਾਏਗੀ। ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਇਸ ਦਿਸ਼ਾ ਵਿੱਚ ਇੱਕ ਵਿਸ਼ੇਸ਼ ਅਤੇ ਸ਼ਲਾਘਾਯੋਗ ਉਪਰਾਲਾ ਹੈ, ਜਿਸ ਨਾਲ ਆਮ ਜਨਤਾ, ਖ਼ਾਸ ਕਰਕੇ ਬਜ਼ੁਰਗਾਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਨੂੰ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਨ ਦਾ ਸੁਨਿਹਰਾ ਮੌਕਾ ਮਿਲ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਯੋਜਨਾ ਤਹਿਤ ਯਾਤਰੀਆਂ ਲਈ ਆਵਾਜਾਈ, ਰਹਿਣ-ਸਹਿਣ ਅਤੇ ਹੋਰ ਜ਼ਰੂਰੀ ਸੁਵਿਧਾਵਾਂ ਦਾ ਪੂਰਾ ਪ੍ਰਬੰਧ ਕੀਤਾ ਗਿਆ ਹੈ, ਤਾਂ ਜੋ ਉਹ ਬਿਨਾ ਕਿਸੇ ਚਿੰਤਾ ਦੇ ਆਪਣੀ ਯਾਤਰਾ ਦਾ ਆਨੰਦ ਮਾਣ ਸਕਣ। ਉਨ੍ਹਾਂ ਨੇ ਯਾਤਰੀਆਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੀਆਂ ਲੋੜਾਂ ਬਾਰੇ ਵੀ ਜਾਣਕਾਰੀ ਪ੍ਰਾਪਤ ਕੀਤੀ ।

## ਗੱਤਕਾ ਮੈਡਲਿਸਟ ਸਿਮਰਨਪ੍ਰੀਤ ਕੌਰ ਦਾ ਗੁਰਪ੍ਰੀਤ ਸਿੰਘ ਮੰਨਣ ਤੇ ਗੱਤਕਾ ਕੋਚ ਵੱਲੋਂ ਸਨਮਾਨ



ਘਨੌਰ, 1 ਮਈ (ਮਦਨ ਲਾਲ) : ਯੂਨੀਵਰਸਿਟੀ ਆੱਫ ਕੋਟਾ ਰਾਜਸਥਾਨ ਵਿਖੇ ਚੱਲ ਰਹੀ ਵਿਸ਼ਵ ਗੱਤਕਾ ਚੈਂਪੀਅਨਸ਼ਿਪ ਸਾਲ 2025-26 ਵਿੱਚ ਹਲਕਾ ਘਨੌਰ ਦੇ ਪਿੰਡ ਸੀਲ ਦੀ ਗੱਤਕਾ ਖਿਡਾਰਨ ਸਿਮਰਨਪ੍ਰੀਤ ਕੌਰ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋ ਖੇਡਦੇ ਹੋਏ ਤੀਜਾ ਸਥਾਨ ਹਾਸਿਲ ਕੀਤਾ।ਇਸ ਮੌਕੇ ਆਮ ਆਦਮੀ ਪਾਰਟੀ ਦੇ ਚੇਅਰਮੈਨ ਸ. ਗੁਰਪ੍ਰੀਤ ਸਿੰਘ ਮੰਨਣ ਅਤੇ ਗੱਤਕਾ ਕੋਚ ਸ. ਗੁਰਪ੍ਰੀਤ ਸਿੰਘ ਬਪਰੌਰ (ਘਨੌਰ) ਵੱਲੋ ਗੱਤਕਾ ਖਿਡਾਰਨ ਦਾ ਸਨਮਾਨ ਕੀਤਾ ਗਿਆ। ਗੱਤਕਾ ਕੋਚ ਗੁਰਪ੍ਰੀਤ ਸਿੰਘ ਵੱਲੋਂ ਖਿਡਾਰਨ ਨੂੰ ਤੇ ਮਾਪਿਆਂ ਨੂੰ ਵਧਾਈਆਂ ਦਿੱਤੀਆਂ। ਇਸ ਮੌਕੇ ਜਸਬੀਰ ਸਿੰਘ ਕੱਬਡੀ ਕੋਚ , ਰਿੰਕੂ ਮੰਡੋਲੀ ਕਬੱਡੀ ਕੋਚ , ਰਣਬੀਰ ਸਿੰਘ ਦਸਤਾਰ ਕੋਚ , ਗੱਤਕਾ ਮੈਡਲਿਸਟ ਸਿਮਰਨਪ੍ਰੀਤ ਕੌਰ ਦਾ ਸਨਮਾਨ ਕੀਤਾ।

### 12 ਬੋਤਲਾਂ ਸ਼ਰਾਬ ਬ੍ਰਾਮਦ

ਪਟਿਆਲਾ, 1 ਮਈ (ਵਿਨੋਦ ਸ਼ਰਮਾ) : ਥਾਣਾ ਸਦਰ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਤੇਜਿੰਦਰ ਸਿੰਘ ਵਾਸੀ ਪਿੰਡ ਕੌਲੀ ਵਿਰੁੱਧ ਧਾਰਾ 61, 1, 14 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏਐਸਆਈ ਬਲਜਿੰਦਰ ਸਿੰਘ ਸਮੇਤ ਪੁਲਿਸ ਪਾਰਟੀ ਧਰੇੜੀ ਜੱਟਾ ਮੌਜੂਦ ਸੀ, ਜੋ ਇਤਲਾਹ ਮਿਲੀ ਕਿ ਦੋਸ਼ੀ ਨਾਜਾਇਜ਼ ਸ਼ਰਾਬ ਕਸੀਦ ਕਰਨ ਦਾ ਆਦੀ ਹੈ, ਜੋ ਦੋਸ਼ੀ ਦੇ ਘਰ ਰੇਡ ਕਰਨ ਪਰ 12 ਬੋਤਲਾਂ ਸ਼ਰਾਬ ਨਾਜਾਇਜ਼ ਬ੍ਰਾਮਦ ਹੋਈ।



**ਸਹਾਇਕ ਥਾਣੇਦਾਰ ਦਰਬਾਰਾ ਸਿੰਘ ਨੂੰ ਸਬ-ਇੰਸਪੈਕਟਰ ਬਣਨ 'ਤੇ ਡੀਐਸਪੀ ਸਮਾਣਾ ਫਤਹਿ ਸਿੰਘ ਬਰਾੜ ਅਤੇ ਸਿਟੀ ਇੰਚਾਰਜ ਬਲਜੀਤ ਸਿੰਘ ਸਟਾਰ ਲਗਾਉਂਦੇ ਹੋਏ, ਨਾਲ ਸਹਾਇਕ ਥਾਣੇਦਾਰ ਜਤਿੰਦਰ ਸਿੰਘ ਖੜ੍ਹੇ ਦਿਖਾਈ ਦੇ ਰਹੇ ਹਨ। (ਫੋਟੋ ਤੇ ਵੇਰਵਾ ਸੁਖਜਿੰਦਰ ਸਿੰਘ ਕੁਲਾਰਾਂ)**

## ਪਿੰਡ ਕੁਲਾਰਾਂ ਵਿਖੇ ਮਜ਼ਦੂਰ ਦਿਵਸ ਮਨਾਇਆ

ਸਮਾਣਾ, 1 ਮਈ (ਸੁਖਜਿੰਦਰ ਸਿੰਘ ਕੁਲਾਰਾਂ) : ਡਾ. ਭੀਮ ਰਾਓ ਅੰਬੇਦਕਰ ਸਪੋਰਟਸ ਐਂਡ ਵੈਲਫੇਅਰ ਕਮੇਟੀ ਪਿੰਡ ਕੁਲਾਰਾਂ ਵੱਲੋਂ ਮਜ਼ਦੂਰ ਦਿਵਸ ਨੂੰ ਮੁੱਖ ਰੱਖਦੇ ਹੋਏ ਸਿਕਾਗੋ ਦੇ ਸ਼ਹੀਦਾਂ ਨੂੰ ਲਾਲ ਸਲਾਮ ਅਤੇ ਸ਼ਰਧਾਂਜਲੀ ਭੇਟ ਕੀਤੀ ਅਤੇ ਝੰਡੇ ਦੀ ਰਸਮ ਅਦਾ ਕੀਤੀ ਗਈ। ਇਸ ਮੌਕੇ ਉਨ੍ਹਾਂ ਕਿਹਾ ਕਿ ਮਜ਼ਦੂਰ ਵਰਗ ਸਮਾਜ ਦੀ ਰੀੜ੍ਹ ਦੀ ਹੱਡੀ ਹੈ। ਭਾਵੇਂ ਉਹ ਖੇਤਾਂ ਵਿੱਚ ਕੰਮ ਕਰਨ ਵਾਲਾ ਹੋਵੇ, ਮੰਡੀਆਂ ਵਿੱਚ ਬੋਝ ਚੁੱਕਣ ਵਾਲਾ ਹੋਵੇ ਜਾਂ ਉਸਾਰੀ ਦੇ ਕੰਮ ਕਰਨ ਵਾਲਾ ਹੋਵੇ, ਹਰ ਇੱਕ ਦਾ ਦੇਸ਼ ਦੀ ਆਰਥਿਕਤਾ ਵਿੱਚ ਅਹਿਮ ਯੋਗਦਾਨ ਹੈ ਅਤੇ ਇਨ੍ਹਾਂ ਦਾ ਸਤਿਕਾਰ ਕਰਨਾ ਸਾਡਾ ਫਰਜ਼ ਹੈ। ਇਸ ਮੌਕੇ ਕੁਲਦੀਪ ਸਿੰਘ ਪ੍ਰਧਾਨ, ਜਨਕ ਰਾਜ ਮੀਤ ਪ੍ਰਧਾਨ, ਜਰਨਲ ਸੈਕਟਰੀ ਰਿੰਕੂ ਸਿੰਘ, ਸ਼ਮਸ਼ੇਰ ਸਿੰਘ ਵਿੱਕੀ , ਜੱਗਰ ਸਿੰਘ, ਨਿੰਮਾ ਭਗਤ, ਗੁਰਪ੍ਰੀਤ ਸਿੰਘ, ਰਾਜ ਸਿੰਘ, ਲੀਲਾ ਸਿੰਘ, ਜੰਟਾ ਸਿੰਘ, ਰਵੀ, ਗੈਵੀ ਆਦਿ ਹਾਜ਼ਰ ਸਨ।



## ਸ਼ਿਵ ਸ਼ੰਕਰ ਯੂਥ ਸੇਵਾ ਦਲ ਵੱਲੋਂ ਲੋੜਵੰਦਾਂ ਨੂੰ ਟ੍ਰਾਈਸਾਈਕਲ ਭੇਟ

ਸਮਾਣਾ, 1 ਮਈ (ਵਿਜੇ ਕੁਮਾਰ/ਜਵੰਦਾ) : ਸਮਾਜ ਸੇਵੀ ਸੰਸਥਾ ਸ਼ਿਵ ਸੰਕਰ ਯੂਥ ਸੇਵਾ ਦਲ ਵੱਲੋਂ ਸੰਸਥਾ ਪ੍ਰਧਾਨ ਰਮਨ ਮਹਿੰਦਰਾ ਦੀ ਅਗਵਾਈ 'ਚ ਆਯੋਜਿਤ ਇਕ ਸਾਦੇ ਸਮਾਗਮ 'ਚ ਮੁੱਖ ਮਹਿਮਾਨ ਵਜੋਂ ਸ੍ਰੀ ਅਗਰਵਾਲ ਧਰਮਸ਼ਾਲਾ ਅਤੇ ਸਕੂਲ ਪ੍ਰਬੰਧਕ ਕਮੇਟੀ ਪ੍ਰਧਾਨ ਦਰਸ਼ਨ ਮਿੱਤਲ ਅਤੇ ਵਿਸ਼ੇਸ ਮਹਿਮਾਨ ਵਜੋਂ ਲਾਇਨਜ਼ ਕਲੱਬ ਸਮਾਣਾ ਰੋਇਲ ਦੇ ਪ੍ਰਧਾਨ ਜੀਵਨ ਗਰਗ ਨੇ ਸ਼ਿਰਕਤ ਕੀਤੀ। ਜਿਨ੍ਹਾਂ ਕਲੱਬ ਵੱਲੋਂ ਇਕ ਜਰੂਰਤਮੰਦ ਵਿਅਕਤੀ ਨੂੰ ਟ੍ਰਾਈਸਾਈਕਲ ਭੇਟ ਕਰਦਿਆਂ ਕਲੱਬ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਕਿਹਾ ਕਿ ਕਲੱਬ ਵੱਲੋਂ ਸਮੇਂ-ਸਮੇਂ ਜੋ ਸਮਾਜ ਸੇਵੀ ਕਾਰਜ ਕੀਤੇ ਜਾਂਦੇ ਹਨ ਇਸ ਤੋਂ ਵੱਡੀ ਹੋਰ ਕੋਈ ਨਿਸ਼ਕਾਮ ਸੇਵਾ ਨਹੀਂ। ਇਸ ਮੌਕੇ ਕਲੱਬ ਵਲੋਂ ਨਵੇਂ ਬਣੇ ਪ੍ਰਧਾਨ ਦਰਸ਼ਨ ਮਿੱਤਲ ਅਤੇ ਜੀਵਨ ਗਰਗ ਨੂੰ ਸਨਮਾਨਿਤ ਕਰਦਿਆਂ ਵਧਾਈ ਦਿੱਤੀ। ਇਸ ਮੌਕੇ ਪ੍ਰਦੀਪ ਗੋਇਲ ਮਿੰਕਾ, ਵਾਈਸ ਪ੍ਰਧਾਨ ਰਵੀ ਗਰਗ ਟੀਮਾ, ਸਕੱਤਰ ਬ੍ਰਿਸਭਾਨ ਕਾਂਸਲ, ਮੈਨੇਜਰ ਰਿਸ਼ੂ ਸਿੰਗਲਾ, ਰਾਜਿੰਦਰ ਗੁਪਤਾ, ਅੰਕੁਸ ਗੋਇਲ, ਸ਼ਿਵ ਸੰਕਰ ਯੂਥ ਸੇਵਾ ਦਲ ਦੇ ਸਕੱਤਰ ਕਮਲ ਸਰਮਾ, ਰੌਕੀ ਗਰਗ, ਮੁਕੁਲ ਲੂਥਰਾ, ਯੋਗੇਸ ਬਾਂਸਲ , ਗਿਆਨ ਚੰਦ ਅਤੇ ਕਰਨ ਬਜਾਜ ਵਿਸੇਸ ਤੌਰ 'ਤੇ ਮੌਜੂਦ ਸਨ।



## ਬਿਕਰਮ ਕਾਲਜ ਵਿਖੇ ਗਰਿਮਾਮਈ ਵਿਦਾਇਗੀ ਸਮਾਰੋਹ

ਪਟਿਆਲਾ, 1 ਮਈ (ਚ.ਨ.ਸ) : ਬਿਕਰਮ ਕਾਲਜ ਆਫ ਕਾਮਰਸ ਪਟਿਆਲਾ ਦੇ ਪ੍ਰਿੰਸੀਪਲ ਪ੍ਰੋ. (ਡਾ.) ਕੁਸੁਮ ਲਤਾ ਅਤੇ ਕਾਮਰਸ ਇੰਸਟ੍ਰਕਟਰ ਸ਼ਸ਼ੀ ਬਾਲਾ ਦੀ ਸੂਪਰਐਨੂਏਸ਼ਨ ਉਪਰੰਤ ਇੱਕ ਭਾਵੁਕ ਅਤੇ ਗਰਿਮਾਮਈ ਵਿਦਾਇਗੀ ਸਮਾਰੋਹ ਦਾ ਆਯੋਜਨ ਕੀਤਾ ਗਿਆ। ਪ੍ਰੋ. (ਡਾ.) ਕੁਸੁਮ ਲਤਾ ਨੇ ਸਿੱਖਿਆ ਖੇਤਰ ਵਿੱਚ ਆਪਣੇ 37 ਸਾਲਾਂ ਦੇ ਸਮਰਪਿਤ ਸਫਰ ਨੂੰ ਸੰਪੂਰਨ ਕੀਤਾ, ਜਿਸ ਵਿੱਚ 30 ਸਾਲ ਅਧਿਆਪਨ ਅਤੇ 7 ਸਾਲ ਪ੍ਰਿੰਸੀਪਲ ਵਜੋਂ ਸ਼ਾਨਦਾਰ ਸੇਵਾਵਾਂ ਸ਼ਾਮਲ ਰਹੀਆਂ। ਉਹਨਾਂ ਨੂੰ ਆਪਣੀ ਮਿਹਨਤ, ਅਨੁਸ਼ਾਸਨ ਅਤੇ ਦੂਰਦਰਸ਼ੀ ਨੇਤ੍ਰਿਤਵ ਲਈ ਵਿਸ਼ੇਸ਼ ਤੌਰ 'ਤੇ ਜਾਣਿਆ ਜਾਂਦਾ ਹੈ। ਉਹਨਾਂ ਦੀ ਅਗਵਾਈ ਹੇਠ ਕਾਲਜ ਨੇ ਅਕਾਦਮਿਕ, ਸਹਿ-ਪਾਠਕ੍ਰਮ ਗਤੀਵਿਧੀਆਂ ਅਤੇ ਸੰਸਥਾਗਤ ਵਿਕਾਸ ਦੇ ਖੇਤਰ ਵਿੱਚ ਕਾਬਿਲ-ਏ-ਤਾਰੀਫ਼ ਪ੍ਰਗਤੀ ਕੀਤੀ। ਇਸੇ ਮੌਕੇ ਸ੍ਰੀਮਤੀ ਸ਼ਸ਼ੀ ਬਾਲਾ, ਕਾਮਰਸ ਇੰਸਟ੍ਰਕਟਰ, ਨੂੰ ਵੀ ਉਹਨਾਂ ਦੀ ਸੂਪਰਐਨੂਏਸ਼ਨ ਉਪਰੰਤ ਸਨਮਾਨਿਤ ਕੀਤਾ ਗਿਆ। ਉਹਨਾਂ ਦੀ ਇਮਾਨਦਾਰੀ, ਨਿਭਾਵ ਅਤੇ ਕਾਲਜ ਦੇ ਅਕਾਦਮਿਕ ਮਾਹੌਲ ਵਿੱਚ ਪਾਏ ਕੀਮਤੀ ਯੋਗਦਾਨ ਦੀ ਖ਼ੂਬ ਪ੍ਰਸ਼ੰਸਾ ਕੀਤੀ ਗਈ। ਪ੍ਰੋਗਰਾਮ ਦਾ ਸੰਚਾਲਨ ਡਾ. ਜਸਪ੍ਰੀਤ ਕੌਰ ਵੱਲੋਂ ਪ੍ਰੋ. ਵਿਵੇਕ ਅਤੇ ਪ੍ਰੋ. ਰੇਖਾ ਰਾਣੀ ਦੇ ਸਹਿਯੋਗ ਨਾਲ ਬਖ਼ੂਬੀ ਕੀਤਾ ਗਿਆ, ਜਦਕਿ ਸਟੇਜ ਦੀ ਜ਼ਿੰਮੇਵਾਰੀ ਡਾ. ਪਰਮਜੀਤ ਸਿੰਘ ਅਤੇ ਡਾ. ਰੀਤੂ ਕਪੂਰ ਨੇ ਸੁਚੱਜੇ ਢੰਗ ਨਾਲ ਨਿਭਾਈ। ਸਮਾਰੋਹ ਦੇ ਅੰਤ ਵਿੱਚ ਪ੍ਰਿੰਸੀਪਲ ਪ੍ਰੋ. (ਡਾ.) ਕੁਸੁਮ ਲਤਾ ਨੇ ਆਪਣੇ ਸੰਬੋਧਨ ਦੌਰਾਨ ਉੱਚ ਸਿੱਖਿਆ ਵਿਭਾਗ, ਐਲੂਮਨੀ, ਪੀ.ਟੀ.ਏ. ਬਾਡੀ, HEIS ਬਾਡੀ ਅਤੇ ਪੂਰੇ ਕਾਲਜ ਪਰਿਵਾਰ ਦਾ ਧੰਨਵਾਦ ਕੀਤਾ।





# ਪਟਿਆਲਾ-ਆਸ/ਪਾਸ



## ਨਾਜਾਇਜ਼ ਸਬੰਧਾਂ ਕਾਰਨ ਪ੍ਰੇਸ਼ਾਨ ਵਿਅਕਤੀ ਵੱਲੋਂ ਖ਼ੁਦਕੁਸ਼ੀ, ਮਹਿਲਾ ਮਿੱਤਰ ਖ਼ਿਲਾਫ਼ ਮਾਮਲਾ ਦਰਜ

ਸਮਾਣਾ, 1 ਮਈ (ਵਿਜੇ ਕੁਮਾਰ) : ਨਾਜਾਇਜ਼ ਸਬੰਧਾਂ ਦੇ ਚੱਲਦਿਆਂ ਮਹਿਲਾ ਮਿੱਤਰ ਵੱਲੋਂ ਕਮਾਈ ਖੋਹਣ ਅਤੇ ਪਤਨੀ ਤੋਂ ਤਲਾਕ ਲੈ ਕੇ ਨਾਲ ਰਹਿਣ ਲਈ ਪਾਏ ਜਾ ਰਹੇ ਦਬਾਅ ਤੋਂ ਪ੍ਰੇਸ਼ਾਨ ਹੋ ਕੇ ਇੱਕ ਵਿਅਕਤੀ ਵੱਲੋਂ ਦਰੱਖਤ ਨਾਲ ਫਾਹਾ ਲਗਾ ਕੇ ਖ਼ੁਦਕੁਸ਼ੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕ ਦੀ ਦੇਹ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਸਮਾਣਾ ਲਿਆਂਦਾ ਗਿਆ। ਮਾਮਲੇ ਦੀ ਜਾਂਚ ਕਰ ਰਹੇ ਬਾਦਸ਼ਾਹਪੁਰ ਪੁਲਿਸ ਚੌਕੀ ਦੇ ਇੰਚਾਰਜ ਕੁਲਦੀਪ ਸਿੰਘ ਨੇ ਦੱਸਿਆ ਕਿ ਮ੍ਰਿਤਕ ਬਿਲਾਇਤੀ ਰਾਮ (39), ਪੁੱਤਰ ਮਹਿੰਦਰ ਰਾਮ (ਨਿਵਾਸੀ ਬਾਜ਼ੀਗਰ ਬਸਤੀ, ਘੱਗਾ) ਦੇ ਭਰਾ ਕਾਕਾ ਰਾਮ ਵੱਲੋਂ ਦਰਜ ਕਰਵਾਈ ਸ਼ਿਕਾਇਤ ਅਨੁਸਾਰ, ਉਸ ਦੇ ਭਰਾ ਦੇ ਉਸੇ ਬਸਤੀ ਦੀ ਇੱਕ ਮਹਿਲਾ ਅਮਨਦੀਪ ਕੌਰ ਨਾਲ ਪਿਛਲੇ ਇੱਕ ਸਾਲ ਤੋਂ ਨਾਜਾਇਜ਼ ਸਬੰਧ ਸਨ। ਉਕਤ ਮਹਿਲਾ ਹੁਣ ਉਸ ਦੇ ਭਰਾ ਨੂੰ ਕਾਫੀ ਤੰਗ-ਪ੍ਰੇਸ਼ਾਨ ਕਰਨ ਲੱਗੀ ਸੀ। ਉਹ ਉਸ ਦੀ ਸਾਰੀ ਕਮਾਈ ਲੈ ਲੈਂਦੀ ਸੀ ਅਤੇ ਪਤਨੀ ਨੂੰ ਤਲਾਕ ਦੇ ਕੇ ਉਸ ਨਾਲ ਰਹਿਣ ਲਈ ਦਬਾਅ ਬਣਾ ਰਹੀ ਸੀ। ਕਾਕਾ ਰਾਮ ਅਨੁਸਾਰ, ਕਾਫੀ ਸਮਝਾਉਣ ਦੇ ਬਾਵਜੂਦ ਵੀ ਅਮਨਦੀਪ ਕੌਰ ਆਪਣੀਆਂ ਹਰਕਤਾਂ ਤੋਂ ਬਾਜ਼ ਨਹੀਂ ਆਈ। ਇਸ ਪ੍ਰੇਸ਼ਾਨੀ ਅਤੇ ਦੁੱਖ ਕਾਰਨ ਉਸ ਦੇ ਭਰਾ ਨੇ 30 ਅਪ੍ਰੈਲ ਨੂੰ ਪਿੰਡ ਛਬੀਲਾਪੁਰ ਨੇੜੇ ਭਾਖੜਾ ਨਹਿਰ ਦੀ ਪਟੜੀ 'ਤੇ ਲੱਗੇ ਇੱਕ ਦਰੱਖਤ ਨਾਲ ਫਾਹਾ ਲਗਾ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਸੂਚਨਾ ਮਿਲਣ 'ਤੇ ਪਰਿਵਾਰਕ ਮੈਂਬਰਾਂ ਨੇ ਉਸ ਨੂੰ ਸਿਵਲ ਹਸਪਤਾਲ ਸਮਾਣਾ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਪੁਲਿਸ ਅਧਿਕਾਰੀ ਅਨੁਸਾਰ, ਸ਼ਿਕਾਇਤ ਦੇ ਆਧਾਰ 'ਤੇ ਮੁਲਜ਼ਮ ਅਮਨਦੀਪ ਕੌਰ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਪੋਸਟਮਾਰਟਮ ਤੋਂ ਬਾਅਦ ਮ੍ਰਿਤਕ ਦੀ ਦੇਹ ਵਾਰਸਾਂ ਦੇ ਹਵਾਲੇ ਕਰ ਦਿੱਤੀ ਗਈ ਹੈ।

## ਨਹਿਰੀ ਪਾਣੀ ਲੈਣ ਸਬੰਧੀ ਨੌਗਾਵਾਂ ਦੀ ਗ੍ਰਾਮ ਪੰਚਾਇਤ ਨੇ ਹਲਕਾ ਇੰਚਾਰਜ ਹਡਾਣਾ ਨੂੰ ਮੰਗ ਪੱਤਰ ਸੌਂਪਿਆ



ਬਲਬੇੜ੍ਹਾ/ਡਕਾਲਾ, 1 ਮਈ (ਗੁਰਸੇਵਕ ਸਿੰਘ ਕਰਹਾਲੀ ਸਾਹਿਬ) : ਨੇੜਲੇ ਪਿੰਡ ਨੌਗਾਵਾਂ ਦੀ ਪੰਚਾਇਤ ਅਤੇ ਪਿੰਡ ਦੇ ਮੋਹਤਬਰਾਂ ਵੱਲੋਂ ਖੇਤੀ ਦੀ ਸਿੰਚਾਈ ਲਈ ਨਹਿਰੀ ਪਾਣੀ ਲੈਣ ਸਬੰਧੀ ਹਲਕਾ ਸਨੌਰ ਦੇ ਇੰਚਾਰਜ ਰਣਜੋਧ ਸਿੰਘ ਹਡਾਣਾ ਨੂੰ ਮੰਗ ਪੱਤਰ ਦਿੱਤਾ। ਇਸ ਮੌਕੇ ਹਲਕਾ ਇੰਚਾਰਜ ਹਡਾਣਾ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਖੇਤੀ ਦੀ ਸਿੰਚਾਈ ਲਈ ਨਹਿਰੀ ਪਾਣੀ ਪੰਜਾਬ ਦੇ ਕੋਨੇ ਕੋਨੇ 'ਤੇ ਪਹੁੰਚਾਇਆ ਜਾ ਰਿਹਾ ਹੈ। ਇਸੇ ਤਹਿਤ ਸਰਕਲ ਬਲਬੇੜ੍ਹਾ ਦੇ ਪਿੰਡ ਕਰਤਾਰਪੁਰ ਵਿਖੇ ਕਿਸਾਨਾਂ ਨੂੰ ਨਹਿਰੀ ਪਾਣੀ ਦੇਣ ਲਈ ਪਾਇਪ ਲਾਈਨ ਪਾਈ ਜਾ ਰਹੀ ਹੈ, ਜੋ ਜਲਦ ਕੰਪਲੀਟ ਕਰ ਦਿੱਤੀ ਜਾਵੇਗੀ। ਹਡਾਣਾ ਵੱਲੋਂ ਸਰਪੰਚ ਕੁਲਦੀਪ ਸਿੰਘ ਤੇ ਪਿੰਡ ਦੇ ਹੋਰ ਮੋਹਤਬਰ ਵਿਅਕਤੀਆਂ ਨੂੰ ਵਿਸ਼ਵਾਸ ਦਿਵਾਉਂਦਿਆ ਕਿਹਾ ਕਿ ਤੁਹਾਡੀ ਮੰਗ ਜਾਇਜ਼ ਹੈ। ਇਸ ਮੰਗ ਨੂੰ ਜਲਦ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਧਿਆਨ ਲਿਆ ਕੇ ਨੌਗਾਵਾਂ ਵਾਸੀਆਂ ਨੂੰ ਵੀ ਨਹਿਰੀ ਪਾਣੀ ਨਾਲ ਜੋੜਿਆ ਜਾਵੇਗਾ। ਇਸ ਮੌਕੇ ਗੁਰਬੇਜ ਸਿੰਘ ਪੰਚ ਅਤੇ ਸੀਨੀਅਰ ਆਪ ਆਗੂ, ਗੁਰਮੀਤ ਸਿੰਘ ਨੰਬਰਦਾਰ, ਗੁਰਚੇਤ ਸਿੰਘ ਬਲਾਕ ਸੰਮਤੀ ਮੈਂਬਰ, ਮਾਸਟਰ ਜੋਗਿੰਦਰ ਸਿੰਘ ਭੰਗੂ, ਕ੍ਰਿਸ਼ਨ ਸਿੰਘ, ਜਿੰਦਰ ਸਿੰਘ ਆਦਿ ਪਿੰਡ ਵਾਸੀ ਮੌਜੂਦ ਸਨ।

## ਮਾਰਕੀਟ ਕਮੇਟੀ 'ਚ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਮਨਾਇਆ

### ਚੇਅਰਮੈਨ ਬਰਾੜ ਨੇ ਮਜ਼ਦੂਰਾਂ ਨਾਲ ਸ਼ਿਕਾਗੋ ਦੇ ਸ਼ਹੀਦਾਂ ਨੂੰ ਯਾਦ ਕੀਤਾ

ਪਾਤੜਾਂ, 1 ਮਈ (ਹਰਮਿੰਦਰ ਕਰਤਾਰਪੁਰ) : ਮਾਰਕੀਟ ਕਮੇਟੀ ਪਾਤੜਾਂ ਵਿੱਚ ਅੱਜ ਅੰਤਰਰਾਸ਼ਟਰੀ ਮਜ਼ਦੂਰ ਦਿਵਸ' ਮਨਾਇਆ ਗਿਆ। ਇਸ ਮੌਕੇ 'ਤੇ ਮਜ਼ਦੂਰਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਮਾਰਕੀਟ ਕਮੇਟੀ ਪਾਤੜਾਂ ਦੇ ਚੇਅਰਮੈਨ ਮਹਿੰਗਾ ਸਿੰਘ ਬਰਾੜ ਨੇ ਦੱਸਿਆ ਕਿ 1 ਮਈ 1886 ਵਿੱਚ ਸ਼ਿਕਾਗੋ(ਅਮਰੀਕਾ) ਵਿੱਚ ਮਜ਼ਦੂਰਾਂ ਵੱਲੋਂ ਆਪਣੇ ਉੱਪਰ ਹੁੰਦੇ ਜ਼ੁਲਮ ਅਤੇ ਸ਼ੋਸ਼ਣ ਖਿਲਾਫ ਅੰਦੋਲਨ ਸ਼ੁਰੂ ਕੀਤਾ ਗਿਆ ਸੀ। ਅੰਦੋਲਨ ਦੌਰਾਨ ਪੁਲਿਸ ਵੱਲੋਂ ਕੀਤੀ ਗਈ ਫਾਇਰਿੰਗ 'ਚ ਸੱਤ ਮਜ਼ਦੂਰਾਂ ਦੀ ਮੌਤ ਹੋ ਗਈ ਸੀ। ਇਸ ਵਿੱਚ ਮਜ਼ਦੂਰਾਂ ਦੀ ਮੰਗ ਸੀ ਕਿ ਕੰਮ ਕਰਨ ਦੇ ਅੱਠ ਘੰਟੇ ਹੋਣ ਅਤੇ ਹਫਤੇ ਦੀ ਇੱਕ ਛੁੱਟੀ ਹੋਣੀ ਚਾਹੀਦੀ ਹੈ। ਦੁਨੀਆਂ ਭਰ ਦੇ ਮਜ਼ਦੂਰਾਂ ਨੇ ਸੰਗਠਨ ਬਣਾ ਕੇ ਸੰਘਰਸ਼ ਕੀਤੇ ਜਿਸ ਦੇ ਚੱਲਦਿਆਂ ਉਨ੍ਹਾਂ ਦੀ ਇਹ ਮੰਗ ਮੰਨੀ ਗਈ।



ਇਸ ਲਈ ਉਨ੍ਹਾਂ ਦੇ ਸੰਘਰਸ਼ ਅਤੇ ਕੁਰਬਾਨੀਆਂ ਨੂੰ ਯਾਦ ਕਰਦੇ ਹੋਏ 1 ਮਈ 1886 ਤੋਂ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਲਗਾਤਾਰ ਮਨਾਇਆ ਜਾ ਰਿਹਾ ਹੈ। ਚੇਅਰਮੈਨ ਬਰਾੜ ਨੇ ਦੱਸਿਆ ਕਿ ਮਜ਼ਦੂਰ ਅੱਜ ਵੀ ਬਹੁਤ ਸਾਰੀਆਂ ਸਮੱਸਿਆਵਾਂ ਨਾਲ ਜੂਝ ਰਿਹਾ ਹੈ ਜਿਸ ਦੇ ਚੱਲਦਿਆਂ ਪੰਜਾਬ ਸਰਕਾਰ ਮਜ਼ਦੂਰ ਵਰਗ ਦੀ ਭਲਾਈ ਲਈ ਕਈ ਸਕੀਮਾਂ ਉਲੀਕੀਆਂ ਜਾ ਰਹੀਆਂ ਹਨ ਤਾਂ ਜੋ ਮਜ਼ਦੂਰ ਵਰਗ ਦਾ ਜੀਵਨ ਪੱਧਰ ਉੱਚਾ ਹੋ ਸਕੇ। ਉਨ੍ਹਾਂ ਇਹ ਵੀ ਕਿਹਾ ਕਿ ਭਾਰਤ ਵਿੱਚ ਮਜ਼ਦੂਰਾਂ ਦੀ ਹਾਲਤ ਬਹੁਤ ਹੀ ਤਰਸਯੋਗ ਹੈ, ਪਰ ਪੰਜਾਬ ਦੇ ਮਜ਼ਦੂਰ ਭਗਵੰਤ ਮਾਨ ਦੀਆਂ ਮਜ਼ਦੂਰ ਪੱਖੀ ਨੀਤੀਆਂ ਤੋਂ ਪੂਰੀ ਤਰ੍ਹਾਂ ਖੁਸ਼ ਹੈ।ਇਸ ਮੌਕੇ ਉਨ੍ਹਾਂ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਦੇ ਫਰਜ਼ੰਦ ਗੁਰਮੀਤ ਸਿੰਘ ਵਿੱਕੀ , ਪ੍ਰਧਾਨ ਪਰੀਤ ਗਿੱਲ,ਵਿਧਾਨ ਸਭਾ ਹਲਕਾ ਸ਼ੁਤਰਾਣਾ ਯੂਥ ਦੇ ਪ੍ਰਧਾਨ ਮਨਵੀਰ ਸਿੰਘ ਮੰਨਾ ਸੰਧੂ, ਕੰਬੋਜ ਭਲਾਈ ਬੋਰਡ ਦੇ ਡਾਇਰੈਕਟਰ ਕੁਲਦੀਪ ਸਿੰਘ ਥਿੰਦ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।

## ਬਲਜਿੰਦਰ ਸਿੰਘ ਢਿੱਲੋਂ ਵੱਲੋਂ ਲੋਕਾਂ ਦੀਆਂ ਸਮੱਸਿਆਵਾਂ ਸੁਣ ਕੇ ਹੱਲ ਦਾ ਭਰੋਸਾ

ਦੇਵੀਗੜ੍ਹ, 1 ਮਈ (ਗੁਰਜੀਤ ਢੌਟ) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ



ਐਗਰੋ ਫੂਡ ਦੇ ਚੇਅਰਮੈਨ ਅਤੇ ਲੋਕ ਸਭਾ ਇੰਚਾਰਜ ਬਲਜਿੰਦਰ ਸਿੰਘ ਢਿੱਲੋਂ ਵੱਲੋਂ ਆਪਣੀ ਟੀਮ ਸਮੇਤ ਹਲਕਾ ਸਨੌਰ ਅਧੀਨ ਪੈਂਦੇ ਪਿੰਡ ਜੁਲਕਾਂ, ਬਿੰਜਲ ਅਤੇ ਨੇੜਲੇ ਪਿੰਡਾਂ ਦਾ ਦੌਰਾ ਕੀਤਾ ਗਿਆ। ਦੌਰੇ ਦੌਰਾਨ ਉਨ੍ਹਾਂ ਨੇ ਪਿੰਡ ਵਾਸੀਆਂ ਨਾਲ ਰੂਬਰੂ ਹੋ ਕੇ ਉਨ੍ਹਾਂ ਦੀਆਂ ਰੋਜ਼ਾਨਾ ਜ਼ਿੰਦਗੀ ਨਾਲ ਜੁੜੀਆਂ ਸਮੱਸਿਆਵਾਂ ਨੂੰ ਧਿਆਨ ਨਾਲ ਸੁਣਿਆ। ਇਸ ਸਬੰਧੀ ਬਲਜਿੰਦਰ ਸਿੰਘ ਢਿੱਲੋਂ ਨੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੀਆਂ ਅਸਲ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਲਿਆ ਜਾਵੇਗਾ ਅਤੇ ਸਰਕਾਰ ਤੱਕ ਮਜ਼ਬੂਤੀ ਨਾਲ ਪਹੁੰਚਾ ਕੇ ਹੱਲ ਕਰਵਾਇਆ ਜਾਵੇਗਾ। ਮੰਡੀ ਕਰਨ ਬੋਰਡ ਅਧੀਨ ਬਣ ਰਹੀ ਬਿੰਜਲ-ਜੁਲਕਾਂ ਸੜਕ ਦਾ ਨਿਰੀਖਣ ਕਰਦਿਆਂ ਉਨ੍ਹਾਂ ਨੇ ਮੌਕੇ 'ਤੇ ਮੌਜੂਦ ਅਧਿਕਾਰੀਆਂ ਤੋਂ ਮਟੀਰੀਅਲ ਅਤੇ ਗੁਣਵੱਤਾ ਸਬੰਧੀ ਜਾਣਕਾਰੀ ਪ੍ਰਾਪਤ ਕੀਤੀ। ਦੌਰੇ ਦੌਰਾਨ ਵੱਡੀ ਗਿਣਤੀ ਵਿੱਚ ਇਲਾਕਾ ਵਾਸੀ ਮੌਜੂਦ ਸਨ।

## ਘੇਰ ਕੇ ਕੀਤੀ ਕੁੱਟਮਾਰ, ਮਾਮਲਾ ਦਰਜ

ਦੇਵੀਗੜ੍ਹ, 1 ਮਈ (ਗੁਰਜੀਤ ਢੌਟ) : ਥਾਣਾ ਜੁਲਕਾਂ ਪੁਲਿਸ ਕੋਲ ਬਬਲੀ ਕੌਰ ਪਤਨੀ ਹਰਭਜਨ ਸਿੰਘ ਵਾਸੀ ਰਾਮ ਨਗਰ ਚੁੰਨੀਵਾਲਾ ਨੇ ਕਥਿਤ ਦੋਸ਼ੀਆਂ ਪਰਨਦੀਪ ਸਿੰਘ, ਪ੍ਰਭਜੋਤ ਸਿੰਘ ਵਾਸੀ ਪਿੰਡ ਰੁੜਕੀ ਬੁੱਧ ਸਿੰਘ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਹ ਆਪਣੇ ਮਕਾਨ ਦਾ ਲੈਂਟਰ ਖੋਲ ਰਹੇ ਸਨ, ਤਾਂ ਕਥਿਤ ਦੋਸ਼ੀਆਂ ਨੇ ਮੌਕੇ ਪਰ ਆ ਕੇ ਉਸ ਦੀ ਘੇਰ ਕੇ ਕੁੱਟਮਾਰ ਕੀਤੀ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ, ਵਜਾ ਰੰਜਸ਼ ਇਹ ਹੈ ਕਿ ਜ਼ਮੀਨੀ ਤਕਰਾਰਬਾਜ਼ੀ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

## ਪੁਲਿਸ ਵੱਲੋਂ 7 ਚੋਰੀਸ਼ੁਦਾ ਮੋਟਰਸਾਈਕਲ ਬ੍ਰਾਮਦ

ਮਲੇਰਕੋਟਲਾ, 1 ਮਈ (ਬਲਜੀਤ ਸਿੰਘ ਟਿੱਬਾ) : ਸੀਨੀਅਰ ਕਪਤਾਨ ਪੁਲਿਸ ਗਗਨ ਅਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਹੇਠ ਚੋਰੀ ਅਤੇ ਵਾਹਨ ਚੋਰੀ ਵਿਰੁੱਧ ਚੱਲ ਰਹੀ ਵਿਸ਼ੇਸ਼ ਮੁਹਿੰਮ ਦੌਰਾਨ ਪੁਲਿਸ ਨੂੰ ਮਹੱਤਵਪੂਰਨ ਕਾਮਯਾਬੀ ਪ੍ਰਾਪਤ ਹੋਈ ਹੈ। ਉਪ ਕਪਤਾਨ ਪੁਲਿਸ ਸਬ ਡਵੀਜ਼ਨ ਅਹਿਮਦਗੜ੍ਹ ਸੁਖਦੇਵ ਸਿੰਘ ਅਤੇ ਮੁੱਖ ਥਾਣਾ ਅਫਸਰ ਸਦਰ ਅਹਿਮਦਗੜ੍ਹ ਇੰਸਪੈਕਟਰ ਗੁਰਪ੍ਰੀਤ ਕੌਰ ਦੀ ਅਗਵਾਈ ਹੇਠ ਪੁਲਿਸ ਪਾਰਟੀ ਥਾਣੇਦਾਰ ਹਰਜਿੰਦਰ ਸਿੰਘ ਵੱਲੋਂ ਨਾਕਾਬੰਦੀ ਕੀਤੀ ਗਈ। ਇਸ ਨਾਕਾਬੰਦੀ ਦੌਰਾਨ ਮੁਕੱਦਮਾ ਨੰਬਰ 62 ਅਧੀਨ ਧਾਰਾ 303(2), 317(2) ਬੀ.ਐਨ.ਐਸ ਥਾਣਾ ਸਦਰ ਅਹਿਮਦਗੜ੍ਹ ਵਿੱਚ ਦਰਜ ਮਾਮਲੇ ਵਿੱਚ ਸਫੀ ਮੁਹੰਮਦ ਉਰਫ ਸੈਬੀ ਪੁੱਤਰ ਮੁਹੰਮਦ ਇਕਬਾਲ ਉਰਫ ਬਾਲੀ ਵਾਸੀ ਪਿੰਡ ਮਤੋਈ ਨੂੰ ਕਾਬੂ ਕੀਤਾ ਗਿਆ। ਪੁਲਿਸ ਮੁਤਾਬਿਕ ਦੋਸ਼ੀ ਸੜਕਾਂ ਅਤੇ ਘਰਾਂ ਦੇ ਬਾਹਰ ਖੜ੍ਹੇ ਮੋਟਰਸਾਈਕਲਾਂ ਦੇ ਤਾਲੇ ਤੋੜ ਕੇ ਚੋਰੀ ਕਰਦਾ ਸੀ। ਇਸ ਕਾਰਵਾਈ ਦੌਰਾਨ ਪੁਲਿਸ ਵੱਲੋਂ ਚੋਰੀ ਕੀਤੇ ਮੋਟਰਸਾਈਕਲ ਸਮੇਤ ਦੋਸ਼ੀ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਗਹਿਰਾਈ ਨਾਲ ਪੜਤਾਲ ਕਰਨ ਦੇ ਉਪਰੰਤ ਦੋਸ਼ੀ ਦੀ ਨਿਸ਼ਾਨਦੇਹੀ 'ਤੇ ਕੁੱਲ 7 ਚੋਰੀਸ਼ੁਦਾ ਵਾਹਨ ਬਰਾਮਦ ਕੀਤੇ ਗਏ ਹਨ।

## ਜ਼ਿਲ੍ਹਾ ਪਟਿਆਲਾ 'ਚ ਜਨਗਣਨਾ-2027 ਦੇ ਪਹਿਲੇ ਫੇਸ ਹਾਊਸ ਲਿਸਟਿੰਗ ਸਬੰਧੀ ਸੈਲਫ ਇਨੂਮੀਰੇਸ਼ਨ ਦੀ ਸ਼ੁਰੂਆਤ

### ਚੇਅਰਮੈਨ ਮਹਿਤਾ ਸਮੇਤ ਏ.ਡੀ.ਸੀਜ ਨੇ ਵੀ 'ਸੈਲਫ ਇਨੂਮੀਰੇਸ਼ਨ' ਕਰਨ 'ਚ ਆਪਣਾ ਯੋਗਦਾਨ ਪਾਇਆ

ਪਟਿਆਲਾ, 1 ਮਈ (ਰੁਪਾਣਾ) : ਜ਼ਿਲ੍ਹਾ ਪਟਿਆਲਾ 'ਚ ਵੀ ਪੂਰੇ ਭਾਰਤ ਦੇ ਨਾਲ ਹੀ ਜਨਗਣਨਾ-2027 ਦੇ ਪਹਿਲੇ ਫੇਸ-ਹਾਊਸ 'ਚ ਲਿਸਟਿੰਗ ਸਬੰਧੀ ਸੈਲਫ ਇਨੂਮੀਰੇਸ਼ਨ ਦੀ ਸ਼ੁਰੂਆਤ ਹੋ ਗਈ ਹੈ। ਇਸ ਦੌਰਾਨ ਪਟਿਆਲਾ ਦੇ ਡਿਪਟੀ ਕਮਿਸ਼ਨਰ-ਕਮ-ਪ੍ਰਿੰਸੀਪਲ ਸੈਂਸੰਜ ਅਫਸਰ ਡਾ. ਹਿਮਾਂਸ਼ੂ ਅਗਰਵਾਲ ਨੇ ਜ਼ਿਲ੍ਹੇ ਦੇ ਸਮੂਹ ਨਾਗਰਿਕਾਂ ਨੂੰ ਜਨਗਣਨਾ-2026 'ਸੈਲਫ ਇਨੂਮੀਰੇਸ਼ਨ' ਵਿੱਚ ਵੱਧ ਤੋਂ ਵੱਧ ਹਿੱਸਾ ਪਾਉਣ ਲਈ ਅਪੀਲ ਕੀਤੀ ਹੈ। ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਇਸ ਉਪਰੰਤ ਜਨਗਣਨਾ ਦਾ ਪਹਿਲਾ ਫੇਜ਼ 15 ਮਈ 2026 ਤੋਂ 13 ਜੂਨ 2026 ਤੱਕ ਹਾਊਸ ਲਿਸਟਿੰਗ ਵਜੋਂ ਸ਼ੁਰੂ ਕੀਤਾ ਜਾਵੇਗਾ, ਜਿਸ ਵਿੱਚ ਇਨੂਮੀਰੇਟਰ ਲੋਕਾਂ ਦੇ ਘਰ-ਘਰ ਜਾ ਕੇ ਹਾਊਸ ਲਿਸਟਿੰਗ ਦਾ ਕੰਮ ਕਰਨਗੇ ਅਤੇ ਨਾਗਰਿਕਾਂ ਨੂੰ 33 ਸਵਾਲ ਪੁੱਛੇ ਜਾਣਗੇ। ਇਸੇ ਦੌਰਾਨ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਤੇਜਿੰਦਰ ਮਹਿਤਾ ਸਮੇਤ ਵਧੀਕ ਡਿਪਟੀ ਕਮਿਸ਼ਨਰ (ਯੂ.ਡੀ.) ਨਵਰੀਤ ਕੌਰ ਸੇਖੋਂ ਅਤੇ ਵਧੀਕ ਡਿਪਟੀ ਕਮਿਸ਼ਨਰ (ਜ) ਸਿਮਰਪ੍ਰੀਤ ਕੌਰ ਨੇ ਵੀ ਜਨਗਣਨਾ ਦੇ ਪਹਿਲੇ ਫੇਸ ਹਾਊਸ ਲਿਸਟਿੰਗ ਦੌਰਾਨ 'ਸੈਲਫ ਇਨੂਮੀਰੇਸ਼ਨ' ਕਰਨ ਵਿੱਚ ਆਪਣਾ ਯੋਗਦਾਨ ਪਾਇਆ। ਉਨ੍ਹਾਂ ਦੱਸਿਆ ਕਿ ਜਨਗਣਨਾ 'ਸੈਲਫ ਇਨੂਮੀਰੇਸ਼ਨ' ਇੱਕ ਬਹੁਤ ਹੀ ਅਸਾਨ ਢੰਗ ਹੈ ਜੋ ਹਰ ਕੋਈ ਘਰ ਬੈਠ ਕੇ ਹੀ ਇੰਟਰਨੈਟ ਰਾਹੀਂ https://se.census.gov.in/ ਸਾਈਟ 'ਤੇ ਜਾ ਕੇ ਮਿਤੀ 30 ਅਪ੍ਰੈਲ 2026 ਤੋਂ 14 ਮਈ 2026 ਤੱਕ ਆਪ ਕਰ ਸਕਦਾ ਹੈ। ਇਸ ਦੌਰਾਨ ਵਧੀਕ ਡਿਪਟੀ ਕਮਿਸ਼ਨਰ (ਆਰ.ਡੀ)-ਕਮ-ਵਧੀਕ ਜ਼ਿਲ੍ਹਾ ਸੈਂਸੰਜ ਅਫਸਰ ਦਮਨਜੀਤ ਸਿੰਘ ਮਾਨ ਨੇ ਵੀ ਲੋਕਾਂ ਨੂੰ ਜਨਗਣਨਾ-2026 'ਸੈਲਫ ਇਨੂਮੀਰੇਸ਼ਨ' ਵਿੱਚ ਵੱਧ ਤੋਂ ਵੱਧ ਹਿੱਸਾ ਪਾਉਣ ਲਈ ਅਪੀਲ ਕੀਤੀ ਹੈ। ਇਸ ਮੌਕੇ ਦਫ਼ਤਰ ਡਾਇਰੈਕਟਰ, ਸੈਂਸੰਜ ਉਪਰੇਸ਼ਨ, ਪੰਜਾਬ ਦੇ ਸਟੈਟਿਸਟੀਕਲ ਇਨਵੈਸਟੀਗੇਟਰ ਗ੍ਰੇਡ-99 ਮਿਸ ਨਿਧੀ ਅਤੇ ਸੈਂਸੰਜ ਸੈੱਲ, ਉਪ ਅਰਥ ਅਤੇ ਅੰਕੜਾ ਸਲਾਹਕਾਰ-ਕਮ-ਵਧੀਕ ਜ਼ਿਲ੍ਹਾ ਸੈਂਸੰਜ ਅਫ਼ਸਰ ਦੀ ਟੀਮ ਹਾਜ਼ਰ ਰਹੀ।

## ਨਸ਼ੇ ਦਾ ਸੇਵਨ ਕਰਦੀ ਮਹਿਲਾ ਕਾਬੂ

ਸਮਾਣਾ, 1 ਮਈ (ਵਿਜੇ ਕੁਮਾਰ) : ਸਿਟੀ ਪੁਲਿਸ ਨੇ ਇੱਕ ਮਹਿਲਾ ਨੂੰ ਲਾਈਟਰ ਅਤੇ ਸਿਲਵਰ ਪੰਨੀ ਸਮੇਤ ਕਾਬੂ ਕਰਕੇ ਉਸ ਦੇ ਖ਼ਿਲਾਫ਼ ਐਨ.ਡੀ.ਪੀ.ਐਸ. ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮਹਿਲਾ ਦੀ ਪਛਾਣ ਕਾਂਤੋ ਪਤਨੀ ਜੋਗਾ ਸਿੰਘ, ਵਾਸੀ ਪਿੰਡ ਮੁਰਾਦਪੁਰਾ ਵਜੋਂ ਹੋਈ ਹੈ। ਸਿਟੀ ਪੁਲਿਸ ਇੰਚਾਰਜ ਸਬ-ਇੰਸਪੈਕਟਰ ਬਲਜੀਤ ਸਿੰਘ ਨੇ ਦੱਸਿਆ ਕਿ ਹੈੱਡ ਕਾਂਸਟੇਬਲ ਗਗਨਦੀਪ ਸਿੰਘ ਪੁਲਿਸ ਪਾਰਟੀ ਸਮੇਤ ਇਲਾਕੇ ਵਿੱਚ ਗਸ਼ਤ 'ਤੇ ਮੌਜੂਦ ਸਨ। ਉਸ ਦੌਰਾਨ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਮੁਲਜ਼ਮ ਮਹਿਲਾ ਨਾਮਧਾਰੀ ਕਲੋਨੀ, ਸਮਾਣਾ ਦੇ ਨੇੜੇ ਬੈਠੀ ਨਸ਼ੇ ਦਾ ਸੇਵਨ ਕਰ ਰਹੀ ਹੈ। ਪੁਲਿਸ ਪਾਰਟੀ ਵੱਲੋਂ ਮਾਰੇ ਗਏ ਛਾਪੇ ਦੌਰਾਨ ਮਹਿਲਾ ਕੋਲੋਂ ਇੱਕ ਲਾਈਟਰ ਅਤੇ ਸਿਲਵਰ ਪੰਨੀ ਬਰਾਮਦ ਹੋਣ 'ਤੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਪੁਲਿਸ ਅਧਿਕਾਰੀ ਅਨੁਸਾਰ, ਮਹਿਲਾ ਦੀ ਡੋਪ ਟੈਸਟ ਰਿਪੋਰਟ ਆਉਣ ਤੋਂ ਬਾਅਦ ਅਗਲੇਰੀ ਪੁਲਿਸ ਕਾਰਵਾਈ ਕੀਤੀ ਜਾਵੇਗੀ।

## ਪਿੰਡ ਉਲਾਣਾ ਵਿਖੇ ਖ਼ੂਨਦਾਨ ਅਤੇ ਮੈਡੀਕਲ ਕੈਂਪ ਲਗਾਉਣਾ ਸ਼ਲਾਘਾਯੋਗ : ਵਿੱਕੀ ਘਨੌਰ

ਘਨੌਰ, 1 ਮਈ (ਰਾਜਿੰਦਰ ਸਿੰਘ ਕੰਬੋਜ) : ਹਲਕ ਘਨੌਰ ਵਿੱਚ ਪੈਂਦੇ ਪਿੰਡ ਉਲਾਣਾ ਵਿਖੇ ਡਾ. ਭੀਮ ਰਾਓ ਅੰਬੇਡਕਰ ਸਮਾਜ ਸੇਵਾ ਸਭਾ ਵੱਲੋਂ ਪ੍ਰਧਾਨ ਬਰਿੰਦਰਪਾਲ ਸਿੰਘ ਸਮੂਹ ਕਮੇਟੀ ਦੀ ਨਿਗਰਾਨੀ ਹੇਠ ਪਹਿਲਾ ਖ਼ੂਨਦਾਨ ਅਤੇ ਸਿਹਤ ਮੈਡੀਕਲ ਕੈਂਪ ਲਗਾਇਆ ਗਿਆ, ਜਿਸ ਵਿੱਚ ਲੱਗਪਗ 70 ਤੋਂ ਵੱਧ ਵਿਅਕਤੀਆਂ ਨੇ ਖ਼ੂਨਦਾਨ ਕੀਤਾ ਅਤੇ ਲੱਗਪਗ 250 ਦੇ ਕਰੀਬ ਪਿੰਡ ਦੀਆਂ ਔਰਤਾਂ ਅਤੇ ਮਰਦਾਂ ਨੇ ਫਰੀ ਸਿਹਤ ਮੈਡੀਕਲ ਕੈਂਪ ਦਾ ਲਾਭ ਲਿਆ। ਅੱਜ ਦੇ ਇਸ ਕੈਂਪ ਵਿੱਚ ਗਿਆਨ ਸਾਗਰ ਮੈਡੀਕਲ ਕਾਲਜ ਬਨੂੜ ਅਤੇ ਨੀਲਮ ਹਸਪਤਾਲ ਰਾਜਪੁਰਾ ਦੀਆਂ ਟੀਮਾਂ ਸ਼ਾਮਿਲ ਹੋਈਆਂ। ਅੱਜ ਕੈਂਪ ਦੌਰਾਨ



ਮੁੱਖ ਮਹਿਮਾਨ ਵਜੋਂ ਤੇਜਿੰਦਰ ਮਹਿਤਾ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ ਅਤੇ ਮਨਿੰਦਰਜੀਤ ਸਿੰਘ ਵਿੱਕੀ ਘਨੌਰ ਉੱਪ ਚੇਅਰਮੈਨ ਪੰਜਾਬ ਹੈਲਥ ਕਾਰਪੋਰੇਸ਼ਨ ਸਿਸਟਮ ਪੰਜਾਬ ਨੇ ਸ਼ਮੂਲੀਅਤ ਕੀਤੀ। ਇਸੇ ਦੌਰਾਨ ਚੇਅਰਮੈਨ ਵਿੱਕੀ ਘਨੌਰ ਨੇ ਕਿਹਾ ਕਿ ਖ਼ੂਨਦਾਨ ਅਤੇ ਮੈਡੀਕਲ ਕੈਂਪ ਲਗਾਉਣਾ ਸਭਾ ਦਾ ਬਹੁਤ ਹੀ ਸ਼ਲਾਘਾਯੋਗ ਕਾਰਜ ਹੈ। ਇਸ ਮੌਕੇ ਤੇ ਮੀਤ ਪ੍ਰਧਾਨ ਮਨਜੀਤ ਸਿੰਘ, ਖਜਾਨਚੀ ਗੁਰਪ੍ਰੀਤ ਸਿੰਘ, ਜਨਰਲ ਸਕੱਤਰ ਗੁਰਦੇਵ ਸਿੰਘ, ਮੈਂਬਰ ਹਰਭਜਨ ਸਿੰਘ, ਮੈਂਬਰ ਦਰਸ਼ਨ ਸਿੰਘ, ਮੈਂਬਰ ਸਤਨਾਮ ਸਿੰਘ, ਮੈਂਬਰ ਜਗਦੀਸ਼ ਸਿੰਘ, ਰੂਪ ਸਿੰਘ ਖਾਲਸਾ,ਸਰਪੰਚ ਰਾਜਿੰਦਰ ਕੁਮਾਰ ਭੋਲਾ, ਸਰਬਜੀਤ ਸਿੰਘ ਕਾਮੀ ਕਲਾਂ,ਗੁਰਪ੍ਰੀਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਤਵੰਤੇ ਹਾਜ਼ਰ ਸਨ।

## ਜਸਵਿੰਦਰ ਕੌਰ ਭੁੱਲਰ ਨੇ ਮਜ਼ਦੂਰ ਦਿਵਸ ਮਨਾਇਆ

ਭਾਦਸੋਂ, 1 ਮਈ (ਭਰਪੂਰ ਸਿੰਘ ਮੱਟਰਾਂ) : ਉੱਘੇ ਸਮਾਜ ਸੇਵਕਾ ਸੀਨੀਅਰ 'ਆਪ' ਆਗੂ ਬਲਾਕ ਪ੍ਰਧਾਨ ਮਹਿਲਾ ਵਿੰਗ ਭਾਦਸੋਂ ਮੈਡਮ ਜਸਵਿੰਦਰ ਕੌਰ ਭੁੱਲਰ ਵੱਲੋਂ ਅੱਜ ਮਜ਼ਦੂਰ ਦਿਵਸ 'ਤੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਤੇ ਕਿਰਤੀ ਕਾਮਿਆ ਨੂੰ ਵਧਾਈ ਦਿੱਤੀ ਇਸ ਮੌਕੇ 'ਤੇ ਮੈਡਮ ਜਸਵਿੰਦਰ ਕੌਰ ਭੁੱਲਰ ਵੱਲੋਂ ਰਾਧਾ ਕ੍ਰਿਸ਼ਨ ਮੰਡਲੀ



ਵੱਲੋਂ ਆਪਣੇ ਗ੍ਰਹਿ ਵਿਖੇ ਭਜਨ ਕੀਰਤਨ ਕਰਵਾਇਆ ਗਿਆ। ਇਹ ਸਮਾਗਮ ਮਹਿਲਾਵਾਂ ਵੱਲੋਂ ਰਲ ਮਿਲ ਕੇ ਕਰਵਾਇਆ ਗਿਆ। ਇਸ ਮੌਕੇ ਸਵੀਟੀ ਸੂਦ ਐਂਡ ਪਾਰਟੀ, ਅਮਨਦੀਪ ਕੌਰ ,ਮਨਦੀਪ ਕੌਰ ਆਰਤੀ ਨੰਦਾ , ਸਰਬਜੀਤ ਕੌਰ, ਮਨਜੀਤ ਕੌਰ, ਪ੍ਰਿਆ ਸਿੰਗਲਾ, ਮਨਜੀਤ ਕੌਰ ਖੱਟੜਾ , ਜੋਰਾ ਸਿੰਘ ਆਦਿ ਹਾਜ਼ਰ ਸਨ।

## 'ਹਰ ਸ਼ੁੱਕਰਵਾਰ, 'ਡੇਂਗੂ 'ਤੇ ਵਾਰ' ਮੁਹਿੰਮ ਤਹਿਤ ਡਰਾਈ ਡੇ ਮਨਾਇਆ

ਸਮਾਣਾ, 1 ਮਈ (ਵਿਜੇ ਕੁਮਾਰ) : ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਅਤੇ ਸੀਨੀ: ਮੈਡੀਕਲ



ਅਫਸਰ ਡਾ ਨੰਦਨੀ ਸ਼ਰਮਾ ਸਿਵਲ ਹਸਪਤਾਲ ਸਮਾਣਾ ਦੀ ਅਗਵਾਈ ਹੇਠ ਹਰ ਸ਼ੁਕਰਵਾਰ, 'ਡੇਂਗੂ 'ਤੇ ਵਾਰ' ਮੁਹਿੰਮ ਤਹਿਤ ਡਰਾਈ ਡੇ ਮਨਾਇਆ ਗਿਆ, ਜਿਸ ਤਹਿਤ ਟੀਮਾਂ ਵੱਲੋਂ ਸ਼ਹਿਰ ਦੇ ਵੱਖ ਵੱਖ ਹਿੱਸਿਆਂ ਵਿਚ ਚੈਕਿੰਗ ਕੀਤੀ। ਇਸ ਮੌਕੇ ਡਾ: ਨੰਦਨੀ ਸ਼ਰਮਾ ਨੇ ਦੱਸਿਆ ਕਿ ਲੋਕਾਂ ਨੂੰ ਡੇਂਗੂ ਦੀ ਜਾਂਚ ਤੇ ਇਸ ਦੇ ਇਲਾਜ ਸੰਬੰਧੀ ਜਾਗਰੂਕ ਕੀਤਾ ਗਿਆ। ਡੇਂਗੂ ਦਾ ਮੱਛਰ 7 ਤੋਂ 10 ਦਿਨ ਵਿਚ ਅੰਡੇ ਤੋਂ ਪੂਰਾ ਮੱਛਰ ਬਣਦਾ ਹੈ, ਇਸ ਲਈ ਹਰ ਸ਼ੁਕਰਵਾਰ ਨੂੰ ਡੇਂਗੂ ਦਾ ਲਾਰਵਾ ਪੈਦਾ ਹੋਣ ਵਾਲੀਆ ਥਾਵਾਂ ਜਿਵੇਂ ਕੂਲਰਾਂ, ਗਮਲਿਆਂ, ਫਰਿੱਜਾਂ ਦੀਆਂ ਟ੍ਰੇਆਂ ਆਦਿ ਨੂੰ ਸਾਫ ਕਰਨਾ ਤੇ ਸੁਕਾਉਣਾ ਚਾਹੀਦਾ ਹੈ ਤਾਂ ਜੋ ਡੇਂਗੂ ਦਾ ਲਾਰਵਾ ਪੈਦਾ ਨਾ ਹੋ ਸਕੇ। ਇਸ ਮੌਕੇ ਡਾ: ਜਿਤੇਨ ਡਾਹਰਾ, ਹੈਲਥ ਸੁਪਰਵਾਇਜਰ ਜਸਕਰਨ ਸਿੰਘ, ਹਰਵਿੰਦਰ ਸਿੰਘ ਹੈਲਥ ਵਰਕਰ, ਅਵਤਾਰ ਸਿੰਘ, ਸੋਨੂੰ ਕਲਿਆਣ ਤੇ ਨਰਸਿੰਗ ਕਾਲਜ ਦੇ ਵਿਦਿਆਰਥੀ ਵੀ ਹਾਜ਼ਰ ਸਨ।

## ਨਸ਼ੇ ਦਾ ਸੇਵਨ ਕਰਨ 'ਤੇ ਮਾਮਲਾ ਦਰਜ

ਪਟਿਆਲਾ, 1 ਮਈ (ਵਿਨੋਦ ਸ਼ਰਮਾ) : ਥਾਣਾ ਅਰਬਨ ਅਸਟੇਟ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀਆਂ ਲਵਦੀਪ ਸਿੰਘ ਵਾਸੀ ਗਲੀ ਨੰ. 01 ਤਫੱਜਲਪੁਰਾ ਪਟਿਆਲਾ, ਅੰਮ੍ਰਿਤਪਾਲ ਸਿੰਘ ਵਾਸੀ ਪਿੰਡ ਖਤੋਈ ਜ਼ਿਲ੍ਹਾ ਪਟਿਆਲਾ ਵਿਰੁੱਧ ਧਾਰਾ 27, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਹੌਲਦਾਰ ਸੰਦੀਪ ਕੁਮਾਰ ਸਮੇਤ ਪੁਲਿਸ ਸਾਧੂ ਬੇਲਾ ਰੋਡ ਫੇਸ-4 ਮੌਜੂਦ ਸੀ, ਜੋ ਕਥਿਤ ਦੋਸ਼ੀਆਂ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ ਦੋਸ਼ੀਆਨ ਦਾ ਨਸ਼ਾ ਕੀਤਾ ਜਾਪਦਾ ਪਾਇਆ ਗਿਆ. ਜੋ ਦੋਸ਼ੀਆਂ ਨੇ ਦੱਸਿਆ ਕਿ ਉਹ ਨਸ਼ੇ ਕਰਨ ਦੇ ਆਦੀ ਹਨ ਤੇ ਹੁਣ ਵੀ ਨਸ਼ਾ ਕੀਤਾ ਹੋਇਆ ਹੈ।

## ਸਰਕਾਰੀ ਸਕੂਲ ਟੋਡਰਪੁਰ ਦੇ ਵਿਦਿਆਰਥੀਆਂ ਨੇ ਸਕਾਲਰਸ਼ਿਪ ਪ੍ਰੀਖਿਆ 'ਚ ਮਾਰੀਆਂ ਮੱਲਾਂ

ਸਮਾਣਾ, 1 ਮਈ (ਵਿਜੇ ਕੁਮਾਰ) : ਸਰਕਾਰੀ ਸੀਨੀਅਰ ਸੈਕੰਡਰੀ ਸਕੂਲ



ਪਿੰਡ ਟੋਡਰਪੁਰ ਦੇ ਤਿੰਨ ਹੋਣਹਾਰ ਵਿਦਿਆਰਥੀਆਂ ਨੇ ਨਸਿੰਦਰਬੀਰ ਕੌਰ, ਤਰਨਮੀਤ ਕੌਰ ਅਤੇ ਬਨੀਸਾ ਨੇ ਸਕਾਲਰਸ਼ਿਪ ਪ੍ਰੀਖਿਆ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਸੰਸਥਾ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ। ਇਸ ਪ੍ਰਾਪਤੀ ਦਾ ਸਿਹਰਾ ਵਿਦਿਆਰਥੀਆਂ ਦੀ ਸਖਤ ਮਿਹਨਤ ,ਅਨੁਸ਼ਾਸਨ ਅਤੇ ਅਧਿਆਪਕਾਂ ਦੇ ਯੋਗ ਮਾਰਗ ਦਰਸ਼ਨ ਨੂੰ ਜਾਂਦਾ ਹੈ।ਇਹਨਾਂ ਤਿੰਨਾਂ ਵਿਦਿਆਰਥੀਆਂ ਨੇ ਹੀ ਅੱਠਵੀਂ ਬੋਰਡ ਪ੍ਰੀਖਿਆ ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ ਹੈ । ਸਕੂਲ ਇੰਚਾਰਜ ਮਿਸ ਸੀਮਾ ਮਾਨ ਅਤੇ ਸਮੂਹ ਸਟਾਫ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ।

## ਜਗਦੇਵ ਸਿੰਘ ਸੰਧੂ ਵਾਰਡ ਨੰਬਰ 5 ਤੋਂ ਲੜਨਗੇ ਚੋਣ

ਪਾਤੜਾਂ, 1 ਮਈ (ਹਰਮਿੰਦਰ ਕਰਤਾਰਪੁਰ): ਸਾਬਕਾ ਵਿਦਿਆਰਥੀ ਆਗੂ ਜਗਦੇਵ ਸਿੰਘ ਸੰਧੂ ਵੱਲੋਂ ਪਾਤੜਾਂ ਸ਼ਹਿਰ ਦੀ ਵਾਰਡ 5 ਤੋਂ ਚੋਣ ਲੜਨ ਦਾ ਐਲਾਨ ਕਰਦਿਆਂ ਕਿਹਾ ਕਿ ਵਾਰਡ ਦੇ ਵੋਟਰਾਂ ਵੱਲੋਂ ਮਿਲੇ ਭਰਪੂਰ ਹੁੰਗਾਰੇ ਤੋਂ ਬਾਅਦ ਉਨ੍ਹਾਂ ਵੱਲੋਂ ਇਹ ਫੈਸਲਾ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਉਹ ਵਾਰਡ ਦੇ ਲੋਕਾਂ ਦੀ ਤਕਲੀਫਾਂ ਨੂੰ ਗਰਾਉਂਡ ਲੇਵਲ ਉੱਪਰ ਸਮਝਦੇ ਹਨ ,ਕਿਉਂਕਿ ਉਨ੍ਹਾਂ ਦਾ ਪਰਿਵਾਰ ਬੀਤੇ ਤਿੰਨ ਦਹਾਕਿਆਂ ਤੋਂ ਵਾਰਡ ਵਿੱਚ ਰਹਿ ਕੇ ਬਿਨਾਂ ਕਿਸੇ ਲਾਲਚ ਤੋਂ ਆਮ ਲੋਕਾਂ ਦੀ ਮਦਦ ਕਰਦਾ ਆ ਰਿਹਾ ਹੈ, ਜਦੋਂ ਉਨ੍ਹਾਂ ਨੂੰ ਇਹ ਪੁੱਛਿਆ ਗਿਆ ਕਿ ਉਹ ਅਜ਼ਾਦ ਚੋਣ ਲੜਨਗੇ ਜਾਂ ਫਿਰ ਕਿਸੇ ਸਿਆਸੀ ਪਾਰਟੀ ਦੀ ਟਿਕਟ ਉੱਪਰ ਚੋਣ ਲੜਨਗੇ ਤਾਂ ਉਨ੍ਹਾਂ ਕਿਹਾ ਕਿ ਇਸ ਦਾ ਫ਼ੈਸਲਾ ਵਾਰਡ ਦੇ ਲੋਕਾਂ ਨੇ ਕਰਨਾ ਹੈ ਉਹ ਜਿਸ ਤਰ੍ਹਾਂ ਕਹਿਣਗੇ ਉਸੇ ਤਰ੍ਹਾਂ ਹੀ ਕੀਤਾ ਜਾਵੇਗਾ। ਇਸ ਮੌਕੇ ਉਨ੍ਹਾਂ ਨਾਲ ਯੂਥ ਆਗੂ ਸਤਨਾਮ ਸਿੰਘ ਤਰਨੇ, ਪਰਮਜੀਤ ਸਿੰਘ, ਸੋਨੂੰ ਸੇਖੋਂ,ਕਿਰਤ ਕੁਮਾਰ ਸਿੰਗਲਾ, ਸੁਖਵਿੰਦਰ ਸਿੰਘ ਭੁੱਲਰ, ਡਾਕਟਰ ਸ਼ਮਿੰਦਰ ਸਿੰਘ, ਗੁਰਪਾਲ ਸਿੰਘ ਥਿੰਦ, ਕ੍ਰਿਸ਼ਨ ਕੁਮਾਰ, ਸੁੱਖਾ ਖਾਨ, ਰਮਨਦੀਪ ਸਿੰਘ ਝੰਡ, ਕਾਕਾ ਡੀਲਰ, ਦਿਲਬਾਗ ਸਿੰਘ, ਅਮਰਜੀਤ ਸਿੰਘ, ਜਤਿੰਦਰ ਸਿੰਘ ਹਾਂਡਾ, ਬਲਦੇਵ ਸਿੰਘ ਤੂਰ, ਗੋਲਡੀ ਸੁਨਿਆਰ, ਹਰਜਿੰਦਰ ਸਿੰਘ ਡੀਲਰ, ਜਸਵਿੰਦਰ ਸਿੰਘ ਸੰਧੂ, ਤੇਜਿੰਦਰ ਸਿੰਘ ਸ਼ਰਮਾ, ਸੁਰਜੀਤ ਸਿੰਘ, ਸੱਗੂ ਟੇਲਰ, ਰਣਜੀਤ ਸਿੰਘ, ਰਾਮ ਕੇਵਲ, ਗੁਰਦੀਪ ਸਿੰਘ, ਕੁਲਵੰਤ ਸਿੰਘ, ਜੀਤ ਸਿੰਘ, ਜਸ਼ਨਦੀਪ ਸਿੰਘ, ਗੁਰਮੁਖ ਸਿੰਘ ਸੰਧੂ, ਗੁਰਦਿੱਤ ਸਿੰਘ, ਗੁਰਬਾਜ਼ ਸਿੰਘ, ਗੁਰਚਰਨ ਸਿੰਘ,ਗਗਨ ਵੜੈਚ, ਚਮਕੌਰ ਸਿੰਘ, ਬੂਟਾ ਸਿੰਘ, ਅਵਤਾਰ ਸਿੰਘ, ਅਸ਼ਵਨੀ, ਅਜੀਤ ਕੁਮਾਰ ਆਦਿ ਪ੍ਰਮੁੱਖ ਤੌਰ 'ਤੇ ਹਾਜ਼ਰ ਸਨ।



## 'ਅਕਾਲੀ ਦਲ ਵਾਰਸ ਪੰਜਾਬ' ਦੇ ਵੱਲੋਂ ਸੁਖਬੀਰ ਸਿੰਘ ਬਲਬੇੜ੍ਹਾ ਮੁੱਖ ਬੁਲਾਰਾ ਨਿਯੁਕਤ

ਬਲਬੇੜ੍ਹਾ/ਡਕਾਲਾ, 1 ਮਈ (ਗੁਰਸੇਵਕ ਸਿੰਘ ਕਰਹਾਲੀ ਸਾਹਿਬ) : ਜਿਵੇਂ-ਜਿਵੇਂ ਪੰਜਾਬ ਵਿਧਾਨ ਸਭਾ ਇਲੈਕਸ਼ਨ 2027 ਨੇੜੇ ਆ ਰਹੇ ਹਨ, ਪੰਜਾਬ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਨੇ ਸਿਆਸੀ ਸਰਗਰਮੀਆਂ ਤੇਜ਼ ਕੀਤੀਆਂ ਹੋਈਆਂ ਹਨ, ਇਸੇ ਲੜੀ ਤਹਿਤ ਅਕਾਲੀ ਦਲ ਵਾਰਸ ਪੰਜਾਬ ਦੇ ਵੱਲੋਂ ਵੀ ਪਾਰਟੀ ਦੀ ਮਜ਼ਬੂਤੀ ਲਈ ਲਗਾਤਾਰ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ 'ਚ ਮੀਟਿੰਗਾਂ ਦਾ ਦੌਰ ਜਾਰੀ ਹੈ, ਬੀਤੇ ਦਿਨੀਂ ਪਾਰਟੀ ਅਕਾਲੀ ਦਲ ਵਾਰਸ ਪੰਜਾਬ ਦੇ ਵੱਲੋਂ ਵੱਖ-ਵੱਖ ਅਹੁਦੇਦਾਰਾਂ ਦੀਆਂ ਨਿਯੁਕਤੀਆਂ ਕੀਤੀਆਂ ਗਈਆਂ ਹਨ, ਜਿਸ ਤਹਿਤ ਬੀਤੇ ਰੋਜ਼ ਅਕਾਲੀ ਦਲ ਵਾਰਸ ਪੰਜਾਬ ਦੇ ਵੱਲੋਂ ਮੁੱਖ ਬੁਲਾਰਿਆਂ ਦੀਆਂ ਨਿਯੁਕਤੀਆਂ ਦੀ ਸੂਚੀ ਜਾਰੀ ਕੀਤੀ ਗਈ ਹੈ, ਜਿਸ ਨੂੰ ਲੈ ਕੇ ਪਟਿਆਲਾ ਜ਼ਿਲ੍ਹੇ ਦੇ ਹਲਕਾ ਸਨੌਰ ਦੇ ਕਸਬਾ ਬਲਬੇੜ੍ਹਾ ਤੋਂ ਨੌਜਵਾਨ ਯੂਥ ਆਗੂ ਸੁਖਬੀਰ ਸਿੰਘ ਬਲਬੇੜ੍ਹਾ ਨੂੰ ਅਕਾਲੀ ਦਲ ਵਾਰਸ ਪੰਜਾਬ ਦੇ ਵੱਲੋਂ ਮੁੱਖ ਬੁਲਾਰਾ ਨਿਯੁਕਤ ਕੀਤਾ ਗਿਆ ਹੈ, ਜਿਸ ਦੇ ਉਪਰੰਤ ਨੌਜਵਾਨ ਆਗੂ ਸੁਖਵੀਰ ਸਿੰਘ ਬਲਬੇੜ੍ਹਾ ਵੱਲੋਂ ਅਦਾਰਾ ਚੜਦੀ ਕਲਾ ਟਾਈਮ ਟੀਵੀ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਪਿਛਲੇ ਦੋ ਦਹਾਕਿਆਂ ਦੇ ਵੱਧ ਸਮੇਂ ਤੋਂ ਪੰਜਾਬ ਦੀ ਸਿਆਸਤ ਨੂੰ ਨੇੜੇ ਤੋਂ ਦੇਖਦੇ ਆ ਰਹੇ ਹਨ ਪਰ ਪੰਜਾਬ 'ਚ ਰਾਜ ਕਰਤਾ ਵੱਖੋ ਵੱਖ ਰਾਜਨੀਤਕ ਪਾਰਟੀਆਂ ਵੱਲੋਂ ਪੰਜਾਬ ਦੇ ਲੋਕਾਂ ਨਾਲ ਫੋਕੇ ਵਾਅਦਿਆਂ ਦੇ ਨਾਲ ਡੰਗ ਟਪਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਉਹਨਾਂ ਜਿੱਥੇ ਉਹਨਾਂ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਦਾ ਸ਼ੁਕਰਾਨਾ ਕੀਤਾ ਉਥੇ ਪ੍ਰਗਟ ਸਿੰਘ ਮੀਆਂ ਵਿੰਡ ਦਫਤਰ ਸਕੱਤਰ ਸ਼੍ਰੋਮਣੀ ਅਕਾਲੀ ਦਲ ਵਾਰਸ ਪੰਜਾਬ ਦੇ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ।



## ਵਿਧਾਇਕ ਕੁਲਵੰਤ ਸਿੰਘ ਬਾਜੀਗਰ ਦੀ ਵਿਸ਼ੇਸ਼ ਪਹਿਲਕਦਮੀ

### ਸਰਕਾਰੀ ਸਕੂਲ ਆਫ ਐਮੀਨੈਂਸ ਦੇ ਵਿਦਿਆਰਥੀਆਂ ਨੂੰ ਦਿਖਾਈ ਵਿਧਾਨ ਸਭਾ ਦੀ ਕਾਰਵਾਈ



ਪਾਤੜਾਂ, 1 ਮਈ (ਹਰਮਿੰਦਰ ਕਰਤਾਰਪੁਰ) : ਸ਼ੁਤਰਾਣਾ ਤੋਂ ਵਿਧਾਇਕ ਸ੍ਰੀ ਕੁਲਵੰਤ ਸਿੰਘ ਬਾਜੀਗਰ ਨੇ ਅੱਜ ਇੱਕ ਵਿਸ਼ੇਸ਼ ਪਹਿਲਕਦਮੀ ਕਰਦੇ ਹੋਏ ਸਰਕਾਰੀ ਸੁਤੰਤਰਤਾ ਸੰਗਰਾਮੀ ਹਰਭਜਨ ਸਿੰਘ ਸਕੂਲ ਆਫ ਐਮੀਨੈਂਸ ਘੱਗਾ ਦੇ ਵਿਦਿਆਰਥੀਆਂ ਨੂੰ ਮਜ਼ਦੂਰ ਦਿਵਸ ਮੌਕੇ ਬੁਲਾਏ ਗਏ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਦੀ ਕਾਰਵਾਈ ਦਿਖਾਈ। ਇਸ ਮੌਕੇ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਵਿਦਿਆਰਥੀਆਂ ਦਾ ਸਵਾਗਤ ਕੀਤਾ, ਵਿਡਿਪਟੀ ਸਪੀਕਰ ਸ੍ਰੀ ਜੈ ਕਿਸ਼ਨ ਸਿੰਘ ਰੋੜੀ ਨੇ ਵਿਦਿਆਰਥੀਆਂ, ਸਕੂਲ ਦੀ ਪ੍ਰਿੰਸੀਪਲ ਸੁਖਜਿੰਦਰ ਕੌਰ ਅਤੇ ਅਧਿਆਪਕਾਂ ਨਾਲ ਵਿਸ਼ੇਸ਼ ਤੌਰ 'ਤੇ ਮੁਲਾਕਾਤ ਕੀਤੀ। ਉਨ੍ਹਾਂ ਵਿਦਿਆਰਥੀਆਂ ਨੂੰ ਵਿਧਾਨ ਸਭਾ ਦੀ ਮਹੱਤਤਾ, ਇਸਦੇ ਕੰਮਕਾਜ ਅਤੇ ਅੱਜ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਮਜ਼ਦੂਰਾਂ ਦੇ ਸਨਮਾਨ ਲਈ ਬੁਲਾਏ ਵਿਸ਼ੇਸ਼ ਸੈਸ਼ਨ ਬਾਰੇ ਜਾਣਕਾਰੀ ਦਿੱਤੀ। ਵਿਦਿਆਰਥੀਆਂ ਨੇ ਵੱਡੇ ਉਤਸ਼ਾਹ ਨਾਲ ਵਿਧਾਨ ਸਭਾ ਦੇ ਕੰਮਕਾਜ ਸਬੰਧੀ ਸਵਾਲ ਪੁੱਛੇ ਅਤੇ ਇਸ ਪ੍ਰਕਿਰਿਆ ਨੂੰ ਨੇੜੇ ਤੋਂ ਜਾਣਨ ਵਿੱਚ ਦਿਲਚਸਪੀ ਦਿਖਾਈ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਅਤੇ ਵਿਦਿਆਰਥੀਆਂ ਨੇ ਵਿਧਾਇਕ ਕੁਲਵੰਤ ਸਿੰਘ ਬਾਜੀਗਰ ਵੱਲੋਂ ਵਿਦਿਆਰਥੀਆਂ ਦਾ ਇਹ ਸਿੱਖਣਯੋਗ ਦੌਰਾ ਆਯਜਿਤ ਕਰਨ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਵਿਧਾਇਕ ਸ੍ਰੀ ਕੁਲਵੰਤ ਸਿੰਘ ਬਾਜੀਗਰ ਨੇ ਕਿਹਾ ਕਿ ਵਿਦਿਆਰਥੀਆਂ ਲਈ ਵਿਧਾਨ ਸਭਾ ਦੀ ਕਾਰਵਾਈ ਨੂੰ ਆਪਣੇ ਅੱਖੀਂ ਦੇਖਣਾ ਇਕ ਇਤਿਹਾਸਕ ਅਤੇ ਸਿੱਖਣਯੋਗ ਤਜਰਬਾ ਹੈ, ਜਿਸ ਨਾਲ ਉਹ ਲੋਕਤੰਤਰਕ ਪ੍ਰਕਿਰਿਆ ਨੂੰ ਹੋਰ ਚੰਗੀ ਤਰ੍ਹਾਂ ਸਮਝ ਸਕਣਗੇ। ਇਸ ਮੌਕੇ ਸਟੇਟ ਜਨਰਲ ਸੈਕਟਰੀ ਨਵਲਦੀਪ ਸਿੰਘ ਅਤੇ ਲੈਕਚਰਾਰ ਪੋਲੀਟੀਕਲ ਸਾਇੰਸ ਕਿਰਨ ਬਾਲਾ ਵੀ ਮੌਜੂਦ ਸਨ।

## ਪੰਜਾਬ ਨੰਬਰਦਾਰਾ ਐਸੋਸੀਏਸ਼ਨ (ਗਾਲਿਬ) ਦੀ ਮਹੀਨਾਵਾਰ ਮੀਟਿੰਗ



ਨਾਭਾ, 1 ਮਈ (ਗੁਰਚਰਨ ਸਿੰਘ ਚੌਧਰੀ ਮਾਜਰਾ ) : ਪੰਜਾਬ ਨੰਬਰਦਾਰਾ ਐਸੋਸੀਏਸ਼ਨ (ਗਾਲਿਬ) ਦੀ ਮਹੀਨਾਵਾਰ ਮੀਟਿੰਗ ਨਾਭਾ ਤਹਿਸੀਲ ਦੇ ਸਮੁੱਚੇ ਮੈਂਬਰਾਂ ਦੀ ਮੌਜੂਦਗੀ ਵਿਚ ਗੁਰਦੁਆਰਾ ਸਾਹਿਬ ਬਾਬਾ ਅਜੈਪਾਲ ਸਿੰਘ ਘੋੜਿਆਂ ਵਾਲਾ ਵਿਖੇ ਤਹਿਸੀਲ ਪ੍ਰਧਾਨ ਉਗਰ ਸਿੰਘ ਅਗੇਤਾ ਦੀ ਪ੍ਰਧਾਨਗੀ ਹੇਠ ਜਿਲਾ ਸਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਸੁਰਾਜਪੁਰ ਅਤੇ ਪੰਜਾਬ ਬਾਡੀ ਮੈਂਬਰ ਜਸਦੇਵ ਸਿੰਘ ਅਗੇਤੀ ਦੀ ਦੇਖਰੇਖ ਹੇਠ ਹੋਈ । ਮੀਟਿੰਗ ਵਿਚ ਪੰਜਾਬ ਸਰਕਾਰ ਵੱਲੋਂ ਚੋਣ ਮੈਨੀਫੈਸਟੋ ਦੌਰਾਨ ਕੀਤੇ ਵਾਅਦੇ ਮੁਤਾਬਕ ਨੰਬਰਦਾਰਾਂ ਨਾਲ ਕੀਤੇ ਵਾਅਦੇ ਲਾਗੂ ਕੀਤੇ ਜਾਣ, ਜਿਸ ਵਿਚ ਨੰਬਰਦਾਰੀ ਜੱਦੀ ਪੁਸ਼ਤੀ ਕੀਤੀ ਜਾਵੇ, ਨੰਬਰਦਾਰਾਂ ਦਾ ਮਾਣ ਭੱਤਾ 5 ਹਜ਼ਾਰ ਰੁਪਏ ਮਹੀਨਾ ਕੀਤਾ ਜਾਵੇ, ਨੰਬਰਦਾਰਾਂ ਨੂੰ ਤਹਿਸੀਲ ਕੰਪਲੈਕਸ ਵਿਚ ਬੈਠਣ ਲਈ ਕਮਰੇ ਦਾ ਪ੍ਰਬੰਧ ਕੀਤਾ ਜਾਵੇ ਅਤੇ ਨੰਬਰਦਾਰਾਂ ਦਾ ਟੋਲ ਟੈਕਸ ਅਤੇ ਬਸ ਕਿਰਾਇਆ ਮੁਆਫ ਕੀਤਾ ਜਾਵੇ। ਇਸ ਮੌਕੇ ਬਲਦੇਵ ਨੰਬਰਦਾਰ, ਧਰਮ ਸਿੰਘ ਧਾਰੋਕੀ, ਰਣਜੀਤ ਸਿੰਘ ਨੰਬਰਦਾਰ, ਜਸਪਾਲ ਸਿੰਘ ਅਜਨੌਦਾ, ਜੋਧ ਸਿੰਘ ਅਜਨੌਦਾ, ਜਸਦੇਵ ਸਿੰਘ ਨੰਬਰਦਾਰ ਅਗੇਤੀ, ਰਾਮਪਾਲ ਸਿੰਘ ਅਜਨੋਦਾ, ਉਜਾਗਰ ਸਿੰਘ ਨੰਬਰਦਾਰ, ਕਰਨੈਲ ਸਿੰਘ, ਦੀਪ ਸਿੰਘ ਅਜਨੌਦਾ ਖੁਰਦ, ਗੁਰਚਰਨ ਸਿੰਘ ਤੂੰਗਾ, ਗੁਰਮੇਲ ਸਿੰਘ ਕੱਹਲੇਮਾਜਰਾ, ਤੇਜਵਿੰਦਰ ਸਿੰਘ ਰੋਹਟੀ ਮੌੜਾ, ਨਾਇਬ ਸਿੰਘ ਸੰਗਤਪੁਰਾ, ਉਜਾਗਰ ਸਿੰਘ ਹਿਆਣਾ ਖੁਰਦ ਆਦਿ ਮੌਜੂਦ ਸਨ।

## ਨਸ਼ੇ ਰੂਪੀ ਕੋਹੜ ਦੇ ਖ਼ਾਤਮੇ ਲਈ ਨੌਜਵਾਨਾਂ ਤੇ ਪਬਲਿਕ ਦਾ ਸਹਿਯੋਗ ਜ਼ਰੂਰੀ: ਪਰਮਿੰਦਰ ਭਲਵਾਨ

ਪਟਿਆਲਾ, 1 ਮਈ (ਚ.ਨ.ਸ) : ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ , ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਪਾਵਰ ਹਾਊਸ ਯੁਵਕ ਸੇਵਾਵਾਂ ਕਲੱਬ ਰਣਜੀਤ ਨਗਰ ਵੱਲੋਂ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਅਧਿਕਾਰਤਾ ਮੰਤਰਾਲਾ ਭਾਰਤ ਸਰਕਾਰ ਵੱਲੋਂ ਸ਼ੁਰੂ ਕੀਤੀ ਨਸ਼ਾ ਮੁਕਤ ਭਾਰਤ ਅਭਿਆਨ ਮੁਹਿੰਮ ਤਹਿਤ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਰੋਟਰੈਕਟ ਕਲੱਬ ਥਾਪਰ ਇੰਸੀਚਿਊਟ ਆਫ ਟੈਕਨਾਲੋਜੀ ਦੇ ਸਹਿਯੋਗ ਨਾਲ ਕੀਤਾ ਗਿਆ ।ਪ੍ਰੋਗਰਾਮ ਦੌਰਾਨ ਮੁੱਖ ਮਹਿਮਾਨ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ, ਮੈਂਬਰ ਵੂਮੈਨ ਕੌਂਸਲਿੰਗ ਸੈਲ ਨੇ ਸ਼ਿਰਕਤ ਕੀਤੀ।ਪ੍ਰੋਗਰਾਮ ਦਾ ਪ੍ਰਧਾਨਗੀ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤੀ। ਵਿਸ਼ੇਸ਼ ਤੌਰ 'ਤੇ ਰਿਦਮ ਘਈ, ਅਰਮਾਨ ਮਲਿਕ, ਸ਼ੇਖਰ ਚੌਰਸੀਆ, ਸਨੇਹਾ ਬਰਨਾਵਲ, ਰੁਦਰਪ੍ਰਤਾਪ ਸਿੰਘ ਬੀ ਸੀ ਏ ਵਿਦਿਆਰਥੀ ਗੌਰਮਿੰਟ ਬਿਕਰਮ ਕਾਲਜ ਆਫ ਕਾਮਰਸ, ਗੁਰਜੀਤ ਸਿੰਘ ਲੱਕੀ ਹਰਦਾਸਪੁਰ, ਗੁਰਪ੍ਰਤਾਪ ਸਿੰਘ ਸ਼ਾਹੀ, ਤੇਜਿੰਦਰ ਮਡੌੜ, ਨੇ ਭਰਪੂਰ ਸਹਿਯੋਗ ਦਿੱਤਾ। ਇਸ ਮੌਕੇ ਪਰਮਿੰਦਰ ਭਲਵਾਨ ਨੇ ਕਿਹਾ ਕਿ ਜਿਸ ਤਰ੍ਹਾਂ ਗੋਲਾ ਬਰੂਦ ਵਰਗੇ ਅੱਤਵਾਦ ਦੇ ਖਾਤਮੇ ਲਈ ਪਬਲਿਕ ਨੇ ਪੁਲਿਸ ਨੂੰ ਸਹਿਯੋਗ ਕੀਤਾ ਸੀ, ਉਸ ਤਰ੍ਹਾਂ ਹੁਣ ਪਬਲਿਕ ਨੂੰ ਨਸ਼ਿਆਂ ਵਰਗੇ ਅੱਤਵਾਦ ਦੇ ਖਾਤਮੇ ਲਈ ਪੁਲਿਸ ਨੂੰ ਸਹਿਯੋਗ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ। ਇਸ ਮੌਕੇ ਯੂਥ ਆਗੂ ਰੁਦਰਪ੍ਰਤਾਪ ਸਿੰਘ ਵੱਲੋਂ ਡਰੱਗ ਫਰੀ ਵਲੱਡ ਕੈਲੋਫੋਰਨੀਆਂ ਅਮਰੀਕਾ ਵਲੋਂ ਨਸ਼ਿਆਂ ਵਿਰੁੱਧ ਜਾਗਰੂਕਤਾ ਲਈ ਕਿਤਾਬਾਂ ਵੰਡੀਆਂ ਗਈਆਂ ।



## ਮਾਡਲ ਟਾਊਨ ਵਿਖੇ ਕਮਿਊਨਿਟੀ ਹਾਲ 'ਚ ਮਜ਼ਦੂਰ ਦਿਹਾੜਾ ਮਨਾਇਆ



ਪਟਿਆਲਾ, 1 ਮਈ (ਚ.ਨ.ਸ) : ਮਾਡਲ ਟਾਊਨ ਪਟਿਆਲਾ ਦੇ ਕਮਿਊਨਿਟੀ ਹਾਲ ਵਿੱਚ ਸ. ਹਰਦਿਆਲ ਸਿੰਘ ਭੱਟੀ ਵੱਲੋਂ ਬਤੌਰ ਮੁਲਾਜ਼ਮ ਨੇਤਾ ਹੋਣ ਦੇ ਨਾਤੇ ਗੱਲਬਾਤ ਕਰਦਿਆਂ ਦੱਸਿਆ ਕਿ ਮਜ਼ਦੂਰ ਦਿਵਸ ਦਾ ਇਤਿਹਾਸ ਇਕ ਮਈ 1886 ਨੂੰ ਸ਼ਹਿਰ ਸ਼ਿਕਾਗੋ ਵਿੱਚ ਮਜ਼ਦੂਰਾਂ ਨੇ ਅੱਠ ਘੰਟੇ ਦੀ ਦਿਹਾੜੀ ਲਈ ਸਫ਼ੈਦ ਝੰਡੇ ਲੈ ਕੇ ਮਾਰਚ ਕੀਤਾ ਜਿਸ 'ਤੇ ਮਜ਼ਦੂਰਾਂ 'ਤੇ ਗੋਲੀਆਂ ਚਲਾਈਆਂ ਗਈਆਂ। ਸ਼ਹੀਦਾਂ ਨੂੰ ਲਾਲ ਸਲਾਮ ਦੇਣ ਲਈ ਵਿਸ਼ੇਸ਼ ਤੌਰ 'ਤੇ ਹਰਦਿਆਲ ਸਿੰਘ ਭੱਟੀ ਕੌਮੀ ਮੀਤ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਮੁਲਾਜ਼ਮਾਂ ਦੇ ਪੁਰਾਣੇ ਨੇਤਾ ਹੋਣ ਦੇ ਨਾਤੇ ਸੰਗਤ ਵਿੱਚ ਬੈਠ ਕੇ ਨਿਮਾਣੇ ਸਿੱਖ ਦੇ ਤੌਰ 'ਤੇ ਆਮ ਲੋਕਾਂ ਅਤੇ ਸਮੂਹ ਰਾਜਸੀ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਬੇਨਤੀ ਕੀਤੀ ਕਿ ਮਜ਼ਦੂਰ ਦੇ ਪੈਸੇ ਉਸ ਦਾ ਪਸੀਨਾ ਸੁੱਕਣ ਤੋਂ ਪਹਿਲਾਂ ਦਿਓ। ਇਸ ਸਮਾਗਮ ਵਿੱਚ ਹਰੀ ਸਿੰਘ ਟੌਹੜਾ ਪ੍ਰਧਾਨ ਸਟੇਟ ਕਰਮਚਾਰੀ ਦਲ ਵੀ ਮੌਜੂਦ ਸਨ।

## ਸਕਾਲਰਸ਼ਿਪ ਪ੍ਰੀਖਿਆ ਦੀ ਮੈਰਿਟ 'ਚ ਆਏ ਵਿਦਿਆਰਥੀਆਂ ਨੇ ਸਕੂਲ ਦਾ ਨਾਮ ਕੀਤਾ ਰੌਸ਼ਨ

ਭਾਦਸੋਂ, 1 ਮਈ (ਭਰਪੂਰ ਸਿੰਘ ਮੱਟਰਾਂ) : ਸਰਕਾਰੀ ਹਾਈ ਸਕੂਲ ਫਤਿਹਪੁਰ, ਬਲਾਕ ਬਾਬਰਪੁਰ (ਜ਼ਿਲ੍ਹਾ ਪਟਿਆਲਾ) ਦੇ ਪੰਜ ਵਿਦਿਆਰਥੀਆਂ ਹਰਮਨਦੀਪ ਕੌਰ ਸਪੁੱਤਰੀ ਜਗਸੀਰ ਗਿਰ, ਮਹਿਰੀਨ ਸਪੁੱਤਰੀ ਕੁਲਦੀਪ ਖਾਨ, ਜਸਮੀਨ ਕੌਰ ਸਪੁੱਤਰੀ ਸਰਬਜੀਤ ਸਿੰਘ, ਗੁਰਲੀਨ ਕੌਰ ਸਪੁੱਤਰੀ ਜਸਵੀਰ ਸਿੰਘ ਅਤੇ ਖੁਸ਼ਦੀਪ ਸਿੰਘ ਸਪੁੱਤਰ ਧਰਮਪਾਲ ਸਿੰਘ ਨੇ ਰਾਜ ਪੱਧਰੀ ਨੈਸ਼ਨਲ ਮੈਰਿਟ ਕੰਮ ਮੀਨਜ਼ ਸਕਾਲਰਸ਼ਿਪ ਚੋਣ ਪ੍ਰੀਖਿਆ ਨੂੰ ਪਾਸ ਕਰਕੇ ਆਗਾਮੀ ਚਾਰ ਸਾਲਾਂ ਤੱਕ ਮਿਲਣ ਵਾਲੀ ਵੱਡੀ ਸਕਾਲਰਸ਼ਿਪ ਲਈ ਯੋਗਤਾ ਹਾਸਲ ਕਰ ਲਈ ਹੈ। ਵਿਦਿਆਰਥਣ ਹਰਮਨਦੀਪ ਕੌਰ ਜ਼ਿਲੇ ਵਿੱਚੋਂ ਪੰਜਵੇਂ ਸਥਾਨ ਅਤੇ ਬਲਾਕ ਵਿੱਚੋਂ ਪਹਿਲੇ ਸਥਾਨ 'ਤੇ ਰਹੀ। ਇਹ ਪ੍ਰੀਖਿਆ ਰਾਸ਼ਟਰੀ ਮਨੁੱਖੀ ਸਰੋਤ ਵਿਕਾਸ ਮੰਤਰਾਲਾ ਨਵਾਂ ਦਿੱਲੀ ਵੱਲੋਂ



ਵਿਵਸਥਿਤ ਅਤੇ ਐਸ.ਸੀ. ਆਰ. ਟੀ. ਪੰਜਾਬ ਵੱਲੋਂ ਰਾਜ ਪੱਧਰ 'ਤੇ ਆਯੋਜਿਤ ਕੀਤੀ ਜਾਂਦੀ ਹੈ। ਇਸ ਪ੍ਰੀਖਿਆ ਨੂੰ ਪਾਸ ਕਰਕੇ ਇਹਨਾਂ ਵਿਦਿਆਰਥੀਆਂ ਨੇ ਸਰਕਾਰੀ ਹਾਈ ਸਕੂਲ ਫਤਿਹਪੁਰ ਦਾ ਵਿੱਦਿਆ ਦੇ ਖੇਤਰ ਵਿੱਚ ਝੰਡਾ ਬੁਲੰਦ ਕੀਤਾ ਹੈ। ਇਸ ਮੌਕੇ ਸਕੂਲ ਦੇ ਮੁੱਖ ਅਧਿਆਪਕ ਰਜਿੰਦਰ ਸਿੰਘ ਖਹਿਰਾ ਅਤੇ ਅਧਿਆਪਕਾਂ ਬੇਅੰਤਦੀਪ ਕੌਰ, ਪਾਇਲ ਗੋਇਲ, ਸਿਕੰਦਰ ਸਿੰਘ, ਪ੍ਰਦੀਪ ਕੌਰ, ਧਰਵਿੰਦਰ ਸਿੰਘ, ਜਸਪ੍ਰੀਤ ਕੌਰ, ਜਸਵੀਰ ਕੌਰ ਅਤੇ ਨੀਰਜ ਸ਼ਰਮਾ ਨੇ ਵਿਦਿਆਰਥੀਆਂ ਦੀ ਇਸ ਪ੍ਰਾਪਤੀ ਤੇ ਖ਼ੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ।